Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English

START CDL TRAINING

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
*One of the Fastest Growing City in America and Best School System...*
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Kamaljeet Kaur (Realtor/Broker)
Ph: 317-809-1818 Ph: 317-909-9295
midlandrealtygroup@yahoo.com kahlonkamaljeet@gmail.com
Midland Realty Group-Company You Trust


*Kamaljeet Kaur*

*Mortgage rates available from 2.1% to 3%*

Twenty-Second Year of Publication
ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 44, October 30, 2021 20451 N. Plum Grove Rd., Palatine, IL 60074 Ph:847-359-0746, Fax:847-705-9388

# ਮੋਦੀ ਦੀਆਂ ਨੀਤੀਆਂ ਖਿਲਾਫ ਡਟਿਆ ਪੰਜਾਬ

## ਬੀ.ਐਸ.ਐਫ. ਦੇ ਅਧਿਕਾਰ ਖੇਤਰ ਅਤੇ ਹੋਰ ਮੁੱਦਿਆਂ 'ਤੇ ਸਭ ਧਿਰਾਂ ਇਕਜੁੱਟ

**ਚੰਡੀਗੜ੍ਹ:** ਪੰਜਾਬ ਦੀਆਂ ਸਿਆਸੀ ਧਿਰਾਂ ਨੇ ਸੂਬੇ ਦੇ ਹੱਕਾਂ ਅਤੇ ਸੰਘੀ ਢਾਂਚੇ ਦੀ ਰਾਖੀ ਲਈ ਡਟਣ ਦਾ ਮਨ ਬਣਾ ਲਿਆ ਹੈ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸੱਦੀ ਗਈ ਸਰਬ-ਪਾਰਟੀ ਮੀਟਿੰਗ ਵਿਚ ਕੇਂਦਰ ਵੱਲੋਂ ਸੂਬੇ ਵਿਚ ਕੌਮਾਂਤਰੀ ਸਰਹੱਦ ਦੇ ਨਾਲ ਲੱਗਦੇ ਇਲਾਕਿਆਂ ਵਿਚ ਬੀ.ਐਸ.ਐਫ. ਨੂੰ ਵਾਧੂ ਤਾਕਤਾਂ ਦੇਣ, ਖੇਤੀ ਕਾਨੂੰਨਾਂ ਸਣੇ ਹੋਰ ਮਸਲਿਆਂ ਉਤੇ ਇਕਜੁਟ ਹੋ ਕੇ ਸੰਵਿਧਾਨਕ, ਕਾਨੂੰਨੀ ਅਤੇ ਸਿਆਸੀ ਤੌਰ 'ਤੇ ਸਖਤ ਵਿਰੋਧ ਕਰਨ ਦਾ ਅਹਿਦ ਕੀਤਾ ਗਿਆ। ਇਸ ਤੋਂ ਇਲਾਵਾ 2017 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਏ.ਪੀ.ਐਮ.ਸੀ. ਐਕਟ ਵਿਚ ਕੀਤੀਆਂ ਸੋਧਾਂ ਵੀ ਰੱਦ ਕਰਨ ਦੀ ਮੰਗ ਉਠੀ ਹੈ।

ਭਾਜਪਾ ਨੂੰ ਛੱਡ ਸਾਰੀਆਂ ਪਾਰਟੀਆਂ ਨੇ ਇਸ ਮੁੱਦੇ 'ਤੇ ਇਕਜੁੱਟਤਾ ਪ੍ਰਗਟਾਈ ਹੈ। ਮੀਟਿੰਗ ਦੌਰਾਨ ਸੂਬਾ ਸਰਕਾਰ ਵੱਲੋਂ ਛੇਤੀ ਹੀ ਇਸ ਸੰਵੇਦਨਸ਼ੀਲ ਮੁੱਦੇ 'ਤੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਤੇ ਸੁਪਰੀਮ ਕੋਰਟ 'ਚ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦੇਣ ਦਾ ਫੈਸਲਾ ਵੀ ਕੀਤਾ ਗਿਆ। ਵਿਸ਼ੇਸ਼ ਇਜਲਾਸ ਵਿਚ ਤਿੰਨੇ ਖੇਤੀ ਕਾਨੂੰਨ ਮੁੱਢੋਂ ਰੱਦ ਕਰ ਦਿੱਤੇ ਜਾਣਗੇ। ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੇ ਨਾਲ ਵਿਚਾਰ-ਚਰਚਾ ਪਿੱਛੋਂ ਫੈਸਲਾ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਕੋਲੋਂ ਮਿਲਣ ਲਈ ਸਮਾਂ ਮੰਗਿਆ ਜਾਵੇਗਾ ਤਾਂ ਜੋ ਮੁੱਖ ਮੰਤਰੀ ਸਾਰੀਆਂ ਸਿਆਸੀ ਧਿਰਾਂ ਦਾ ਵਫਦ ਲੈ ਕੇ ਪ੍ਰਧਾਨ ਮੰਤਰੀ ਕੋਲ ਜਾਣ ਅਤੇ ਉਨ੍ਹਾਂ ਨੂੰ ਇਸ ਫੈਸਲੇ 'ਤੇ ਮੁੜ ਵਿਚਾਰ ਕਰਦੇ ਹੋਏ ਬੀ.ਐਸ.ਐਫ. ਦਾ ਅਧਿਕਾਰ ਖੇਤਰ ਵਧਾਉਣ ਵਾਲਾ ਨੋਟੀਫਿਕੇਸ਼ਨ ਵਾਪਸ ਲੈਣ ਲਈ ਅਪੀਲ ਕਰਨ।

ਪੰਜਾਬ ਸਰਕਾਰ ਨੇ ਗੈਰ-ਭਾਜਪਾ ਸਰਕਾਰਾਂ ਅਤੇ ਹੋਰ ਸਿਆਸੀ ਪਾਰਟੀਆਂ ਨਾਲ ਖਾਸ ਕਰਕੇ ਪੱਛਮੀ ਬੰਗਾਲ ਅਤੇ ਰਾਜਸਥਾਨ ਸੂਬਿਆਂ ਨਾਲ ਰਾਬਤਾ ਕਾਇਮ ਕਰਨ ਲਈ ਕਿਹਾ। ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਇਸ ਮੁੱਦੇ ਦੀ ਜ਼ੋਰਦਾਰ ਮੁਖਾਲਫਤ ਕਰਨ ਲਈ ਸਰਬਸੰਮਤੀ ਨਾਲ ਮਤਾ ਪਾਸ ਕੀਤਾ। ਸਰਬ ਪਾਰਟੀ ਮੀਟਿੰਗ ਦੌਰਾਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਵੀ ਇਕ ਹੋਰ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਕਰਵਾ ਸਕੀਆਂ ਤੇ ਨਾ ਹੀ ਪੰਜਾਬ ਦੀ ਆਮ ਅਵਾਮ ਦੀ ਤਸੱਲੀ ਹੋ ਸਕੀ। ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਉਤੇ ਸਵਾਲ ਉਠੇ ਹਨ ਕਿ ਜਿਸ ਕੇਂਦਰ ਸਰਕਾਰ ਨੇ ਸੰਵਿਧਾਨਕ ਮਰਿਆਦਾ ਉਲੰਘ ਕੇ ਕਾਨੂੰਨ ਬਣਾਏ ਤੇ ਕਿਸਾਨ ਦੇ ਇੰਨੇ ਵੱਡੇ ਰੋਹ ਦੇ ਬਾਵਜੂਦ ਆਪਣੀ ਅੜੀ ਤੋਂ ਪਿੱਛੇ ਨਹੀਂ ਹਟ ਰਹੀ, ਉਸ ਸਰਕਾਰ ਅੱਗੇ ਸੋਧਾਂ ਜਾਂ ਕਾਨੂੰਨ ਵਾਪਸੀਆਂ ਦੇ ਤਰਲੇ ਲੈਣ ਦੀ ਕੋਈ ਤੁਕ ਨਹੀਂ। ਇਸ ਲਈ ਵਿਧਾਨ ਸਭਾ ਨੂੰ ਆਪਣੇ ਸੰਵਿਧਾਨਕ ਹੱਕਾਂ ਦੀ ਵਰਤੋਂ ਕਰਕੇ ਸੰਘੀ ਢਾਂਚੇ ਨੂੰ ਬਚਾਉਣ ਵਾਸਤੇ ਹੰਭਲਾ ਮਾਰਨਾ ਚਾਹੀਦਾ ਹੈ। ਪੰਜਾਬ ਸਰਕਾਰ ਤੇ ਵਿਰੋਧੀ ਧਿਰਾਂ ਵੱਲੋਂ ਇਨ੍ਹਾਂ ਮਸਲਿਆਂ ਉਤੇ ਇਕਜੁਟਤਾ ਵਿਖਾਉਂਦੇ ਹੋਏ ਕੇਂਦਰੀ ਹੱਲਿਆਂ ਦੇ ਟਾਕਰੇ ਲਈ ਸਿਰ ਜੋੜ ਜਤਨ ਕਰਨ ਦਾ ਫੈਸਲਾ ਇਸੇ ਦਿਸ਼ਾ ਵੱਲ ਸੇਧਿਤ ਜਾਪ ਰਿਹਾ ਹੈ।



ਇਹ ਪਹਿਲੀ ਵਾਰ ਹੈ, ਜਦੋਂ ਪੰਜਾਬ ਦੇ ਮਸਲਿਆਂ ਉਤੇ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਸਿਰ ਜੋੜ ਖੜ੍ਹੀਆਂ ਹਨ। ਇਸ ਤੋਂ ਪਹਿਲਾਂ ਵੀ ਭਾਵੇਂ ਵਿਧਾਨ ਸਭਾ ਵਿਚ ਖੇਤੀ ਕਾਨੂੰਨਾਂ ਖਿਲਾਫ ਮਤਾ ਪਾਸ ਕੀਤਾ ਗਿਆ, ਕਾਨੂੰਨਾਂ ਵਿਚ ਸੋਧ ਲਈ ਰਾਜਪਾਲ ਰਾਹੀਂ ਰਾਸ਼ਟਰਪਤੀ ਨੂੰ ਬੇਨਤੀਆਂ ਭੇਜੀਆਂ ਗਈਆਂ ਪਰ ਸਰਕਾਰ ਦੀਆਂ ਇਹ ਕੋਸ਼ਿਸ਼ਾਂ ਨਾ ਤਾਂ ਵਿਰੋਧੀ ਧਿਰਾਂ ਦੀ ਸੰਤੁਸ਼ਟੀ

ਯਾਦ ਰਹੇ ਕਿ ਕੇਂਦਰ ਦੀ ਮੋਦੀ ਸਰਕਾਰ ਉਤੇ ਦੋਸ਼ ਲੱਗ ਰਹੇ ਹਨ ਕਿ ਪੰਜਾਬ ਵਿਚ ਆਪਣਾ ਸਿਆਸੀ ਆਧਾਰ ਗੁਆ ਚੁੱਕੀ ਭਾਜਪਾ ਨੂੰ ਪੱਕੇ ਪੈਰੀਂ ਕਰਨ ਲਈ ਹਰ ਹੀਲੇ ਵਰਤੇ ਜਾ ਰਹੇ ਹਨ ਤੇ ਬੀ.ਐਸ.ਐਫ. ਵਾਲੇ ਤਾਜ਼ੇ ਫੈਸਲੇ ਨਾਲ ਰਾਜ ਅੰਦਰ ਇਕ ਹੋਰ ਰਾਜ ਖੜ੍ਹਾ ਕਰਕੇ ਕੇਂਦਰ ਦੇਸ਼ ਦੇ ਸੰਘੀ ਢਾਂਚੇ ਨੂੰ ਤਹਿਸ-ਨਹਿਸ ਕਰਨ ਦੀ ਕੋਸ਼ਿਸ਼ ਹੈ। ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਕਿਸਾਨ ਅੰਦੋਲਨ ਕਾਰਨ ਹਾਸ਼ੀਏ ਉਤੇ ਧੱਕੀ ਭਗਵਾ ਧਿਰ ਸੀ.ਬੀ.ਆਈ., ਈ.ਡੀ. ਅਤੇ ਹੋਰ ਅਦਾਰਿਆਂ ਤੋਂ ਬਾਅਦ ਬੀ.ਐਸ.ਐਫ. ਨੂੰ ਵੀ ਵਿਰੋਧੀ ਪਾਰਟੀਆਂ ਦੀ ਸਰਕਾਰ ਵਾਲੇ ਸੂਬਿਆਂ ਦੀ ਖੁਦਮੁਖਤਾਰੀ ਵਿਚ ਦਖਲ ਦੇਣ ਲਈ ਵਰਤੇਗੀ।

ਕੇਂਦਰ ਸਰਕਾਰ ਵੱਲੋਂ ਪੰਜਾਬ, ਪੱਛਮੀ ਬੰਗਾਲ ਅਤੇ ਅਸਾਮ ਵਿਚ ਬਾਰਡਰ ਸਕਿਉਰਿਟੀ ਫੋਰਸ (ਬੀ.ਐਸ.ਐਫ.) ਦਾ ਅਧਿਕਾਰ ਖੇਤਰ ਵਧਾਏ ਜਾਣ ਪਿੱਛੋਂ ਫੈਡਰਲਿਜ਼ਮ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਭਰਿਆ ਹੈ। ਕੇਂਦਰ ਸਰਕਾਰ ਨੇ ਬਾਰਡਰ ਸਕਿਉਰਿਟੀ ਫੋਰਸ ਐਕਟ-1963 ਦੀ ਧਾਰਾ 139.1 ਤਹਿਤ ਬੀ.ਐਸ.ਐਫ. ਦੇ ਅਧਿਕਾਰ ਖੇਤਰ ਵਿਚ ਵਾਧਾ ਕੀਤਾ ਹੈ ਪਰ ਸਿਆਸੀ ਮਾਹਿਰਾਂ ਦੀ ਰਾਇ ਹੈ ਕਿ ਅਜਿਹੇ ਫੈਸਲੇ ਕਰਨ ਤੋਂ ਪਹਿਲਾਂ ਉਹ ਸੂਬੇ ਜਿਥੇ ਬੀ.ਐਸ.ਐਫ. ਤਾਇਨਾਤ ਹੈ, ਨਾਲ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਸੀ। ਕੇਂਦਰ ਸਰਕਾਰ ਅਤੇ ਭਾਜਪਾ ਦੀ ਦਲੀਲ ਹੈ ਕਿ ਇਹ ਸੂਬਿਆਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੀਤਾ ਗਿਆ ਹੈ। ਸੰਵਿਧਾਨ ਅਨੁਸਾਰ ਅਮਨ-ਕਾਨੂੰਨ ਕਾਇਮ ਰੱਖਣਾ ਅਤੇ ਜਨਤਕ ਵਿਵਸਥਾ ਸੂਬਿਆਂ ਦੇ ਅਧਿਕਾਰ ਖੇਤਰ ਦੇ ਵਿਸ਼ੇ ਹਨ ਪਰ ਕੇਂਦਰ ਸਰਕਾਰ ਸੂਬਿਆਂ ਦੀ ਸਹਾਇਤਾ ਕਰਨ ਲਈ ਕੇਂਦਰੀ ਸੁਰੱਖਿਆ ਬਲ ਲਗਾ ਸਕਦੀ ਹੈ। ਕੇਂਦਰੀ ਸੁਰੱਖਿਆ ਬਲ ਲਗਾਉਣ ਵਾਲੀ ਮੱਦ ਵਿਚ ਇਹ ਕਿਹਾ ਗਿਆ ਹੈ ਕਿ ਬਲ ਸੂਬੇ ਦੇ ਸਿਵਲ ਪ੍ਰਸ਼ਾਸਨ ਦੀ ਸਹਾਇਤਾ ਕਰਨ ਲਈ ਲਗਾਏ ਜਾਣਗੇ। ਸੰਵਿਧਾਨ ਵਿਚ ਸਥਾਨਕ ਸਿਵਲ ਪ੍ਰਸ਼ਾਸਨ ਨੂੰ ਪ੍ਰਮੁਖਤਾ ਦਿੱਤੀ ਗਈ ਹੈ।

ਅਸਲ ਵਿਚ, ਭਾਜਪਾ ਦੀਆਂ ਸਭ ਨੀਤੀਆਂ ਵਿਚ ਕੇਂਦਰੀਕਰਨ ਦਾ ਰੁਝਾਨ ਫੈਡਰਲਿਜ਼ਮ ਨੂੰ ਕਮਜ਼ੋਰ ਕਰਦਾ ਹੈ। ਸੰਵਿਧਾਨ ਦੀ ਧਾਰਾ-370

*(ਬਾਕੀ ਸਫਾ 6 ਉਤੇ)*

## ਅਮਿਤ ਸ਼ਾਹ ਨਾਲ ਮਿਲਣੀ ਬਾਰੇ ਚੰਨੀ ਨੇ ਦਿੱਤੀ ਸਫਾਈ



ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਉਨ੍ਹਾਂ ਦੀ ਅਮਿਤ ਸ਼ਾਹ ਨਾਲ ਮੀਟਿੰਗ ਨੂੰ ਗਲਤ ਰੰਗਤ ਦਿੱਤੀ ਜਾ ਰਹੀ ਹੈ ਜਦਕਿ ਇਸ ਦਾ ਨੋਟੀਫਿਕੇਸ਼ਨ ਨਾਲ ਰੱਤੀ ਭਰ ਵੀ ਕੋਈ ਸਬੰਧ ਨਹੀਂ ਹੈ। ਸ੍ਰੀ ਚੰਨੀ ਨੇ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਸ਼ਿਸ਼ਟਾਚਾਰ ਵਜੋਂ ਮਿਲੇ ਸਨ। ਉਨ੍ਹਾਂ ਨੇ ਅਮਿਤ ਸ਼ਾਹ ਕੋਲ ਕਰਤਾਰਪੁਰ ਲਾਂਘਾ ਖੋਲ੍ਹਣ ਤੇ ਖੇਤੀ ਕਾਨੂੰਨ ਰੱਦ ਕਰਨ ਦਾ ਮਸਲਾ ਵੀ ਉਠਾਇਆ ਸੀ। ਸੁਖਬੀਰ ਸਿੰਘ ਬਾਦਲ ਵੀ ਕੁਝ ਦਿਨ ਪਹਿਲਾਂ ਅਮਿਤ ਸ਼ਾਹ ਨੂੰ ਮਿਲਣ ਗਏ ਸਨ ਪਰ ਉਨ੍ਹਾਂ ਇਸ 'ਤੇ ਕੋਈ ਇਤਰਾਜ਼ ਨਹੀਂ ਕੀਤਾ ਸੀ।


*M Vivek Malik*

Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law

Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੂਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers

Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# 15th Mahan Nagar Kirtan

## On Sat. November 6th, 2021 at 11:30 am

# GURDWARA SANT SAGAR

242-25 Braddock Ave., Bellerose NY 11426. Ph.: 718-343-1030

**ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ (ਨਵੰਬਰ 19, 2021) ਦੀਆਂ ਗੁਰਦੁਆਰਾ ਸੰਤ ਸਾਗਰ ਵੱਲੋਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਜੀ।**

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 6 ਨਵੰਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜ ਪਿਆਰਿਆਂ, ਪੰਜ ਨਿਸ਼ਾਨਚੀਆਂ ਅਤੇ ਨਗਾਰਿਆਂ ਦੀ ਗੂੰਜ ਵਿੱਚ, ਸਵੇਰੇ 11:30 ਵਜੇ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ ਐਵੀਨਿਊ, 263 ਸਟ੍ਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਸ਼ਾਮ ਦੇ 3:00 ਵਜੇ ਗੁਰਦੁਆਰਾ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਟੈਕਸੀ ਵਾਲੇ ਵੀਰਾਂ ਵੱਲੋਂ ਹੋਵੇਗੀ।






ਗੁਰਪੁਰਬ ਦੇ ਸੰਬੰਧ'ਚ 15 ਨਵੰਬਰ ਤੋਂ 21 ਨਵੰਬਰ ਤੱਕ ਸ਼ਾਮ 5:15 ਤੋਂ 9:15 ਵਜੇ ਤੱਕ ਹਰ ਰੋਜ਼ ਵਿਸ਼ੇਸ਼ ਦੀਵਾਨ ਸੱਜਣਗੇ। 18 ਨਵੰਬਰ ਦਿਨ ਵੀਰਵਾਰ ਸ਼ਾਮ 5:30 ਤੋਂ ਰਾਤ 12:30 ਵਜੇ ਤੱਕ ਦੀਵਾਨ ਸੱਜਣਗੇ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ ਰਾਤ 11:20 ਤੋਂ 12:00 ਵਜੇ ਤੱਕ ਹੋਵੇਗੀ। ਓਪਰੰਤ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ। ਰਾਤ ਦੇ ਲੰਗਰ ਦੀ ਸੇਵਾ ਨਿਸ਼ਕਾਮ ਸੇਵਕ ਜਥੇ ਵੱਲੋਂ ਹੋਵੇਗੀ। 19 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ ਅਖੰਡ ਪਾਠ ਸਾਹਿਬ ਦਾ ਭੋਗ ਪਵੇਗਾ। ਓਪਰੰਤ 1:00 ਵਜੇ ਤੱਕ ਦੀਵਾਨ ਸੱਜਣਗੇ। ਸ਼ਾਮ 5 ਵਜੇ ਦੋ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਰਾਤ 10 ਵਜੇ ਤੱਕ ਦੀਵਾਨ ਸਜੇਗਾ। ਇਹਨਾਂ ਸਾਰੇ ਦੀਵਾਨਾਂ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਨਗਰ ਕੀਰਤਨ ਤੇ ਗੁਰਪੁਰਬ ਵਿੱਚ ਭਾਈ ਸੱਜਣ ਸਿੰਘ ਜੀ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਭਾਈ ਰਾਏ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ), ਕਥਾ ਵਾਚਕ ਗਿਆਨੀ ਸੁਰਜੀਤ ਸਿੰਘ ਜੀ ਜ਼ਖਮੀ, ਢਾਡੀ ਮੋਹਣ ਸਿੰਘ ਜੀ ਬਡਾਨਾ ਤੇ ਹੋਰ ਪੰਥ ਪ੍ਰਸਿੱਧ ਰਾਗੀ ਜਥੇ, ਕਥਾ ਵਾਚਕ ਤੇ ਢਾਡੀ ਜਥੇ ਹਾਜ਼ਰੀ ਭਰਣਗੇ। ਗੁਰਪੁਰਬ ਦੇ ਸੰਬੰਧ ਵਿੱਚ ਹਰ ਸਾਲ ਦੀ ਤਰਾਂ 29 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕਿ 14 ਨਵੰਬਰ ਨੂੰ ਸਮਾਪਤ ਹੋਣਗੀਆਂ।

ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾ ਕੇ ਆਓ ਜੀ।
Dress code for parade kesari (saffron) color turban for men, chunni for women and patka for boys.

Please subscribe and watch every Sunday and Gurpurab diwan live on Gurdwara Sant Sagar's YouTube channel.

Follow Gurdwara Sant Sagar on Instagram

Join WhatsApp group of Gurdwara Sant Sagar

LIVE STREAMING

6 ਨਵੰਬਰ ਦਿਨ ਸ਼ਨੀਵਾਰ ਨੂੰ ਨਗਰ ਕੀਰਤਨ ਤੇ 18 ਨਵੰਬਰ ਦਿਨ ਵੀਰਵਾਰ ਨੂੰ ਪ੍ਰਕਾਸ਼ ਦਿਹਾੜੇ ਦੇ ਪ੍ਰੋਗਰਾਮਾਂ ਦਾ ਸਿੱਧਾ ਪ੍ਰਸਾਰਣ ਜਸ ਪੰਜਾਬੀ ਤੇ ਪੀ. ਟੀ. ਸੀ. ਪੰਜਾਬੀ ਤੇ ਚੱਲੇਗਾ ਅਤੇ ਰਿਕਾਰਡਿੰਗ YouTube ਤੇ ਦੇਖ ਸਕਦੇ ਹੋ।

Both programs will telecast live on jus punjabi PTC PUNJABI TV84 & recording on GLOBAL PUNJAB

Gurdwara Sant Sagar is organizing a parade on Nov. 6th, 2021 starting at 11:30 am, on the occassion of 552nd birth anniversary (Nov. 19, 2021) of founder of Sikhism Guru Nanak Dev Ji. Parade passing through Hillside Ave., left on 263rd street, left on 82 Ave., left Cross Island Service road, and come back to Gurdwara Sant Sagar. On Nov. 18th, 2021 Program will start at 5:30 pm and will end at midnight after doing aarti, flower shower & Ardas. Famous Raagi Jathas, Pracharaks & Dhadhi Jathas are participating in both programs.

ਭਾਰਤ ਵਿੱਚ ਕਿਸਾਨ ਪਿਛਲੇ 10 ਮਹੀਨਿਆਂ ਤੋਂ ਸਰਕਾਰ ਵੱਲੋਂ ਜਬਰਦਸਤੀ ਥੋਪੇ ਗਏ ਤਿੰਨ ਕਾਲੇ ਕਨੂੰਨਾਂ ਨੂੰ ਰੱਦ ਕਰਾਉਣ ਵਾਸਤੇ ਮੋਰਚਾ ਲਗਾ ਕੇ ਬੈਠੇ ਹਨ। ਜਿਸ ਵਿਚ ਹੁਣ ਤੱਕ 600 ਤੋਂ ਵੱਧ ਕਿਸਾਨ ਸ਼ਹੀਦੀਆਂ ਪਾ ਗਏ ਹਨ। ਗੁਰਦੁਆਰਾ ਸੰਤ ਸਾਗਰ ਦੀ ਸਮੂਹ ਸੰਗਤ ਸ਼ਹੀਦ ਹੋਏ ਕਿਸਾਨਾਂ ਦੀ ਆਤਮਕ ਸ਼ਾਂਤੀ ਲਈ ਤੇ ਮੋਰਚੇ ਵਿਚ ਬੈਠੇ ਕਿਸਾਨ ਵੀਰਾਂ ਦੀ ਕਾਮਯਾਬੀ ਦੀ ਅਰਦਾਸ ਕਰਦੀ ਹੈ ਅਤੇ ਕਿਸਾਨ ਮੋਰਚੇ ਦਾ ਪੁਰਜੋਰ ਸਮਰਥਨ ਕਰਦੀ ਹੈ।

Indian farmers are protesting for the last 10 months against the three unfair and biased laws set by government. More than 600 hundreds farmers have sacrificed their lives during the protests. We pray that may God rest the martyred farmers' soul in peace, and the farmers succeed in getting the black laws cancelled. NO FARMERS NO FOOD. WE SUPPORT FARMERS.



**ਗੁਰੂ ਸੰਗਤਾਂ ਦਾ ਦਾਸ - ਭਾਈ ਸੱਜਣ ਸਿੰਘ** ਸਾਬਕਾ ਹਜ਼ੂਰੀ ਰਾਗੀ - ਸ੍ਰੀ ਦਰਬਾਰ ਸਾਹਿਬ (ਅੰਮ੍ਰਿਤਸਰ), ਮੁੱਖ ਸੰਚਾਲਕ-ਗੁਰਦੁਆਰਾ ਸੰਤ ਸਾਗਰ, ਬੈੱਲਰੋਜ਼, ਨਿਊਯਾਰਕ

# ਸਿੰਘੂ ਕਤਲ ਕਾਂਡ ਦੀ ਜਾਂਚ ਲਈ ਸਿਟ ਬਣਾਈ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਸਿੰਘੂ ਬਾਰਡਰ 'ਤੇ ਬੇਰਹਿਮੀ ਨਾਲ ਕਤਲ ਕੀਤੇ ਗਏ ਲਖਬੀਰ ਸਿੰਘ ਦੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿਟ) ਬਣਾਈ ਹੈ। ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਨਿਰਦੇਸ਼ਾਂ 'ਤੇ ਡੀ.ਜੀ.ਪੀ. ਇਕਬਾਲਪ੍ਰੀਤ ਸਿੰਘ ਸਹੋਤਾ ਨੇ ਇਹ ਕਦਮ ਉਠਾਇਆ ਹੈ। ਲਖਬੀਰ ਸਿੰਘ ਦੀ ਭੈਣ ਵੱਲੋਂ ਦਿੱਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਸਰਕਾਰ ਨੇ ਸਿਟ ਬਣਾਈ ਹੈ। ਪੰਜਾਬ ਪੁਲਿਸ ਨੇ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਸਬੰਧੀ ਤੱਥ ਵੀ ਇਕੱਤਰ ਕਰਨੇ ਸ਼ੁਰੂ ਕਰ ਦਿੱਤੇ ਹਨ। ਪੁਲਿਸ ਵੱਲੋਂ ਨਿਹੰਗਾਂ ਦੇ ਪਿਛੋਕੜ ਅਤੇ ਹੋਰ ਮਾਮਲਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਸੂਤਰਾਂ ਮੁਤਾਬਕ ਪੁਲਿਸ ਵੱਲੋਂ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਅਤੇ ਨਿਹੰਗ ਅਮਨ ਸਿੰਘ ਦੇ ਸਬੰਧਾਂ ਬਾਰੇ ਵੀ ਪੜਤਾਲ ਕੀਤੀ ਜਾ ਰਹੀ ਹੈ। ਜ਼ਿਲ੍ਹਾ ਤਰਨ ਤਾਰਨ ਦੇ ਕਸੇਲ ਵਾਸੀ ਰਾਜ ਕੌਰ (ਇਸ ਵੇਲੇ ਚੀਮਾ ਕਲਾਂ ਦੀ ਵਸਨੀਕ) ਨੇ ਦੋਸ਼ ਲਾਇਆ ਸੀ ਕਿ ਉਸ ਦੇ ਭਰਾ ਲਖਬੀਰ ਸਿੰਘ ਨੂੰ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਭਰਮਾ ਕੇ ਸਿੰਘੂ ਬਾਰਡਰ ਲਿਜਾਇਆ ਗਿਆ, ਜਿਥੇ ਕੁਝ ਨਿਹੰਗ ਸਿੰਘਾਂ ਨੇ 15 ਅਕਤੂਬਰ ਨੂੰ ਬੇਅਦਬੀ ਦੇ ਦੋਸ਼ਾਂ ਤਹਿਤ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ।

ਸੂਤਰਾਂ ਨੇ ਕਿਹਾ ਕਿ ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਪੁਲਿਸ ਵੱਲੋਂ ਲਗਾਤਾਰ ਜੇਲ੍ਹਾਂ ਅਤੇ ਥਾਣਿਆਂ ਤੋਂ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਨਿਹੰਗ ਅਮਨ ਸਿੰਘ ਬਾਰੇ ਹਾਲ ਦੀ ਘੜੀ ਪੁਲਿਸ ਦੇ ਹੱਥ ਕੋਈ ਜ਼ਿਆਦਾ ਵੱਡੇ ਸਬੂਤ ਨਹੀਂ ਲੱਗੇ ਹਨ।

ਪੁਲਿਸ ਵੱਲੋਂ ਇਹ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਦਾ ਸੰਪਰਕ ਨਿਹੰਗਾਂ ਨਾਲ ਕਿਵੇਂ ਅਤੇ ਕਿੱਥੇ ਹੋਇਆ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਜੇਲ੍ਹ ਵਿਚ ਅਮਨ ਸਿੰਘ ਅਤੇ ਪਿੰਕੀ ਦੇ ਇਕੱਠਿਆਂ ਬੰਦ ਰਹਿਣ ਸਬੰਧੀ ਹੁਣ ਤੱਕ ਕੋਈ ਠੋਸ ਤੱਥ ਸਾਹਮਣੇ ਨਹੀਂ ਆਇਆ ਪਰ ਮੁਲਾਕਾਤ ਕੀਤੇ ਜਾਣ ਸਬੰਧੀ ਪੜਤਾਲ ਕੀਤੀ ਜਾ ਰਹੀ ਹੈ।

## 'ਨਿਹੰਗ ਬਾਣੇ 'ਚ ਕੁਝ ਲੋਕ ਪਹਿਲਾਂ ਵੀ ਕਰ ਚੁੱਕੇ ਹਨ ਵਾਰਦਾਤਾਂ'

**ਨਵੀਂ ਦਿੱਲੀ:** ਕਿਸਾਨ ਆਗੂਆਂ ਨੇ ਆਖਿਆ ਹੈ ਕਿ ਸਿੰਘੂ ਮੋਰਚੇ 'ਤੇ ਵਾਪਰੀ ਕਤਲ ਦੀ ਘਟਨਾ ਤੋਂ ਪਹਿਲਾਂ ਵੀ ਕਥਿਤ ਨਿਹੰਗ ਕੁੱਟਮਾਰ ਦੀਆਂ ਕਈ ਘਟਨਾਵਾਂ ਨੂੰ ਅੰਜਾਮ ਦੇ ਚੁੱਕੇ ਹਨ। ਦਰਅਸਲ ਸਿੰਘੂ ਮੋਰਚੇ 'ਤੇ ਨਿਹੰਗਾਂ ਦੇ ਕਈ ਧੜੇ ਬੈਠੇ ਹੋਏ ਹਨ।

ਕਤਲ ਦੀ ਘਟਨਾ ਤੋਂ ਪਹਿਲਾਂ ਕੁਝ ਕਥਿਤ ਨਿਹੰਗਾਂ ਵੱਲੋਂ ਆਟੋ ਭੰਨਣ, ਸਥਾਨਕ ਲੋਕਾਂ ਨਾਲ ਦੁਰਵਿਹਾਰ ਕਰਨ, ਬਾਂਦਰ ਦਾ ਬੱਚਾ ਲੈ ਕੇ ਆਪਣੇ ਬੱਚਿਆਂ ਨਾਲ ਜਾ ਰਹੇ ਇਕ ਵਿਅਕਤੀ ਦੀ ਕੁੱਟਮਾਰ ਕਰਨ ਸਮੇਤ ਸਿੰਘੂ ਮੋਰਚੇ ਦੀ ਮੁੱਖ ਸਟੇਜ ਦੇ ਆਲੇ-ਦੁਆਲੇ ਲਾਏ ਪੀਲੇ ਰੰਗ ਦੇ ਬੈਰੀਕੇਡਾਂ 'ਤੇ ਕਿਰਪਾਨ ਮਾਰਨ ਵਰਗੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਹਾਲਾਂਕਿ ਇਥੇ ਬੈਠੇ ਬਹੁਤੇ ਨਿਹੰਗ ਸ਼ਾਂਤਮਈ ਹਨ ਪਰ ਕੁਝ ਗਰਮ ਸੁਭਾਅ ਦੇ ਕਥਿਤ ਨੌਜਵਾਨ ਨਿਹੰਗ ਆਮ ਲੋਕਾਂ ਨਾਲ ਖਹਿਬੜਦੇ ਰਹੇ ਹਨ।


# ਫਲੈਟ ਵਿਕਾਊ ਹੈ

**ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।**

***ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ***

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

## Flat For Sale

**Flat for sale in a developed Sector 20 Panchkula near Chandigarh, Close to Zirakpur-Shimla Natonal High-way, Vacant to move in, Elevator, Car parking, Security. Market nearby within walking distance.**

***For more details please contact: Singh***

**Ph: 513-884-0456 or 513-759 0010**

*(Leave Message)*

40-41


# Matrimonials

## ਲੜਕੇ ਦੀ ਲੋੜ ਹੈ

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com 39-42

## ਲੜਕੀ ਦੀ ਲੋੜ ਹੈ

ਜੱਟ ਸਿੱਖ, ਕੱਦ 6 ਫੁੱਟ, ਉਮਰ 40 ਸਾਲ (ਸਿੰਗਲ) ਅਮੈਰੀਕਨ ਸਿਟੀਜ਼ਨ ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਵਿਜ਼ੀਟਰ ਵੈਲਕਮ। ਸੰਪਰਕ ਕਰੋ: 925-778-0353

43-46

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com 38-41

*Visit us on the web:**www.punjabtimesusa.com***


# ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।**

**ਮੁਫਤ ਖਾਣਾ ਤੇ ਹੋਰ ਸਹੂਲਤਾਂ**

***ਸੰਪਰਕ ਕਰੋ: ਮਿਸਟਰ ਸਿੰਘ***

**ਫੋਨ: 608-886-2500**

41-48




LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance
ਬਿੱਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
ਰੀਮੁਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English



# ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।**

**ਮੁਫਤ ਖਾਣਾ ਤੇ ਹੋਰ ਸਹੂਲਤਾਂ**

***ਸੰਪਰਕ ਕਰੋ: ਮਿਸਟਰ ਸਿੰਘ***

**ਫੋਨ: 608-886-2500**

41-48



# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਕੁਦਰਤ ਵੀ ਕਿਸਾਨਾਂ 'ਤੇ ਕਹਿਰਵਾਨ; ਮੀਂਹ ਤੇ ਗੜੇਮਾਰੀ ਨੇ ਝੰਬਿਆ

**ਚੰਡੀਗੜ੍ਹ:** ਦਿੱਲੀ ਦੀਆਂ ਬਰੂੰਹਾਂ ਉਤੇ ਲਗਭਗ ਗਿਆਰਾਂ ਮਹੀਨਿਆਂ ਤੋਂ ਨਵੇਂ ਖੇਤੀ ਕਾਨੂੰਨਾਂ ਖਿਲਾਫ ਲੜਾਈ ਲੜ ਰਹੇ ਕਿਸਾਨਾਂ ਲਈ ਆਏ ਦਿਨ ਨਵੀਆਂ ਮੁਸੀਬਤਾਂ ਖੜ੍ਹੀਆਂ ਹੋ ਰਹੀਆਂ ਹਨ। ਖੇਤੀ ਕਾਨੂੰਨਾਂ ਦੀਆਂ ਲੱਗੀਆਂ ਸੱਟਾਂ ਦੇ ਜ਼ਖ਼ਮ ਅਜੇ ਅੱਲ੍ਹੇ ਹੀ ਹਨ ਕਿ ਕੁਦਰਤ ਦੇ ਕਹਿਰ ਨੇ ਕਿਸਾਨਾਂ ਨੂੰ ਆਰਥਿਕ ਤੌਰ ਤਬਾਹ ਕਰਕੇ ਰੱਖ ਦਿੱਤਾ ਹੈ। ਗੁਲਾਬੀ ਸੁੰਡੀ ਨੇ ਨਰਮਾ ਬਰਬਾਦ ਕਰ ਦਿੱਤਾ ਅਤੇ ਹੁਣ ਝੋਨੇ ਦੇ ਸੀਜ਼ਨ ਦੌਰਾਨ ਬਰਸਾਤ, ਗੜੇਮਾਰੀ ਅਤੇ ਤੇਜ ਹਵਾਵਾਂ ਕਰਕੇ ਭਾਰੀ ਨੁਕਸਾਨ ਹੋਣ ਦੀਆਂ ਸੂਚਨਾਵਾਂ ਹਨ।



ਮੀਂਹ ਤੇ ਗੜੇਮਾਰੀ ਨਾਲ ਕਿਸਾਨਾਂ ਵੱਲੋਂ ਮਿਹਨਤ ਨਾਲ ਪਾਲੀ ਝੋਨੇ ਦੀ ਫਸਲ ਖੇਤਾਂ 'ਚ ਵਿਛ ਗਈ। ਮੰਡੀਆਂ 'ਚ ਆਈ ਝੋਨੇ ਦੀ ਫਸਲ ਵੀ ਮੀਂਹ ਨਾਲ ਭਿੱਜ ਗਈ। ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਬਠਿੰਡਾ, ਸੰਗਰੂਰ, ਮੋਗਾ, ਲੁਧਿਆਣਾ, ਮੁਕਤਸਰ, ਫਤਿਹਗੜ੍ਹ ਸਾਹਿਬ ਆਦਿ ਸਮੇਤ ਲਗਭਗ ਸਾਰੇ ਪਾਸੇ ਹੀ ਵੱਡੇ ਨੁਕਸਾਨ ਦੀਆਂ ਰਿਪੋਰਟਾਂ ਹਨ। ਗੜੇਮਾਰੀ ਅਤੇ ਖੇਤਾਂ 'ਚ ਪਾਣੀ ਭਰਨ ਕਾਰਨ ਝੋਨੇ ਦਾ ਝਾੜ ਘਟ ਸਕਦਾ ਹੈ ਤੇ ਇਸ ਦੇ ਮਿਆਰ 'ਤੇ ਵੀ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ।

ਪੰਜਾਬ ਦੇ ਕਿਸਾਨਾਂ ਦੀਆਂ ਸਾਉਣੀ ਦੀਆਂ ਦੋਵੇਂ ਮੁੱਖ ਫਸਲਾਂ ਉਤੇ ਆਫਤ ਨਾਲ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਆਰਥਿਕਤਾ ਨੂੰ ਵੱਡਾ ਝਟਕਾ ਲੱਗਣਾ ਸੁਭਾਵਿਕ ਹੈ। ਪੰਜਾਬ ਵਿਚ 185 ਲੱਖ ਟਨ ਝੋਨੇ ਦੇ ਮੰਡੀਆਂ ਵਿਚ ਆਉਣ ਦਾ ਅਨੁਮਾਨ ਲਾਇਆ ਜਾ ਰਿਹਾ ਸੀ ਅਤੇ ਅਜੇ ਤੱਕ ਕਰੀਬ 65 ਲੱਖ ਝੋਨੇ ਦੀ ਖਰੀਦ ਹੋਈ ਹੈ। ਇਸ ਦਾ ਮਤਲਬ ਹੈ ਕਿ ਦੋ ਹਿੱਸੇ ਝੋਨਾ ਖੇਤਾਂ ਵਿਚ ਖੜ੍ਹਾ ਹੈ ਜਾਂ ਅਜੇ ਤੱਕ ਵਿਕਣੋਂ ਰਹਿੰਦਾ ਹੈ। ਗੜਿਆਂ ਕਾਰਨ ਖੇਤਾਂ ਵਿਚ ਹੀ ਝੋਨਾ ਬਰਬਾਦ ਹੋ ਗਿਆ ਹੈ। ਵੱਖ-ਵੱਖ ਇਲਾਕਿਆਂ ਵਿਚ ਬਰਸਾਤ ਕਾਰਨ ਵਾਢੀ ਦਾ ਕੰਮ ਦੋ ਤੋਂ ਲੈ ਕੇ ਹਫਤੇ ਤੱਕ ਲਟਕ ਗਿਆ ਹੈ।

ਡਿੱਗੇ ਝੋਨੇ ਦੀ ਕਟਾਈ ਦੌਰਾਨ ਨਾ ਕੇਵਲ ਕੰਬਾਈਨ ਦਾ ਭਾਅ ਵਧੇਗਾ ਸਗੋਂ ਧਰਤੀ ਤੋਂ ਚੁੱਕਣ ਸਮੇਂ ਦਾਣੇ ਝੜਨ ਨਾਲ ਵੱਡਾ ਨੁਕਸਾਨ ਹੋਣ ਦੀ ਸੰਭਾਵਨਾ ਹੈ। ਬਠਿੰਡਾ, ਮਾਨਸਾ ਅਤੇ ਸੰਗਰੂਰ ਦੇ ਇਕ ਹਿੱਸੇ ਵਿਚ ਨਰਮੇ ਦੀ ਫਸਲ ਪੂਰੀ ਤਰ੍ਹਾਂ ਨੁਕਸਾਨੀ ਗਈ। ਸੂਬਾ ਸਰਕਾਰ ਨੇ ਗਿਰਦਾਵਰੀ ਦਾ ਹੁਕਮ ਦਿੱਤਾ ਸੀ ਅਤੇ ਆਈ ਰਿਪੋਰਟ ਵਿਚ 3 ਲੱਖ ਏਕੜ ਤੋਂ ਵੱਧ ਨਰਮੇ ਦੇ ਨੁਕਸਾਨ ਦੇ ਅੰਕੜੇ ਸਾਹਮਣੇ ਆਏ ਤਾਂ ਸਰਕਾਰ ਨੇ ਮੁੜ ਵਿਚਾਰ ਦਾ ਫੈਸਲਾ ਕਰ ਲਿਆ।

ਪੰਜਾਬ ਸਰਕਾਰ 76 ਤੋਂ 100 ਫੀਸਦੀ ਨੁਕਸਾਨ ਹੋਣ ਉੱਤੇ ਕੁਦਰਤੀ ਆਫਤ ਪ੍ਰਬੰਧਨ ਫੰਡ ਵਿਚੋਂ 12 ਹਜ਼ਾਰ ਰੁਪਏ ਪ੍ਰਤੀ ਏਕੜ ਸਹਾਇਤਾ ਰਾਸ਼ੀ ਦਿੰਦੀ ਹੈ। ਕਿਸਾਨ ਜਥੇਬੰਦੀਆਂ 60 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਮੰਗਦੀਆਂ ਹਨ। ਪੰਜਾਬ ਵਿਚ ਜੇਕਰ ਝੋਨੇ ਦਾ ਪ੍ਰਤੀ ਏਕੜ ਉਤਪਾਦਨ 30 ਕੁਇੰਟਲ ਮੰਨੀਏ ਤਾਂ ਕਿਸਾਨ ਦੀ ਆਮਦਨ ਅਤੇ ਸਰਕਾਰ ਦੇ ਮੁਆਵਜ਼ੇ ਵਿਚ ਵੱਡਾ ਫਰਕ ਹੈ। ਮਾਹਿਰਾਂ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਖੇਤਾਂ 'ਚ ਪਾਣੀ ਖੜ੍ਹਾ ਹੋਣ ਕਾਰਨ ਜਿਥੇ ਨਮੀ ਦੀ ਮਾਤਰਾ ਵਧੇਗੀ, ਉਥੇ ਦਾਣਾ ਵੀ ਗਲ ਸਕਦਾ ਹੈ ਤੇ ਅਜਿਹੇ 'ਚ ਕਿਸਾਨਾਂ ਨੂੰ ਮੰਡੀਆਂ 'ਚ ਫਸਲ ਵੇਚਣ 'ਚ ਮੁਸ਼ਕਲ ਆ ਸਕਦੀ ਹੈ।

ਸਰਕਾਰ ਵਲੋਂ ਝੋਨੇ ਦੀ ਨਮੀ ਦੀ ਮਾਤਰਾ 17 ਫੀਸਦੀ ਤੈਅ ਕੀਤੀ ਗਈ ਹੈ, ਜਦਕਿ ਹੁਣ ਮੀਂਹ ਪੈਣ ਨਾਲ ਕਿਸਾਨਾਂ ਦੀਆਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ। ਅੰਮ੍ਰਿਤਸਰ, ਤਰਨ ਤਾਰਨ, ਡੇਰਾ ਬਾਬਾ ਨਾਨਕ, ਗੁਰਦਾਸਪੁਰ ਅਤੇ ਜਲੰਧਰ ਆਦਿ ਖੇਤਰਾਂ 'ਚ ਵੱਧ ਨੁਕਸਾਨ ਹੋਇਆ ਹੈ। ਇਨ੍ਹਾਂ ਥਾਵਾਂ 'ਤੇ ਬਾਸਮਤੀ ਦੀ ਫਸਲ ਦਾ ਕਾਫੀ ਨੁਕਸਾਨ ਹੋਣ ਦੀ ਸੂਚਨਾ ਹੈ। ਦੱਸਿਆ ਜਾ ਰਿਹਾ ਹੈ ਕਿ ਅਜੇ 50 ਫੀਸਦੀ ਦੇ ਕਰੀਬ ਹੀ ਆਲੂ ਲਗਾਇਆ ਗਿਆ ਹੈ, ਜਦਕਿ ਬਾਕੀ ਦੀ ਬਿਜਾਈ ਹੁਣ ਕੁਝ ਦਿਨ ਹੋਰ ਪੱਛੜ ਸਕਦੀ ਹੈ। ਸਰਦੀਆਂ ਦੀਆਂ ਸਬਜ਼ੀਆਂ ਲਈ ਵੀ ਇਹ ਮੀਂਹ ਕਾਫੀ ਨੁਕਸਾਨਦੇਹ ਦੱਸਿਆ ਜਾ ਰਿਹਾ ਹੈ।

## ਕੌਮੀ ਨੁਕਸਾਨ ਮੰਨ ਕੇ ਕੇਂਦਰ ਰਾਹਤ ਦੇਵੇ: ਰਾਜੇਵਾਲ

**ਸਮਰਾਲਾ:** ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਬੀ.ਕੇ.ਯੂ. (ਰਾਜੇਵਾਲ) ਦੇ ਕੌਮੀ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਪੰਜਾਬ ਸਮੇਤ ਉਤਰੀ ਭਾਰਤ ਵਿਚ ਭਾਰੀ ਬਰਸਾਤ ਅਤੇ ਗੜੇਮਾਰੀ ਨਾਲ ਫਸਲਾਂ ਦੇ ਹੋਏ ਭਾਰੀ ਨੁਕਸਾਨ ਨੂੰ ਕਿਸਾਨਾਂ ਦੀ ਤਬਾਹੀ ਕਰਾਰ ਦਿੱਤਾ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਇਸ ਨੂੰ 'ਕੌਮੀ ਨੁਕਸਾਨ' ਐਲਾਨਦੇ ਹੋਏ ਰਾਹਤ ਪੈਕੇਜ ਦਾ ਤੁਰਤ ਐਲਾਨ ਕਰੇ। ਉਨ੍ਹਾਂ ਆਖਿਆ ਕਿ, ਪੰਜਾਬ 'ਚ ਝੋਨੇ ਦੀ ਕੁੱਲ ਪੈਦਾਵਾਰ ਕਰੀਬ 185 ਲੱਖ ਮੀਟਰਕ ਟਨ ਫਸਲ ਵਿਚੋਂ ਸਿਰਫ ਤੀਜਾ ਹਿੱਸਾ 65 ਲੱਖ ਮੀਟਰਕ ਟਨ ਫਸਲ ਦੀ ਹੀ ਖਰੀਦ ਹੋਈ ਹੈ, ਜਦਕਿ ਖੇਤਾਂ ਵਿਚ ਪੱਕ ਕੇ ਤਿਆਰ ਖੜੀ ਕਰੀਬ 120 ਲੱਖ ਮੀਟਰਕ ਟਨ ਫਸਲ ਪੂਰੀ ਤਰ੍ਹਾਂ ਨੁਕਸਾਨੀ ਗਈ ਹੈ।

## ਝੋਨੇ 'ਚ ਨਮੀ: ਮੰਡੀਆਂ ਵਿਚ ਸੁੱਕਣੇ ਪਿਆ ਕਿਸਾਨ

**ਚੰਡੀਗੜ੍ਹ:** ਝੋਨੇ ਵਿਚ ਨਮੀ ਬਹਾਨੇ ਮੰਡੀਆਂ 'ਚ ਕਿਸਾਨਾਂ ਦੀ ਖੱਜਲ-ਖੁਆਰੀ ਹੋ ਰਹੀ ਹੈ। ਪੰਜਾਬ ਦੀਆਂ ਬਹੁਤੀਆਂ ਅਨਾਜ ਮੰਡੀਆਂ 'ਚ ਝੋਨੇ ਦੇ ਅੰਬਾਰ ਲੱਗੇ ਹੋਏ ਹਨ। ਖਰੀਦ ਏਜੰਸੀਆਂ ਨਮੀ ਕਾਰਨ ਜਿਣਸ ਖਰੀਦਣ ਤੋਂ ਕਿਨਾਰਾ ਕਰ ਰਹੀਆਂ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਉਹ 15-15 ਦਿਨਾਂ ਤੋਂ ਮੰਡੀ 'ਚ ਬੈਠੇ ਹਨ ਪਰ ਵੱਧ ਨਮੀ ਦਾ 'ਬਹਾਨਾ' ਬਣਾ ਕੇ, ਉਨ੍ਹਾਂ ਦੀ ਫਸਲ ਦੀ ਬੋਲੀ ਨਹੀਂ ਲਾਈ ਜਾ ਰਹੀ।

# ਲਖੀਮਪੁਰ ਦੇ ਸ਼ਹੀਦ ਕਿਸਾਨਾਂ ਦੀਆਂ ਅਸਥੀਆਂ ਜਲ ਪ੍ਰਵਾਹ

**ਸ੍ਰੀ ਗੋਇੰਦਵਾਲ ਸਾਹਿਬ:** ਯੂਪੀ ਦੇ ਲਖੀਮਪੁਰ ਖੀਰੀ ਦੇ ਸ਼ਹੀਦ ਕਿਸਾਨਾਂ ਦੀਆਂ ਅਸਥੀਆਂ ਦੇ ਕਲਸ਼ ਲੈ ਕੇ ਕਿਸਾਨਾਂ ਦਾ ਵਿਸ਼ਾਲ ਕਾਫਲਾ ਗੋਇੰਦਵਾਲ ਸਾਹਿਬ ਪੁੱਜਿਆ। ਇਸ ਮੌਕੇ ਸ਼ਹੀਦ ਕਿਸਾਨਾਂ ਨੂੰ ਅੰਤਿਮ ਵਿਦਾਇਗੀ ਅਤੇ ਸ਼ਰਧਾਂਜਲੀ ਦੇਣ ਲਈ ਵੱਡੀ ਗਿਣਤੀ ਵਿਚ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਇਲਾਕੇ ਦੇ ਲੋਕਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਉਪਰੰਤ ਗੁਰਦੁਆਰਾ ਬਾਉਲੀ ਸਾਹਿਬ ਦੀ ਪਵਿੱਤਰ ਬਾਉਲੀ ਦੇ ਜਲ ਨਾਲ ਅਸਥੀਆਂ ਨੂੰ ਇਸ਼ਨਾਨ ਕਰਵਾਉਣ ਉਪਰੰਤ ਗੁਰ ਮਰਿਆਦਾ ਅਨੁਸਾਰ ਘਾਟ ਬਾਬਾ ਖੜਕ ਸਿੰਘ ਵਿਖੇ ਅਸਥੀਆਂ ਨੂੰ ਦਰਿਆ ਬਿਆਸ ਵਿਖੇ ਜਲ ਪ੍ਰਵਾਹ ਕੀਤਾ ਗਿਆ।

ਇਸੇ ਤਰ੍ਹਾਂ ਸ਼ਹੀਦਾਂ ਦੀਆਂ ਅਸਥੀਆਂ ਦੀ ਕਲਸ਼ ਯਾਤਰਾ ਕਿਸਾਨ ਆਗੂ ਮਨਜੀਤ ਰਾਏ ਦੀ ਅਗਵਾਈ ਹੇਠ ਸ੍ਰੀ ਕੀਰਤਪੁਰ ਸਾਹਿਬ ਪੁੱਜੀ। ਇਥੇ ਗੁਰਦੁਆਰਾ ਪਤਾਲਪੁਰੀ ਸਾਹਿਬ ਨੇੜੇ ਬਣੇ ਅਸਥਘਾਟ 'ਤੇ ਸ਼ਹੀਦ ਕਿਸਾਨਾਂ ਦੀਆਂ ਅਸਥੀਆਂ ਜਲ ਪ੍ਰਵਾਹ ਕਰ ਦਿੱਤੀਆਂ ਗਈਆਂ। ਮਨਜੀਤ ਰਾਏ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਹਰ ਤਰ੍ਹਾਂ ਦੇ ਭੁਲੇਖੇ ਮਨ ਵਿਚੋਂ ਕੱਢ ਦੇਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਇਕਮੁੱਠ ਹਨ ਅਤੇ ਉਨ੍ਹਾਂ ਵਿਚ ਕੋਈ ਵਖਰੇਵੇਂ ਨਹੀਂ ਹਨ। ਮਨਜੀਤ ਰਾਏ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ-ਮਜ਼ਦੂਰਾਂ ਵਿਚ ਵਖਰੇਵੇਂ ਖੜ੍ਹੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਵਧ ਰਹੀਆਂ ਤੇਲ ਕੀਮਤਾਂ ਲਈ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਹੁਣ ਭਾਜਪਾ ਜੋ ਮਰਜ਼ੀ ਕਰ ਲਵੇ, ਲੋਕ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰ ਕੇ ਹੀ ਸਾਹ ਲੈਣਗੇ।

## ਵਰੁਣ ਗਾਂਧੀ ਵੱਲੋਂ ਖੇਤੀ ਨੀਤੀ 'ਤੇ ਮੁੜ ਵਿਚਾਰ ਦੀ ਅਪੀਲ

**ਨਵੀਂ ਦਿੱਲੀ:** ਭਾਜਪਾ ਸੰਸਦ ਮੈਂਬਰ ਵਰੁਣ ਗਾਂਧੀ ਨੇ ਯੂਪੀ ਦੇ ਕਿਸਾਨ ਵੱਲੋਂ ਫਸਲ ਸਾੜਨ ਦੀ ਵੀਡੀਓ ਕਲਿੱਪ ਨਸ਼ਰ ਕਰਦਿਆਂ ਸਰਕਾਰ ਤੋਂ ਖੇਤੀਬਾੜੀ ਨੀਤੀ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਹੈ। ਟਵਿੱਟਰ 'ਤੇ ਉਨ੍ਹਾਂ ਲਿਖਿਆ ਹੈ,"ਜੇਕਰ ਅਸੀਂ ਅੰਨਦਾਤੇ ਦੀ ਰਾਖੀ ਨਹੀਂ ਕਰ ਸਕਦੇ ਹਾਂ ਤਾਂ ਇਹ ਪੂਰੇ ਦੇਸ਼ ਦੀ ਨਾਕਾਮੀ ਹੈ।' ਉਨ੍ਹਾਂ ਕਿਹਾ ਕਿ ਉਤਰ ਪ੍ਰਦੇਸ਼ ਦਾ ਕਿਸਾਨ ਸਮੋਧ ਸਿੰਘ ਝੋਨੇ ਦੀ ਫਸਲ ਵੇਚਣ ਲਈ ਪਿਛਲੇ 15 ਦਿਨਾਂ ਤੋਂ ਮੰਡੀਆਂ ਦੇ ਗੇੜੇ ਕੱਢ ਰਿਹਾ ਸੀ। 'ਜਦੋਂ ਉਸ ਦਾ ਝੋਨਾ ਨਹੀਂ ਵਿਕਿਆ ਤਾਂ ਉਸ ਨੇ ਖਿੱਝ ਕੇ ਫਸਲ ਨੂੰ ਅੱਗ ਹਵਾਲੇ ਕਰ ਦਿੱਤਾ। ਇਹ ਪ੍ਰਬੰਧ ਕਿਸਾਨਾਂ ਨੂੰ ਕਿੱਥੇ ਲੈ ਆਇਆ ਹੈ? ਵੇਲੇ ਦੀ ਲੋੜ ਹੈ ਕਿ ਖੇਤੀ ਨੀਤੀ 'ਤੇ ਮੁੜ ਤੋਂ ਵਿਚਾਰ ਕੀਤਾ ਜਾਵੇ।'

ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

ਯੰਗਸਟਾਊਨ, ਓਹਾਇਓ, ਅਮਰੀਕਾ (Youngstown, Ohio, USA) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3500 ਪ੍ਰਤੀ ਮਹੀਨਾ ਸ਼ੁਰੂਆਤ
ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

ਸੰਪਰਕ ਕਰੋ: ਈਮੇਲ: biji1924@gmail.com
ਜਾਂ ਫੋਨ: 330-967-0878

42-45

YOU TAKE CARE OF THE BUSINESS.
I'LL TAKE CARE OF THE FINANCING.





When your business needs working capital, getting funds from conventional financing sources can be difficult.

Liquid Capital helps small to medium sized businesses with the cash they need to grow and prosper. We can provide your business with immediate funding based on your commercial accounts receivable. Use the cash for:

• BUSINESS GROWTH • NEW PRODUCT LAUNCHES
• SEASONAL SLUMPS • START UP BUSINESSES

Dr. Amul Purohit
Liquid Capital FINANCING SUCCESS
Tel: (530) 750-2585
www.apurohit.liquidcapitalcorp.com

# ਹਾਕਮਾਂ ਦੀਆਂ ਚਾਲਾਂ ਨਾਕਾਮ ਕਰਨ ਲਈ ਦਿੱਲੀ ਕੂਚ ਦਾ ਸੱਦਾ ਦਿੱਤਾ

**ਚੰਡੀਗੜ੍ਹ:** ਪੰਜਾਬ ਵਿਚ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਭਾਜਪਾ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਸਣੇ ਸਵਾ ਸੌ ਤੋਂ ਵੱਧ ਥਾਵਾਂ 'ਤੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਦਿੱਲੀ ਦੇ ਕਿਸਾਨੀ ਮੋਰਚਿਆਂ ਦੀ ਮਜ਼ਬੂਤੀ ਲਈ ਪੰਜਾਬ ਤੋਂ ਵਹੀਰਾਂ ਘੱਤਣ ਦਾ ਸੱਦਾ ਦਿੱਤਾ ਹੈ।

ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਲ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਕਿਸਾਨਾਂ ਦੇ ਕਾਫਲੇ ਦਿੱਲੀ ਵੱਲ ਰਵਾਨਾ ਹੋ ਵੀ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਾਜ਼ਿਸ਼ਾਂ ਫੇਲ੍ਹ ਕਰਨ ਲਈ ਹੁਣ ਜ਼ਰੂਰੀ ਹੋ ਗਿਆ ਹੈ ਕਿ ਟਿਕਰੀ ਅਤੇ ਸਿੰਘੂ ਮੋਰਚਿਆਂ ਨੂੰ ਮਜ਼ਬੂਤ ਕੀਤਾ ਜਾਵੇ।

ਬੁਲਾਰਿਆਂ ਨੇ ਕਿਹਾ ਕਿ ਸਿੰਘੂ ਘਟਨਾ ਨੇ ਸਾਬਤ ਕਰ ਦਿੱਤਾ ਹੈ ਕਿ ਬੌਖਲਾਈ ਹੋਈ ਸਰਕਾਰ ਕਿਸਾਨੀ ਅੰਦੋਲਨ ਨੂੰ ਢਾਹ ਲਾਉਣ ਲਈ ਕਿਸੇ ਵੀ ਹੱਦ ਤੱਕ ਨਿਘਰ ਸਕਦੀ ਹੈ। ਉਨ੍ਹਾਂ ਕਿਹਾ ਕਿ ਤਾਜ਼ਾ ਤੱਥ ਸਾਹਮਣੇ ਆਉਣ ਮਗਰੋਂ ਇਹ ਜੱਗ ਜ਼ਾਹਰ ਹੈ ਕਿ ਇਸ ਘਟਨਾ ਦੇ ਸੂਤਰਧਾਰ ਬਹੁਤ ਸਮੇਂ ਤੋਂ ਸਰਕਾਰ ਨਾਲ ਘਿਓ-ਖਿਚੜੀ ਸਨ। ਕਿਸਾਨਾਂ ਨੇ ਦੋਸ਼ ਲਾਇਆ ਕਿ ਸਰਕਾਰ ਨੇ ਨੈਤਿਕਤਾ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਦਿੱਤੀ ਹੈ। ਸਾਜ਼ਿਸ਼ਾਂ ਰਚਣ ਲਈ ਸਰਕਾਰ ਕੋਲ ਖੁਫੀਆ ਏਜੰਸੀਆਂ ਸਣੇ ਸਾਧਨਾਂ ਦੀ ਬਹੁਤ ਭਰਮਾਰ ਹੈ ਪਰ ਸਾਡਾ ਏਕਾ ਹੀ ਸਾਡੀ ਤਾਕਤ ਹੈ। ਇਸ ਏਕੇ ਨੂੰ ਮਜ਼ਬੂਤ ਕਰਨ ਲਈ ਇਕ ਵਾਰ ਫਿਰ ਦਿੱਲੀ ਚੱਲੋ ਦੇ ਨਾਅਰੇ 'ਤੇ ਅਮਲ ਕੀਤਾ ਜਾਵੇ। ਬੁਲਾਰਿਆਂ ਨੇ ਕਿਸਾਨ ਵਿਰੋਧੀ ਤਾਕਤਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਕਿਸੇ ਵੀ ਤਰ੍ਹਾਂ ਦੀ ਭੜਕਾਹਟ ਜਾਂ ਹਿੰਸਾ ਕਿਸਾਨ ਅੰਦੋਲਨ ਨੂੰ ਫੇਲ੍ਹ ਨਹੀਂ ਕਰ ਸਕਦੀ।

ਆਗੂਆਂ ਨੇ ਸਮੂਹ ਲੋਕਾਂ ਨੂੰ ਸੱਦਾ ਦਿੱਤਾ ਕਿ ਸ਼ਹੀਦਾਂ ਦੀ ਕੁਰਬਾਨੀ ਤੋਂ ਪ੍ਰੇਰਨਾ ਲੈਂਦਿਆਂ ਸਾਮਰਾਜੀ ਪੂੰਜੀਪਤੀਆਂ ਦੀ ਚੌਕੀਦਾਰੀ ਕਰ ਰਹੀ ਮੋਦੀ ਹਕੂਮਤ ਦੀਆਂ ਜਾਬਰ ਤੇ ਫਿਰਕੂ ਸਾਜ਼ਿਸ਼ੀ ਚਾਲਾਂ ਨੂੰ ਪਹਿਲਾਂ ਵਾਂਗ ਮਿੱਟੀ ਵਿਚ ਰੋਲਦਿਆਂ ਖੇਤੀ ਕਾਨੂੰਨਾਂ ਵਿਰੁੱਧ ਸੰਯੁਕਤ ਕਿਸਾਨ ਮੋਰਚੇ ਦੇ ਘੋਲ ਨੂੰ ਹੋਰ ਵਿਸ਼ਾਲ ਤੇ ਮਜ਼ਬੂਤ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਫਿਰਕੂ ਚਾਲਾਂ ਦਾ ਖਹਿੜਾ ਛੱਡ ਕੇ ਕਿਸਾਨਾਂ ਦੀਆਂ ਬਿਲਕੁਲ ਹੱਕੀ ਮੰਗਾਂ ਨੂੰ ਪ੍ਰਵਾਨ ਕਰੇ। ਬੁਲਾਰਿਆਂ ਨੇ ਡੀ.ਏ.ਪੀ. ਖਾਦ ਦੀ ਕਿੱਲਤ 'ਤੇ ਮੁੜ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਡੀਲਰ ਹਾਲਾਤ ਦਾ ਨਾਜਾਇਜ਼ ਉਠਾ ਰਹੇ ਹਨ ਅਤੇ ਖਰੀਦਦਾਰਾਂ ਨੂੰ ਖਾਦ ਦੇ ਨਾਲ ਹੋਰ ਬੇਲੋੜੀਆਂ ਵਸਤਾਂ ਖਰੀਦਣ ਲਈ ਮਜਬੂਰ ਕਰ ਰਹੇ ਹਨ। ਆਗੂਆਂ ਨੇ ਕਿਹਾ ਕਿ 1200 ਰੁਪਏ ਦੀ ਕੀਮਤ ਵਾਲੇ ਥੈਲੇ ਲਈ ਕਿਸਾਨਾਂ ਨੂੰ 1400 ਰੁਪਏ ਦੇਣੇ ਪੈ ਰਹੇ ਹਨ। ਉਧਰ, ਖੇਤੀ ਮਾਹਿਰਾਂ ਨੇ ਡੀ.ਏ.ਪੀ. ਖਾਦ ਦੇ ਉਲਟੇ ਸਿੱਧੇ ਬਦਲ ਸੁਝਾਉਣੇ ਸ਼ੁਰੂ ਕਰ ਦਿੱਤੇ ਹਨ। ਡੀ.ਏ.ਪੀ. ਦੀ ਬਜਾਏ ਐਨ.ਪੀ.ਕੇ. ਖਾਦ ਵਰਤਣ ਲਈ ਕਿਹਾ ਜਾ ਰਿਹਾ ਹੈ, ਜਿਸ ਦੇ ਭਾਅ ਕੇਂਦਰ ਸਰਕਾਰ ਨੇ ਪਹਿਲਾਂ ਹੀ 1180 ਰੁਪਏ ਤੋਂ ਵਧਾ ਕੇ 1450 ਰੁਪਏ ਕਰ ਦਿੱਤੇ ਹਨ। ਆਗੂਆਂ ਨੇ ਜਿਥੇ ਸਰਕਾਰ ਨੂੰ ਕਿੱਲਤ ਦੂਰ ਕਰਨ ਲਈ ਤੁਰਤ ਕਦਮ ਉਠਾਉਣ ਲਈ ਕਿਹਾ, ਉਥੇ ਦੂਜੀ ਤਰਫ ਕਿਸਾਨਾਂ ਨੂੰ ਵੀ ਸਲਾਹ ਦਿੱਤੀ ਕਿ ਖਾਦ ਦੀ ਜ਼ਖ਼ੀਰੇਬਾਜ਼ੀ ਨਾ ਕਰਨ।



## ਜਦੋਂ ਕਾਫਲਾ ਰੋਕ ਕਿਸਾਨਾਂ ਦੇ ਧਰਨੇ ਵਿਚ ਡਟੇ ਚੰਨੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਲਈ ਆਪਣਾ ਸਮਰਥਨ ਦੁਹਰਾਇਆ ਹੈ। ਉਨ੍ਹਾਂ ਨੇ ਰੋਪੜ-ਚਮਕੌਰ ਸਾਹਿਬ ਸੜਕ 'ਤੇ ਸਥਿਤ ਪਿੰਡ ਝੱਲੀਆਂ ਦੇ ਟੋਲ ਪਲਾਜ਼ਾ 'ਤੇ ਧਰਨਾ ਦੇ ਰਹੇ ਕਿਸਾਨਾਂ ਨੂੰ ਦੇਖ ਕੇ ਆਪਣਾ ਕਾਫਲਾ ਰੋਕ ਲਿਆ ਤੇ ਕਿਸਾਨਾਂ ਦੇ ਧਰਨੇ ਵਿਚ ਸ਼ਮੂਲੀਅਤ ਕੀਤੀ। ਉਨ੍ਹਾਂ ਨੇ ਅੰਨਦਾਤੇ ਦੇ ਸੰਘਰਸ਼ ਲਈ ਹਮਾਇਤ ਦਾ ਐਲਾਨ ਕੀਤਾ। ਬਾਅਦ ਵਿਚ ਇਕ ਬਿਆਨ ਜਾਰੀ ਕਰਦਿਆਂ ਸ੍ਰੀ ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਤੇ ਜਦੋਂ ਤੱਕ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਕਾਨੂੰਨ ਰੱਦ ਨਹੀਂ ਹੋ ਜਾਂਦੇ, ਸੂਬਾਈ ਸਰਕਾਰ ਵੱਲੋਂ ਲਗਾਤਾਰ ਕਿਸਾਨਾਂ ਨੂੰ ਸਮਰਥਨ ਦਿੱਤਾ ਜਾਂਦਾ ਰਹੇਗਾ।

## ਅਮਨ ਸਿੰਘ ਖਿਲਾਫ ਦਰਜ ਹੈ ਨਸ਼ਾ ਵਿਰੋਧੀ ਐਕਟ ਤਹਿਤ ਕੇਸ

**ਨਵੀਂ ਦਿੱਲੀ:** ਸਿੰਘੂ ਬਾਰਡਰ ਮੋਰਚੇ 'ਤੇ ਲਖਬੀਰ ਸਿੰਘ ਨਾਂ ਦੇ ਨੌਜਵਾਨ ਦੀ ਬੇਰਹਿਮੀ ਨਾਲ ਹੱਤਿਆ ਕਰਨ ਵਾਲੇ ਨਿਹੰਗਾਂ ਨੂੰ ਪੁਲਿਸ ਅੱਗੇ ਆਤਮ ਸਮਰਪਣ ਲਈ ਮਨਾਉਣ ਵਾਲੇ ਬਾਬਾ ਅਮਨ ਸਿੰਘ ਖਿਲਾਫ ਨਸ਼ਾ ਵਿਰੋਧੀ ਐਕਟ ਤਹਿਤ ਕੇਸ ਦਰਜ ਹੈ। ਕੇਂਦਰੀ ਮੰਤਰੀਆਂ ਕੋਲ ਜਾ ਕੇ ਮੀਟਿੰਗਾਂ ਕਰਨ ਵਾਲੇ ਨਿਹੰਗ ਅਮਨ ਸਿੰਘ ਖਿਲਾਫ ਮਹਿਲ ਕਲਾਂ ਪੁਲਿਸ ਨੇ 14 ਜਨਵਰੀ 2018 ਨੂੰ ਐਨ.ਡੀ.ਪੀ.ਐਸ. ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਜਾਂਚ ਦੌਰਾਨ ਬਾਬਾ ਅਮਨ ਸਿੰਘ ਦਾ ਨਾਂ ਸਾਹਮਣੇ ਆਇਆ, ਜਿਸ ਕਰਕੇ ਉਸ ਨੂੰ ਕੇਸ ਸ਼ਾਮਲ ਕਰ ਲਿਆ ਗਿਆ। ਬਾਬਾ ਅਮਨ ਸਿੰਘ ਨੂੰ ਮਗਰੋਂ ਹਾਈਕੋਰਟ ਤੋਂ ਜ਼ਮਾਨਤ ਮਿਲ ਗਈ। ਬਾਬੇ ਦਾ ਜੱਦੀ ਪਿੰਡ ਬੱਬਨਪੁਰ, ਧੂਰੀ (ਪੰਜਾਬ) ਹੈ।

## ਡਿਪਟੀ ਕਮਿਸ਼ਨਰਾਂ ਨੂੰ ਨਰਮੇ ਦੇ ਨੁਕਸਾਨ ਦੀਆਂ ਰਿਪੋਰਟਾਂ ਭੇਜਣ ਦੀ ਹਦਾਇਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਨਰਮਾ ਦੇ ਨੁਕਸਾਨ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ 29 ਅਕਤੂਬਰ ਤੱਕ ਹਰ ਹਾਲ ਵਿਚ ਮੁਕੰਮਲ ਰਿਪੋਰਟਾਂ ਭੇਜਣ ਲਈ ਕਿਹਾ ਤਾਂ ਕਿ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਮੁਆਵਜ਼ਾ ਵੰਡਿਆ ਜਾ ਸਕੇ। ਮੁੱਖ ਮੰਤਰੀ ਨੇ ਨਰਮਾ ਉਤਪਾਦਕਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਇਸ ਨਾਜ਼ੁਕ ਸਮੇਂ ਵਿਚ ਉਨ੍ਹਾਂ ਦੀ ਸਾਰ ਲੈਣ ਲਈ ਪੂਰਨ ਤੌਰ ਉਤੇ ਵਚਨਬੱਧ ਹੈ।

ਮੁੱਖ ਮੰਤਰੀ ਨੇ ਨਰਮਾ ਉਤਪਾਦਕਾਂ ਨੂੰ ਸੱਦਾ ਦਿੱਤਾ ਕਿ ਜਿਨ੍ਹਾਂ ਕਿਸਾਨਾਂ ਦੀ ਫਸਲ ਗੁਲਾਬੀ ਸੁੰਡੀ ਨਾਲ ਨੁਕਸਾਨੀ ਗਈ ਹੈ, ਉਹ ਵਿਰੋਧੀਆਂ ਪਾਰਟੀਆਂ ਦੇ ਕੂੜ ਪ੍ਰਚਾਰ ਨਾਲ ਗੁਮਰਾਹ ਨਾ ਹੋਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਤਨੋਂ-ਮਨੋਂ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ। ਚੰਨੀ ਨੇ ਕਿਹਾ, 'ਮੈਂ ਸੂਬੇ ਦੇ ਮੁੱਖ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲਣ ਤੋਂ ਤੁਰਤ ਬਾਅਦ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਲ ਪ੍ਰਭਾਵਿਤ ਪਿੰਡਾਂ ਨਸੀਬਪੁਰਾ ਅਤੇ ਕਟਾਰ ਸਿੰਘ ਵਾਲਾ ਵਿਖੇ ਗਿਆ ਸੀ ਤਾਂ ਕਿ ਔਖੀ ਘੜੀ ਵਿਚ ਸੰਕਟ ਵਿਚ ਡੁੱਬੇ ਕਿਸਾਨਾਂ ਨਾਲ ਇਕਜੁਟਤਾ ਪ੍ਰਗਟਾਈ ਜਾ ਸਕੇ।'

### ਕਿਸਾਨਾਂ ਨੂੰ 100 ਫੀਸਦੀ ਮੁਆਵਜ਼ਾ ਮਿਲੇ: ਆਪ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਕਿਸਾਨ ਵਿੰਗ ਦੇ ਸੂਬਾ ਪ੍ਰਧਾਨ ਅਤੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਵਾਅਦੇ ਕਦੇ ਵੀ ਪੂਰੇ ਨਹੀਂ ਕੀਤੇ, ਸਗੋਂ ਕਿਸਾਨਾਂ ਨੂੰ ਵੋਟ ਬੈਂਕ ਵਜੋਂ ਹੀ ਵਰਤਿਆ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੀ ਤਰ੍ਹਾਂ ਚੰਨੀ ਸਰਕਾਰ ਨੇ ਵੀ ਨਾ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਅਤੇ ਨਾ ਹੀ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਦਿੱਤਾ ਹੈ। ਸੰਧਵਾਂ ਨੇ ਚੰਨੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਿਸਾਨਾਂ ਨੂੰ ਖਰਾਬ ਫਸਲਾਂ ਦਾ 100 ਫੀਸਦੀ ਮੁਆਵਜ਼ਾ ਦਿੱਤਾ ਜਾਵੇ।


ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੇਅਦਬੀ ਮਾਮਲਾ: ਰਾਮ ਰਹੀਮ ਦੀ ਫਰੀਦਕੋਟ 'ਚ ਪੇਸ਼ੀ, ਪ੍ਰੋਡਕਸ਼ਨ ਵਾਰੰਟ ਜਾਰੀ

**ਫਰੀਦਕੋਟ:** ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰ ਕੇ ਬੇਅਦਬੀ ਕਰਨ ਦੇ ਦੋਸ਼ਾਂ ਤਹਿਤ ਦਰਜ ਹੋਏ ਕੇਸ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਦੀ ਅਪੀਲ 'ਤੇ ਇਥੋਂ ਦੀ ਇਕ ਅਦਾਲਤ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕਰ ਦਿੱਤੇ ਹਨ।

ਵਿਸ਼ੇਸ਼ ਜਾਂਚ ਟੀਮ ਨੇ ਫਰੀਦਕੋਟ ਦੀ ਜੁਡੀਸ਼ਲ ਮੈਜਿਸਟਰੇਟ ਮਿਸ ਤਰਜਨੀ ਦੀ ਅਦਾਲਤ ਵਿਚ ਅਰਜ਼ੀ ਦਾਖਲ ਕਰ ਕੇ ਡੇਰਾ ਮੁਖੀ ਦੇ ਪ੍ਰੋਡਕਸ਼ਨ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ ਸੀ। ਡੇਰਾ ਮੁਖੀ ਰਾਮ ਰਹੀਮ ਜਬਰ ਜਨਾਹ ਅਤੇ ਕਤਲ ਦੇ ਮਾਮਲੇ ਵਿਚ ਸੁਨਾਰੀਆ ਜੇਲ੍ਹ ਵਿਚ ਤੀਹਰੀ ਉਮਰ ਕੈਦ ਕੱਟ ਰਹੇ ਹਨ।

ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿਚੋਂ ਪਹਿਲੀ ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋ ਗਿਆ ਸੀ ਅਤੇ ਬਾਅਦ ਵਿਚ ਇਸੇ ਸਰੂਪ ਦੇ ਪੰਨੇ 12 ਅਕਤੂਬਰ 2015 ਨੂੰ ਪਿੰਡ ਦੀਆਂ ਗਲੀਆਂ ਵਿਚੋਂ ਮਿਲੇ ਸਨ। ਜਾਂਚ ਟੀਮ ਨੇ 6 ਜੁਲਾਈ 2019 ਨੂੰ ਡੇਰਾ ਮੁਖੀ ਰਾਮ ਰਹੀਮ ਨੂੰ ਬੇਅਦਬੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਸੀ, ਪਰ ਉਸ ਤੋਂ ਅਜੇ ਤੱਕ ਕੋਈ ਪੁੱਛ-ਪੜਤਾਲ ਨਹੀਂ ਹੋਈ ਸੀ। ਜਾਂਚ ਟੀਮ ਨੇ ਹੁਣ ਅਦਾਲਤ ਵਿਚ ਪ੍ਰੋਡਕਸ਼ਨ ਵਾਰੰਟਾਂ ਦੀ ਅਰਜ਼ੀ ਦਾਖਲ ਕਰ ਕੇ ਦਾਅਵਾ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਡੇਰਾ ਮੁਖੀ ਖਿਲਾਫ ਲੋੜੀਂਦੀ ਗਵਾਹੀ ਜਾਂਚ ਟੀਮ ਕੋਲ ਮੌਜੂਦ ਹੈ। ਇਸ ਲਈ ਉਹ ਡੇਰਾ ਮੁਖੀ ਨੂੰ ਗ੍ਰਿਫਤਾਰ ਕਰਕੇ ਇਸ ਮਾਮਲੇ ਦੀ ਪੜਤਾਲ ਨੂੰ ਅੱਗੇ ਤੋਰਨਾ ਚਾਹੁੰਦੀ ਹੈ।

ਜਾਂਚ ਟੀਮ ਇਸ ਤੋਂ ਪਹਿਲਾਂ ਸੱਤ ਡੇਰਾ ਪ੍ਰੇਮੀਆਂ ਨੂੰ ਬੇਅਦਬੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਕਰ ਚੁੱਕੀ ਹੈ। ਕੋਟਕਪੂਰਾ ਗੋਲੀ ਕਾਂਡ ਵਿਚ ਵੀ ਜਾਂਚ ਟੀਮ ਨੇ ਡੇਰਾ ਮੁਖੀ ਤੋਂ ਪੁੱਛ-ਪੜਤਾਲ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਹਰਿਆਣਾ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ ਸੀ। ਜੁਡੀਸ਼ੀਅਲ ਮੈਜਿਸਟਰੇਟ ਨੇ ਜਾਂਚ ਟੀਮ ਨੂੰ ਆਦੇਸ਼ ਦਿੱਤਾ ਹੈ ਕਿ ਉਹ ਡੇਰਾ ਮੁਖੀ ਰਾਮ ਰਹੀਮ ਨੂੰ 29 ਅਕਤੂਬਰ ਤੱਕ ਫਰੀਦਕੋਟ ਦੀ ਅਦਾਲਤ ਵਿਚ ਪੇਸ਼ ਕਰਨ।

# ਮੋਦੀ ਦੀਆਂ ਨੀਤੀਆਂ ਖਿਲਾਫ ਡਟਿਆ ਪੰਜਾਬ

*(ਸਫਾ ਇਕ ਦੀ ਬਾਕੀ)*

ਨੂੰ ਮਨਸੂਖ ਕਰ ਕੇ ਜੰਮੂ ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਾਂਤਾਂ ਵਿਚ ਵੰਡਣਾ ਅਤੇ ਦਿੱਲੀ ਦੀ ਸਰਕਾਰ ਨੂੰ ਅਧਿਕਾਰਾਂ ਤੋਂ ਵਾਂਝਿਆਂ ਕਰਨਾ ਅਜਿਹੇ ਰੁਝਾਨ ਦੀਆਂ ਵੱਡੀਆਂ ਮਿਸਾਲਾਂ ਹਨ। ਖੇਤੀ ਖੇਤਰ ਸੂਬਿਆਂ ਦਾ ਮਸਲਾ ਹੋਣ ਦੇ ਬਾਵਜੂਦ ਤਿੰਨ ਖੇਤੀ ਕਾਨੂੰਨ ਬਣਾ ਕੇ ਇਸ ਵਿਚ ਘੁਸਪੈਠ ਕੀਤੀ ਗਈ। ਸ਼ੁਰੂ ਵਿਚ ਭਾਵੇਂ ਸੂਬਾ ਸਰਕਾਰਾਂ ਕੇਂਦਰ ਦੇ ਇਸ ਧੱਕੇ ਖਿਲਾਫ ਖੁੱਲ੍ਹ ਕੇ ਨਹੀਂ ਨਿੱਤਰੀਆਂ ਪਰ ਪੰਜਾਬ ਤੋਂ ਸ਼ੁਰੂ ਹੋਏ ਕਿਸਾਨੀ ਸੰਘਰਸ਼ ਦੇ ਪੂਰੇ ਮੁਲਕ ਵਿਚ ਫੈਲਣ ਤੇ ਸਿਆਸੀ ਸੇਕ ਦੇ ਡਰੋਂ ਹੁਣ ਭਾਜਪਾ ਵਿਰੋਧੀ ਸਿਆਸੀ ਧਿਰਾਂ ਇਸ ਨੂੰ ਮੌਕੇ ਵਜੋਂ ਦੇਖਣ ਲੱਗੀਆਂ ਹਨ। ਚੇਤੇ ਰਹੇ ਕਿ ਅਗਲਾ ਵਰ੍ਹਾ ਚੜ੍ਹਦੇ ਹੀ ਪੰਜਾਬ ਸਣੇ 5 ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹਨ। ਸਿਆਸੀ ਮਾਹਰਾਂ ਮੰਨਦੇ ਹਨ ਕਿ ਇਨ੍ਹਾਂ ਪੰਜ ਸੂਬਿਆਂ ਵਿਚ ਸਰਕਾਰ ਬਣਾਉਣ ਵਿਚ ਕਿਸਾਨ ਸੰਘਰਸ਼ ਵੱਡੀ ਭੂਮਿਕਾ ਨਿਭਾਏਗਾ।

ਖੇਤੀ ਕਾਨੂੰਨਾਂ ਖਿਲਾਫ ਕਿਸਾਨ ਪਿਛਲੇ 11 ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ਉਤੇ ਸ਼ਾਂਤਮਈ ਅੰਦੋਲਨ ਕਰ ਰਹੇ ਹਨ। ਹੁਣ ਤੱਕ ਮੋਦੀ ਸਰਕਾਰ ਦੀਆਂ ਅੰਦੋਲਨ ਵਿਚ ਫੁੱਟ ਪਾਉਣ ਅਤੇ ਥਕਾ ਦੇਣ ਦੀਆਂ ਨੀਤੀਆਂ ਕੰਮ ਨਹੀਂ ਆਈਆਂ। ਅੰਦੋਲਨ ਨੂੰ ਸਿਰਫ ਪੰਜਾਬੀਆਂ ਅਤੇ ਖਾਸ ਕਰ ਕੇ ਸਿੱਖਾਂ ਤੱਕ ਮਹਿਦੂਦ ਕਰਨ ਦੀ ਕੋਸ਼ਿਸ਼ ਲਗਾਤਾਰ ਜਾਰੀ ਰਹੀ ਪਰ ਮੁਹੱਬਤ ਦਾ ਪੈਗਾਮ ਵੰਡਦਾ ਅੰਦੋਲਨ ਆਪਣੀ ਚਾਲ 'ਤੇ ਤੁਰਦਾ ਰਿਹਾ। 26 ਨਵੰਬਰ ਨੂੰ ਅੰਦੋਲਨ ਦੇ 11 ਮਹੀਨੇ ਪੂਰੇ ਹੋਣ ਉਤੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ, ਤਾਮਿਲ ਨਾਡੂ, ਉੜੀਸਾ, ਪੱਛਮੀ ਬੰਗਾਲ, ਕੇਰਲ, ਮੱਧ ਪ੍ਰਦੇਸ਼, ਮਹਾਰਾਸ਼ਟਰ, ਛੱਤੀਸਗੜ੍ਹ ਸਮੇਤ ਅਨੇਕ ਥਾਵਾਂ ਉਤੇ ਕਿਸਾਨਾਂ ਨੇ ਵੱਡੇ ਪੱਧਰ ਉਤੇ ਰੋਸ ਪ੍ਰਦਰਸ਼ਨ ਕਰ ਕੇ ਲਖੀਮਪੁਰ ਖੀਰੀ ਵਿਖੇ ਕਿਸਾਨਾਂ ਅਤੇ ਪੱਤਰਕਾਰ ਨੂੰ ਦਰੜ ਦੇਣ ਦੇ ਦੋਸ਼ ਹੇਠ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਬਰਖਾਸਤਗੀ ਅਤੇ ਗ੍ਰਿਫਤਾਰੀ ਦੀ ਮੰਗ ਕੀਤੀ। ਉਨ੍ਹਾਂ ਰਾਸ਼ਟਰਪਤੀ ਦੇ ਨਾਮ ਸਥਾਨਕ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪ ਕੇ ਤਿੰਨ ਖੇਤੀ ਕਾਨੂੰਨ ਵਾਪਸ ਕਰਵਾਉਣ ਅਤੇ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਦੀ ਕਾਨੂੰਨੀ ਗਰੰਟੀ ਮਿਲਣ ਤੱਕ ਅੰਦੋਲਨ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ।

ਕਾਰਪੋਰੇਟ ਵਿਕਾਸ ਦੇ ਮਾਡਲ ਨੂੰ ਚੁਣੌਤੀ ਦੇਣ ਅਤੇ ਤਾਕਤਾਂ ਦੇ ਕੇਂਦਰੀਕਰਨ ਦੇ ਖਿਲਾਫ ਫੈਡਰਲਿਜ਼ਮ ਦੇ ਮੁੱਦੇ ਨੂੰ ਉਭਾਰ ਕੇ ਕਿਸਾਨ ਅੰਦੋਲਨ ਨਵਾਂ ਸਿਆਸੀ ਮੈਦਾਨ ਬਣਾਉਂਦਾ ਨਜ਼ਰ ਆ ਰਿਹਾ ਹੈ। ਸਿਆਸੀ ਧਿਰਾਂ ਵੀ ਇਸ ਸੰਘਰਸ਼ ਦੇ ਲੜ ਲੱਗ ਕੇ ਆਪਣੀ ਸਿਆਸੀ ਸਾਖ ਬਚਾਉਣ ਲਈ ਮਜਬੂਰ ਹੋਈਆਂ ਹਨ। ਪੰਜਾਬ ਸਰਕਾਰ ਵੱਲੋਂ ਸੱਦੀ ਸਰਬ-ਪਾਰਟੀ ਮੀਟਿੰਗ ਤੇ ਇਸ ਵਿਚ ਸਿਆਸੀ ਧਿਰਾਂ ਵੱਲੋਂ ਵਿਖਾਏ ਏਕੇ ਪਿੱਛੇ ਕਿਸਾਨ ਅੰਦੋਲਨ ਦੀ ਸਫਲਤਾ ਦਾ ਦਬਾਅ ਕਿਸੇ ਤੋਂ ਲੁਕਿਆ ਹੋਇਆ ਨਹੀਂ। ਹੁਣ ਸਭ ਦੀਆਂ ਨਜ਼ਰਾਂ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਉਤੇ ਹਨ। ਇਸ ਤੋਂ ਪਹਿਲਾਂ ਪਾਣੀਆਂ ਦੀ ਵੰਡ ਤੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਸਲੇ ਵਿਚ ਵਿਧਾਨ ਸਭਾ ਵਿਚ ਪੰਜਾਬ ਨੇ ਕੇਂਦਰ ਸਰਕਾਰ ਵਿਰੁੱਧ ਡਟਵਾਂ ਪੈਂਤੜਾ ਲਿਆ। ਹੁਣ ਬੀ.ਐਸ.ਐਫ. ਤੇ ਖੇਤੀ ਕਾਨੂੰਨਾਂ ਬਾਰੇ ਕੇਂਦਰੀ ਫੈਸਲਿਆਂ ਨੂੰ ਵੰਗਾਰ ਕੇ ਪੰਜਾਬ ਦੀਆਂ ਸਿਆਸੀ ਧਿਰਾਂ ਨਵੀਂ ਮਿਸਾਲ ਪੈਦਾ ਕਰਨਗੀਆਂ।

## ਫੇਸਬੁੱਕ 'ਤੇ ਭਾਜਪਾ ਦੇ ਹੱਕ ਵਿਚ ਭੁਗਤਣ ਦੇ ਦੋਸ਼ ਲੱਗੇ

**ਨਵੀਂ ਦਿੱਲੀ:** ਕਾਂਗਰਸ ਨੇ ਦੋਸ਼ ਲਾਇਆ ਕਿ ਫੇਸਬੁੱਕ ਭਾਰਤ ਵਿਚ ਚੋਣ ਪ੍ਰਕਿਰਿਆ ਨੂੰ 'ਪ੍ਰਭਾਵਿਤ' ਕਰ ਰਿਹਾ ਹੈ ਤੇ ਲੋਕਤੰਤਰ ਨੂੰ 'ਖੂੰਜੇ ਲਾ ਰਿਹਾ ਹੈ'। ਪਾਰਟੀ ਨੇ ਮੰਗ ਕੀਤੀ ਹੈ ਕਿ ਮਾਮਲੇ ਦੀ ਜਾਂਚ ਸਾਂਝੀ ਸੰਸਦੀ ਕਮੇਟੀ ਤੋਂ ਕਰਵਾਈ ਜਾਵੇ।

ਕਾਂਗਰਸ ਦੇ ਤਰਜਮਾਨ ਪਵਨ ਖੇੜਾ ਨੇ ਕਿਹਾ 'ਫੇਸਬੁੱਕ ਨੇ ਖੁਦ ਨੂੰ ਫੇਕਬੁੱਕ ਬਣਾ ਲਿਆ ਹੈ।' ਵਿਰੋਧੀ ਧਿਰ ਨੇ ਫੇਸਬੁੱਕ ਦੀਆਂ ਲੀਕ ਹੋਈਆਂ ਅੰਦਰਲੀਆਂ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਕੰਪਨੀ ਨੇ ਭਾਰਤ ਵਿਚ ਆਪਣੇ ਪਲੇਟਫਾਰਮ ਉਤੇ ਚੱਲ ਰਹੀਆਂ ਨਫਰਤੀ ਪੋਸਟਾਂ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ।

ਫੇਸਬੁੱਕ ਇੰਡੀਆ ਨੇ ਹਾਲੇ ਤੱਕ ਲੱਗੇ ਦੋਸ਼ਾਂ ਦਾ ਕੋਈ ਜਵਾਬ ਨਹੀਂ ਦਿੱਤਾ ਹੈ। ਕਾਂਗਰਸ ਆਗੂ ਨੇ ਦੋਸ਼ ਲਾਇਆ ਕਿ ਫੇਸਬੁੱਕ ਸੱਤਾਧਾਰੀ ਭਾਜਪਾ ਦਾ ਸਾਥ ਦੇ ਰਿਹਾ ਹੈ ਤੇ ਇਸ ਦੇ ਏਜੰਡੇ ਨੂੰ ਅੱਗੇ ਵਧਾ ਰਿਹਾ ਹੈ।

# ਕਿਸਾਨ ਹਮਾਇਤੀ ਪਰਵਾਸੀ ਭਾਰਤੀ ਦਰਸ਼ਨ ਸਿੰਘ ਨੂੰ ਦਿੱਲੀ ਅੱਡੇ ਤੋਂ ਵਾਪਸ ਮੋੜਿਆ

**ਪਟਿਆਲਾ:** ਸਾਬਕਾ ਅਕਾਲੀ ਮੰਤਰੀ ਸੁਰਜੀਤ ਸਿੰਘ ਰੱਖੜਾ ਦੇ ਵੱਡੇ ਭਰਾ ਤੇ ਉਘੇ ਪਰਵਾਸੀ ਭਾਰਤੀ ਦਰਸ਼ਨ ਸਿੰਘ ਧਾਲੀਵਾਲ ਰੱਖੜਾ ਨੂੰ ਦਿੱਲੀ ਹਵਾਈ ਅੱਡੇ ਤੋਂ ਕਿਸਾਨੀ ਸੰਘਰਸ਼ ਦੀ ਮਦਦ ਕਰਨ ਕਾਰਨ ਅਮਰੀਕਾ ਵਾਪਸ ਮੋੜ ਦਿੱਤਾ ਗਿਆ ਹੈ।

ਦੱਸਣਯੋਗ ਹੈ ਕਿ ਜਦੋਂ ਤੋਂ ਕਿਸਾਨੀ ਸੰਘਰਸ਼ ਚੱਲਿਆ ਹੈ, ਉਦੋਂ ਤੋਂ ਹੀ ਸੂਬੇ ਦੇ ਕਰਤਾਰ ਸਿੰਘ ਧਾਲੀਵਾਲ ਟਰੱਸਟ ਨੇ ਦਿੱਲੀ ਵਿਖੇ ਬਕਾਇਦਾ ਤੌਰ ਉਤੇ ਕਿਸਾਨਾਂ ਲਈ ਲੰਗਰ ਤੇ ਰਹਿਣ ਬਸੇਰਿਆਂ ਦੇ ਵੱਡੇ ਪੱਧਰ 'ਤੇ ਪ੍ਰਬੰਧ ਕੀਤੇ ਹੋਏ ਹਨ। ਸੁਰਜੀਤ ਸਿੰਘ ਰੱਖੜਾ ਨੇ ਦੱਸਿਆ ਕਿ ਦਰਸ਼ਨ ਸਿੰਘ ਧਾਲੀਵਾਲ ਰੱਖੜਾ ਪਤਨੀ ਨਾਲ ਭਤੀਜੀ ਦੇ ਵਿਆਹ 'ਚ ਸ਼ਾਮਲ ਹੋਣ ਲਈ ਆ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਦਿੱਲੀ ਹਵਾਈ ਅੱਡੇ 'ਤੇ ਕਾਫੀ ਪਰੇਸ਼ਾਨ ਤੇ ਤੰਗ ਕੀਤਾ ਗਿਆ ਸੀ, ਪਰ ਦੋ ਤਿੰਨ ਘੰਟਿਆਂ ਦੀ ਖੱਜਲ-ਖੁਆਰੀ ਤੋਂ ਬਾਅਦ ਉਨ੍ਹਾਂ ਨੂੰ ਦਿੱਲੀ ਤੋਂ ਪੰਜਾਬ ਜਾਣ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਸੀ, ਪਰ ਇਸ ਵਾਰ ਅਜਿਹਾ ਨਹੀਂ ਕੀਤਾ ਗਿਆ।

ਇਸ ਦੇ ਰੋਸ ਵਜੋਂ ਸ. ਰੱਖੜਾ ਵੱਲੋਂ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਰੋਸ ਜਤਾਇਆ ਗਿਆ ਹੈ। ਉਨ੍ਹਾਂ ਆਖਿਆ ਕਿ ਕਿਹੜੇ ਦੇਸ ਦੇ ਸੰਵਿਧਾਨ 'ਚ ਹੈ ਕਿ ਇਕ ਸ਼ਰੀਫ ਤੇ ਲੋਕਾਂ ਦੀ ਸੇਵਾ ਕਰਨ ਵਾਲੀ ਸ਼ਖਸੀਅਤ ਨੂੰ ਦਿੱਲੀ ਹਵਾਈ ਅੱਡੇ 'ਤੇ 6 ਘੰਟੇ ਖੱਜਲ-ਖੁਆਰ ਕਰਨ ਤੋਂ ਬਾਅਦ ਵਾਪਸ ਅਮਰੀਕਾ ਭੇਜ ਦਿੱਤਾ ਜਾਵੇ।

ਉਨ੍ਹਾਂ ਆਖਿਆ ਕਿ ਉਹ ਖੁਦ ਵੀ ਆਪਣੇ ਭਰਾ ਨੂੰ ਲੈਣ ਲਈ ਦਿੱਲੀ ਪੁੱਜੇ ਹੋਏ ਸਨ ਤੇ ਉਨ੍ਹਾਂ ਇਸ ਮੁੱਦੇ ਨੂੰ ਲੈ ਕੇ ਪੰਜਾਬ ਸਰਕਾਰ ਦੇ ਚੀਫ ਸੈਕਟਰੀ, ਡੀ.ਜੀ.ਪੀ. ਤੇ ਵਿਦੇਸ਼ ਮੰਤਰਾਲੇ ਨਾਲ ਵੀ ਰਾਬਤਾ ਕਾਇਮ ਕੀਤਾ ਹੈ ਪਰ ਮੋਦੀ ਸਰਕਾਰ ਦੀ ਸ਼ਹਿ 'ਤੇ ਕੋਈ ਸੁਣਵਾਈ ਨਹੀਂ ਹੋਈ ਤੇ ਉਨ੍ਹਾਂ ਦੇ ਭਰਾ ਨੂੰ ਵਾਪਸ ਭੇਜ ਦਿੱਤਾ ਗਿਆ।

# ਰਜਨੀਕਾਂਤ ਨੂੰ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਆ

**ਨਵੀਂ ਦਿੱਲੀ:** ਸਥਾਨਕ ਵਿਗਿਆਨ ਭਵਨ ਵਿਚ ਕਰਵਾਏ ਗਏ 67ਵੇਂ ਕੌਮੀ ਫਿਲਮ ਪੁਰਸਕਾਰਾਂ 2021 ਸਬੰਧੀ ਸਮਾਗਮ ਦੌਰਾਨ ਰਜਨੀਕਾਂਤ, ਕੰਗਣਾ ਰਣੌਤ, ਮਨੋਜ ਬਾਜਪਾਈ ਅਤੇ ਧਨੁਸ਼ ਸਣੇ ਕਈ ਕਲਾਕਾਰਾਂ ਨੇ ਸ਼ਿਰਕਤ ਕੀਤੀ। ਇਸ ਪੁਰਸਕਾਰ ਸਮਾਗਮ ਦੌਰਾਨ ਮਨੋਜ ਬਾਜਪਾਈ ਅਤੇ ਧਨੁਸ਼ ਨੂੰ ਉਨ੍ਹਾਂ ਦੀਆਂ ਫਿਲਮਾਂ ਕ੍ਰਮਵਾਰ 'ਭੌਂਸਲੇ' ਅਤੇ ਤਾਮਿਲ ਫਿਲਮ 'ਅਸੁਰਨ' ਲਈ ਸਰਬੋਤਮ ਅਦਾਕਾਰ ਦਾ ਐਵਾਰਡ ਦਿੱਤਾ ਗਿਆ। ਅਦਾਕਾਰਾ ਕੰਗਣਾ ਰਣੌਤ ਨੂੰ ਉਸ ਦੀ ਫਿਲਮ 'ਮਣੀਕਰਨਿਕਾ: ਦਿ ਕੁਈਨ ਆਫ ਝਾਂਸੀ' ਲਈ ਸਰਬੋਤਮ ਅਦਾਕਾਰਾ ਦਾ ਐਵਾਰਡ ਮਿਲਿਆ। ਦੱਖਣ ਦੇ ਸੁਪਰਸਟਾਰ ਰਜਨੀਕਾਂਤ ਨੂੰ ਫਿਲਮ ਜਗਤ ਵਿਚ ਪਾਏ ਗਏ ਯੋਗਦਾਨ ਲਈ 'ਦਾਦਾ ਸਾਹਿਬ ਫਾਲਕੇ ਐਵਾਰਡ' ਨਾਲ ਸਨਮਾਨਿਆ ਗਿਆ। ਸੀਨੀਅਰ ਅਦਾਕਾਰ ਨੂੰ ਐਵਾਰਡ ਦਿੱਤੇ ਜਾਣ ਮੌਕੇ ਹਾਲ ਵਿਚ ਹਾਜ਼ਰ ਦਰਸ਼ਕਾਂ ਨੇ ਖੜ੍ਹੇ ਹੋ ਕੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਸਮਾਗਮ ਵਿਚ ਰਜਨੀਕਾਂਤ ਦੀ ਪਤਨੀ ਲਤਾ ਅਤੇ ਧੀ ਸੌਂਦਰਿਆ ਰਜਨੀਕਾਂਤ ਵੀ ਹਾਜ਼ਰ ਸਨ। ਇਸ ਮੌਕੇ ਫਿਲਮ 'ਛਿਛੋਰੇ' ਦੇ ਨਿਰਦੇਸ਼ਕ ਨਿਤੇਸ਼ ਤਿਵਾੜੀ ਅਤੇ ਨਿਰਮਾਤਾ ਸਾਜਿਦ ਨਾਡੀਆਡਵਾਲਾ ਨੇ ਸਰਬੋਤਮ ਫਿਲਮ ਦਾ ਐਵਾਰਡ 2020 ਵਿਚ ਦੁਨੀਆਂ ਨੂੰ ਅਲਵਿਦਾ ਆਖ ਗਏ ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਨੂੰ ਸਮਰਪਿਤ ਕੀਤਾ। ਇਸ ਤੋਂ ਇਲਾਵਾ ਵਿਜੈ ਸੇਤੂਪਤੀ ਨੂੰ ਫਿਲਮ 'ਸੁਪਰ ਡੀਲਕਸ' ਲਈ ਸਰਬੋਤਮ ਸਹਿ ਕਲਾਕਾਰ ਦੇ ਐਵਾਰਡ ਨਾਲ ਸਨਮਾਨਿਆ ਗਿਆ।

# ਅਫਗਾਨਿਸਤਾਨ 'ਚੋਂ ਹਿੰਦੂ ਤੇ ਸਿੱਖਾਂ ਨੂੰ ਸੁਰੱਖਿਅਤ ਬਾਹਰ ਕੱਢਣ ਦਾ ਮੁੱਦਾ ਅਦਾਲਤ ਪੁੱਜਿਆ

**ਅੰਮ੍ਰਿਤਸਰ:** ਅਫਗਾਨਿਸਤਾਨ ਵਿਚ ਫਸੇ ਘੱਟ ਗਿਣਤੀ ਸਿੱਖ, ਹਿੰਦੂ ਤੇ ਹੋਰ ਭਾਈਚਾਰੇ ਨਾਲ ਸਬੰਧਤ ਭਾਰਤੀਆਂ ਨੂੰ ਸੁਰੱਖਿਅਤ ਬਾਹਰ ਕੱਢਣ ਦਾ ਮਾਮਲਾ ਦਿੱਲੀ ਹਾਈ ਕੋਰਟ ਵਿਚ ਪਹੁੰਚ ਗਿਆ ਹੈ। ਇਸ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਆਗੂ ਪਰਮਿੰਦਰਪਾਲ ਸਿੰਘ ਨੇ ਹਾਈ ਕੋਰਟ ਵਿਚ ਜਨ ਹਿੱਤ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿਚ ਉਸ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਭਾਰਤ ਦੇ ਵਿਦੇਸ਼ ਤੇ ਗ੍ਰਹਿ ਮੰਤਰਾਲੇ ਨੂੰ ਅਫਗਾਨਿਸਤਾਨ 'ਚ ਫਸੇ ਸਿੱਖ ਅਤੇ ਹਿੰਦੂ ਭਾਈਚਾਰੇ ਸਮੇਤ ਬਾਕੀ ਭਾਰਤੀਆਂ ਨੂੰ ਈ-ਵੀਜ਼ਾ ਜਾਰੀ ਕਰ ਕੇ ਸੁਰੱਖਿਅਤ ਵਾਪਸ ਲਿਆਉਣ ਦੇ ਹੁਕਮ ਦਿੱਤੇ ਜਾਣ।

ਮਿਲੇ ਵੇਰਵਿਆਂ ਮੁਤਾਬਕ ਭਾਰਤ ਸਰਕਾਰ ਕੋਲ ਈ-ਵੀਜ਼ਾ ਸਬੰਧੀ ਅਫਗਾਨੀ ਹਿੰਦੂਆਂ ਤੇ ਸਿੱਖਾਂ ਦੀਆਂ 216 ਅਰਜ਼ੀਆਂ ਪੁੱਜੀਆਂ ਹਨ। ਇਨ੍ਹਾਂ 'ਚੋਂ ਸਿਰਫ ਅੱਠ ਵਿਅਕਤੀਆਂ ਨੂੰ ਈ-ਵੀਜ਼ੇ ਦਿੱਤੇ ਗਏ ਹਨ ਜਦੋਂਕਿ 208 ਅਰਜ਼ੀਆਂ ਬਾਰੇ ਹਾਲੇ ਕੋਈ ਫੈਸਲਾ ਨਹੀਂ ਕੀਤਾ ਗਿਆ। ਉਥੇ ਤਾਲਿਬਾਨ ਦਾ ਕਬਜ਼ਾ ਹੋਣ ਮਗਰੋਂ ਉਥੇ ਰਹਿ ਰਹੇ ਘੱਟ ਗਿਣਤੀ ਲੋਕ ਇਸ ਵੇਲੇ ਡਰੇ ਅਤੇ ਸਹਿਮੇ ਹੋਏ ਹਨ। ਤਾਲਿਬਾਨ ਵੱਲੋਂ ਅਫਗਾਨਿਸਤਾਨ 'ਚੋਂ ਸਿਰਫ ਉਨ੍ਹਾਂ ਸਿੱਖਾਂ ਜਾਂ ਹਿੰਦੂਆਂ ਨੂੰ ਬਾਹਰ ਜਾਣ ਦੀ ਆਗਿਆ ਦਿੱਤੀ ਜਾ ਰਹੀ ਹੈ, ਜਿਨ੍ਹਾਂ ਕੋਲ ਇਸ ਸਬੰਧੀ ਲੋੜੀਂਦੇ ਦਸਤਾਵੇਜ਼ ਹਨ। ਇਨ੍ਹਾਂ ਦਸਤਾਵੇਜ਼ਾਂ ਵਿਚ ਵੀਜ਼ਾ ਵੀ ਜ਼ਰੂਰੀ ਹੈ।

ਇੰਡੀਆ ਵਰਲਡ ਫੋਰਮ ਦੇ ਪ੍ਰਧਾਨ ਪੁਨੀਤ ਸਿੰਘ ਚੰਡੋਕ ਜਿਨ੍ਹਾਂ ਨੇ ਪਹਿਲਾਂ ਵੀ ਅਫਗਾਨਿਸਤਾਨ ਵਿਚ ਫਸੇ ਹਿੰਦੂ-ਸਿੱਖਾਂ ਨੂੰ ਲਿਆਉਣ ਲਈ ਕੋਸ਼ਿਸ਼ ਕੀਤੀ ਸੀ, ਨੇ ਕਿਹਾ ਕਿ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਇਹ ਮਾਮਲਾ ਲਟਕ ਰਿਹਾ ਹੈ। ਉਨ੍ਹਾਂ ਹਵਾਬਾਜ਼ੀ ਵਿਭਾਗ ਦੇ ਡਾਇਰੈਕਟਰ ਜਨਰਲ ਤੋਂ ਇਹ ਮਸਲਾ ਹੱਲ ਕਰਨ ਦੀ ਮੰਗ ਕੀਤੀ ਹੈ।

## ਕਾਂਗਰਸੀ ਵਿਧਾਇਕ ਰਾਜਿੰਦਰ ਬੇਰੀ ਨੂੰ ਕੈਦ

**ਜਲੰਧਰ:** ਕਾਂਗਰਸ ਦੇ ਜਲੰਧਰ ਕੇਂਦਰੀ ਤੋਂ ਵਿਧਾਇਕ ਰਾਜਿੰਦਰ ਬੇਰੀ ਨੂੰ ਚੀਫ ਜੁਡੀਸ਼ਲ ਮੈਜਿਸਟਰੇਟ ਅਮਿਤ ਗਰਗ ਦੀ ਅਦਾਲਤ ਨੇ ਰੇਲ ਆਵਾਜਾਈ ਵਿਚ ਰੁਕਾਵਟ ਖੜ੍ਹੀ ਕਰਨ ਦੇ ਮਾਮਲੇ ਵਿਚ ਦੋਸ਼ੀ ਠਹਿਰਾਉਂਦਿਆਂ ਇਕ ਸਾਲ ਦੀ ਕੈਦ ਅਤੇ ਦੋ ਹਜ਼ਾਰ ਰੁਪਏ ਜੁਰਮਾਨਾ ਭਰਨ ਦੀ ਸਜ਼ਾ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਜੀ.ਆਰ.ਪੀ. ਨੇ ਰਾਜਿੰਦਰ ਬੇਰੀ ਵਿਰੁੱਧ ਮਈ 2015 'ਚ ਐਫ.ਆਈ.ਆਰ. ਦਰਜ ਕਰਵਾਈ ਸੀ। ਛੇ ਸਾਲਾਂ ਬਾਅਦ ਇਸ ਕੇਸ ਦਾ ਫੈਸਲਾ ਆਇਆ ਹੈ। ਸ੍ਰੀ ਬੇਰੀ ਦੀ ਮੌਕੇ 'ਤੇ ਹੀ ਜ਼ਮਾਨਤ ਹੋ ਗਈ। ਪੰਜਾਬ ਕਾਂਗਰਸ ਨੇ 2 ਮਈ 2015 ਨੂੰ ਕਣਕ ਦੀ ਖਰੀਦ ਦੀ ਧੀਮੀ ਰਫਤਾਰ ਵਿਰੁੱਧ ਰੇਲਾਂ ਰੋਕਣ ਦਾ ਸੱਦਾ ਦਿੱਤਾ ਸੀ ਤੇ ਇਸ ਦੌਰਾਨ ਬੇਰੀ ਨੇ ਦਕੋਹਾ ਫਾਟਕ 'ਤੇ ਧਰਨਾ ਲਾਇਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿੱਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਲਖੀਮਪੁਰ ਖੀਰੀ ਹਿੰਸਾ: ਸੁਪਰੀਮ ਕੋਰਟ ਯੋਗੀ ਸਰਕਾਰ ਦੇ ਰਵੱਈਏ ਤੋਂ ਖਫਾ

**ਨਵੀਂ ਦਿੱਲੀ:** ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿਚ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਮੁੰਡੇ ਆਸ਼ੀਸ਼ ਮਿਸ਼ਰਾ ਵੱਲੋਂ ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਨੂੰ ਗੱਡੀਆਂ ਹੇਠਾਂ ਦਰੜਨ ਦੇ ਮਾਮਲੇ ਵਿਚ ਸੁਪਰੀਮ ਕੋਰਟ ਕਾਫੀ ਸਖਤ ਨਜ਼ਰ ਆ ਰਹੀ ਹੈ।

ਉਚ ਅਦਾਲਤ ਨੇ ਮੁੜ ਉਤਰ ਪ੍ਰਦੇਸ਼ ਸਰਕਾਰ ਦੀ ਝਾੜ ਝੰਬ ਕਰਦਿਆਂ ਕਿਹਾ ਕਿ ਹੈ ਉਸ ਨੂੰ ਲੱਗਦਾ ਹੈ ਕਿ ਪੁਲਿਸ ਇਸ ਪੂਰੇ ਮਾਮਲੇ ਵਿਚ 'ਪੈਰ ਪਿਛਾਂਹ ਖਿੱਚ' ਰਹੀ ਹੈ। ਸਿਖਰਲੀ ਅਦਾਲਤ ਨੇ ਕਿਹਾ ਕਿ ਸੂਬਾ ਸਰਕਾਰ ਇਸ ਖਿਆਲ ਨੂੰ ਭੁੱਲ ਜਾਵੇ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਕੇਸ ਨਾਲ ਸਬੰਧਤ ਗਵਾਹਾਂ ਦੀ ਸੁਰੱਖਿਆ ਯਕੀਨੀ ਬਣਾਏ ਜਾਣ ਦੀ ਹਦਾਇਤ ਕਰਦਿਆਂ ਕਿਹਾ ਕਿ ਇਨ੍ਹਾਂ ਦੇ ਬਿਆਨ ਮੈਜਿਸਟਰੇਟ ਅੱਗੇ ਰਿਕਾਰਡ ਕਰਨੇ ਯਕੀਨੀ ਬਣਾਏ ਜਾਣ।

ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ ਉਤਰ ਪ੍ਰਦੇਸ਼ ਸਰਕਾਰ ਇਨਸਾਫ ਦੇ ਮਾਮਲੇ ਵਿਚ ਆਪਣੇ ਪੈਰ ਖਿੱਚਦੀ ਦਿਖਾਈ ਦੇ ਰਹੀ ਹੈ। ਕੇਸ ਵਿਚ ਮੰਗੀ ਗਈ ਸਟੇਟਸ ਰਿਪੋਰਟ ਦੀ ਸੁਪਰੀਮ ਕੋਰਟ ਨੂੰ ਰਾਤ ਇਕ ਵਜੇ ਸੌਂਪੀ ਗਈ। ਸਰਕਾਰ ਦੀ ਰਿਪੋਰਟ ਮੁਤਾਬਕ ਕੁੱਲ 44 ਚਸ਼ਮਦੀਦ ਵਿਚੋਂ ਸਿਰਫ ਚਾਰ ਦੇ ਬਿਆਨ ਦਰਜ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ 3 ਅਕਤੂਬਰ ਨੂੰ ਹੋਏ ਇਸ ਘਟਨਾਕ੍ਰਮ ਤੋਂ ਬਾਅਦ ਕੇਂਦਰੀ ਮੰਤਰੀ ਦੇ ਲੜਕੇ ਆਸ਼ੀਸ਼ ਮਿਸ਼ਰਾ ਅਤੇ ਉਸ ਦੇ ਸਾਥੀਆਂ ਖਿਲਾਫ ਧਾਰਾ 302 ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

ਇਸ ਸਮੇਂ ਤੱਕ ਦਸ ਗ੍ਰਿਫਤਾਰੀਆਂ ਹੋਈਆਂ ਹਨ। ਆਸ਼ੀਸ਼ ਦੀ ਗ੍ਰਿਫਤਾਰੀ ਸੁਪਰੀਮ ਕੋਰਟ ਦੇ ਦਖਲ ਦੇ ਤਿੰਨ ਦਿਨ ਬਾਅਦ ਕੀਤੀ ਗਈ। ਸੁਪਰੀਮ ਕੋਰਟ ਨੇ ਸਾਰੇ ਚਸ਼ਮਦੀਦ ਦੇ ਬਿਆਨ ਦਰਜ ਕਰਨ ਦਾ ਹੁਕਮ ਦਿੰਦਿਆਂ ਕਿਹਾ ਹੈ ਕਿ ਤਫਤੀਸ਼ ਕਦੇ ਨਾ ਖਤਮ ਹੋਣ ਵਾਲੀ ਕਹਾਣੀ ਬਣ ਕੇ ਨਹੀਂ ਰਹਿਣੀ ਚਾਹੀਦੀ। ਇਸ ਸਭ ਕੁਝ ਤੋਂ ਸਪਸ਼ਟ ਹੈ ਕਿ ਉੱਤਰ ਪ੍ਰਦੇਸ਼ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਇਸ ਮਾਮਲੇ ਵਿਚ ਲੋੜੀਂਦੀ ਸੰਵੇਦਨਸ਼ੀਲਤਾ ਨਹੀਂ ਦਿਖਾ ਰਹੇ। ਸੰਯੁਕਤ ਕਿਸਾਨ ਮੋਰਚਾ ਲਖੀਮਪੁਰ ਖੀਰੀ ਦੇ ਮਾਮਲੇ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਨੂੰ ਬਰਖ਼ਾਸਤ ਕਰਕੇ ਗ੍ਰਿਫਤਾਰ ਕਰਨ ਦੀ ਮੰਗ ਕਰ ਰਿਹਾ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਅਜਿਹੇ ਗੰਭੀਰ ਮਾਮਲੇ ਵਿਚ ਪਿਤਾ ਦਾ ਮੰਤਰੀ ਦੇ ਅਹੁਦੇ ਉਤੇ ਬਣੇ ਰਹਿਣਾ ਅਨੈਤਿਕ ਅਤੇ ਅਸੰਵਿਧਾਨਕ ਹੈ।

ਕਿਸਾਨਾਂ ਨੂੰ 26 ਅਕਤੂਬਰ ਨੂੰ ਦਿੱਲੀ ਦੀਆਂ ਬਰੂੰਹਾਂ ਉਤੇ ਬੈਠੇ ਗਿਆਰਾਂ ਮਹੀਨੇ ਹੋ ਗਏ ਹਨ। ਇਸ ਦੌਰਾਨ ਗਰਮੀ, ਸਰਦੀ, ਬਰਸਾਤ ਸਭ ਉਨ੍ਹਾਂ ਆਪਣੇ ਪਿੰਡਿਆਂ ਉਤੇ ਹੰਢਾਇਆ ਹੈ। ਕਿਸਾਨਾਂ ਅਤੇ ਸਰਕਾਰ ਦਰਮਿਆਨ ਗੱਲਬਾਤ 22 ਜਨਵਰੀ ਤੋਂ ਬੰਦ ਹੈ। ਕਿਸਾਨ ਅੰਦੋਲਨ ਆਪਣੀ ਤਰਫ ਤੋਂ ਪੂਰੀ ਤਰ੍ਹਾਂ ਸ਼ਾਂਤਮਈ ਹੈ ਪਰ ਕਿਸਾਨ ਵਿਰੋਧੀ ਤਾਕਤਾਂ ਲਖੀਮਪੁਰ ਖੀਰੀ ਵਰਗੀਆਂ ਹਿੰਸਕ ਘਟਨਾਵਾਂ ਰਾਹੀਂ ਅਤੇ ਬੇਲੋੜੀ ਬਿਆਨਬਾਜ਼ੀ ਰਾਹੀਂ ਮਾਹੌਲ ਵਿਚ ਉਕਸਾਹਟ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਰਹੇ ਹਨ।

## ਜਥੇਬੰਦੀਆਂ ਵੱਲੋਂ ਸੁਪਰੀਮ ਕੋਰਟ ਦੀ ਸਖਤੀ ਦਾ ਸਵਾਗਤ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਕੀਤੀਆਂ ਟਿੱਪਣੀਆਂ ਦੇ ਸੰਦਰਭ ਵਿਚ ਕਿਹਾ ਕਿ ਸਿਖਰਲੀ ਅਦਾਲਤ ਨੇ ਯੂਪੀ ਤੇ ਕੇਂਦਰ ਸਰਕਾਰਾਂ ਦੀਆਂ ਏਜੰਸੀਆਂ ਦੀ ਨਿਰਪੱਖ ਜਾਂਚ ਕਰਨ ਦੀ ਯੋਗਤਾ ਬਾਰੇ ਪ੍ਰਤੀਕੂਲ ਟਿੱਪਣੀਆਂ ਕੀਤੀਆਂ ਹਨ। ਮੋਰਚੇ ਨੇ ਕਿਹਾ ਕਿ ਚੀਫ ਜਸਟਿਸ ਐੱਨ.ਵੀ ਰਾਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਕੇਸ ਦੀ ਜਾਂਚ ਬਾਰੇ ਸਟੇਟਸ ਰਿਪੋਰਟ ਸਮੇਂ ਸਿਰ ਨਹੀਂ ਮਿਲੀ। ਸੁਪਰੀਮ ਕੋਰਟ ਨੇ ਸਾਫ ਕਰ ਦਿੱਤਾ ਕਿ ਉਸ ਨੇ ਅਜਿਹੀ ਰਿਪੋਰਟ ਨੂੰ ਸੀਲਬੰਦ ਕਵਰ ਵਿਚ ਪੇਸ਼ ਕਰਨ ਲਈ ਕਦੇ ਵੀ ਨਹੀਂ ਕਿਹਾ, ਜਿਸ ਦਾ ਸਵਾਗਤ ਕਰਨਾ ਬਣਦਾ ਹੈ। ਬੈਂਚ ਨੇ ਇਹ ਟਿੱਪਣੀ ਵੀ ਕੀਤੀ ਕਿ ਇਹ (ਜਾਂਚ) ਇਕ ਨਾ ਖਤਮ ਹੋਣ ਵਾਲੀ ਕਹਾਣੀ ਨਹੀਂ ਹੋ ਸਕਦੀ। ਅਦਾਲਤ ਨੇ ਉੱਤਰ ਪ੍ਰਦੇਸ ਸਰਕਾਰ ਨੂੰ ਇਹ ਭਾਵਨਾ ਦੂਰ ਕਰਨ ਲਈ ਕਿਹਾ ਕਿ ਉਹ ਇਸ ਪੂਰੇ ਮਾਮਲੇ ਤੋਂ ਆਪਣੇ ਪੈਰ ਪਿਛਾਂਹ ਖਿੱਚ ਰਹੀ ਹੈ।

# ਅਵਤਾਰ ਸਿੰਘ ਸਪਰਿੰਗਫ਼ੀਲਡ ਵੱਲੋਂ ਕਿਸਾਨ ਸੰਘਰਸ਼ ਲਈ ਸ਼ਲਾਘਾਯੋਗ ਉਪਰਾਲਾ

**ਡੇਅਟਨ, ਓਹਾਇਓ:** ਸ਼ੇਰੇ ਪੰਜਾਬ ਸਪੋਰਟਸ ਕਲੱਬ ਵੱਲੋਂ ਬੀਤੇ ਦਿਨੀਂ ਡੇਅਟਨ ਤੇ ਸਿਨਸਿਨੈਟੀ ਵਿੱਚ ਖੇਡ ਮੇਲਾ ਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਨ੍ਹਾਂ ਦੋਵਾਂ ਸਮਾਗਮਾਂ ਦੀਆਂ ਸਟੇਜਾਂ ਤੋਂ ਭਾਰਤ ਵਿੱਚ ਚੱਲ ਰਹੇ ਕਿਸਾਨ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਗਈ ਤੇ ਪ੍ਰਬੰਧਕਾਂ ਨੇ ਭਾਰਤ ਸਰਕਾਰ ਤੋਂ ਕਿਸਾਨਾਂ ਦੀਆਂ ਮੰਗਾਂ ਮੰਨਣ ਤੇ ਤਿੰਨ ਖੇਤੀ ਕਾਨੂੰਨ ਫੌਰੀ ਵਾਪਸ ਲੈਣ ਦੀ ਮੰਗ ਕੀਤੀ।

ਅਵਤਾਰ ਸਿੰਘ ਸਪਰਿੰਗਫ਼ੀਲਡ ਨੇ ਕਿਸਾਨ ਸੰਘਰਸ਼ ਲਈ ਕਿਸਾਨੀ ਝੰਡੇ ਤੇ ਬੈਨਰਾਂ ਨਾਲ ਤਿਆਰ ਕੀਤੇ ਗਏ ਵਿਸ਼ੇਸ਼ ਫ਼ਲੋਟ ਨਾਲ ਇਨ੍ਹਾਂ ਸਮਾਗਮਾਂ ਵਿਚ ਸ਼ਮੂਲੀਅਤ ਕੀਤੀ। ਬੈਨਰਾਂ ਉਪਰ ਕਿਸਾਨ ਨਾਅਰੇ ਜਿਵੇਂ 'ਨੋ ਫਾਰਮਰ ਨੋ ਫ਼ੂਡ', 'ਮਜ਼ਦੂਰ-ਕਿਸਾਨ ਏਕਤਾ ਜ਼ਿੰਦਾਬਾਦ', 'ਕਾਲੇ ਖੇਤੀਬਾੜੀ ਕਾਨੂੰਨ ਵਾਪਸ ਲਓ', 'ਜੈ ਜਵਾਨ ਜੈ ਕਿਸਾਨ', 'ਅਸੀਂ ਤੁਹਾਡੇ ਨਾਲ ਹਾਂ' ਆਦਿ ਲਿਖੇ ਹੋਏ ਸਨ।




ਜਿਉਂ ਹੀ ਫ਼ਲੋਟ ਪੰਡਾਲ ਵਿੱਚ ਦਾਖਲ ਹੋਇਆ ਦਰਸ਼ਕਾਂ ਨੇ ਤਾੜੀਆਂ ਤੇ ਜੈਕਾਰਿਆਂ ਨਾਲ ਉਸ ਦਾ ਸੁਆਗਤ ਕੀਤਾ। ਜਿਵੇਂ ਜਿਵੇਂ ਅਵਤਾਰ ਸਿੰਘ ਸਪਰਿੰਗਫ਼ੀਲਡ ਨੇ ਫ਼ਲੋਟ ਨਾਲ ਪੰਡਾਲ ਵਿੱਚ ਚੱਕਰ ਲਾਇਆ, ਦਰਸ਼ਕਾਂ ਨੇ ਅੱਗੇ ਵਧ ਕੇ ਸੁਆਗਤ ਕੀਤਾ ਤੇ ਫ਼ਲੋਟ ਦੇ ਦੁਆਲੇ ਖੜ੍ਹੇ ਹੋ ਕੇ ਫੋਟੋਆਂ ਖਿਚਵਾਈਆਂ। ਫ਼ਲੋਟ ਤਿਆਰ ਕਰਨ ਲਈ ਅਵਤਾਰ ਸਿੰਘ ਦਾ ਪੰਡਾਲ ਦੀ ਸਟੇਜ ਤੋਂ ਸੁਆਗਤ ਕੀਤਾ ਗਿਆ।

ਅਵਤਾਰ ਸਿੰਘ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ, ਜਦੋਂ ਉਨ੍ਹਾਂ ਨੇ ਟਰੱਕ ਦੀ ਛੱਤ ਤੋਂ ਖੜ੍ਹੇ ਹੋ ਕੇ ਕੁਝ ਕਰਤੱਵ ਦਿਖਾਏ। ਪੰਡਾਲ ਤਾੜੀਆਂ ਨਾਲ ਗੂੰਜ ਉਠਿਆ। ਹਮੇਸ਼ਾ ਦੀ ਤਰ੍ਹਾਂ ਉਨ੍ਹਾਂ ਨੇ ਟਰੱਕ ਦੀ ਛੱਤ 'ਤੇ ਸੀਸ ਆਸਣ ਲਾਇਆ ਭਾਵ ਸਿਰ ਭਾਰ ਖੜ੍ਹੇ ਹੋ ਕੇ ਵਿਖਾਇਆ ਤੇ ਦਰਸ਼ਕਾਂ ਦੀ ਵਾਹ-ਵਾਹ ਖੱਟੀ।


A & I Transport Inc.

123 E Lee Rd, Watsonville, CA Ph: 831-763-7805

ਓਨਰ ਆਪਰੇਟਰਾਂ ਅਤੇ ਕੰਪਨੀ ਟਰੱਕ ਡਰਾਈਵਰਾਂ ਦੀ ਫੌਰੀ ਲੋੜ ਹੈ


ਕਲਾਸ 'ਏ' ਡਰਾਈਵਰ; 6 ਮਹੀਨੇ ਦਾ ਤਜਰਬਾ ਜਰੂਰੀ; ਕੈਲੀਫੋਰਨੀਆ ਅਤੇ ਟੈਕਸਸ ਰੂਟ

ਸੋਲੋ ਡਰਾਈਵਰ 55 ਸੈਂਟ ਪ੍ਰਤੀ ਮੀਲ ਅਤੇ ਟੀਮ ਡਰਾਈਵਰ 70 ਸੈਂਟ ਪ੍ਰਤੀ ਮੀਲ


*ਸਾਫ-ਸੁਥਰਾ ਡਰਾਈਵਿੰਗ ਰਿਕਾਰਡ
*DOT ਡਰੱਗ ਟੈਸਟ ਪਾਸ ਹੋਵੇ ਜਾਂ ਕਰ ਸਕਦਾ ਹੋਵੇ
*ਨਵੇਂ ਉਪਰਕਣ (2019-2021)
*$3000 ਸਾਈਨਿੰਗ ਬੋਨਸ (11 ਵੈਸਟਰਨ ਸਟੇਟਾਂ ਲਈ)
*$1000 ਸਾਈਨਿੰਗ ਬੋਨਸ (ਖੇਤਰੀ ਡਰਾਈਵਰਾਂ ਲਈ)
*ਅਸੀਂ 34 ਘੰਟਿਆਂ ਦੀ ਰੀਸੈਟ ਲਈ $75 ਤੋਂ $150 ਤੱਕ ਅਦਾ ਕਰਦੇ ਹਾਂ *ਮੈਡੀਕਲ, ਵਿਜ਼ਨ ਅਤੇ ਡੈਂਟਲ ਲਾਭ
*ਹਫਤਾਵਾਰੀ ਤਨਖਾਹ *ਸਾਲਾਨਾ ਮਾਈਲਜ਼ ਬੋਨਸ
*ਸਾਡੀ ਪੇਸ਼ਕਸ਼ 3500 ਤੋਂ 3800+ ਮੀਲ



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

NOW HIRING

Owner Operators and Company TRUCK DRIVERS WITH 6 MONTHS EXPERIENCE FOR 11 WESTERN STATES, AND REGIONAL. CALIFORNIA & TEXAS ROUTES.

We pay Solo 55 cents per mile and Teams 70 cents per mile.

*Job Requirements:*

- Class A Driver. • Clean driving record • Ability to pass DOT drug test.

*We offer the following benefits of employment*

- 55 Cents Per Mile or loaded-Solo • 70 Cents Per Mile-Teams.
- Newer equipment for Driver comfort (2019-2021).
- *$3,000 Signing Bonus For Drivers for 11 western states.
- *$1,000 Signing Bonus For Regional Drivers.
- We pay $75 to $150 for 34 hours reset. • Weekly pay.
- Yearly mileage bonus. • We offer 3,500-3,800+ miles
- Medical, Vision, and Dental Benefits. • Stop Pay & Bonus Layover Pay.
- Referral-Bonus for referring other Class A Drivers. • 401k Plan.

*Signing bonus subject to terms and conditions.

For More Information Call (24 hours) Armando or Vicente, Ph: (831) 763-7805

# ਨਵੀਂ ਪਾਰਟੀ ਬਾਰੇ ਐਲਾਨ ਪਿੱਛੋਂ ਕਾਂਗਰਸ ਵੱਲੋਂ ਕੈਪਟਨ ਦੀ ਘੇਰਾਬੰਦੀ

**ਚੰਡੀਗੜ੍ਹ:** ਪੰਜਾਬ ਵਿਚ ਕਾਂਗਰਸ ਤੇ ਕੈਪਟਨ ਅਮਰਿੰਦਰ ਸਿੰਘ ਦਰਮਿਆਨ ਵਿਵਾਦ ਵਧਦਾ ਹੀ ਜਾ ਰਿਹਾ ਹੈ। ਕੈਪਟਨ ਦੇ ਕਾਂਗਰਸ ਖਿਲਾਫ ਬੋਲਣ ਤੋਂ ਬਾਅਦ ਪੰਜਾਬ ਕਾਂਗਰਸ ਕੈਪਟਨ ਖਿਲਾਫ ਲਾਮਬੰਦ ਹੋ ਗਈ ਹੈ। ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਚਾਰ ਸਾਲ ਮੁੱਖ ਮੰਤਰੀ ਰਹੇ ਤਾਂ ਸਭ ਕੁਝ ਠੀਕ ਰਿਹਾ ਪਰ ਜਦ ਕੁਰਸੀ ਗਈ ਤਾਂ ਪੰਜਾਬ ਨੂੰ ਪਾਕਿਸਤਾਨ ਤੋਂ ਖਤਰਾ ਖੜ੍ਹਾ ਹੋ ਗਿਆ। ਇਹ ਖਤਰਾ ਉਦੋਂ ਕਿਉਂ ਖੜ੍ਹਾ ਨਹੀਂ ਹੋਇਆ ਜਦੋਂ ਆਰੂਸਾ ਆਲਮ ਚੰਡੀਗੜ੍ਹ ਸਥਿਤ ਸਰਕਾਰੀ ਘਰ ਵਿਚ ਰਹਿੰਦੀ ਰਹੀ।

ਰੰਧਾਵਾ ਨੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ 'ਮੌਕਾਪ੍ਰਸਤ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਪਿਛਲੇ ਸਾਢੇ ਚਾਰ ਸਾਲਾਂ ਤੋਂ ਪੰਜਾਬ ਨਾਲ ਧ੍ਰੋਹ ਕਮਾ ਰਹੇ ਸਨ। ਅਮਰਿੰਦਰ ਨੇ ਲੰਘੇ ਦਿਨੀਂ ਇਕ ਟਵੀਟ 'ਚ ਜਲਦੀ ਹੀ ਨਵੀਂ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ। ਅਮਰਿੰਦਰ ਨੇ ਸੰਕੇਤ ਦਿੱਤਾ ਸੀ ਕਿ ਉਹ ਭਾਜਪਾ ਤੇ ਅਕਾਲੀ ਦਲ ਨਾਲੋਂ ਵੱਖ ਹੋਏ ਢੀਂਡਸਾ ਤੇ ਬ੍ਰਹਮਪੁਰਾ ਧੜਿਆਂ ਨਾਲ ਹੱਥ ਮਿਲਾ ਸਕਦੇ ਹਨ। ਦੋ ਵਾਰ ਸੂਬੇ ਦੇ ਮੁੱਖ ਮੰਤਰੀ ਰਹੇ ਅਮਰਿੰਦਰ ਨੇ ਐਲਾਨ ਕੀਤਾ ਸੀ ਕਿ ਉਹ 'ਆਪਣੇ ਲੋਕਾਂ ਤੇ ਆਪਣੇ ਸੂਬੇ' ਦਾ ਭਵਿੱਖ ਸੁਰੱਖਿਅਤ ਬਣਾਉਣ ਤੱਕ ਟਿਕ ਕੇ ਨਹੀਂ ਬੈਠਣਗੇ।

ਉਪ ਮੁੱਖ ਮੰਤਰੀ ਰੰਧਾਵਾ ਨੇ ਅਮਰਿੰਦਰ ਵੱਲੋਂ ਕੀਤੇ ਐਲਾਨ ਦੇ ਪ੍ਰਤੀਕਰਮ ਵਿੱਚ ਕਿਹਾ, ''ਕੈਪਟਨ ਅਮਰਿੰਦਰ ਸਿੰਘ ਮੌਕਾਪ੍ਰਸਤ ਆਗੂ ਹਨ, ਜੋ ਸਿਰਫ ਖੁਦ, ਆਪਣੇ ਪਰਿਵਾਰ ਤੇ ਆਪਣੇ ਦੋਸਤਾਂ ਬਾਰੇ ਹੀ ਸੋਚਦੇ ਹਨ।'' ਅਮਰਿੰਦਰ ਵੱਲੋਂ ਪਿਛਲੇ ਮਹੀਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੀਟਿੰਗ ਦੇ ਹਵਾਲੇ ਨਾਲ ਰੰਧਾਵਾ ਨੇ ਕਿਹਾ ਕਿ ਕੈਪਟਨ ਨੇ ਕਿਸਾਨ ਅੰਦੋਲਨ ਨੂੰ ਹੱਲ ਕਰਨ ਬਾਰੇ ਕੋਈ ਗੱਲ ਨਹੀਂ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿਚ ਬੀ.ਐਸ.ਐਫ. ਦਾ ਦਾਇਰਾ ਵਧਾਉਣ ਪਿੱਛੇ ਅਮਰਿੰਦਰ ਸਿੰਘ ਦਾ ਹੱਥ ਸੀ।



ਉਧਰ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦਾ 'ਘਾੜਾ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੰਬਾਨੀ ਨੂੰ ਪੰਜਾਬ ਦੀ ਕਿਸਾਨੀ 'ਚ ਲਿਆਉਣ ਵਾਲਾ ਅਮਰਿੰਦਰ ਹੈ ਤੇ ਇਕ ਦੋ ਵੱਡੇ ਕਾਰਪੋਰੇਟਾਂ ਨੂੰ ਲਾਹਾ ਦੇਣ ਲਈ ਪੰਜਾਬ ਦੇ ਕਿਸਾਨਾਂ, ਛੋਟੇ ਵਪਾਰੀਆਂ ਤੇ ਕਿਰਤੀਆਂ ਨੂੰ ਤਬਾਹ ਕਰਨ ਲਈ ਵੀ ਸਾਬਕਾ ਮੁੱਖ ਮੰਤਰੀ ਜ਼ਿੰਮੇਵਾਰ ਹੈ। ਚੇਤੇ ਰਹੇ ਕਿ ਸਾਬਕਾ ਮੁੱਖ ਮੰਤਰੀ ਨੇ ਇਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਨਵਜੋਤ ਸਿੰਘ ਸਿੱਧੂ 'ਤੇ ਨਿਸ਼ਾਨੇ ਸੇਧੇ ਸਨ। ਕੈਪਟਨ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸੀਟਾਂ ਦੀ ਵੰਡ ਲਈ ਭਾਜਪਾ ਸਮੇਤ ਨਾਰਾਜ਼ ਅਕਾਲੀ ਧੜਿਆਂ ਨਾਲ ਹੱਥ ਮਿਲਾਉਣ ਅਤੇ ਜਲਦੀ ਹੀ ਨਵੀਂ ਸਿਆਸੀ ਪਾਰਟੀ ਬਣਾਉਣ ਦੇ ਕੀਤੇ ਐਲਾਨ ਕਰਕੇ 'ਕਾਂਗਰਸ' ਦੇ ਨਿਸ਼ਾਨੇ 'ਤੇ ਆ ਗਏ ਹਨ। ਸਿੱਧੂ ਨੇ ਸਾਬਕਾ ਮੁੱਖ ਮੰਤਰੀ ਦੇ ਹਵਾਲੇ ਨਾਲ ਕੀਤੇ ਟਵੀਟ ਵਿੱਚ ਕਿਹਾ, ''ਤਿੰਨ ਕਾਲੇ ਕਾਨੂੰਨਾਂ ਦਾ ਨਿਰਮਾਤਾ...ਜੋ ਅੰਬਾਨੀ ਨੂੰ ਪੰਜਾਬ ਦੀ ਕਿਸਾਨੀ 'ਚ ਲੈ ਕੇ ਆਇਆ...ਜਿਸ ਨੇ ਇਕ ਦੋ ਕਾਰਪੋਰੇਟਾਂ ਨੂੰ ਲਾਭ ਪਹੁੰਚਾਉਣ ਲਈ ਪੰਜਾਬ ਦੇ ਕਿਸਾਨਾਂ, ਛੋਟੇ ਵਪਾਰੀਆਂ ਤੇ ਕਿਰਤੀਆਂ ਨੂੰ ਤਬਾਹ ਕੀਤਾ।''

ਸਿੱਧੂ ਨੇ ਟਵੀਟ ਨਾਲ ਸਿੱਧੂ ਦੀ ਇਕ ਪੁਰਾਣੀ ਵੀਡੀਓ ਵੀ ਅਪਲੋਡ ਕੀਤੀ ਹੈ, ਜਿਸ ਵਿਚ ਉਹ 'ਫੀਲਡ ਟੂ ਫੌਰਕ' ਪ੍ਰੋਗਰਾਮ ਤਹਿਤ ਕੁਝ ਸਬਜ਼ੀਆਂ ਦੀਆਂ ਫਸਲਾਂ ਬਾਰੇ ਗੱਲ ਕਰਦੇ ਸੁਣਦੇ ਹਨ। ਇਸ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਅਮਰਿੰਦਰ ਨੂੰ 'ਮੌਕਾਪ੍ਰਸਤ' ਦੱਸਿਆ ਸੀ।

ਉਨ੍ਹਾਂ ਕਿਹਾ ਸੀ ਕਿ ਅਮਰਿੰਦਰ ਪਿਛਲੇ ਸਾਢੇ ਚਾਰ ਸਾਲਾਂ ਤੋਂ ਪੰਜਾਬ ਨਾਲ ਧ੍ਰੋਹ ਕਮਾ ਰਹੇ ਸਨ। ਅਮਰਿੰਦਰ ਸਿੰਘ ਨੇ ਸਿੱਧੂ ਨਾਲ ਜਾਰੀ ਟਕਰਾਅ ਤੇ ਪਾਰਟੀ ਵਿਚਲੇ ਕਾਟੋ-ਕਲੇਸ਼ ਦੇ ਮੱਦੇਨਜਰ ਪਿਛਲੇ ਮਹੀਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਪਾਰਟੀ ਹਾਈ ਕਮਾਨ ਨੇ ਮਗਰੋਂ ਚਰਨਜੀਤ ਸਿੰਘ ਚੰਨੀ ਨੂੰ ਨਵਾਂ ਮੁੱਖ ਮੰਤਰੀ ਥਾਪ ਦਿੱਤਾ ਸੀ।

## ਸਿੱਧੂ ਨੂੰ ਪੰਜਾਬ ਤੇ ਕਿਸਾਨ ਹਿਤਾਂ ਬਾਰੇ ਕੋਈ ਜਾਣਕਾਰੀ ਨਹੀਂ: ਕੈਪਟਨ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਇਕ ਟਵੀਟ ਰਾਹੀਂ ਕੀਤੇ ਸੱਜਰੇ ਹਮਲੇ ਦਾ ਜਵਾਬ ਦਿੰਦਿਆਂ ਕਿਹਾ, ''ਤੂੰ ਕਿੰਨਾ ਵੱਡਾ ਧੋਖੇਬਾਜ਼ ਤੇ ਫਰੇਬੀ ਹੈਂ! ਤੂੰ ਮੇਰੀ 15 ਸਾਲ ਪੁਰਾਣੀ ਫਸਲੀ ਵਿਭਿੰਨਤਾ ਨਾਲ ਜੁੜੀ ਪਹਿਲਕਦਮੀ ਨੂੰ ਉਨ੍ਹਾਂ ਖੇਤੀ ਕਾਨੂੰਨਾਂ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਕਰ ਰਿਹੈਂ, ਜਿਨ੍ਹਾਂ ਖਿਲਾਫ ਮੈਂ ਅਜੇ ਵੀ ਲੜ ਰਿਹਾਂ ਤੇ ਜਿਨ੍ਹਾਂ ਨਾਲ ਮੈਂ ਆਪਣੇ ਸਿਆਸੀ ਭਵਿੱਖ ਨੂੰ ਜੋੜਿਆ ਹੈ।'' ਸਾਬਕਾ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਵੱਲੋਂ ਕੀਤੇ ਟਵੀਟ ਵਿਚ ਕੈਪਟਨ ਦੀ ਹਵਾਲੇ ਨਾਲ ਕਿਹਾ ਗਿਆ, ''ਸਾਫ ਜ਼ਾਹਿਰ ਹੈ ਕਿ ਸਿੱਧੂ ਨੂੰ ਨਾ ਤਾਂ ਪੰਜਾਬ ਤੇ ਨਾ ਇਸ ਦੇ ਕਿਸਾਨਾਂ ਨਾਲ ਜੁੜੇ ਹਿਤਾਂ ਬਾਰੇ ਕੋਈ ਜਾਣਕਾਰੀ ਹੈ।''

## ਅਸਲ ਮਸਲਿਆਂ ਨੂੰ ਅਣਗੌਲਿਆ ਨਹੀਂ ਹੋਣ ਦੇਵਾਂਗਾ: ਸਿੱਧੂ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਉਨ੍ਹਾਂ ਅਸਲ ਮੁੱਦਿਆਂ ਵੱਲ 'ਮੁੜਨਾ ਹੋਵੇਗਾ', ਜੋ ਹਰ ਪੰਜਾਬੀ ਤੇ ਭਵਿੱਖ ਦੀਆਂ ਪੀੜ੍ਹੀਆਂ ਨਾਲ ਜੁੜਿਆ ਹੋਇਆ ਹੈ। ਸਿੱਧੂ ਨੇ ਜੋਰ ਦੇ ਕੇ ਆਖਿਆ ਕਿ ਉਹ ਅਸਲ ਮੁੱਦਿਆਂ ਨੂੰ ਅਣਗੌਲਿਆ ਨਹੀਂ ਹੋਣ ਦੇਣਗੇ। ਸਿੱਧੂ ਦਾ ਇਹ ਬਿਆਨ ਅਜਿਹੇ ਮੌਕੇ ਆਇਆ ਹੈ ਜਦੋਂ ਪਾਕਿਸਤਾਨੀ ਪੱਤਰਕਾਰ ਆਰੂਸਾ ਆਲਮ ਨੂੰ ਲੈ ਕੇ ਪੰਜਾਬ ਦੇ ਕਾਂਗਰਸੀ ਆਗੂਆਂ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਰਮਿਆਨ ਸ਼ਬਦੀ ਜੰਗ ਸਿਖਰ 'ਤੇ ਹੈ।

## ਪੰਜਾਬ ਦੀ ਤਬਾਹੀ ਲਈ ਕੈਪਟਨ ਜ਼ਿੰਮੇਵਾਰ: ਬੀਰਦਵਿੰਦਰ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਬੁਲਾਰੇ ਬੀਰਦਵਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਖ਼ੁਦਗਰਜ਼ ਤੇ ਪੰਜਾਬੀਆਂ ਨਾਲ ਗੱਦਾਰੀ ਕਰਨ ਵਾਲਾ ਸਿਆਸੀ ਆਗੂ ਕਰਾਰ ਦਿੰਦਿਆਂ ਕਿਹਾ ਕਿ ਕੈਪਟਨ ਇਕ ਮਹੀਨੇ ਤੋਂ ਕਾਂਗਰਸ ਦੇ ਪ੍ਰਧਾਨ ਸੋਨੀਆ ਗਾਂਧੀ 'ਤੇ ਜ਼ਲੀਲ ਕਰਕੇ ਮੁੱਖ ਮੰਤਰੀ ਦੇ ਰੁਤਬੇ ਤੋਂ ਹਟਾਉਣ ਦੇ ਦੋਸ਼ ਲਾ ਰਹੇ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਕੈਪਟਨ ਨੂੰ ਆਪਣੀ ਪਤਨੀ ਪ੍ਰਨੀਤ ਕੌਰ ਦਾ ਸਾਥ ਨਵੀਂ ਪਾਰਟੀ ਲਈ ਮੰਗਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਕਾਂਗਰਸ ਪਾਰਟੀ ਤੇ ਲੋਕ ਸਭਾ ਦੀ ਪਟਿਆਲਾ ਸੀਟ ਤੋਂ ਅਸਤੀਫਾ ਦੇਣ ਲਈ ਕਹਿਣਾ ਚਾਹੀਦਾ ਹੈ।

# ਅਫਸਰਾਂ ਦੇ ਤਬਾਦਲਿਆਂ ਲਈ ਆਰੂਸਾ ਨੂੰ ਦਿੱਤੇ ਜਾਂਦੇ ਸਨ ਤੋਹਫੇ: ਡਾ. ਨਵਜੋਤ ਕੌਰ ਸਿੱਧੂ





**ਅੰਮ੍ਰਿਤਸਰ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪਾਕਿਸਤਾਨੀ ਪੱਤਰਕਾਰ ਆਰੂਸਾ ਆਲਮ ਦੇ ਸਬੰਧਾਂ ਬਾਰੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਮਗਰੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਤੇ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਪੁਲਿਸ ਵਿਭਾਗ ਵਿਚ ਵੱਡੇ ਤਬਾਦਲਿਆਂ ਲਈ ਆਰੂਸਾ ਆਲਮ ਨੂੰ ਕਥਿਤ ਤੌਰ 'ਤੇ 'ਤੋਹਫੇ ਅਤੇ ਅਟੈਚੀ' ਦਿੱਤੇ ਜਾਂਦੇ ਸਨ। ਡਾ. ਸਿੱਧੂ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਰੂਸਾ ਆਲਮ ਦੀਆਂ ਸੋਨੀਆ ਗਾਂਧੀ ਨਾਲ ਮਿਲਣ ਦੀਆਂ ਜੋ ਤਸਵੀਰਾਂ ਜਾਰੀ ਕੀਤੀਆਂ ਗਈਆਂ ਹਨ, ਉਹ ਉਸ ਵੇਲੇ ਦੀਆਂ ਸਨ, ਜਦੋਂ ਉਹ ਪੱਤਰਕਾਰ ਸੀ ਅਤੇ ਪੱਤਰਕਾਰ ਸਿਆਸੀ ਆਗੂਆਂ ਨੂੰ ਮਿਲਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਆਰੂਸਾ ਦੇ ਪੰਜਾਬ ਆਉਣ 'ਤੇ ਉਸ ਸਮੇਂ ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਕਾਰਵਾਈ ਕਰਨੀ ਚਾਹੀਦੀ ਸੀ।

ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਵਿਭਾਗ 'ਚ ਵੱਡੇ ਅਹੁਦਿਆਂ ਲਈ ਹੁੰਦੇ ਤਬਾਦਲੇ ਅਤੇ ਨਿਯੁਕਤੀਆਂ ਵਾਸਤੇ ਪਾਕਿਸਤਾਨੀ ਔਰਤ ਨੂੰ ਕਥਿਤ 'ਤੋਹਫੇ ਅਤੇ ਅਟੈਚੀ' ਦਿੱਤੇ ਜਾਂਦੇ ਸਨ, ਕੋਈ ਵੀ ਨਵੀਂ ਨਿਯੁਕਤੀ ਕਥਿਤ 'ਅਟੈਚੀ' ਤੋਂ ਬਿਨਾਂ ਨਹੀਂ ਹੁੰਦੀ ਸੀ। ਬੀਬੀ ਸਿੱਧੂ ਨੇ ਦੋਸ਼ ਲਾਇਆ ਕਿ ਅਕਾਲੀ ਵੀ ਉਸ ਨੂੰ ਮਿਲਣ ਜਾਣ ਵੇਲੇ ਕਥਿਤ ਹੀਰਿਆਂ ਦੇ ਸੈੱਟ ਲੈ ਕੇ ਜਾਂਦੇ ਸਨ।

## 'ਸਾਬਕਾ ਮੰਤਰੀ ਨਿੱਜੀ ਹਮਲਿਆਂ 'ਤੇ ਉਤਰੇ'

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਉਨ੍ਹਾਂ ਦੇ ਸਾਬਕਾ ਵਜ਼ਾਰਤੀ ਸਾਥੀ ਹੁਣ ਨਿੱਜੀ ਹਮਲਿਆਂ 'ਤੇ ਉਤਰ ਆਏ ਹਨ। ਕੈਪਟਨ ਨੇ ਟਵੀਟ ਵਿਚ ਕਿਹਾ, "ਮੈਨੂੰ ਤਾਂ ਇਹ ਫਿਕਰ ਸਤਾਉਂਦਾ ਹੈ ਕਿ ਹੁਣ ਜਦੋਂ ਤਿਉਹਾਰਾਂ ਦਾ ਸਮਾਂ ਹੈ ਤੇ ਦਹਿਸ਼ਤੀ ਖਤਰੇ ਦੀ ਸੰਭਾਵਨਾ ਸਿਖਰ 'ਤੇ ਹੈ ਤਾਂ ਅਜਿਹੇ ਮੌਕੇ ਡੀ.ਜੀ.ਪੀ. ਪੰਜਾਬ ਨੂੰ ਸੂਬੇ ਦੀ ਸੁਰੱਖਿਆ ਨੂੰ ਤਾਕ 'ਤੇ ਰੱਖ ਕੇ ਬੇਬੁਨਿਆਦ ਜਾਂਚ ਦੇ ਕੰਮ ਲਾਇਆ ਜਾ ਰਿਹਾ ਹੈ। ਤੁਸੀਂ ਮੇਰੀ ਵਜ਼ਾਰਤ ਵਿਚ ਮੰਤਰੀ ਰਹੇ ਪਰ ਉਦੋਂ ਤੁਸੀਂ ਕਦੇ ਵੀ ਅਰੂਸਾ ਆਲਮ ਦੀ ਸ਼ਿਕਾਇਤ ਨਹੀਂ ਕੀਤੀ। ਉਹ ਪਿਛਲੇ 16 ਸਾਲਾਂ ਤੋਂ ਭਾਰਤ ਸਰਕਾਰ ਦੀ ਲੋੜੀਂਦੀ ਪ੍ਰਵਾਨਗੀ ਨਾਲ ਆ ਰਹੀ ਹੈ' ਜਾਂ ਫਿਰ ਤੁਸੀਂ ਇਹ ਕਹਿਣਾ ਚਾਹੁੰਦੇ ਹੋ ਕਿ ਕੇਂਦਰ ਸਰਕਾਰ ਦੀ ਆਈ.ਐਸ.ਆਈ. ਨਾਲ ਅੰਦਰਖਾਤੇ ਮਿਲੀਭੁਗਤ ਸੀ।

# ਪੰਜਾਬ ਕਾਂਗਰਸ ਦੇ ਵਿਵਾਦ ਤੋਂ ਬਾਜਵਾ ਨੇ ਦੂਰੀ ਬਣਾਈ



**ਲੁਧਿਆਣਾ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੋਸਤ ਆਰੂਸਾ ਆਲਮ ਸਬੰਧੀ ਸਿਆਸੀ ਆਗੂਆਂ ਵੱਲੋਂ ਇਕ ਦੂਜੇ 'ਤੇ ਲਗਾਏ ਜਾ ਰਹੇ ਦੋਸ਼ਾਂ ਤੋਂ ਕਾਂਗਰਸ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੂਰੀ ਬਣਾਉਂਦੇ ਦਿਖਾਈ ਦਿੱਤੇ। ਇਸ ਸਬੰਧੀ ਪੁੱਛੇ ਜਾਣ 'ਤੇ ਸ੍ਰੀ ਬਾਜਵਾ ਨੇ ਕਿਹਾ, 'ਮੈਂ ਤਾਂ ਆਰੂਸਾ ਆਲਮ ਨੂੰ ਮਿਲਿਆ ਤੱਕ ਨਹੀਂ ਤੇ ਨਾ ਉਨ੍ਹਾਂ ਨੂੰ ਜਾਣਦਾ ਹਾਂ। ਮੈਂ ਤਾਂ ਕਦੇ ਕੈਪਟਨ ਨਾਲ ਵੀ ਮੁਲਾਕਾਤ ਨਹੀਂ ਕੀਤੀ। ਫਿਰ ਮੈਂ ਕਿਵੇਂ ਇਸ ਮਾਮਲੇ 'ਤੇ ਕੋਈ ਟਿੱਪਣੀ ਕਰ ਸਕਦਾ ਹਾਂ।'

ਸੋਸ਼ਲ ਮੀਡੀਆ 'ਤੇ ਗ੍ਰਹਿ ਮੰਤਰੀ ਸੁਖਜਿੰਦਰ ਰੰਧਾਵਾ ਤੇ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਚੱਲ ਰਹੀ ਸ਼ਬਦੀ ਜੰਗ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਤਾਂ 2-3 ਮਹੀਨਿਆਂ ਤੋਂ ਟਵਿੱਟਰ ਹੀ ਨਹੀਂ ਖੋਲ੍ਹਿਆ। ਇਸ ਮਾਮਲੇ 'ਚ ਉਹ ਕੁਝ ਨਹੀਂ ਕਹਿ ਸਕਦੇ। ਮੁੱਖ ਮੰਤਰੀ ਚਰਨਜੀਤ ਚੰਨੀ ਵੱਲੋਂ ਬੀ.ਐਸ.ਐਫ. ਦੇ ਅਧਿਕਾਰ ਖੇਤਰ ਵਿਚ ਕੀਤੇ ਗਏ ਵਾਧੇ ਦੇ ਮੁੱਦੇ 'ਤੇ ਸੱਦੀ ਆਲ ਪਾਰਟੀ ਮੀਟਿੰਗ ਦੀ ਸ਼ਲਾਘਾ ਕਰਦਿਆਂ ਸ੍ਰੀ ਬਾਜਵਾ ਨੇ ਕਿਹਾ ਕਿ ਬੀ.ਐਸ.ਐਫ. ਨੂੰ ਜ਼ਿਆਦਾ ਅਧਿਕਾਰ ਦੇਣਾ ਫੈੱਡਰਲ ਢਾਂਚੇ ਦੇ ਖਿਲਾਫ਼ ਹੈ ਤੇ ਕੇਂਦਰ ਸਰਕਾਰ ਨੂੰ ਇਹ ਹੁਕਮ ਤੁਰਤ ਵਾਪਸ ਲੈਣੇ ਚਾਹੀਦੇ ਹਨ। ਜ਼ਿਕਰਯੋਗ ਹੈ ਕਿ ਆਰੂਸਾ ਆਲਮ ਦੇ ਮਾਮਲੇ ਵਿਚ ਵੱਖ-ਵੱਖ ਆਗੂਆਂ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਭਾਜਪਾ ਨੂੰ ਕੈਪਟਨ ਅਮਰਿੰਦਰ ਸਿੰਘ ਦੀ 'ਦੇਸ਼ ਭਗਤੀ' ਉਤੇ ਮਾਣ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਅਗਾਮੀ ਅਸੈਂਬਲੀ ਚੋਣਾਂ ਵਿਚ ਭਾਜਪਾ ਨਾਲ ਹੱਥ ਮਿਲਾਉਣ ਦੇ ਦਿੱਤੇ ਸੰਕੇਤ ਦਾ ਭਗਵਾ ਪਾਰਟੀ ਨੇ ਵੀ ਬੜਾ ਨਿੱਘਾ ਜਵਾਬ ਦਿੱਤਾ ਹੈ। ਭਾਜਪਾ ਨੇ ਅਮਰਿੰਦਰ ਦੀ ਦੇਸ਼ ਭਗਤ ਵਜੋਂ ਤਾਰੀਫ ਕਰਦਿਆਂ ਕਿਹਾ ਕਿ ਉਹ ਕੌਮੀ ਹਿੱਤਾਂ ਨੂੰ ਮੂਹਰੇ ਰੱਖਣ ਵਾਲਿਆਂ ਨਾਲ ਹੱਥ ਮਿਲਾਉਣ ਲਈ ਤਿਆਰ ਹੈ ਤੇ ਗੱਠਜੋੜ ਲਈ ਦਰ ਹਮੇਸ਼ਾਂ ਖੁੱਲ੍ਹੇ ਹਨ।

ਭਾਜਪਾ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੁਸ਼ਯੰਤ ਗੌਤਮ ਨੇ ਕਿਹਾ ਕਿ ਅਮਰਿੰਦਰ ਸਿੰਘ ਰਾਜਵੰਸ਼ ਤੋਂ ਦੂਰ ਹੋ ਕੇ ਰਾਸ਼ਟਰਵਾਦ ਵੱਲ ਵੱਧ ਰਹੇ ਹਨ। ਭਾਜਪਾ ਆਗੂ ਨੇ ਹਾਲਾਂਕਿ ਇਸ਼ਾਰਾ ਕੀਤਾ ਕਿ ਅਜੇ ਕੁਝ ਵੀ ਫਾਈਨਲ ਨਹੀਂ ਹੈ ਕਿਉਂਕਿ 'ਅਮਰਿੰਦਰ ਸਿੰਘ ਨੇ ਅਜੇ ਆਪਣੀ ਪਾਰਟੀ ਬਣਾਉਣੀ ਹੈ।'

ਉਧਰ, ਨਵੀਂ ਸਿਆਸੀ ਪਾਰਟੀ ਬਣਾਉਣ ਦੇ ਐਲਾਨ ਕਰਕੇ ਕਾਂਗਰਸ ਦੇ ਨਿਸ਼ਾਨੇ 'ਤੇ ਆਏ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਜੇਕਰ ਤਿੰਨੇ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਲੈਂਦੀ ਹੈ ਤਾਂ ਭਾਜਪਾ ਨਾਲ ਹੱਥ ਮਿਲਾਉਣ ਵਿਚ ਕੁਝ ਵੀ ਗਲਤ ਨਹੀਂ ਹੈ। ਕੈਪਟਨ ਨੇ ਕਿਹਾ ਕਿ ਉਨ੍ਹਾਂ ਦਾ ਜਾਨਸ਼ੀਨ ਚਰਨਜੀਤ ਸਿੰਘ ਚੰਨੀ ਚੰਗਾ ਬੰਦਾ ਹੈ ਤੇ ਉਹ ਸਿਰਫ ਪੰਜਾਬ ਕਾਂਗਰਸ ਦੇ ਨਵੇਂ ਥਾਪੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਵਿਰੋਧ ਕਰਦੇ ਹਨ। 2022 ਵਿਚ ਨਵੀਂ ਪਾਰੀ ਖੇਡਣ ਬਾਰੇ ਕੈਪਟਨ ਨੇ ਕਿਹਾ, "ਜੇਕਰ 'ਮਹਾਗੱਠਜੋੜ' ਨੇ ਚਾਹਿਆ ਤਾਂ ਮੂਹਰੇ ਹੋ ਕੇ ਕਮਾਨ ਸੰਭਾਲਾਂਗਾ। ਪਹਿਲਾਂ ਮੇਰਾ ਸਰਗਰਮ ਸਿਆਸਤ ਤੋਂ ਸੰਨਿਆਸ ਲੈਣ ਦਾ ਵਿਚਾਰ ਸੀ, ਪਰ ਹੁਣ ਨਹੀਂ।''

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਨੂੰ ਦਿੱਲੀ ਦੀਆਂ ਬਰੂਹਾਂ 'ਤੇ ਸ਼ਾਂਤਮਈ ਢੰਗ ਨਾਲ ਅੰਦੋਲਨ ਕਰ ਰਹੇ ਦੇਸ਼ ਦੇ ਕਿਸਾਨ ਅਤਿਵਾਦੀ, ਵੱਖਵਾਦੀ ਅਤੇ ਖਾਲਿਸਤਾਨੀ ਲੱਗਦੇ ਹਨ, ਪਰ ਪਾਕਿਸਤਾਨੀ ਏਜੰਸੀ ਆਈ.ਐਸ.ਆਈ. ਦੀ ਏਜੰਟ ਨੂੰ ਮਹਿਮਾਨ ਬਣਾ ਕੇ ਘਰ 'ਚ ਰੱਖਣ ਵਾਲਾ ਕੈਪਟਨ ਅਮਰਿੰਦਰ ਸਿੰਘ ਦੇਸ਼ ਭਗਤ ਲੱਗਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਰਾਜਸੱਤਾ 'ਤੇ ਕਾਬਜ਼ ਹੋਣ ਦੀ ਲਾਲਸਾ ਰੱਖਣ ਵਾਲੀ ਭਾਜਪਾ ਅਤੇ ਮੋਦੀ ਅੱਜ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸਾਬਕਾ ਆਗੂ ਕੈਪਟਨ ਅਮਰਿੰਦਰ ਸਿੰਘ ਨੂੰ ਦੇਸ਼ ਭਗਤ ਆਖ ਕੇ ਉਸ ਦੇ ਗੁਣ ਗਾਉਣ ਲੱਗੇ ਹਨ।

## 'ਆਪ' ਨੂੰ ਰੋਕਣ ਲਈ ਕੈਪਟਨ ਨੂੰ ਉਭਾਰਨ ਦੇ ਯਤਨ: ਚੱਢਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਬੁਲਾਰੇ ਅਤੇ ਪੰਜਾਬ ਮਾਮਲਿਆਂ ਦੇ ਸਹਿ-ਇੰਚਾਰਜ ਵਿਧਾਇਕ ਰਾਘਵ ਚੱਢਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ 'ਚ 'ਆਪ' ਦੀ ਸਰਕਾਰ ਬਣਨ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਜਦੋਂ ਤਿੰਨੇ ਪਾਰਟੀਆਂ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਪਾਰਟੀ ਮਿਲ ਕੇ 'ਆਪ' ਨੂੰ ਰੋਕਣ 'ਚ ਫੇਲ੍ਹ ਹੋ ਰਹੀਆਂ ਹਨ ਤਾਂ ਪ੍ਰਧਾਨ ਮੰਤਰੀ ਨੇ ਆਪਣੇ ਚਹੇਤੇ ਕੈਪਟਨ ਅਮਰਿੰਦਰ ਸਿੰਘ ਨੂੰ ਮੈਦਾਨ ਵਿਚ ਚੌਥੀ ਪਾਰਟੀ ਵਜੋਂ ਉਤਾਰਨ ਦੀ ਤਿਆਰੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ, ਅਕਾਲੀ ਦਲ ਬਾਦਲ ਅਤੇ ਕਾਂਗਰਸ ਸਮੇਤ ਕੈਪਟਨ ਦੀ ਪਾਰਟੀ ਦਾ ਰਿਮੋਟ ਕੰਟਰੋਲ ਨਰਿੰਦਰ ਮੋਦੀ ਦੇ ਹੱਥ 'ਚ ਹੈ।

# ਟਰਾਂਸਪੋਰਟ ਮਾਫੀਆ ਖਿਲਾਫ ਸਖਤੀ ਨੇ ਪੰਜਾਬ ਰੋਡਵੇਜ਼ ਦੇ ਕੀਤੇ ਵਾਰੇ ਨਿਆਰੇ

**ਚੰਡੀਗੜ੍ਹ:** ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਇਕ ਮਹੀਨੇ ਦੇ ਸਮੇਂ ਦੌਰਾਨ ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਦੀ ਆਮਦਨ ਵਿਚ ਕੁੱਲ ਮਿਲਾ ਕੇ 17.24 ਫੀਸਦੀ ਵਾਧਾ ਹੋਇਆ ਹੈ। ਇਕ ਮਹੀਨੇ ਦੀ ਕਾਰਗੁਜ਼ਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਵਾਧਾ 15 ਅਕਤੂਬਰ ਤੱਕ 7.98 ਕਰੋੜ ਰੁਪਏ ਬਣਦਾ ਹੈ ਅਤੇ ਵਿਭਾਗ ਦੀ ਰੋਜ਼ਾਨਾ ਆਮਦਨ ਵਿਚ ਕਰੀਬ 53 ਲੱਖ ਰੁਪਏ ਦਾ ਵਾਧਾ ਹੋਇਆ ਹੈ।

ਉਨ੍ਹਾਂ ਕਿਹਾ ਕਿ 15 ਤੋਂ 30 ਸਤੰਬਰ ਤੱਕ ਵਿਭਾਗ ਨੂੰ 46.28 ਕਰੋੜ ਰੁਪਏ ਆਮਦਨ ਹੋਈ ਹੈ ਜਦਕਿ ਪਹਿਲੀ ਤੋਂ ਲੈ ਕੇ 15 ਅਕਤੂਬਰ ਤੱਕ ਕੁੱਲ 54.26 ਕਰੋੜ ਰੁਪਏ ਰੋਜ਼ਾਨਾ ਆਮਦਨ ਦਰਜ ਕੀਤੀ ਗਈ। ਸ੍ਰੀ ਵੜਿੰਗ ਨੇ ਕਿਹਾ ਕਿ ਲੋਕਾਂ ਦੇ ਭਰੋਸੇ ਦੀ ਬਹਾਲੀ ਲਈ ਦਾਲ ਵਿਚੋਂ ਕੋਕੜੂਆਂ ਦੀ ਛਾਂਟੀ ਜ਼ਰੂਰੀ ਸੀ, ਕਿਉਂਕਿ ਡਿਫਾਲਟਰ ਬੱਸ ਅਪਰੇਟਰ ਪਿਛਲੇ 10 ਮਹੀਨਿਆਂ ਤੋਂ ਟੈਕਸ ਦੇਣ ਤੋਂ ਟਾਲਾ ਵੱਟ ਰਹੇ ਹਨ।

ਉਨ੍ਹਾਂ ਦੱਸਿਆ ਕਿ ਕਿ ਟੈਕਸ ਨਾ ਭਰਨ, ਗੈਰਕਾਨੂੰਨੀ ਪਰਮਿਟ ਹੋਣ ਅਤੇ ਦਸਤਾਵੇਜ਼ਾਂ ਆਦਿ ਦੀ ਘਾਟ ਕਾਰਨ ਹੁਣ ਤੱਕ ਲਗਭਗ 258 ਬੱਸਾਂ ਜ਼ਬਤ ਕੀਤੀਆਂ ਗਈਆਂ ਜਾਂ ਚਲਾਨ ਕੀਤਾ ਗਿਆ ਹੈ। ਡਿਫਾਲਟਰਾਂ ਵਿਰੁੱਧ ਸਖਤੀ ਪਿੱਛੋਂ ਵਿਭਾਗ ਨੇ ਲੰਬਤ ਸਰਕਾਰੀ ਟੈਕਸ ਦੇ 3.29 ਕਰੋੜ ਰੁਪਏ ਵਸੂਲੇ ਹਨ ਅਤੇ ਇਸ ਵਿਚ ਵੱਡੀ ਰਕਮ ਵੱਡੀਆਂ ਕੰਪਨੀਆਂ/ਅਪਰੇਟਰਾਂ ਵੱਲੋਂ ਜਮ੍ਹਾਂ ਕਰਵਾਈ ਗਈ ਹੈ। ਇਸ ਤੋਂ ਇਲਾਵਾ ਡਰਾਈਵਿੰਗ ਲਾਇਸੈਂਸਾਂ ਅਤੇ ਰਜਿਸਟ੍ਰੇਸ਼ਨ ਸਰਟੀਫਿਕੇਟਾਂ ਦੇ ਲੰਬਿਤ ਮਾਮਲਿਆਂ ਨਿਬੇੜਨ ਲਈ ਸਾਰੇ 32 ਡਰਾਈਵਿੰਗ ਟੈਸਟਿੰਗ ਟਰੈਕ ਸ਼ਨਿਚਰਵਾਰ ਨੂੰ ਵੀ ਖੋਲ੍ਹਣ ਦੇ ਨਿਰਦੇਸ਼ ਦਿੱਤੇ ਗਏ ਹਨ ਤੇ ਇਸ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ 'ਵਿਸ਼ੇਸ਼ ਪੈਂਡੈਂਸੀ ਮੇਲੇ' ਵੀ ਲਾਏ ਜਾਣਗੇ।



ਉਧਰ, ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਵੱਲੋਂ ਬਕਾਇਆ ਟੈਕਸ ਤੇ ਦੋ ਨੰਬਰ ਵਿਚ ਚੱਲ ਰਹੀਆਂ ਬੱਸਾਂ ਖਿਲਾਫ ਕੀਤੀ ਜਾ ਰਹੀ ਕਾਰਵਾਈ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਦੀ ਕਾਰਵਾਈ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਜਾ ਵੜਿੰਗ ਵੱਲੋਂ ਸਿਆਸੀ ਬਦਲੇਖੋਰੀ ਦੀ ਰਾਜਨੀਤੀ ਤਹਿਤ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨਾਲ ਸਬੰਧਤ ਟਰਾਂਸਪੋਰਟਰਾਂ ਨੂੰ ਹੀ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ ਅਤੇ ਕਾਂਗਰਸੀਆਂ ਦੇ ਵੱਡੇ ਟਰਾਂਸਪੋਰਟਰਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਬਕਾਇਆ ਟੈਕਸ ਨੂੰ ਆਧਾਰ ਬਣਾ ਕੇ ਬੱਸਾਂ ਬੰਦ ਕਰ ਰਹੀ ਹੈ ਤਾਂ ਸਿਰਫ ਅਕਾਲੀ ਆਗੂਆਂ ਦੀ ਮਾਲਕੀ ਵਾਲੀਆਂ ਜਾਂ ਕੁਝ ਪ੍ਰਾਈਵੇਟ ਟਰਾਂਸਪੋਰਟਰਾਂ ਦੀਆਂ ਬੱਸਾਂ ਖਿਲਾਫ ਹੀ ਕਾਰਵਾਈ ਕਿਉਂ ਹੋਈ ਹੈ।

ਇਸੇ ਦੌਰਾਨ ਆਵਾਜਾਈ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਸੂਬੇ ਵਿਚ ਮਾਫੀਆ ਰਾਜ ਦੀ ਚੜ੍ਹਾਈ ਪਿੱਛੇ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀਆਂ ਦੀ ਮਿਲੀਭੁਗਤ ਸੀ। ਵੜਿੰਗ ਨੇ ਦਾਅਵਾ ਕੀਤਾ ਕਿ ਬਾਦਲ ਪਰਿਵਾਰ ਟਰਾਂਸਪੋਰਟ ਮਾਫੀਆ ਦਾ ਮੁੱਖ ਧੁਰਾ ਸੀ। ਨਾਲ ਹੀ ਮੰਤਰੀ ਨੇ ਕਿਹਾ, "ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਲੋਕਾਂ ਨਾਲ ਸਮਝੌਤਾ ਕੀਤਾ ਜਿਨ੍ਹਾਂ ਦੇ ਕਾਰਜਕਾਲ ਵਿਚ ਕਈ ਮਾਫੀਆ ਪੈਦਾ ਹੋਏ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਵੇਲੇ ਮਾਫੀਆ ਨੇ ਸਿਰ ਚੁੱਕਣਾ ਸ਼ੁਰੂ ਕੀਤਾ ਅਤੇ ਸਾਡੇ ਅਮਰਿੰਦਰ ਸਿੰਘ ਦੀ ਮਿਲੀਭੁਗਤ ਨਾਲ ਇਹ ਕਾਰੋਬਾਰ ਚੱਲਦਾ ਰਿਹਾ। ਇਹੀ ਵਜ੍ਹਾ ਹੈ ਕਿ ਮੈਂ ਅਮਰਿੰਦਰ ਸਿੰਘ ਨੂੰ ਸਮਝੌਤਾ ਕਰਨ ਵਾਲਾ ਮੁੱਖ ਮੰਤਰੀ ਆਖ ਰਿਹਾਂ।"

## ਵੜਿੰਗ ਦੇ ਰਿਪੋਰਟ ਕਾਰਡ 'ਤੇ ਆਪ ਨੇ ਸਵਾਲ ਉਠਾਏ

**ਚੰਡੀਗੜ੍ਹ:** 'ਆਪ' ਪੰਜਾਬ ਦੇ ਬੁਲਾਰੇ ਅਤੇ ਆਰ.ਟੀ.ਆਈ. ਕਾਰਕੁਨ ਐਡਵੋਕੇਟ ਦਿਨੇਸ਼ ਚੱਢਾ ਨੇ ਪੰਜਾਬ ਦੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਕੀਤੇ ਦਾਅਵਿਆਂ ਦਾ ਮੋੜਵਾਂ ਜਵਾਬ ਦਿੱਤਾ ਹੈ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਮੰਤਰੀ ਅੰਕੜਿਆਂ ਦੀ ਖੇਡ ਖੇਡਦਿਆਂ ਲੋਕਾਂ ਨੂੰ ਵਰਗਲਾ ਰਹੇ ਹਨ ਜਦਕਿ ਲੋਕਾਂ ਨੂੰ ਅਸਲ ਸੁਆਦ ਉਦੋਂ ਆਵੇਗਾ ਜਦੋਂ ਸਿਆਸੀ ਆਗੂਆਂ ਵੱਲੋਂ ਚਲਾਏ ਜਾ ਰਹੇ ਟਰਾਂਸਪੋਰਟ ਮਾਫੀਆ ਖਿਲਾਫ ਪਰਚੇ ਦਰਜ ਹੋਣਗੇ ਅਤੇ ਸਰਕਾਰੀ ਖ਼ਜ਼ਾਨੇ ਦੀ ਲੁੱਟ ਦਾ ਪੈਸਾ ਵਾਪਸ ਕਰਵਾਇਆ ਜਾਵੇਗਾ। ਸ੍ਰੀ ਚੱਢਾ ਨੇ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਨੂੰ ਸਵਾਲ ਕੀਤਾ ਕਿ ਉਹ ਆਪਣੇ ਰਿਪੋਰਟ ਕਾਰਡ 'ਚ ਦੱਸਣ ਕਿ ਉਨ੍ਹਾਂ ਕਾਂਗਰਸੀਆਂ ਅਤੇ ਅਕਾਲੀਆਂ ਦੇ ਕਥਿਤ ਨਾਜਾਇਜ਼ ਵਾਧਿਆਂ ਵਾਲੇ ਹਜ਼ਾਰਾਂ ਪਰਮਿਟਾਂ ਵਿਚੋਂ ਕਿੰਨੇ ਰੱਦ ਕੀਤੇ ਹਨ।

## ਵਿਭਾਗ ਦੇ ਘਾਟੇ ਦੀ ਜਾਂਚ ਹੋਵੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸਵਾਲ ਕੀਤਾ ਕਿ ਉਹ ਆਪਣੇ ਵਿਭਾਗ ਨੂੰ ਪਏ 1,700 ਕਰੋੜ ਰੁਪਏ ਦੇ ਘਾਟੇ ਦੀ ਆਜ਼ਾਦ ਤੇ ਨਿਰਪੱਖ ਜਾਂਚ ਦੀ ਮੰਗ ਕਿਉਂ ਨਹੀਂ ਚਾਹੁੰਦੇ? ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਰਾਜਾ ਵੜਿੰਗ ਨੂੰ ਆਪਣੇ ਤੋਂ ਪਹਿਲਾਂ ਦੇ ਟਰਾਂਸਪੋਰਟ ਮੰਤਰੀਆਂ ਦੀ ਭੂਮਿਕਾ ਦੀ ਨਿਰਪੱਖ ਜਾਂਚ ਦੀ ਮੰਗ ਕਰਨੀ ਚਾਹੀਦੀ ਹੈ ਤਾਂ ਜੋ ਜ਼ਿੰਮੇਵਾਰ ਲੋਕ ਸਾਹਮਣੇ ਆ ਸਕਣ।

# ਸ਼ਿਲੌਂਗ ਦੇ ਸਿੱਖਾਂ ਵੱਲੋਂ ਹੱਕਾਂ ਦੀ ਲੜਾਈ ਜਾਰੀ ਰੱਖਣ ਦਾ ਅਹਿਦ



**ਅੰਮ੍ਰਿਤਸਰ:** ਮੇਘਾਲਿਆ ਸੂਬੇ ਦੇ ਸ਼ਿਲੌਂਗ ਵਿਚ ਵਸਦੇ 350 ਸਿੱਖ ਪਰਿਵਾਰਾਂ 'ਤੇ ਉਜਾੜੇ ਦੀ ਤਲਵਾਰ ਲਟਕੀ ਹੋਈ ਹੈ। ਇਨ੍ਹਾਂ ਸਿੱਖ ਪਰਿਵਾਰਾਂ ਵੱਲੋਂ ਆਪਣੇ ਹੱਕਾਂ ਦੀ ਰਾਖੀ ਲਈ ਮੇਘਾਲਿਆ ਸਰਕਾਰ ਖਿਲਾਫ ਲੜਾਈ ਜਾਰੀ ਹੈ।

ਇਹ ਸਿੱਖ ਸ਼ਿਲੌਂਗ ਦੇ ਪੰਜਾਬੀ ਲੇਨ ਤੇ ਹਰੀਜਨ ਕਲੋਨੀ ਵਿਚ ਅੰਗਰੇਜ਼ਾਂ ਵੇਲੇ ਦੇ ਵਸੇ ਹੋਏ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਜ਼ਮੀਨ ਉਸ ਵੇਲੇ ਦੇ ਮੁਖੀ ਵੱਲੋਂ ਤੋਹਫੇ ਵਜੋਂ ਦਿੱਤੀ ਗਈ ਸੀ। ਇਸ ਜ਼ਮੀਨ ਦਾ ਹੁਣ ਭਾਅ ਵਧ ਗਿਆ ਹੈ ਅਤੇ ਸਰਕਾਰ ਵੱਲੋਂ ਇਸ ਨੂੰ ਖਾਲੀ ਕਰਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਹਰੀਜਨ ਪੰਚਾਇਤ ਕਮੇਟੀ ਦੇ ਸਕੱਤਰ ਗੁਰਜੀਤ ਸਿੰਘ ਨੇ ਕਿਹਾ ਕਿ ਉਹ ਕਿਸੇ ਵੀ ਦਬਾਅ ਹੇਠ ਨਹੀਂ ਆਉਣਗੇ ਅਤੇ ਉਨ੍ਹਾਂ ਇਸ ਸਬੰਧੀ ਈਸਟ, ਖਾਸੀ ਹਿੱਲ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੂਚਿਤ ਕਰ ਦਿੱਤਾ ਹੈ। ਪ੍ਰਸ਼ਾਸਨ ਨੂੰ ਆਖਿਆ ਕਿ ਇਹ ਮਾਮਲਾ ਮੇਘਾਲਿਆ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ। ਇਸ ਲਈ ਬੇਲੋੜੀ ਦਖਲਅੰਦਾਜ਼ੀ ਨਾ ਕੀਤੀ ਜਾਵੇ ਕਿਉਂਕਿ ਇਹ ਅਦਾਲਤ ਦੇ ਫੈਸਲੇ ਦੀ ਉਲੰਘਣਾ ਹੋਵੇਗੀ।

ਉਨ੍ਹਾਂ ਕਿਹਾ ਕਿ ਹਾਈ ਕੋਰਟ ਵੱਲੋਂ ਇਸ ਵਰ੍ਹੇ ਅਪਰੈਲ ਮਹੀਨੇ ਦੋਵਾਂ ਧਿਰਾਂ ਨੂੰ ਸਥਿਤੀ ਜਿਵੇਂ ਦੀ ਤਿਵੇਂ ਰੱਖਣ ਦੇ ਆਦੇਸ਼ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਅਦਾਲਤ ਦੇ ਆਦੇਸ਼ਾਂ ਦੇ ਬਾਵਜੂਦ ਮੇਘਾਲਿਆ ਸਰਕਾਰ ਦੀ ਕੈਬਨਿਟ ਨੇ ਚਾਰ ਅਕਤੂਬਰ ਨੂੰ ਸਿੱਖਾਂ ਤੋਂ ਇਹ ਜਗ੍ਹਾ ਖਾਲੀ ਕਰਾਉਣ ਦਾ ਫੈਸਲਾ ਕਰ ਲਿਆ ਹੈ। ਸਰਕਾਰ ਵੱਲੋਂ ਸ਼ਿਲੌਂਗ ਮਿਊਂਸਿਪਲ ਬੋਰਡ ਵਿਚ ਕੰਮ ਕਰਦੇ ਕਰਮਚਾਰੀਆਂ ਦੇ ਮੁੜ ਵਸੇਬੇ ਲਈ ਸਹਿਮਤੀ ਦਿੱਤੀ ਗਈ ਹੈ ਪਰ ਅਜਿਹੇ ਵਿਅਕਤੀਆਂ ਦੀ ਗਿਣਤੀ ਸਿਰਫ 20 ਹੈ।

ਉਧਰ, ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਭੇਜਿਆ ਹੈ ਪਰ ਉਨ੍ਹਾਂ ਵੱਲੋਂ ਕੋਈ ਹੁੰਗਾਰਾ ਨਹੀਂ ਆਇਆ ਹੈ।

ਉਨ੍ਹਾਂ ਕਿਹਾ ਕਿ ਮੇਘਾਲਿਆ ਸਰਕਾਰ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਨਿਰਦੇਸ਼ਾਂ ਨੂੰ ਹੀ ਮੰਨਣ ਤੋਂ ਇਨਕਾਰੀ ਹੈ। ਅਜਿਹੀ ਸਥਿਤੀ ਵਿਚ ਸਿੱਖ ਬੇਵੱਸ ਮਹਿਸੂਸ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਵਫਦ ਪਹਿਲਾਂ ਵੀ ਸ਼ਿਲੌਂਗ ਦੇ ਸਿੱਖਾਂ ਦੀ ਮਦਦ ਲਈ ਉਥੇ ਗਿਆ ਸੀ ਤੇ ਅਧਿਕਾਰੀਆਂ ਨਾਲ ਗੱਲਬਾਤ ਵੀ ਕੀਤੀ ਸੀ। ਹੁਣ ਮੁੜ ਜਲਦੀ ਹੀ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਪਹੁੰਚ ਕੀਤੀ ਜਾਵੇਗੀ।

## 'ਅਫਗਾਨਿਸਤਾਨ 'ਚ ਫਸੇ ਸਿੱਖਾਂ ਹਿੰਦੂਆਂ ਨੂੰ ਵੀਜ਼ੇ ਮਿਲਣ'

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਅਫ਼ਗਾਨਿਸਤਾਨ ਦੇ ਸਿੱਖ ਅਤੇ ਹਿੰਦੂ ਆਪਣੇ ਸਭ ਤੋਂ ਮਾੜੇ ਵੇਲੇ ਵਿਚੋਂ ਲੰਘ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਦੇਸ਼ ਦੀ ਤਾਲਿਬਾਨ ਸਰਕਾਰ ਨੇ ਇਸਲਾਮ ਕਬੂਲ ਕਰਨ ਜਾਂ ਮੁਲਕ ਛੱਡਣ ਦਾ ਹੁਕਮ ਸੁਣਾਇਆ ਗਿਆ ਹੈ। ਉਨ੍ਹਾਂ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਅਫ਼ਗਾਨਿਸਤਾਨ ਵਿਚ ਰਹਿ ਗਏ ਸਿੱਖਾਂ ਅਤੇ ਹਿੰਦੂਆਂ ਲਈ ਮਦਦ ਦਾ ਹੱਥ ਵਧਾਏ, ਜਿਵੇਂ ਸਰਕਾਰ ਨੇ ਕੁਝ ਹਫਤੇ ਪਹਿਲਾਂ 800 ਤੋਂ ਵੱਧ ਘੱਟ ਗਿਣਤੀ ਲੋਕਾਂ ਨੂੰ ਬਾਹਰ ਕੱਢਿਆ ਸੀ। ਉਨ੍ਹਾਂ ਕਿਹਾ, 'ਮੈਂ ਐਸ. ਜੈਸ਼ੰਕਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਅਫ਼ਗਾਨਿਸਤਾਨ ਦੇ ਵੱਖ-ਵੱਖ ਹਿੱਸਿਆਂ ਵਿਚ ਫਸੇ 235 ਘੱਟ ਗਿਣਤੀ ਲੋਕਾਂ ਦੇ ਵੀਜ਼ੇ ਜਾਰੀ ਕਰਨ ਵਿਚ ਤੇਜ਼ੀ ਲਿਆਉਣ।'

# ਕੈਪਟਨ ਨੂੰ ਮੁੱਖ ਮੰਤਰੀ ਬਣਾਉਣ 'ਚ ਸੀ ਆਰ.ਐਸ.ਐਸ. ਦੀ ਭੂਮਿਕਾ: ਸੁਖਬੀਰ



**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ 2017 ਵਿਚ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਉਣ ਲਈ ਭਾਜਪਾ ਨੇ ਹੀ ਨਹੀਂ ਸਗੋਂ ਆਰ.ਐਸ.ਐਸ. ਨੇ ਵੀ ਖੁੱਲ੍ਹ ਕੇ ਮਦਦ ਕੀਤੀ ਸੀ। ਬੱਚਾ-ਬੱਚਾ ਇਹ ਗੱਲ ਜਾਣਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਬਣਾਉਣ ਵਿਚ ਭਾਜਪਾ ਤੇ ਆਰ.ਐਸ.ਐਸ. ਦੀ ਵੱਡੀ ਭੂਮਿਕਾ ਰਹੀ ਹੈ।

ਉਨ੍ਹਾਂ ਨੂੰ ਸੁਆਲ ਕੀਤਾ ਗਿਆ ਕਿ 2017 'ਚ ਭਾਜਪਾ ਨਾਲ ਗੱਠਜੋੜ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਸੀ, ਫਿਰ ਕੈਪਟਨ ਦੀ ਮਦਦ ਕਿਵੇਂ ਹੋ ਸਕਦੀ ਹੈ? ਤਾਂ ਸੁਖਬੀਰ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਨਾਲ ਸਬੰਧ ਉਨ੍ਹਾਂ ਨਾਲੋਂ ਵੀ ਮਜ਼ਬੂਤ ਸਨ। ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਕੇਂਦਰ ਸਰਕਾਰ ਦੀ ਪਕੜ 'ਚ ਹਨ। ਇਸੇ ਕਰਕੇ ਬੀ.ਐਸ.ਐਫ. ਦਾ ਦਾਇਰਾ ਪੰਜਾਬ ਵਿਚ 50 ਕਿਲੋਮੀਟਰ ਤੱਕ ਵਧ ਗਿਆ ਹੈ। ਸੁਖਬੀਰ ਨੇ ਕਿਹਾ ਕਿ ਕਾਂਗਰਸ ਦਾ ਪੰਜਾਬ ਵਿਚ ਭੋਗ ਪੈ ਗਿਆ ਹੈ ਤੇ ਪਾਰਟੀ ਹੁਣ ਚੰਨੀ, ਸੁੱਖੀ ਰੰਧਾਵਾ, ਸੁਨੀਲ ਜਾਖੜ ਅਤੇ ਸਿੱਧੂ ਧੜਿਆਂ ਵਿਚ ਵੰਡੀ ਹੋਈ ਹੈ। ਉਨ੍ਹਾਂ ਗੁਲਾਬੀ ਸੁੰਡੀ ਨਾਲ ਤਬਾਹ ਹੋਈ ਨਰਮੇ ਦੀ ਫਸਲ ਦੇ ਪ੍ਰਭਾਵਿਤ ਕਿਸਾਨਾਂ ਨੂੰ ਤੁਰਤ ਮੁਆਵਜ਼ਾ ਜਾਰੀ ਕਰਨ ਲਈ ਕਿਹਾ।

## ਕੈਪਟਨ ਸਾਬ੍ਹ, ਕਰਾਰਾ ਜਵਾਬ ਮਿਲੇਗਾ: ਰਾਜਾ ਵੜਿੰਗ

**ਬਰਨਾਲਾ:** ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਸ਼ਬਦੀ ਵਾਰ ਕਰਦਿਆਂ ਕਿਹਾ, "ਕੈਪਟਨ ਸਾਬ੍ਹ ਜੇ ਉਂਗਲੀ ਕਰੋਗੇ ਤਾਂ ਕਰਾਰਾ ਜਵਾਬ ਵੀ ਮਿਲੇਗਾ।" ਉਨ੍ਹਾਂ ਕਿਹਾ ਕਿ ਜੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਦਾ ਪਾਕਿਸਤਾਨ ਜਾਣਾ ਕੌਮੀ ਸੁਰੱਖਿਆ ਲਈ ਖਤਰਾ ਹੈ ਤਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨੀ ਮਹਿਲਾ ਮਿੱਤਰ ਅਰੂਸਾ ਦਾ ਇਧਰ ਰਹਿਣਾ ਕੌਮੀ ਸੁਰੱਖਿਆ ਲਈ ਖਤਰਾ ਕਿਉਂ ਨਹੀਂ।

# ਕੇਂਦਰੀ ਮੰਤਰੀ ਮਨਸੁਖ ਮਾਂਡਵੀਆ ਨੂੰ ਮਿਲੇ ਮਨਪ੍ਰੀਤ ਸਿੰਘ ਬਾਦਲ

**ਨਵੀਂ ਦਿੱਲੀ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦਿੱਲੀ 'ਚ ਰਸਾਇਣ, ਖਾਦਾਂ ਅਤੇ ਫਾਰਮਾਸਿਊਟੀਕਲ ਬਾਰੇ ਕੇਂਦਰੀ ਮੰਤਰੀ ਮਨਸੁਖ ਐੱਲ. ਮਾਂਡਵੀਆ ਨਾਲ ਮੁਲਾਕਾਤ ਕਰ ਕੇ ਬਠਿੰਡਾ ਵਿਚ ਫਾਰਮਾਸਿਊਟੀਕਲ ਪਾਰਕ ਬਣਾਉਣ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਇਹ ਪਾਰਕ ਪੰਜਾਬ, ਹਰਿਆਣਾ, ਰਾਜਸਥਾਨ, ਪੱਛਮੀ ਉਤਰ ਪ੍ਰਦੇਸ਼, ਉਤਰਾਖੰਡ, ਜੰਮੂ ਕਸ਼ਮੀਰ ਅਤੇ ਲੱਦਾਖ ਲਈ ਲਾਭਕਾਰੀ ਸਿੱਧ ਹੋਵੇਗਾ। ਕੇਂਦਰੀ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਇਸ ਪਾਰਕ ਲਈ ਉਹ ਬਠਿੰਡਾ ਨੂੰ ਸਭ ਤੋਂ ਵੱਧ ਤਰਜੀਹ ਦੇਣਗੇ।

ਵਿੱਤ ਮੰਤਰੀ ਨੇ ਕਿਹਾ ਕਿ ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਲਈ ਆਪਣੇ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਬਹੁਤ ਜ਼ਰੂਰੀ ਹੈ ਤਾਂ ਜੋ ਉਹ ਗੁਆਂਢੀ ਦੁਸ਼ਮਣਾਂ ਦੇ ਗਲਤ ਮਨਸੂਬਿਆਂ ਦਾ ਸ਼ਿਕਾਰ ਹੋਣ ਤੋਂ ਬਚ ਸਕਣ। ਬਠਿੰਡਾ ਵਿਚ ਫਾਰਮਾਸਿਊਟੀਕਲ ਪਾਰਕ ਦੀ ਸਥਾਪਨਾ ਨਾਲ ਲਗਭਗ ਇਕ ਲੱਖ ਲੋਕਾਂ ਨੂੰ ਸਿੱਧੇ ਅਤੇ ਤਕਰੀਬਨ ਦੋ ਲੱਖ ਲੋਕਾਂ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲੇਗਾ।

ਬਠਿੰਡਾ 'ਚ ਪੂਰੀ ਤਰ੍ਹਾਂ ਕਾਰਜਸ਼ੀਲ 'ਏ' ਲੈਵਲ ਦਾ ਰੇਲਵੇ ਸਟੇਸ਼ਨ, 1350 ਏਕੜ ਤੋਂ ਵੱਧ ਜ਼ਮੀਨ ਅਤੇ ਤੇਲ ਰਿਫਾਇਨਰੀ ਉਪਲਬਧ ਹੈ, ਜੋ ਇਸ ਜਗ੍ਹਾ ਨੂੰ ਫਾਰਮਾ ਪਾਰਕ ਲਈ ਢੁਕਵਾਂ ਬਣਾਉਂਦੀ ਹੈ।



ਉਨ੍ਹਾਂ ਦੱਸਿਆ ਕਿ ਫਾਰਮਾ ਉਦਯੋਗ ਨੂੰ ਯੂ.ਐਸ.ਐਫ.ਡੀ.ਏ. ਤੋਂ ਮਨਜ਼ੂਰਸ਼ੁਦਾ ਵੱਡੀਆਂ ਫਾਰਮਾਸਿਊਟੀਕਲ ਕੰਪਨੀਆਂ ਤੋਂ ਵੀ ਸਹਾਇਤਾ ਪ੍ਰਾਪਤ ਹੋਵੇਗੀ।

ਆਰ ਐਂਡ ਡੀ ਈਕੋਸਿਸਟਮ, ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ (ਨਾਈਪਰ), ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜੂਕੇਸ਼ਨ ਐਂਡ ਰਿਸਰਚ (ਆਈਸਰ) ਅਤੇ ਨੈਨੋ ਟੈਕਨਾਲੋਜੀ ਇੰਸਟੀਚਿਊਟ, ਮੁਹਾਲੀ ਤੋਂ ਇਲਾਵਾ ਆਲ ਇੰਡੀਅਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼, ਬਠਿੰਡਾ) ਤੇ ਮਾਈਕਰੋਬਾਇਲ ਟੈਕਨਾਲੋਜੀ ਸੰਸਥਾ, ਬਠਿੰਡਾ ਦਾ ਵੀ ਲਾਭ ਮਿਲੇਗਾ।

# ਨਵਜੋਤ ਸਿੱਧੂ ਤੇ ਚੰਨੀ ਸਰਕਾਰ ਵਿਚਾਲੇ ਠੰਢੀ ਜੰਗ ਅਜੇ ਵੀ ਜਾਰੀ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਸੂਬੇ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਰਮਿਆਨ ਚੱਲ ਰਹੀ ਠੰਢੀ ਜੰਗ ਖਤਮ ਨਹੀਂ ਹੋ ਰਹੀ। ਸੂਬੇ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਸੇ ਦਾ ਨਾਂ ਲਏ ਬਿਨਾਂ ਆਪਣੇ ਪੁਰਾਣੇ ਸਟੈਂਡ ਦੀ ਪ੍ਰੋੜ੍ਹਤਾ ਕਰਦਿਆਂ ਸਰਕਾਰ 'ਤੇ ਨਿਸ਼ਾਨਾ ਸੇਧਿਆ ਹੈ। ਟਵਿੱਟਰ 'ਤੇ ਆਪਣੀ ਲੜਾਈ ਜਾਰੀ ਰੱਖਦਿਆਂ ਨਵਜੋਤ ਸਿੰਘ ਸਿੱਧੂ ਨੇ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਸਰਕਾਰ 'ਤੇ ਨਿਸ਼ਾਨੇ ਸੇਧਦਿਆਂ ਇਹ ਗੱਲ ਦੁਹਰਾਈ ਹੈ ਕਿ ਉਹ (ਸਿੱਧੂ) ਪੰਜਾਬ ਦੇ ਅਸਲ ਮੁੱਦਿਆਂ 'ਤੇ ਖੜ੍ਹੇ ਰਹਿਣਗੇ ਅਤੇ ਇਨ੍ਹਾਂ ਮੁੱਦਿਆਂ ਨੂੰ ਪਿਛਾਂਹ ਨਹੀਂ ਧੱਕਣ ਦੇਣਗੇ।

ਸ੍ਰੀ ਸਿੱਧੂ ਨੇ ਉਪਰੋਥਲੀ ਤਿੰਨ ਟਵੀਟ ਕਰਕੇ ਸਰਕਾਰ ਨੂੰ ਸਖਤ ਸੁਨੇਹਾ ਦਿੱਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਸੂਬੇ ਦੇ ਵਿੱਤੀ ਹਾਲਾਤ ਦੀ ਗੱਲ ਕਰਦਿਆਂ ਕਿਹਾ, 'ਸੂਬੇ ਦੇ ਸਰੋਤ ਸੂਬੇ ਦੇ ਖ਼ਜ਼ਾਨੇ ਵਿਚ ਕੌਣ ਵਾਪਸ ਲਿਆਵੇਗਾ ਤਾਂ ਜੋ ਇਹ ਨਿੱਜੀ ਜੇਬਾਂ ਵਿਚ ਨਾ ਚਲੇ ਜਾਣ।' ਸ੍ਰੀ ਸਿੱਧੂ ਨੇ ਇਕ ਟਵੀਟ ਵਿਚ ਕਿਹਾ, ''ਪੰਜਾਬ ਨੂੰ ਆਪਣੇ ਉਨ੍ਹਾਂ ਅਸਲ ਮੁੱਦਿਆਂ 'ਤੇ ਵਾਪਸ ਆਉਣਾ ਪਵੇਗਾ ਜਿਹੜੇ ਹਰ ਪੰਜਾਬੀ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਜੁੜੇ ਹੋਏ ਹਨ। ਅਸੀਂ ਵਿੱਤੀ ਐਮਰਜੈਂਸੀ ਦਾ ਸਾਹਮਣਾ ਕਿਵੇਂ ਕਰਾਂਗੇ ਜਿਹੜੀ ਸਾਡੇ ਸਾਹਮਣੇ ਮੂੰਹ ਅੱਡੀ ਖੜ੍ਹੀ ਹੈ? ਮੈਂ ਅਸਲ ਮੁੱਦਿਆਂ 'ਤੇ ਖੜ੍ਹਾ ਰਹਾਂਗਾ ਅਤੇ ਉਨ੍ਹਾਂ ਨੂੰ ਪਿੱਛੇ ਨਹੀਂ ਪੈਣ ਦੇਵਾਂਗਾ।'' ਇਕ ਹੋਰ ਟਵੀਟ ਵਿਚ ਉਨ੍ਹਾਂ ਆਖਿਆ, ''ਸਾਨੂੰ ਚੋਣ ਕਰਨੀ ਹੋਵੇਗੀ ਕਿ ਅਸੀਂ ਕੋਈ ਵੱਡਾ ਨੁਕਸਾਨ ਕਰ ਜਾਈਏ ਜਾਂ ਫਿਰ ਨੁਕਸਾਨ ਕੰਟਰੋਲ ਕਰਨ ਦੇ ਆਖਰੀ ਮੌਕੇ ਨੂੰ ਸਾਂਭ ਲਈਏ। ਪੰਜਾਬ ਦੇ ਸਰੋਤਾਂ ਨੂੰ ਪੰਜਾਬ ਦੇ ਖ਼ਜ਼ਾਨੇ ਵਿਚ ਲਿਆਉਣ ਲਈ ਕੌਣ ਅੱਗੇ ਆਵੇਗਾ ਤਾਂ ਜੋ ਇਹ ਨਿੱਜੀ ਜੇਬਾਂ ਵਿਚ ਨਾ ਜਾ ਸਮਾਉਣ। ਸੂਬੇ ਨੂੰ ਮੁੜ ਪੈਰਾਂ ਸਿਰ ਕਰਨ ਅਤੇ ਖੁਸ਼ਹਾਲੀ ਵੱਲ ਲਿਜਾਣ ਦੀ ਪਹਿਲਕਦਮੀ ਦੀ ਅਗਵਾਈ ਕੌਣ ਕਰੇਗਾ।'' ਨਵਜੋਤ ਸਿੰਘ ਸਿੱਧੂ ਨੇ ਕਿਹਾ, ''ਧੁੰਦਲਕਾ ਹਟ ਜਾਣ ਦੇਈਏ, ਹਕੀਕਤ ਨੂੰ ਪੰਜਾਬ ਦੀ ਪੁਨਰ ਸੁਰਜੀਤੀ ਦੇ ਖਾਕੇ 'ਤੇ ਸੂਰਜ ਵਾਂਗ ਚਮਕਣ ਦਈਏ। ਉਨ੍ਹਾਂ ਨੂੰ ਪਿੱਛੇ ਹਟਾਈਏ ਜਿਹੜੇ ਨਿੱਜੀ ਸਵਾਰਥਾਂ ਦੀ ਰਾਖੀ ਕਰਦੇ ਹਨ। ਸਿਰਫ ਉਸ ਰਾਹ 'ਤੇ ਧਿਆਨ ਕੇਂਦਰਿਤ ਕਰੀਏ ਜਿਹੜਾ ਸਾਨੂੰ ਉਸ ਪਾਸੇ ਲਿਜਾਏਗਾ ਜਿੱਥੇ ਜਿੱਤੇਗਾ ਪੰਜਾਬ, ਜਿੱਤੇਗੀ ਪੰਜਾਬੀਅਤ ਅਤੇ ਜਿੱਤੇਗਾ ਹਰ ਪੰਜਾਬੀ।''

ਪਾਰਟੀ ਆਗੂਆਂ ਦਾ ਦੱਸਣਾ ਹੈ ਕਿ ਸ੍ਰੀ ਚੰਨੀ ਅਤੇ ਸ੍ਰੀ ਸਿੱਧੂ ਵਿਚਾਲੇ ਕਈ ਮੀਟਿੰਗਾਂ ਹੋਈਆਂ, ਜਿਨ੍ਹਾਂ ਵਿਚੋਂ ਕੁਝ ਵਿਚ ਹਾਈ ਕਮਾਨ ਦੇ ਪ੍ਰਤੀਨਿਧਾਂ ਸਣੇ ਕੁਝ ਹੋਰ ਆਗੂ ਵਿਚੋਲਗੀ ਕਰ ਚੁੱਕੇ ਹਨ। ਤਾਜ਼ਾ ਘਟਨਾਕ੍ਰਮ ਤੋਂ ਅਜਿਹਾ ਲੱਗਦਾ ਹੈ ਕਿ ਹੁਣ ਤੱਕ ਦੀਆਂ ਕੋਸ਼ਿਸ਼ਾਂ ਦੋਵਾਂ ਆਗੂਆਂ ਵਿਚਾਲੇ ਮਤਭੇਦ ਖਤਮ ਕਰਨ 'ਚ ਨਾਕਾਮ ਰਹੀਆਂ ਹਨ।



### ਅਜਿਹੀ ਅਰਾਜਕਤਾ ਕਦੇ ਨਹੀਂ ਦੇਖੀ: ਮਨੀਸ਼ ਤਿਵਾੜੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨੀ ਪੱਤਰਕਾਰ ਆਰੂਸਾ ਆਲਮ ਨਾਲ ਦੋਸਤੀ ਨੂੰ ਲੈ ਕੇ ਪ੍ਰਦੇਸ਼ ਕਾਂਗਰਸ ਦੇ ਆਗੂਆਂ ਤੇ ਉਨ੍ਹਾਂ (ਕੈਪਟਨ) ਵਿਚਾਲੇ ਤਿੱਖੀ ਦੂਸ਼ਣਬਾਜ਼ੀ ਵਿਚਾਲੇ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਤਿਵਾੜੀ ਨੇ ਕਿਹਾ ਕਿ ਉਨ੍ਹਾਂ ਪਾਰਟੀ ਦੀ ਸੂਬਾਈ ਇਕਾਈ 'ਚ ਅਜਿਹੀ ਅਰਾਜਕਤਾ ਕਦੀ ਨਹੀਂ ਦੇਖੀ। ਤਿਵਾੜੀ ਨੇ ਆਗੂਆਂ ਵੱਲੋਂ ਇਕ-ਦੂਜੇ ਖਿਲਾਫ ਵਰਤੀ ਜਾ ਰਹੀ ਹੇਠਲੇ ਦਰਜੇ ਦੀ ਭਾਸ਼ਾ 'ਤੇ ਵੀ ਨਾਖੁਸ਼ੀ ਜ਼ਾਹਰ ਕੀਤੀ।

## ਅਕਾਲੀ ਦਲ (ਸੰਯੁਕਤ) ਵੱਲੋਂ 50 ਸੀਟਾਂ 'ਤੇ ਚੋਣਾਂ ਲੜਨ ਦਾ ਐਲਾਨ

**ਤਪਾ ਮੰਡੀ:** ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਪਾਰਟੀ 2022 ਵਿਚ 50 ਸੀਟਾਂ 'ਤੇ ਚੋਣ ਲੜੇਗੀ। ਉਨ੍ਹਾਂ ਕਿਹਾ ਕਿ ਹਮਖਿਆਲੀ ਪਾਰਟੀਆਂ ਨਾਲ ਸਮਝੌਤਾ ਵੀ ਕੀਤਾ ਜਾ ਸਕਦਾ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਬਾਕੀ ਰਹਿੰਦੀਆਂ ਸੀਟਾਂ ਉਨ੍ਹਾਂ ਸਿਆਸੀ ਪਾਰਟੀਆਂ ਲਈ ਛੱਡੀਆਂ ਜਾਣਗੀਆਂ, ਜਿਨ੍ਹਾਂ ਨਾਲ ਉਨ੍ਹਾਂ ਦਾ ਗਠਜੋੜ ਹੋਵੇਗਾ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸਮਾਂ ਆਉਣ 'ਤੇ ਹੀ ਦੱਸਿਆ ਜਾਵੇਗਾ ਕਿ ਅਕਾਲੀ ਦਲ (ਸੰਯੁਕਤ) ਨੇ ਕਿਸ ਪਾਰਟੀ ਨਾਲ ਚੋਣ ਸਮਝੌਤਾ ਕਰਨਾ ਹੈ। 'ਆਪ' ਨਾਲ ਗਠਜੋੜ ਦੇ ਸਵਾਲ 'ਤੇ ਉਨ੍ਹਾਂ ਸਪੱਸ਼ਟ ਕੀਤਾ ਕਿ ਆਮ ਆਦਮੀ ਪਾਰਟੀ ਨਾਲ ਸਿਆਸੀ ਗਠਜੋੜ ਕਰਨ ਦਾ ਹਾਲੇ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਸਾਫ ਸੁਥਰੇ ਅਕਸ ਵਾਲੇ ਉਮੀਦਵਾਰਾਂ ਨੂੰ ਹੀ ਟਿਕਟਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜਨ ਦੀ ਵੀ ਗੱਲ ਕਹੀ।

### ਅਕਾਲੀ ਦਲ ਨੇ 3 ਹੋਰ ਉਮੀਦਵਾਰ ਐਲਾਨੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੇ 3 ਹੋਰ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਬਟਾਲਾ ਹਲਕੇ ਤੋਂ ਮੌਜੂਦਾ ਵਿਧਾਇਕ ਲਖਬੀਰ ਸਿੰਘ ਲੋਧੀਨੰਗਲ ਹੁਣ ਹਲਕਾ ਫਤਹਿਗੜ੍ਹ ਚੂੜੀਆਂ ਤੋਂ ਅਤੇ ਰਵੀਕਰਨ ਸਿੰਘ ਕਾਹਲੋਂ ਹਲਕਾ ਡੇਰਾ ਬਾਬਾ ਨਾਨਕ ਅਤੇ ਯੂਨਸ ਮੁਹੰਮਦ ਮਲੇਰਕੋਟਲਾ ਤੋਂ ਪਾਰਟੀ ਦੇ ਉਮੀਦਵਾਰ ਹੋਣਗੇ। ਰਵੀਕਰਨ ਸਿੰਘ ਕਾਹਲੋਂ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾਇਆ ਹੈ। ਪਾਰਟੀ ਹੁਣ ਤੱਕ 77 ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁੱਕੀ ਹੈ।

### ਜਬਰ ਜਨਾਹ: ਔਰਤ ਨੇ ਵਿਧਾਇਕ ਬੈਂਸ ਖਿਲਾਫ ਸ਼ਿਕਾਇਤ ਵਾਪਸ ਲਈ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਖਿਲਾਫ ਜਬਰ ਜਨਾਹ ਦੇ ਦੋਸ਼ ਲਾਉਣ ਵਾਲੀ ਔਰਤ ਨੇ ਸ਼ਿਕਾਇਤ ਵਾਪਸ ਲੈ ਲਈ ਹੈ। ਉਸ ਨੇ ਕਾਂਗਰਸੀ ਆਗੂ ਕਮਲਜੀਤ ਸਿੰਘ ਕੜਵਲ ਅਤੇ ਹਲਕਾ ਆਤਮ ਨਗਰ ਤੋਂ ਅਕਾਲੀ ਉਮੀਦਵਾਰ ਹਰੀਸ਼ ਰਾਏ ਢਾਂਡਾ 'ਤੇ ਦੋਸ਼ ਲਾਏ ਕਿ ਇਨ੍ਹਾਂ ਦੇ ਦਬਾਅ ਕਾਰਨ ਉਸ ਨੇ ਸ਼ਿਕਾਇਤ ਦਿੱਤੀ ਸੀ। ਦੂਜੇ ਪਾਸੇ ਵਿਧਾਇਕ ਸਿਮਰਜੀਤ ਸਿੰਘ ਬੈਂਸ 'ਤੇ ਪਹਿਲਾਂ ਜਬਰ ਜਨਾਹ ਦੇ ਕਥਿਤ ਦੋਸ਼ ਲਾ ਕੇਸ ਦਰਜ ਕਰਵਾ ਚੁੱਕੀ ਪੀੜਤ ਔਰਤ ਆਪਣੇ ਸਟੈਂਡ 'ਤੇ ਕਾਇਮ ਹੈ ਅਤੇ ਉਹ ਵਿਧਾਇਕ ਦੀ ਗ੍ਰਿਫਤਾਰੀ ਲਈ ਅੱਜ ਵੀ ਪੁਲਿਸ ਕਮਿਸ਼ਨਰ ਦਫ਼ਤਰ ਦੇ ਚੱਕਰ ਲਾ ਰਹੀ ਹੈ। ਸ਼ਿਕਾਇਤ ਵਾਪਸ ਲੈਣ ਵਾਲੀ ਔਰਤ ਨੇ ਕਿਹਾ ਕਿ ਕਾਂਗਰਸੀ ਆਗੂ ਕੜਵਲ ਤੇ ਅਕਾਲੀ ਉਮੀਦਵਾਰ ਢਾਂਡਾ ਦੇ ਦਬਾਅ ਕਾਰਨ ਉਸ ਨੇ ਸ਼ਿਕਾਇਤ ਦਿੱਤੀ ਸੀ, ਜਿਸ ਨੂੰ ਹੁਣ ਉਹ ਵਾਪਸ ਲੈ ਰਹੀ ਹੈ।

## ਕਰੋਨਾ ਤੋਂ ਬਾਅਦ ਹੁਣ ਪੰਜਾਬ ਵਿਚ ਡੇਂਗੂ ਦਾ ਕਹਿਰ

**ਪਟਿਆਲਾ:** ਡੇਢ ਸਾਲ ਤੋਂ ਕਰੋਨਾ ਦੀ ਮਾਰ ਝੱਲ ਰਹੇ ਲੋਕਾਂ ਨੂੰ ਹੁਣ ਡੇਂਗੂ ਬੁਖ਼ਾਰ ਨੇ ਘੇਰ ਲਿਆ ਹੈ। ਗੈਰ-ਸਰਕਾਰੀ ਤੌਰ 'ਤੇ ਅੰਕੜਾ ਕਾਫੀ ਜ਼ਿਆਦਾ ਹੈ ਪਰ ਸਰਕਾਰੀ ਰਿਕਾਰਡ ਅਨੁਸਾਰ ਇਸ ਵੇਲੇ ਪੰਜਾਬ ਵਿਚ ਡੇਂਗੂ ਦੇ 12 ਹਜ਼ਾਰ ਤੋਂ ਵੱਧ ਕੇਸ ਮਿਲ ਚੁੱਕੇ ਹਨ ਅਤੇ ਇਸ ਨਾਲ 40 ਜਾਨਾਂ ਵੀ ਜਾ ਚੁੱਕੀਆਂ ਹਨ। ਪਿਛਲੇ ਦਿਨੀਂ ਪਏ ਮੀਂਹ ਕਾਰਨ ਡੇਂਗੂ ਦਾ ਕਹਿਰ ਕਾਫੀ ਵਧਿਆ ਹੈ।



ਸਿਹਤ ਮਾਹਿਰਾਂ ਮੁਤਾਬਕ ਹਾਲੇ ਘੱਟੋ-ਘੱਟ ਦੋ ਹਫਤੇ ਹੋਰ ਡੇਂਗੂ ਦਾ ਖਤਰਾ ਮੰਡਰਾਉਂਦਾ ਰਹੇਗਾ। ਪ੍ਰਾਪਤ ਅੰਕੜਿਆਂ ਅਨੁਸਾਰ ਡੇਂਗੂ ਦੇ ਸਭ ਤੋਂ ਵੱਧ ਲਗਭਗ 1900 ਕੇਸ ਮੁਹਾਲੀ ਜ਼ਿਲ੍ਹੇ 'ਚੋਂ ਮਿਲੇ ਹਨ। ਦੂਜੇ ਨੰਬਰ 'ਤੇ ਬਠਿੰਡਾ ਆਉਂਦਾ ਹੈ, ਜਿੱਥੇ 1700 ਕੇਸ ਹਨ ਅਤੇ ਫਿਰ ਅੰਮ੍ਰਿਤਸਰ ਵਿਚ 1200 ਦੇ ਕਰੀਬ ਕੇਸ ਆਏ ਹਨ। ਪਟਿਆਲਾ 'ਚ ਡੇਂਗੂ ਦੇ ਕੇਸਾਂ ਦੀ ਗਿਣਤੀ ਸਵਾ ਤਿੰਨ ਸੌ ਤੋਂ ਵੱਧ ਹੈ।

ਡੇਂਗੂ ਦੇ ਸਭ ਤੋਂ ਘੱਟ 25 ਕੇਸ ਮੋਗਾ ਜ਼ਿਲ੍ਹੇ ਵਿਚ ਹਨ। ਇਸੇ ਤਰ੍ਹਾਂ ਇਕੱਲੇ ਮੁਹਾਲੀ ਜ਼ਿਲ੍ਹੇ ਵਿਚ ਹੀ ਡੇਂਗੂ ਕਾਰਨ 20 ਮੌਤਾਂ ਹੋ ਚੁੱਕੀਆਂ ਹਨ ਜਦਕਿ ਅੰਮ੍ਰਿਤਸਰ, ਨਵਾਂ ਸ਼ਹਿਰ ਤੇ ਲੁਧਿਆਣਾ 'ਚ ਡੇਂਗੂ ਨੇ ਤਿੰਨ-ਤਿੰਨ ਵਿਅਕਤੀਆਂ ਦੀ ਜਾਨ ਲਈ ਹੈ। ਪਟਿਆਲਾ ਜ਼ਿਲ੍ਹੇ 'ਚੋਂ ਮਿਲੇ ਡੇਂਗੂ ਦੇ ਸਵਾ ਤਿੰਨ ਸੌ ਤੋਂ ਵੱਧ ਕੇਸਾਂ 'ਚੋਂ 241 ਸ਼ਹਿਰੀ ਇਲਾਕੇ ਦੇ ਹਨ।

## ਸਿੱਖ ਨੌਜਵਾਨਾਂ ਨੇ ਦਸਤਾਰ ਨਾਲ ਦੋ ਜਾਨਾਂ ਬਚਾਈਆਂ

**ਚੰਡੀਗੜ੍ਹ:** ਕੈਨੇਡਾ 'ਚ ਪੰਜ ਸਿੱਖਾਂ ਨੇ ਦਸਤਾਰ ਦੀ ਸਹਾਇਤਾ ਨਾਲ ਦੋ ਜਾਨਾਂ ਬਚਾ ਲਈਆਂ। ਇਹ ਬੰਦੇ ਗੋਲਡਨ ਯੀਅਰਜ਼ ਝਰਨੇ 'ਚ ਨਹਾਉਂਦੇ ਸਮੇਂ ਤਿਲਕ ਕੇ ਚੱਟਾਨ 'ਤੇ ਡਿੱਗ ਪਏ ਸਨ ਅਤੇ ਤੇਜ਼ ਵਹਾਅ ਵਾਲੇ ਦਰਿਆ ਵਿਚ ਰੁੜ੍ਹ ਸਕਦੇ ਸਨ।

ਕੁਲਜਿੰਦਰ ਕਿੰਦਾ ਅਤੇ ਉਸ ਦੇ ਚਾਰ ਦੋਸਤ ਬ੍ਰਿਟਿਸ਼ ਕੋਲੰਬੀਆ 'ਚ ਗੋਲਡਨ ਯੀਅਰਜ਼ ਪ੍ਰੋਵਿੰਸ਼ੀਅਲ ਪਾਰਕ 'ਚ ਪੈਦਲ ਯਾਤਰਾ 'ਤੇ ਸਨ। ਇਸ ਦੌਰਾਨ ਉਨ੍ਹਾਂ ਦੇਖਿਆ ਕਿ ਦੋ ਵਿਅਕਤੀ ਜਾਨ ਬਚਾਉਣ ਦੀ ਫਰਿਆਦ ਕਰ ਰਹੇ ਸਨ। ਸਿੱਖਾਂ ਨੇ ਰਾਹਤ ਟੀਮ ਦੇ ਪਹੁੰਚਣ ਤੋਂ ਪਹਿਲਾਂ ਆਪਣੀ ਪਗੜੀਆਂ ਉਤਾਰ ਕੇ ਉਨ੍ਹਾਂ ਨੂੰ ਜੋੜ ਲਿਆ ਅਤੇ ਫਿਰ ਲੰਬੀ ਰੱਸੀ ਵਾਂਗ ਇਕ ਸਿਰਾ ਚੱਟਾਨ 'ਤੇ ਬੈਠੇ ਵਿਅਕਤੀਆਂ ਦੇ ਹੱਥ 'ਚ ਫੜਾ ਦਿੱਤਾ। ਕਿੰਦਾ ਨੇ ਇਸ ਦੀ ਵੀਡੀਓ ਵਟਸਐਪ 'ਤੇ ਭੇਜੀ ਜਿਸ ਮਗਰੋਂ ਵਿਅਕਤੀਆਂ ਨੂੰ ਬਚਾਉਣ ਦੀ ਫੁਟੇਜ ਵਾਇਰਲ ਹੋ ਰਹੀ ਹੈ। ਉਸ ਨੇ 'ਐਨ.ਬੀ.ਸੀ. ਨਿਊਜ਼' ਨੂੰ ਦੱਸਿਆ ਕਿ ਦੋਵੇਂ ਜਣਿਆਂ ਨੇ ਪਹਿਲਾਂ ਉਨ੍ਹਾਂ ਨੂੰ ਐਮਰਜੈਂਸੀ ਸੇਵਾਵਾਂ ਨੂੰ ਸੱਦਣ ਲਈ ਕਿਹਾ ਸੀ ਪਰ ਫੋਨ ਸੇਵਾ ਨਾ ਹੋਣ ਕਰਕੇ ਉਹ ਅਜਿਹਾ ਨਹੀਂ ਕਰ ਸਕੇ। 'ਅਸੀਂ ਸਹਾਇਤਾ ਕਰਨਾ ਚਾਹੁੰਦੇ ਸੀ ਪਰ ਕੋਈ ਜੁਗਤ ਨਹੀਂ ਲੱਗ ਰਹੀ ਸੀ। ਅਸੀਂ 10 ਮਿੰਟ ਤੱਕ ਸਹਾਇਤਾ ਲਈ ਇਧਰ-ਉਧਰ ਹੱਥ-ਪੈਰ ਮਾਰੇ। ਅਖੀਰ ਅਸੀਂ ਆਪਣੀਆਂ ਪਗੜੀਆਂ ਉਤਾਰ ਕੇ ਉਨ੍ਹਾਂ ਦੀ ਜਾਨ ਬਚਾਉਣ ਦੀ ਸੋਚੀ।' ਫੇਸਬੁੱਕ 'ਤੇ ਇਕ ਵਿਅਕਤੀ ਨੇ ਸਿੱਖਾਂ ਨੂੰ ਸ਼ਾਬਾਸ਼ੀ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਡਾ ਕੰਮ ਕੀਤਾ ਹੈ। ਇਕ ਹੋਰ ਨੇ ਕਿਹਾ ਕਿ ਉਹ ਜ਼ਿੰਦਗੀ ਦੇ ਅਸਲ ਨਾਇਕ ਹਨ। ਇਕ ਵਿਅਕਤੀ ਨੇ ਟਵੀਟ ਕਰਕੇ ਕਿਹਾ ਕਿ ਜਿਹੜੇ ਲੋਕ ਸਿੱਖ ਮਰਿਆਦਾ ਦਾ ਹਿੱਸਾ ਪਗੜੀ ਨੂੰ ਹਟਾਉਣ ਦੀ ਵਕਾਲਤ ਕਰਦੇ ਸਨ, ਉਨ੍ਹਾਂ ਲਈ ਇਹ ਸਬਕ ਹੈ ਕਿ ਕਿਵੇਂ ਉਸੇ ਪਗੜੀ ਨਾਲ ਜਾਨਾਂ ਬਚੀਆਂ ਹਨ।

## ਕਾਂਗਰਸ ਵੱਲੋਂ ਹਰੀਸ਼ ਚੌਧਰੀ ਪੰਜਾਬ ਦੇ ਇੰਚਾਰਜ ਨਿਯੁਕਤ

**ਚੰਡੀਗੜ੍ਹ:** ਕਾਂਗਰਸ ਨੇ ਰਾਜਸਥਾਨ ਸਰਕਾਰ ਦੇ ਮੰਤਰੀ ਹਰੀਸ਼ ਚੌਧਰੀ ਨੂੰ ਪੰਜਾਬ ਮਾਮਲਿਆਂ ਦਾ ਇੰਚਾਰਜ ਨਿਯੁਕਤ ਕੀਤਾ ਹੈ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਈ ਇਸ ਤਬਦੀਲੀ ਨੂੰ ਅਹਿਮ ਮੰਨਿਆ ਜਾ ਰਿਹਾ ਹੈ। ਪਾਰਟੀ ਦੇ ਜਨਰਲ ਸਕੱਤਰ (ਆਰਗੇਨਾਈਜੇਸ਼ਨਲ) ਕੇ.ਸੀ. ਵੇਣੂ ਗੋਪਾਲ ਵੱਲੋਂ ਇਸ ਨਿਯੁਕਤੀ ਦਾ ਐਲਾਨ ਕੀਤਾ ਗਿਆ ਹੈ।

ਉਤਰਾਖੰਡ ਨਾਲ ਸਬੰਧਤ ਕਾਂਗਰਸ ਆਗੂ ਹਰੀਸ਼ ਰਾਵਤ ਨੂੰ ਇਸ ਜ਼ਿੰਮੇਵਾਰੀ ਤੋਂ ਮੁਕਤ ਕਰ ਦਿੱਤਾ ਹੈ। ਰਾਵਤ ਨੇ ਕੁਝ ਦਿਨ ਪਹਿਲਾਂ ਹੀ ਰਾਹੁਲ ਗਾਂਧੀ ਨਾਲ ਮੀਟਿੰਗ ਕਰਕੇ ਇਸ ਜ਼ਿੰਮੇਵਾਰੀ ਤੋਂ ਮੁਕਤ ਕਰਨ ਦੀ ਮੰਗ ਕੀਤੀ ਸੀ ਕਿਉਂਕਿ ਪੰਜਾਬ ਤੇ ਉਤਰਾਖੰਡ ਵਿਧਾਨ ਸਭਾ ਦੀਆਂ ਚੋਣਾਂ ਇਕੋ ਸਮੇਂ ਹੀ ਹੋਣੀਆਂ ਹਨ। ਜ਼ਿਕਰਯੋਗ ਹੈ ਕਿ ਚੌਧਰੀ ਨੂੰ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦਾ ਭਰੋਸੇਯੋਗ ਮੰਨਿਆ ਜਾਂਦਾ ਹੈ।



ਮਹੱਤਵਪੂਰਨ ਤੱਥ ਇਹ ਵੀ ਹੈ ਕਿ ਸਾਲ 2017 ਦੀਆਂ ਚੋਣਾਂ ਦੌਰਾਨ ਵੀ ਚੌਧਰੀ ਪੰਜਾਬ ਮਾਮਲਿਆਂ ਦੇ ਸਹਿ- ਇੰਚਾਰਜ ਸਨ ਤੇ ਸਾਲ 2022 ਦੀਆਂ ਚੋਣਾਂ ਤੋਂ ਐਨ ਪਹਿਲਾਂ ਇਸ ਆਗੂ ਨੂੰ ਮੁੜ ਪੰਜਾਬ ਦੀ ਸਿਆਸਤ ਵਿਚ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ।

ਗੌਰਤਲਬ ਹੈ ਕਿ ਹਰੀਸ਼ ਚੌਧਰੀ ਪਿਛਲੇ ਦੋ ਕੁ ਮਹੀਨਿਆਂ ਤੋਂ ਪੰਜਾਬ ਕਾਂਗਰਸ ਦੇ ਸਿਆਸੀ ਕੰਮਾਂ ਦੀ ਨਿਗਰਾਨ ਵਜੋਂ ਦੇਖ-ਰੇਖ ਕਰ ਰਹੇ ਸਨ। ਸੂਬੇ ਵਿਚ ਜਦੋਂ ਕੈਪਟਨ ਅਮਰਿੰਦਰ ਸਿੰਘ ਨੂੰ ਗੱਦੀ ਤੋਂ ਲਾਹ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ ਤਾਂ ਇਸ ਆਗੂ ਦੀ ਕਾਂਗਰਸ ਦੇ ਨਿਗਰਾਨ ਵਜੋਂ ਅਹਿਮ ਭੂਮਿਕਾ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਰਮਿਆਨ ਸਬੰਧ ਸੁਧਾਰਨ ਅਤੇ ਸਰਕਾਰ ਤੇ ਪਾਰਟੀ ਦਰਮਿਆਨ ਤਾਲਮੇਲ ਬਿਠਾਉਣ ਲਈ ਵੀ ਹਰੀਸ਼ ਚੌਧਰੀ ਲਗਾਤਾਰ ਸੂਤਰਧਾਰ ਵਜੋਂ ਕੰਮ ਕਰ ਰਹੇ ਹਨ। ਪਿਛਲੇ ਇਕ ਮਹੀਨੇ ਦੇ ਸਮੇਂ ਦੌਰਾਨ ਉਨ੍ਹਾਂ ਮੁੱਖ ਮੰਤਰੀ ਅਤੇ ਪ੍ਰਦੇਸ਼ ਪ੍ਰਧਾਨ ਨਾਲ ਲਗਾਤਾਰ ਕਈ ਮੀਟਿੰਗਾਂ ਕੀਤੀਆਂ।

### ਬੇਅਦਬੀ ਕਾਂਡ: ਵਿਵਾਦਤ ਪੋਸਟਰ 'ਤੇ ਲਿਖਾਈ ਦੀ ਰਿਪੋਰਟ ਅਦਾਲਤ 'ਚ ਪੇਸ਼

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਗਰੋਂ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿਚ ਵਿਵਾਦਤ ਪੋਸਟਰ ਲਾਉਣ ਦੇ ਮਾਮਲੇ ਵਿਚ ਫੋਰੈਂਸਿਕ ਲੈਬਾਰਟਰੀ ਚੰਡੀਗੜ੍ਹ ਨੇ ਪੋਸਟਰ ਦੀ ਲਿਖਤ ਸਬੰਧੀ ਇਕੱਤਰ ਕੀਤੇ ਹੱਥ ਲਿਖਤ ਦੇ ਨਮੂਨਿਆਂ ਦੀ ਰਿਪੋਰਟ ਇਥੇ ਇਲਾਕਾ ਮੈਜਿਸਟਰੇਟ ਤਰਜਨੀ ਦੀ ਅਦਾਲਤ ਵਿਚ ਪੇਸ਼ ਕਰ ਦਿੱਤੀ ਹੈ। ਲੈਬਾਰਟਰੀ ਨੇ ਨਤੀਜਾ ਰਿਪੋਰਟ ਸੀਲਬੰਦ ਲਿਫਾਫੇ ਵਿਚ ਅਦਾਲਤ ਨੂੰ ਭੇਜੀ ਹੈ। ਜ਼ਿਕਰਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ ਨੇ ਪੜਤਾਲ ਦੌਰਾਨ ਦਾਅਵਾ ਕੀਤਾ ਸੀ ਕਿ ਪਿੰਡ ਬਰਗਾੜੀ ਵਿਚ ਇਤਰਾਜ਼ਯੋਗ ਪੋਸਟਰ ਡੇਰਾ ਪ੍ਰੇਮੀਆਂ ਵੱਲੋਂ ਹੀ ਲਾਏ ਗਏ ਸਨ ਅਤੇ ਜਾਂਚ ਟੀਮ ਨੇ ਅਦਾਲਤ ਵਿਚ ਡੇਰਾ ਪ੍ਰੇਮੀਆਂ ਦੀ ਲਿਖਾਈ ਦੇ ਨਮੂਨੇ ਲਏ ਸਨ।

## ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਬਾਨੀ ਤੇ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਦਾ ਪ੍ਰਕਾਸ਼ ਪੁਰਬ ਇਥੇ ਸ੍ਰੀ ਹਰਿਮੰਦਰ ਸਾਹਿਬ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਸਬੰਧੀ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸੁੰਦਰ ਜਲੌਅ ਸਜਾਏ ਗਏ, ਜੋ ਸੰਗਤ ਲਈ ਖਿੱਚ ਦਾ ਕੇਂਦਰ ਬਣੇ ਰਹੇ।

ਇਸ ਮੌਕੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ, ਜਿਸ ਮਗਰੋਂ ਰਾਗੀ, ਢਾਡੀ ਤੇ ਕਵੀਸ਼ਰ ਜਥਿਆਂ ਨੇ ਗੁਰਬਾਣੀ ਤੇ ਕਥਾ ਕੀਰਤਨ ਕੀਤਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਸਮੇਤ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ, ਜਿਨ੍ਹਾਂ ਨੂੰ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸਿਰੋਪਾਓ ਭੇਟ ਕੀਤੇ।

ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਸਜੇ ਦੀਵਾਨਾਂ ਦੌਰਾਨ ਜਿਥੇ ਕਵੀ ਦਰਬਾਰ ਵਿਚ ਪੰਥਕ ਕਵੀਆਂ ਨੇ ਗੁਰੂ ਸਾਹਿਬ ਦੇ ਲਾਸਾਨੀ ਜੀਵਨ ਬਾਰੇ ਕਵਿਤਾਵਾਂ ਪੇਸ਼ ਕੀਤੀਆਂ, ਉਥੇ ਹੀ ਬੀਤੀ ਰਾਤ ਰਾਗ ਦਰਬਾਰ ਅਤੇ ਪੜਤਾਲ ਗਾਇਨ ਕੀਰਤਨ ਸਮਾਗਮ ਵਿਚ ਰਾਗੀ ਜਥਿਆਂ ਨੇ ਗੁਰੂ ਰਾਮਦਾਸ ਦੀ ਪਾਵਨ ਗੁਰਬਾਣੀ ਵਿਚੋਂ ਰਾਗ ਅਧਾਰਤ ਕੀਰਤਨ ਕੀਤਾ ਸੀ। ਇਸ ਮੌਕੇ ਬੀਬੀ ਜਗੀਰ ਕੌਰ, ਗਿਆਨੀ ਜਗਤਾਰ ਸਿੰਘ ਤੇ ਜਥੇਦਾਰ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੇ ਉਪਦੇਸ਼ਾਂ ਅਨੁਸਾਰ ਚੱਲਣ ਲਈ ਪ੍ਰੇਰਿਆ।

ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਦੀ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ ਹੈ। ਇਕ ਵੀਡੀਓ ਸੁਨੇਹੇ ਰਾਹੀਂ ਉਨ੍ਹਾਂ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਚਾਨਣਾ ਪਾਇਆ।

# ਕੋਵਿਡ ਵੈਕਸੀਨ ਬਾਰੇ ਮੋਦੀ ਸਰਕਾਰ ਦੇ ਜਸ਼ਨਾਂ ਉਤੇ ਉਠੇ ਸਵਾਲ

**ਨਵੀਂ ਦਿੱਲੀ:** ਮੋਦੀ ਸਰਕਾਰ ਵੱਲੋਂ ਮੁਲਕ ਦੇ ਨਾਗਰਿਕਾਂ ਨੂੰ 100 ਕਰੋੜ ਕੋਵਿਡ ਵੈਕਸੀਨ ਲਾਉਣਾ ਨੂੰ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਿਆ ਜਾ ਰਿਹਾ ਹੈ ਤੇ ਭਾਜਪਾ ਵੱਲੋਂ ਇਸ ਮੌਕੇ ਵੱਡੇ ਪੱਧਰ ਉਤੇ ਜਸ਼ਨ ਵੀ ਮਨਾਏ ਜਾ ਰਹੇ ਹਨ। ਦੂਜੇ ਪਾਸੇ ਵਿਰੋਧੀ ਧਿਰਾਂ ਸਰਕਾਰ ਦੇ ਦਾਅਵਿਆਂ ਤੇ ਜਸ਼ਨਾਂ ਉਤੇ ਸਵਾਲ ਚੁੱਕ ਰਹੀਆਂ ਹਨ।

ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਦੇਸ਼ 'ਚ 100 ਕਰੋੜ ਕੋਵਿਡ ਰੋਕੂ ਖੁਰਾਕਾਂ ਦਿੱਤੇ ਜਾਣ 'ਤੇ ਸਰਕਾਰ ਵੱਲੋਂ ਮਨਾਏ ਜਾ ਰਹੇ ਜਸ਼ਨਾਂ 'ਤੇ ਤਨਜ਼ ਕਰਦਿਆਂ ਕਿਹਾ ਕਿ ਭਾਜਪਾ ਹਮੇਸ਼ਾ ਤਿਉਹਾਰਾਂ ਵਰਗੇ ਜਸ਼ਨਾਂ 'ਚ ਰੁੱਝੀ ਰਹਿੰਦੀ ਹੈ, ਇਥੋਂ ਤੱਕ ਕਿ ਕਰੋਨਾ ਮਹਾਂਮਾਰੀ ਵਰਗੀ ਬਿਪਤਾ ਦੇ ਦੌਰਾਨ ਵੀ, ਜਿਸ ਨੇ ਕਈ ਲੋਕਾਂ ਦੀ ਜਾਨ ਲਈ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਿਰਫ ਝੂਠ ਤੇ ਧੋਖੇ ਦੀ ਰਾਜਨੀਤੀ ਜਾਣਦੀ ਹੈ ਅਤੇ ਇਸ ਨੇ ਲੋਕਾਂ ਲਈ ਕੁਝ ਨਹੀਂ ਕੀਤਾ, ਜੋ ਮਹਿੰਗਾਈ ਤੇ ਭ੍ਰਿਸ਼ਟਾਚਾਰ ਕਰਕੇ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਨ।ਅਖਿਲੇਸ਼ ਯਾਦਵ ਨੇ ਕਿਹਾ ਕਿ ਭਾਜਪਾ ਇਕ ਅਜੀਬ ਪਾਰਟੀ ਹੈ। ਬਿਪਤਾ ਭਾਵੇਂ ਕੁਝ ਵੀ ਹੋਵੇ ਅਤੇ ਇਥੋਂ ਤੱਕ ਕਿ ਮੌਤਾਂ ਵਿਚ ਵੀ ਭਾਜਪਾ ਹਮੇਸ਼ਾ ਤਿਉਹਾਰਾਂ ਵਰਗੇ ਜਸ਼ਨਾਂ 'ਚ ਰੁੱਝੀ ਰਹਿੰਦੀ ਹੈ।

ਸ਼ਿਵ ਸੈਨਾ ਸੰਸਦ ਮੈਂਬਰ ਸੰਜੇ ਰਾਊਤ ਨੇ ਦੋਸ਼ ਲਾਇਆ ਕਿ ਦੇਸ਼ ਭਰ ਵਿਚ 100 ਕਰੋੜ ਕਰੋਨਾ ਰੋਕੂ ਵੈਕਸੀਨ ਲਾਉਣ ਦਾ ਦਾਅਵਾ 'ਝੂਠਾ' ਹੈ ਅਤੇ ਯੋਗ ਨਾਗਰਿਕਾਂ ਨੂੰ ਹੁਣ ਤੱਕ 23 ਕਰੋੜ ਤੋਂ ਵੱਧ ਖੁਰਾਕਾਂ ਨਹੀਂ ਦਿੱਤੀਆਂ ਗਈਆਂ। ਮਹਾਰਾਸ਼ਟਰ ਸੂਬੇ ਦੇ ਨਾਸਿਕ ਵਿਚ ਇਕ ਪਾਰਟੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਾਊਤ ਨੇ ਕਿਹਾ ਕਿ ਉਹ ਇਸ ਗੱਲ ਦਾ ਸਬੂਤ ਦੇਣਗੇ ਕਿ 100 ਕਰੋੜ ਟੀਕਾਕਰਨ ਦਾ ਦਾਅਵਾ 'ਝੂਠਾ' ਹੈ। ਰਾਜ ਸਭਾ ਮੈਂਬਰ ਨੇ ਕਿਸੇ ਦਾ ਨਾਮ ਲਏ ਬਿਨਾਂ ਕਿਹਾ, "ਹੋਰ ਕਿੰਨਾ ਕੁ ਝੂਠ ਬੋਲੋਗੇ।" ਸ਼ਿਵ ਸੈਨਾ ਦੇ ਮੁੱਖ ਬੁਲਾਰੇ ਰਾਊਤ ਨੇ ਦਾਅਵਾ ਕੀਤਾ, "ਪਿਛਲੇ 15 ਦਿਨਾਂ ਵਿਚ, 20 ਹਿੰਦੂ ਅਤੇ ਸਿੱਖ ਮਾਰੇ ਗਏ, 17-18 ਸਿਪਾਹੀ ਸ਼ਹੀਦ ਹੋ ਗਏ, ਅਰੁਣਾਚਲ ਪ੍ਰਦੇਸ਼ ਅਤੇ ਲਦਾਖ ਵਿਚ ਚੀਨ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ, ਪਰ ਅਸੀਂ 100 ਕਰੋੜ ਟੀਕਾਕਰਨ ਦਾ ਜਸ਼ਨ ਮਨਾ ਰਹੇ ਹਾਂ, ਜੋ ਸਹੀ ਨਹੀਂ ਹੈ।" ਉਨ੍ਹਾਂ ਪੁੱਛਿਆ ਕਿ ਕਰੋਨਾ ਰੋਕੂ ਟੀਕਾਕਰਨ ਦੌਰਾਨ ਵੈਕਸੀਨ ਦੇਣ ਦੀ ਗਿਣਤੀ ਕਿਸ ਨੇ ਕੀਤੀ ਹੈ?

ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਜਪਾ ਸਰਕਾਰ ਇਸ 'ਉਪਲਬਧੀ' ਦੇ ਪ੍ਰਚਾਰ ਆਸਰੇ ਦੇਸ਼ ਵਿਚ ਮਹਿੰਗਾਈ ਤੇ ਕੀਮਤਾਂ 'ਚ ਵਾਧੇ ਦੀ ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸਦੇ ਆਮ ਆਦਮੀ ਦੀ ਆਵਾਜ਼ ਦੱਬਣ ਵਿਚ ਲੱਗੀ ਹੋਈ ਹੈ। ਇਸੇ ਸਾਲ 16 ਜਨਵਰੀ ਤੋਂ ਸ਼ੁਰੂ ਹੋਈ ਟੀਕਾਕਰਨ ਮੁਹਿੰਮ ਦੌਰਾਨ ਬੇਸ਼ੱਕ ਇਹ ਉਪਲਬਧੀ ਐਲਾਨੀ ਗਈ ਸਮਾਂ ਹੱਦ ਤੋਂ ਪਹਿਲਾਂ ਹੀ ਹਾਸਲ ਕਰ ਲਈ ਗਈ ਹੈ, ਪਰ ਇਸ ਦੌਰਾਨ ਸਰਕਾਰ ਪੈਟਰੋਲ-ਡੀਜ਼ਲ ਤੇ ਖਾਸ ਕਰਕੇ ਖਾਣ ਵਾਲੀਆਂ ਚੀਜ਼ਾਂ ਦੀਆਂ ਵਧਦੀਆਂ ਕੀਮਤਾਂ 'ਤੇ ਲਗਾਮ ਲਗਾਉਣ 'ਚ ਪੂਰੀ ਤਰ੍ਹਾਂ ਨਾਲ ਅਸਫਲ ਸਾਬਤ ਹੋਈ ਹੈ।

ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਚ ਨਿਰੰਤਰ ਹੁੰਦੇ ਜਾ ਰਹੇ ਵਾਧੇ ਅਤੇ ਇਸ ਕਾਰਨ ਵਧੇ ਕਿਰਾਏ ਕਾਰਨ ਆਮ ਆਦਮੀ ਦੀਆਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਨਾ ਸਿਰਫ ਗਰੀਬ ਆਦਮੀ



ਦੀ ਪਹੁੰਚ ਤੋਂ ਬਾਹਰ ਹੁੰਦੀਆਂ ਜਾ ਰਹੀਆਂ ਹਨ, ਸਗੋਂ ਅਜਿਹੀਆਂ ਚੀਜ਼ਾਂ ਦੀ ਉਪਲਬਧਤਾ ਦੀ ਘਾਟ ਦਾ ਸੰਕਟ ਵੀ ਛਾਇਆ ਰਹਿੰਦਾ ਹੈ। ਮਹਿੰਗਾਈ ਅਤੇ ਕੀਮਤਾਂ 'ਚ ਵਾਧੇ ਨੇ ਆਮ ਜਨਤਾ ਲਈ ਹਾਹਾਕਾਰ ਵਰਗੇ ਹਾਲਾਤ ਪੈਦਾ ਕਰ ਦਿੱਤੇ ਹਨ। ਦਾਲਾਂ ਅਤੇ ਫਲ ਸਬਜ਼ੀਆਂ ਆਮ ਆਦਮੀ ਤਾਂ ਕੀ, ਮੱਧਵਰਗੀ ਪਰਿਵਾਰਾਂ ਦੀ ਖਰੀਦ ਪਹੁੰਚ ਤੋਂ ਵੀ ਬਾਹਰ ਹੁੰਦੀਆਂ ਜਾ ਰਹੀਆਂ ਹਨ। ਖਾਣ ਵਾਲੇ ਤੇਲ ਦੀਆਂ ਕੀਮਤਾਂ ਵੀ ਅਸਮਾਨ 'ਤੇ ਹਨ। ਸਰ੍ਹੋਂ ਦਾ ਤੇਲ ਤਾਂ ਆਮ ਆਦਮੀ ਤੋਂ ਬਹੁਤ ਦੂਰ ਹੋ ਗਿਆ ਹੈ। ਇੱਥੋਂ ਤੱਕ ਕਿ ਸਰ੍ਹੋਂ ਦੇ ਤੇਲ ਦੀ ਸ਼ੁੱਧਤਾ ਵੀ ਸ਼ੱਕੀ ਹੋ ਗਈ ਹੈ।

ਇਸ ਪੂਰੇ ਮੁੱਦੇ ਦਾ ਸਭ ਤੋਂ ਵੱਧ ਤ੍ਰਾਸਦੀ ਵਾਲਾ ਪੱਖ ਇਹ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਇਸ ਮਾਮਲੇ 'ਤੇ ਚੁੱਪੀ ਧਾਰੀ ਬੈਠੀਆਂ ਹਨ। ਕੇਂਦਰ 'ਚ ਸੱਤਾਧਾਰੀ ਭਾਜਪਾ ਸਰਕਾਰ ਦਾ ਮੌਨ ਹਰ ਆਮ ਤੋਂ ਖਾਸ ਨੂੰ ਚੁਭਦਾ ਹੈ। ਦੇਸ਼ ਦੀਆਂ ਸੂਬਾ ਸਰਕਾਰਾਂ ਵੀ ਆਪਣੇ ਹਿੱਸੇ ਦੇ ਲਾਭ ਲਈ ਮਹਿੰਗਾਈ ਤੇ ਕੀਮਤਾਂ 'ਚ ਵਾਧੇ ਦੇ ਮਾਮਲੇ ਉਤੇ ਕੁਝ ਕਰਨ ਦੀ ਉਮੀਦ 'ਤੇ ਅੱਖਾਂ ਬੰਦ ਕਰਕੇ ਸਮਾਂ ਬਤੀਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

ਸਵਾਲ ਕੀਤੇ ਜਾ ਰਹੇ ਹਨ ਕਿ ਕੇਂਦਰ ਸਰਕਾਰ ਨੇ ਜਿਸ ਤਿਆਰੀ ਅਤੇ ਉਤਸ਼ਾਹ ਨਾਲ ਟੀਕਾਕਰਨ ਦੀਆਂ ਉਪਲਬਧੀਆਂ ਨੂੰ ਪ੍ਰਚਾਰਿਆ ਹੈ, ਉਸੇ ਲਗਨ ਤੇ ਵਚਨਬੱਧਤਾ ਨਾਲ ਉਸ ਨੂੰ ਆਮ ਲੋਕਾਂ ਨੂੰ ਇਸ ਬਣਾਉਟੀ ਮਹਿੰਗਾਈ ਤੇ ਕੀਮਤਾਂ 'ਚ ਵਾਧੇ ਤੋਂ ਰਾਹਤ ਪਹੁੰਚਾਏ ਜਾਣ ਲਈ ਸਰਗਰਮ ਵੀ ਹੋਣਾ ਚਾਹੀਦਾ ਹੈ।

## ਟੀਕਾਕਰਨ ਮੁਹਿੰਮ ਨਾਲ ਮੁਲਕ ਦੀ ਸਮਰੱਥਾ ਜ਼ਾਹਿਰ ਹੋਈ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਆਪਣੇ ਨਾਗਰਿਕਾਂ ਨੂੰ 100 ਕਰੋੜ ਕੋਵਿਡ ਵੈਕਸੀਨ ਲਾਉਣਾ ਭਾਰਤ ਦੀ ਸਮਰੱਥਾ ਨੂੰ ਦਰਸਾਉਂਦਾ ਹੈ ਤੇ ਇਸ ਉਪਲੱਬਧੀ ਤੋਂ ਬਾਅਦ ਦੇਸ਼ ਨਵੇਂ ਉਤਸ਼ਾਹ ਅਤੇ ਨਵੀਂ ਊਰਜਾ ਨਾਲ ਅੱਗੇ ਵੱਧ ਰਿਹਾ ਹੈ। 'ਆਕਾਸ਼ਵਾਣੀ' ਦੇ ਮਹੀਨਾਵਾਰ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੀ 82ਵੀਂ ਕੜੀ ਵਿਚ ਆਪਣੇ ਵਿਚਾਰ ਰੱਖਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੇ ਟੀਕਾਕਰਨ ਪ੍ਰੋਗਰਾਮ ਦੀ ਸਫਲਤਾ ਦਾ ਉਨ੍ਹਾਂ ਨੂੰ ਯਕੀਨ ਸੀ ਕਿਉਂਕਿ ਉਹ ਦੇਸ਼ਵਾਸੀਆਂ ਦੀ ਸਮਰੱਥਾ ਤੋਂ ਚੰਗੀ ਤਰ੍ਹਾਂ ਜਾਣੂ ਹਨ। ਮੋਦੀ ਨੇ ਕਿਹਾ ਕਿ ਟੀਕਾਕਰਨ ਮੁਹਿੰਮ ਦੀ ਸਫਲਤਾ 'ਸਾਰਿਆਂ ਦੇ ਯਤਨਾਂ' ਦੇ ਮੰਤਰ ਨੂੰ ਦਰਸਾਉਂਦੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ 100 ਕਰੋੜ ਖੁਰਾਕਾਂ ਦਾ ਅੰਕੜਾ ਬਹੁਤ ਵੱਡਾ ਜ਼ਰੂਰ ਹੈ ਪਰ ਇਸ ਨਾਲ ਲੱਖਾਂ ਛੋਟੇ-ਛੋਟੇ ਪ੍ਰੇਰਕ ਤੇ ਮਾਣ ਨਾਲ ਭਰ ਦੇਣ ਵਾਲੇ ਅਨੇਕ ਤਜਰਬੇ ਤੇ ਉਦਾਹਰਨਾਂ ਜੁੜੀਆਂ ਹੋਈਆਂ ਹਨ।

## ਮੌਤਾਂ ਦੀ ਨਿਰਪੱਖ ਜਾਂਚ ਲਈ ਕਮਿਸ਼ਨ ਬਣੇ: ਕਾਂਗਰਸ

**ਨਵੀਂ ਦਿੱਲੀ:** ਕਾਂਗਰਸ ਨੇ ਮੰਗ ਕੀਤੀ ਹੈ ਕਿ ਕਰੋਨਾ ਵਾਇਰਸ ਮਹਾਮਾਰੀ ਦੌਰਾਨ ਸਰਕਾਰ ਦੇ ਮਾੜੇ ਪ੍ਰਬੰਧਨ ਕਾਰਨ ਦੇਸ਼ ਵਿਚ ਹੋਈਆਂ ਮੌਤਾਂ ਦੀ ਨਿਰਪੱਖ ਜਾਂਚ ਲਈ ਇਕ ਕਮਿਸ਼ਨ ਬਣਾਇਆ ਜਾਵੇ। ਕਾਂਗਰਸ ਦੇ ਜਨਰਲ ਸਕੱਤਰ ਅਤੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਵਾਲ ਕੀਤਾ ਕਿ ਦੇਸ਼ ਦੀ ਸਮੁੱਚੀ ਬਾਲਗ ਆਬਾਦੀ ਦਾ ਟੀਕਾਕਰਨ ਕਦੋਂ ਹੋਵੇਗਾ, ਕਿਉਂਕਿ ਅਜੇ ਤੱਕ ਉਨ੍ਹਾਂ ਵਿਚੋਂ ਸਿਰਫ 21 ਫੀਸਦ ਆਬਾਦੀ ਨੂੰ ਹੀ ਵੈਕਸੀਨ ਦੀਆਂ ਦੋਵੇਂ ਡੋਜ਼ ਲੱਗੀਆਂ ਹਨ। ਅੱਜ ਜਦੋਂ ਦੇਸ਼ ਨੇ ਕਰੋਨਾ ਵਿਰੋਧੀ ਵੈਕਸੀਨ ਦੇ 100 ਕਰੋੜ ਡੋਜ਼ ਲਗਾਉਣ ਦਾ ਟੀਚਾ ਪੂਰਾ ਕਰ ਲਿਆ ਹੈ ਤਾਂ ਇਸ ਮੌਕੇ ਕਾਂਗਰਸੀ ਆਗੂ ਨੇ ਕਿਹਾ ਕਿ ਦੇਸ਼ ਦੀ 103 ਕਰੋੜ ਦੀ ਬਾਲਗ ਆਬਾਦੀ ਵਿਚੋਂ 32 ਕਰੋੜ ਲੋਕਾਂ ਨੂੰ ਅਜੇ ਤੱਕ ਵੈਕਸੀਨ ਦੀ ਪਹਿਲੀ ਡੋਜ਼ ਵੀ ਨਹੀਂ ਲੱਗੀ ਹੈ।

# ਚੀਨ ਨੇ ਨਵਾਂ ਸਰਹੱਦੀ ਕਾਨੂੰਨ ਪਾਸ ਕੀਤਾ

**ਪੇਈਚਿੰਗ:** ਦੇਸ਼ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਨੂੰ 'ਪਵਿੱਤਰ ਤੇ ਅਟੱਲ' ਕਰਾਰ ਦਿੰਦਿਆਂ ਚੀਨ ਦੀ ਸੰਸਦ ਨੇ ਸਰਹੱਦੀ ਇਲਾਕਿਆਂ ਦੀ ਸੁਰੱਖਿਆ ਤੇ ਵਰਤੋਂ ਸਬੰਧੀ ਇਕ ਨਵਾਂ ਕਾਨੂੰਨ ਪਾਸ ਕੀਤਾ ਹੈ ਜਿਸ ਦਾ ਅਸਰ ਭਾਰਤ ਦੇ ਨਾਲ ਚੀਨ ਦੇ ਸਰਹੱਦੀ ਵਿਵਾਦ 'ਤੇ ਪੈ ਸਕਦਾ ਹੈ।

'ਨੈਸ਼ਨਲ ਪੀਪਲਜ਼ ਕਾਂਗਰਸ' ਦੀ ਸਥਾਈ ਸਮਿਤੀ ਦੇ ਮੈਂਬਰਾਂ ਨੇ ਸੰਸਦ ਦੀ ਸਮਾਪਤੀ ਮੌਕੇ ਹੋਈ ਬੈਠਕ ਦੌਰਾਨ ਇਸ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ। ਇਹ ਕਾਨੂੰਨ ਅਗਲੇ ਸਾਲ ਪਹਿਲੀ ਜਨਵਰੀ ਤੋਂ ਪ੍ਰਭਾਵੀ ਹੋਵੇਗਾ। ਕਾਨੂੰਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਸੀਮਾ ਸੁਰੱਖਿਆ ਨੂੰ ਮਜ਼ਬੂਤ ਕਰਨ, ਆਰਥਿਕ ਤੇ ਸਮਾਜਿਕ ਵਿਕਾਸ ਵਿਚ ਮਦਦ ਦੇਣ, ਸਰਹੱਦੀ ਖੇਤਰਾਂ ਨੂੰ ਖੋਲ੍ਹਣ, ਅਜਿਹੇ ਖੇਤਰਾਂ ਵਿਚ ਲੋਕ ਸੇਵਾ ਤੇ ਬੁਨਿਆਦੀ ਢਾਂਚੇ ਨੂੰ ਬਿਹਤਰ ਕਰਨ, ਉਥੋਂ ਦੇ ਲੋਕਾਂ ਦੇ ਜੀਵਨ ਅਤੇ ਕੰਮ ਨੂੰ ਸੁਖਾਲਾ ਕਰਨ ਲਈ ਦੇਸ਼ ਕਦਮ ਉਠਾ ਰਿਹਾ ਹੈ। ਚੀਨ ਨੇ ਕਿਹਾ ਕਿ ਉਹ ਸਰਹੱਦ ਉਤੇ ਸੁਰੱਖਿਆ, ਸਮਾਜਿਕ ਤੇ ਆਰਥਿਕ ਵਿਕਾਸ ਵਿਚ ਤਾਲਮੇਲ ਕਾਇਮ ਕਰਨ ਲਈ ਉਪਾਅ ਕਰ ਸਕਦਾ ਹੈ। ਦੇਸ਼ ਬਰਾਬਰੀ,



ਆਪਸੀ ਭਰੋਸੇ ਤੇ ਮਿੱਤਰਤਾ ਪੂਰਨ ਸੰਵਾਦ ਦੇ ਸਿਧਾਂਤਾਂ ਦਾ ਪਾਲਣ ਕਰਦਿਆਂ ਗੁਆਂਢੀ ਮੁਲਕਾਂ ਦੇ ਨਾਲ ਜ਼ਮੀਨੀ ਹੱਦਾਂ ਸਬੰਧੀ ਮੁੱਦਿਆਂ ਨੂੰ ਨਿਬੇੜੇਗਾ ਤੇ ਕਾਫੀ ਸਮੇਂ ਤੋਂ ਲਟਕੇ ਸਰਹੱਦਾਂ ਸਬੰਧੀ ਮੁੱਦਿਆਂ ਤੇ ਵਿਵਾਦਾਂ ਦੇ ਢੁਕਵੇਂ ਹੱਲ ਲਈ ਵਾਰਤਾ ਦਾ ਸਹਾਰਾ ਲਏਗਾ। ਪੇਈਚਿੰਗ ਨੇ ਆਪਣੇ 12 ਗੁਆਂਢੀਆਂ ਦੇ ਨਾਲ ਤਾਂ ਸਰਹੱਦਾਂ ਸਬੰਧੀ ਵਿਵਾਦ ਸੁਲਝਾ ਲਏ ਹਨ ਪਰ ਭਾਰਤ ਤੇ ਭੂਟਾਨ ਨਾਲ ਉਨ੍ਹਾਂ ਨੇ ਹੁਣ ਤੱਕ ਸਰਹੱਦ ਸਬੰਧੀ ਸਮਝੌਤੇ ਨੂੰ ਆਖਰੀ ਰੂਪ ਨਹੀਂ ਦਿੱਤਾ ਹੈ। ਭਾਰਤ ਤੇ ਚੀਨ ਵਿਚਾਲੇ ਸਰਹੱਦੀ ਵਿਵਾਦ ਅਸਲ ਕੰਟਰੋਲ ਰੇਖਾ ਉਤੇ 3488 ਕਿਲੋਮੀਟਰ ਦੇ ਖੇਤਰ ਵਿਚ ਹੈ ਜਦਕਿ ਭੂਟਾਨ ਨਾਲ ਚੀਨ ਦਾ ਵਿਵਾਦ 400 ਕਿਲੋਮੀਟਰ ਦੀ ਸੀਮਾ ਉਤੇ ਹੈ। ਵਿਦੇਸ਼ ਸਕੱਤਰ ਹਰਸ਼ਵਰਧਨ ਸ਼੍ਰਿੰਗਲਾ ਨੇ ਪਿਛਲੇ ਹਫਤੇ ਕਿਹਾ ਸੀ ਕਿ ਪੂਰਬੀ ਲੱਦਾਖ ਵਿਚ ਐਲ.ਏ.ਸੀ. 'ਤੇ ਘਟਨਾਕ੍ਰਮਾਂ ਨੇ ਸਰਹੱਦੀ ਖੇਤਰਾਂ ਦੇ ਅਮਨ-ਚੈਨ ਨੂੰ ਗੰਭੀਰ ਰੂਪ ਵਿਚ ਪ੍ਰਭਾਵਿਤ ਕੀਤਾ ਹੈ ਤੇ ਜ਼ਾਹਿਰ ਤੌਰ ਉਤੇ ਇਸ ਦਾ ਵਿਆਪਕ ਰਿਸ਼ਤਿਆਂ ਉਤੇ ਵੀ ਅਸਰ ਪਿਆ ਹੈ।

# ਡੇਢ ਸਾਲ 'ਚ ਪੈਟਰੋਲ 36 ਤੇ ਡੀਜ਼ਲ 27 ਰੁਪਏ ਮਹਿੰਗਾ

**ਨਵੀਂ ਦਿੱਲੀ:** ਪਿਛਲੇ ਦਿਨਾਂ ਤੋਂ ਤੇਲ ਕੀਮਤਾਂ ਨੇ ਸ਼ੂਟ ਵੱਟੀ ਹੋਈ ਹੈ। ਮਈ 2020 ਤੋਂ ਭਾਵ ਪਿਛਲੇ ਕਰੀਬ ਡੇਢ ਸਾਲਾਂ ਵਿਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਕ੍ਰਮਵਾਰ 36 ਰੁਪਏ ਤੇ 26.58 ਰੁਪਏ ਪ੍ਰਤੀ ਲਿਟਰ ਤੱਕ ਵਧ ਗਈਆਂ ਹਨ। ਇਨ੍ਹਾਂ ਦੋਵਾਂ ਈਂਧਣਾਂ 'ਤੇ ਲੱਗਣ ਵਾਲੇ ਟੈਕਸ ਆਪਣੇ ਸਿਖਰਲੇ ਪੱਧਰ 'ਤੇ ਹਨ।

ਸਰਕਾਰੀ ਮਾਲਕੀ ਵਾਲੇ ਈਂਧਣ ਰਿਟੇਲਰਾਂ ਵੱਲੋਂ ਜਾਰੀ ਕੀਮਤ ਨੋਟੀਫਿਕੇਸ਼ਨ ਮੁਤਾਬਕ ਵਾਧੇ ਮਗਰੋਂ ਦਿੱਲੀ ਵਿਚ ਪੈਟਰੋਲ ਦੀ ਕੀਮਤ 107.60 ਰੁਪਏ ਪ੍ਰਤੀ ਲਿਟਰ ਤੇ ਡੀਜ਼ਲ ਦਾ ਭਾਅ 96 ਰੁਪਏ ਪ੍ਰਤੀ ਲਿਟਰ ਹੋ ਗਿਆ ਹੈ। ਦੇਸ਼ ਦੇ ਸਾਰੇ ਪ੍ਰਮੁੱਖ ਸ਼ਹਿਰਾਂ ਵਿਚ ਪੈਟਰੋਲ ਕੀਮਤਾਂ 100 ਰੁਪਏ ਪ੍ਰਤੀ ਲਿਟਰ ਦੇ ਅੰਕੜੇ ਨੂੰ ਟੱਪ ਚੁੱਕੀਆਂ ਹਨ ਜਦੋਂਕਿ ਦਰਜਨ ਤੋਂ ਵੱਧ ਰਾਜਾਂ ਵਿਚ ਡੀਜ਼ਲ ਵੀ ਸੈਂਕੜਾ ਮਾਰ ਚੁੱਕਾ ਹੈ।

ਸਰਕਾਰ ਵੱਲੋਂ 5 ਮਈ 2020 ਨੂੰ ਐਕਸਾਇਜ਼ ਡਿਊਟੀ ਵਧਾਉਣ ਦੇ ਕੀਤੇ ਫੈਸਲੇ ਮਗਰੋਂ ਪੈਟਰੋਲ ਦੀ ਕੀਮਤ ਪ੍ਰਤੀ ਲਿਟਰ 35.98 ਰੁਪਏ ਪ੍ਰਤੀ ਲਿਟਰ ਤੱਕ ਵਧ ਚੁੱਕੀ ਹੈ ਜਦੋਂਕਿ ਇਸੇ ਅਰਸੇ ਦੌਰਾਨ ਡੀਜ਼ਲ ਦੇ ਭਾਅ ਵਿਚ 26.58 ਰੁਪਏ ਪ੍ਰਤੀ ਲਿਟਰ ਦਾ ਇਜ਼ਾਫਾ ਹੋਇਆ ਹੈ। ਤੇਲ ਮੰਤਰੀ ਹਰਦੀਪ ਸਿੰਘ ਪੁਰੀ ਨੇ ਲੰਘੇ ਦਿਨੀਂ ਇਕ ਬਿਆਨ ਵਿਚ ਐਕਸੀਜ਼ ਡਿਊਟੀ 'ਚ ਕਟੌਤੀ ਨੂੰ 'ਆਪਣੇ ਹੀ ਪੈਰ 'ਤੇ ਕੁਹਾੜਾ ਮਾਰਨ' ਦੇ ਬਰਾਬਰ ਦੱਸਿਆ ਸੀ। ਉਨ੍ਹਾਂ ਕਿਹਾ ਕਿ ਤੇਲ ਕੀਮਤਾਂ ਤੋਂ ਟੈਕਸਾਂ ਦੇ ਰੂਪ ਵਿਚ ਹੁੰਦੀ ਕਮਾਈ ਨੂੰ ਮਹਾਮਾਰੀ ਦਰਮਿਆਨ ਕਰੋੜਾਂ ਲੋਕਾਂ ਨੂੰ ਮੁਫਤ ਕੋਵਿਡ-19 ਵੈਕਸੀਨਾਂ, ਖੁਰਾਕ ਤੇ ਕੁਕਿੰਗ ਗੈਸ ਮੁਹੱਈਆ ਕਰਨ ਆਦਿ ਸਰਕਾਰੀ ਸਕੀਮਾਂ 'ਤੇ ਲਾਇਆ ਜਾ ਰਿਹਾ ਹੈ।

ਉਧਰ, ਪੱਛਮੀ ਬੰਗਾਲ 'ਚ ਹਾਕਮ ਤ੍ਰਿਣਮੂਲ ਕਾਂਗਰਸ ਨੇ ਤੇਲ ਕੀਮਤਾਂ 'ਚ ਹੋ ਰਹੇ ਵਾਧੇ ਖਿਲਾਫ ਕੋਲਕਾਤਾ 'ਚ ਰੋਸ ਮੁਜ਼ਾਹਰਾ ਕੀਤਾ। ਪਾਰਟੀ ਵਰਕਰਾਂ ਨੇ ਰੋਸ ਮੁਜ਼ਾਹਰੇ ਦੌਰਾਨ ਫੁੱਲਾਂ ਨਾਲ ਸਜਾਏ ਗਏ ਖਾਲੀ ਐਲ.ਪੀ.ਜੀ. ਸਿਲੰਡਰ ਲਏ ਹੋਏ ਸਨ। ਉਨ੍ਹਾਂ ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਸਾੜਿਆ ਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਟੀ.ਐਮ.ਸੀ. ਦੇ ਸੂਬਾਈ ਜਨਰਲ ਸਕੱਤਰ ਕੁਣਾਲ ਘੋਸ਼ ਨੇ ਕਿਹਾ, 'ਸਾਰਾ ਦੇਸ਼ ਪਿਛਲੇ ਕੁਝ ਮਹੀਨਿਆਂ ਤੋਂ ਤੇਲ ਕੀਮਤਾਂ 'ਚ ਹੋਏ ਭਾਰੀ ਵਾਧੇ ਹੇਠ ਦਬਿਆ ਹੋਇਆ ਹੈ ਪਰ ਲੱਗਦਾ ਹੈ ਕਿ ਭਾਜਪਾ ਸਰਕਾਰ ਲੋਕਾਂ ਦੀ ਪਰੇਸ਼ਾਨੀ ਤੋਂ ਬੇਪ੍ਰਵਾਹ ਹੈ।'

## ਪੈਟਰੋਲ ਕੀਮਤਾਂ 'ਤੇ ਵਧ ਰਹੀ ਹੈ ਟੈਕਸ ਡਕੈਤੀ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਨੇ ਪੈਟਰੋਲ-ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੂੰ ਲੈ ਕੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ। ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕੇਂਦਰ ਸਰਕਾਰ ਵਿਅੰਗ ਕਰਦਿਆਂ ਕਿਹਾ ਕਿ ਪੈਟਰੋਲ ਦੀਆਂ ਕੀਮਤਾਂ 'ਤੇ 'ਟੈਕਸ ਡਕੈਤੀ' ਵਧ ਰਹੀ ਹੈ ਅਤੇ ਜੇਕਰ ਕਿਤੇ ਚੋਣਾਂ ਹੁੰਦੀਆਂ ਤਾਂ ਇਸ ਤੋਂ ਕੁਝ ਰਾਹਤ ਮਿਲ ਜਾਂਦੀ।

## ਮੋਦੀ ਨੇ ਲੋਕਾਂ ਨੂੰ ਦੁਖੀ ਕਰਨ ਦਾ ਰਿਕਾਰਡ ਬਣਾਇਆ: ਪ੍ਰਿਯੰਕਾ

**ਨਵੀਂ ਦਿੱਲੀ:** ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਅਸਮਾਨੀ ਪੁੱਜੀਆਂ ਤੇਲ ਕੀਮਤਾਂ ਲਈ ਕੇਂਦਰ ਸਰਕਾਰ ਨੂੰ ਨਿਸ਼ਾਨ ਬਣਾਉਂਦਿਆਂ ਕਿਹਾ ਕਿ ਮੋਦੀ ਸਰਕਾਰ ਨੇ ਲੋਕਾਂ ਨੂੰ 'ਦੁੱਖ ਤਕਲੀਫਾਂ ਦੇਣ' ਦਾ ਰਿਕਾਰਡ ਬਣਾ ਲਿਆ ਹੈ। ਕਾਂਗਰਸ ਦੀ ਜਨਰਲ ਸਕੱਤਰ ਨੇ ਇਕ ਟਵੀਟ ਵਿਚ ਮੀਡੀਆ ਰਿਪੋਰਟ ਨੂੰ ਵੀ ਟੈਗ ਕੀਤਾ ਹੈ ਜਿਸ ਵਿਚ ਪੈਟਰੋਲ ਕੀਮਤਾਂ 'ਚ ਇਸ ਸਾਲ ਹੁਣ ਤੱਕ 23.53 ਰੁਪਏ ਪ੍ਰਤੀ ਲਿਟਰ ਦਾ ਵਾਧਾ ਕੀਤੇ ਜਾਣ ਦੀ ਗੱਲ ਆਖੀ ਗਈ ਹੈ।

## ਬਰਤਾਨੀਆ ਵਿਚ ਡੈਲਟਾ ਪਲੱਸ ਰੂਪ ਦੇ ਕੇਸ ਵਧੇ

**ਨਵੀਂ ਦਿੱਲੀ:** ਬਰਤਾਨੀਆ ਤੇ ਇਜ਼ਰਾਈਲ ਵਿਚ ਲਾਗ ਦੇ ਡੈਲਟਾ ਸਰੂਪ ਦੀ ਨਵੀਂ ਕਿਸਮ ਏਵਾਈ.4.2 ਜਿਸ ਨੂੰ ਕੇ 'ਡੈਲਟਾ ਪਲੱਸ' ਵੀ ਕਿਹਾ ਜਾਂਦਾ ਹੈ, ਕਾਰਨ ਕੋਵਿਡ-19 ਦੇ ਕੇਸਾਂ ਵਿਚ ਵਾਧਾ ਦਰਜ ਕੀਤਾ ਗਿਆ ਹੈ। ਬਰਤਾਨੀਆ ਦੀ ਸਿਹਤ ਸੁਰੱਖਿਆ ਏਜੰਸੀ ਬਰਤਾਨੀਆ ਵਿਚ ਲਾਗ ਦੀ ਡੈਲਟਾ ਕਿਸਮ ਵਧੇਰੇ ਪ੍ਰਭਾਵਸ਼ਾਲੀ ਹੈ ਪਰ ਇਸ ਵੇਲੇ ਏਵਾਈ.4.2 ਡੈਲਟਾ ਕਿਸਮ ਰਫਤਾਰ ਫੜ ਰਹੀ ਹੈ।

ਰਿਪੋਰਟ ਮੁਤਾਬਕ ਇਸ ਕਿਸਮ ਵਿਚ ਏ222ਵੀ ਅਤੇ ਵਾਈ145ਐਚ ਦੇ ਰੂਪ ਵੀ ਸ਼ਾਮਲ ਹੋਣ ਕਾਰਨ ਲਾਗ ਦੀ ਵਧਣ-ਫੁੱਲਣ ਦੀ ਸਮਰੱਥਾ ਵਧ ਰਹੀ ਹੈ। ਰਿਪੋਰਟ ਅਨੁਸਾਰ ਹੁਣ ਤੱਕ ਸਾਹਮਣੇ ਆਏ ਕੇਸਾਂ ਵਿਚ ਏਵਾਈ 4.2 ਡੈਲਟਾ ਦਾ ਤਕਰੀਬਨ 6 ਫੀਸਦ ਹਿੱਸਾ ਹੈ ਤੇ ਇਹ ਲਗਾਤਾਰ ਵਧ ਰਿਹਾ ਹੈ। ਉਧਰ, ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ ਡੈਲਟਾ ਦੀ ਇਸ ਕਿਸਮ ਦਾ ਕਿੰਨਾ ਕੁ ਪ੍ਰਭਾਵ ਰਹੇਗਾ, ਦਾ ਪਤਾ ਲਾਉਣ ਲਈ ਟੈਸਟ ਕੀਤੇ ਜਾ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦੇ ਜ਼ਿਆਦਾ ਫੈਲਣ ਦੀ ਸੰਭਾਵਨਾ ਘੱਟ ਹੀ ਹੈ।

# ਭਾਰਤ ਵੱਲੋਂ ਕੌਮਾਂਤਰੀ ਯਾਤਰੀਆਂ ਲਈ ਸੋਧੇ ਹੋਏ ਦਿਸ਼ਾ ਨਿਰਦੇਸ਼ ਜਾਰੀ

**ਨਵੀਂ ਦਿੱਲੀ:** ਭਾਰਤ ਸਰਕਾਰ ਨੇ ਕੌਮਾਂਤਰੀ ਯਾਤਰੀਆਂ ਲਈ ਸੋਧੇ ਹੋਏ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ। ਨਵੀਆਂ ਹਦਾਇਤਾਂ ਮੁਤਾਬਕ, ਜਿਹੜੇ ਯਾਤਰੀਆਂ ਨੂੰ ਟੀਕੇ ਦੀਆਂ ਸਾਰੀਆਂ ਖੁਰਾਕਾਂ ਲੱਗ ਚੁੱਕੀਆਂ ਹਨ ਅਤੇ ਇਕ ਅਜਿਹੇ ਦੇਸ਼ ਤੋਂ ਆਉਂਦੇ ਹਨ, ਜਿਸ ਨਾਲ ਭਾਰਤ ਨੇ ਵਿਸ਼ਵ ਸਿਹਤ ਸੰਸਥਾ (ਡਬਲਯੂ.ਐਚ.ਓ.) ਵੱਲੋਂ ਮਨਜ਼ੂਰਸ਼ੁਦਾ ਕੋਵਿਡ-19 ਟੀਕਿਆਂ ਦੀ ਆਪਸੀ ਮਨਜ਼ੂਰੀ ਲਈ ਪ੍ਰਬੰਧ ਕੀਤਾ ਹੈ, ਨੂੰ ਹਵਾਈ ਅੱਡੇ ਤੋਂ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਅਜਿਹੇ ਯਾਤਰੀਆਂ ਨੂੰ 25 ਅਕਤੂਬਰ ਤੋਂ ਇਕਾਂਤਵਾਸ ਅਤੇ ਜਾਂਚ ਦੀ ਲੋੜ ਨਹੀਂ ਪਵੇਗੀ। ਹਾਲਾਂਕਿ, ਉਨ੍ਹਾਂ ਨੂੰ ਕਰੋਨਾ ਟੈਸਟ ਆਰਟੀ-ਪੀ.ਸੀ.ਆਰ. ਦੀ ਨੈਗੇਟਿਵ ਰਿਪੋਰਟ ਦੇਣੀ ਹੋਵੇਗੀ। ਜੇ ਟੀਕਾਕਰਨ ਨਹੀਂ ਕੀਤਾ ਗਿਆ ਤਾਂ ਯਾਤਰੀਆਂ ਨੂੰ ਅਜਿਹੇ ਪ੍ਰਬੰਧ ਕਰਨੇ ਹੋਣਗੇ, ਜਿਨ੍ਹਾਂ ਵਿਚ ਆਉਣ ਮਗਰੋਂ ਕੋਵਿਡ-19 ਜਾਂਚ ਲਈ ਟੈਸਟ ਦੇਣਾ ਸ਼ਾਮਲ ਹਨ। ਉਨ੍ਹਾਂ ਨੂੰ ਸੱਤ ਦਿਨ ਇਕਾਂਤਵਾਸ ਵਿਚ ਰਹਿਣਾ ਹੋਵੇਗਾ। ਭਾਰਤ ਵਿਚ ਪਹੁੰਚਣ ਦੇ ਅੱਠਵੇਂ ਦਿਨ ਫਿਰ ਜਾਂਚ ਹੋਵੇਗੀ। ਜੇ ਰਿਪੋਰਟ ਨੈਗੇਟਿਵ ਆਉਂਦੀ ਹੈ ਤਾਂ ਉਨ੍ਹਾਂ ਨੂੰ ਅਗਲੇ ਸੱਤ ਦਿਨ ਆਪਣੀ ਸਿਹਤ ਦਾ ਧਿਆਨ ਰੱਖਣਾ ਹੋਵੇਗਾ।

**ਸਿੰਗਾਪੁਰ:** ਸਿੰਗਾਪੁਰ ਸਰਕਾਰ ਨੇ ਭਾਰਤ ਸਣੇ ਦੱਖਣੀ ਏਸ਼ੀਆ ਦੇ ਕੁੱਲ ਛੇ ਦੇਸ਼ਾਂ ਤੋਂ ਟਰੈਵਲ ਪਾਬੰਦੀਆਂ ਹਟਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਦੇਸ਼ਾਂ ਵਿਚ ਬੰਗਲਾਦੇਸ਼, ਭਾਰਤ, ਨੇਪਾਲ, ਪਾਕਿਸਤਾਨ, ਮਿਆਂਮਾਰ ਤੇ ਸ੍ਰੀਲੰਕਾ ਸ਼ਾਮਲ ਹਨ। ਸਿੰਗਾਪੁਰ ਦੇ ਸਿਹਤ ਮੰਤਰਾਲੇ ਨੇ ਦੱਸਿਆ ਕਿ ਇਨ੍ਹਾਂ ਦੇਸ਼ਾਂ ਦੇ ਨਾਗਰਿਕ ਜਾਇਜ਼ ਦਸਤਾਵੇਜ਼ਾਂ ਨਾਲ ਸਿੰਗਾਪੁਰ ਦਾਖਲ ਹੋ ਸਕਣਗੇ। ਇਸੇ ਦੌਰਾਨ ਇਨ੍ਹਾਂ ਨਾਗਰਿਕਾਂ ਨੂੰ ਕਿਸੇ ਨਿਰਧਾਰਤ ਥਾਂ 'ਤੇ 10 ਦਿਨਾਂ ਲਈ ਇਕਾਂਤਵਾਸ ਵਿਚ ਰਹਿਣਾ ਪਏਗਾ। ਮੰਤਰਾਲੇ ਨੇ ਕਿਹਾ ਕਿ ਇਨ੍ਹਾਂ ਦੇਸ਼ਾਂ ਦਾ ਕੋਵਿਡ-19 ਸਬੰਧੀ ਸਥਿਤੀ ਦਾ ਮੁਲਾਂਕਣ ਕੀਤਾ ਗਿਆ ਹੈ ਤੇ ਇਨ੍ਹਾਂ ਦੇਸ਼ਾਂ ਵਿਚ ਕਰੋਨਾ ਦੀ ਸਥਿਤੀ ਕੰਟਰੋਲ ਹੇਠ ਹੈ।

## ਆਸਟਰੇਲੀਆ ਸਰਕਾਰ ਵੱਲੋਂ ਕੌਮਾਂਤਰੀ ਹੱਦਾਂ ਖੋਲ੍ਹਣ ਦਾ ਐਲਾਨ

**ਬ੍ਰਿਸਬੇਨ:** ਆਸਟਰੇਲੀਅਨ ਫੈਡਰਲ ਸਰਕਾਰ ਨੇ ਨਵੰਬਰ ਤੋਂ ਆਸਟਰੇਲੀਅਨ ਨਾਗਰਿਕਾਂ, ਸਥਾਈ ਵਸਨੀਕਾਂ, ਨਿਊਜ਼ੀਲੈਂਡ ਨਾਗਰਿਕਾਂ ਅਤੇ ਉਨ੍ਹਾਂ ਦੇ ਯੋਗ ਮਾਪਿਆਂ ਲਈ, ਜੋ ਕੋਵਿਡ-19 ਟੀਕਿਆਂ ਦੀਆਂ ਦੋਨੋਂ ਖੁਰਾਕਾਂ ਲਵਾ ਚੁੱਕੇ ਹਨ, ਲਈ ਆਪਣੀਆਂ ਕੌਮਾਂਤਰੀ ਸਰਹੱਦਾਂ ਖੋਲ੍ਹਣ ਦਾ ਐਲਾਨ ਕੀਤਾ ਹੈ ਪਰ 'ਆਜ਼ਾਦੀ ਦੇ ਰੋਡਮੈਪ' ਵਿਚ ਪਿਛਲੇ 18 ਮਹੀਨਿਆਂ ਤੋਂ ਸਰਕਾਰ ਤੋਂ ਚੰਗੀ ਉਮੀਦ ਲਾਈ ਬੈਠੇ ਅਸਥਾਈ ਵੀਜ਼ਾ ਧਾਰਕਾਂ, ਵਰਕ ਵੀਜ਼ਾ ਧਾਰਕਾਂ, ਕੌਮਾਂਤਰੀ ਵਿਦਿਆਰਥੀਆਂ ਅਤੇ ਸੈਲਾਨੀਆਂ ਬਾਰੇ ਫਿਲਹਾਲ ਕੋਈ ਅਹਿਮ ਐਲਾਨ ਨਹੀਂ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਮਾਰਚ 2020 ਵਿਚ ਆਸਟਰੇਲੀਆ ਨੇ ਗੈਰ-ਨਾਗਰਿਕਾਂ ਲਈ ਆਪਣੀਆਂ ਸਰਹੱਦਾਂ ਬੰਦ ਕਰ ਦਿੱਤੀਆਂ ਸਨ ਅਤੇ ਨਾਗਰਿਕਾਂ ਨੂੰ ਸਰਕਾਰੀ ਇਜਾਜ਼ਤ ਤੋਂ ਬਿਨਾਂ ਦੇਸ ਛੱਡਣ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ।

ਪੰਜਾਬ ਟਾਈਮਜ਼

ਸਨਿਚਰਵਾਰ, 30 ਅਕਤੂਬਰ 2021

# ਕਿਸਾਨ ਅੰਦੋਲਨ ਅਤੇ ਸਿਆਸਤ

ਪਿਛਲੇ ਗਿਆਰਾਂ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ‘ਤੇ ਕਿਸਾਨ ਅੰਦੋਲਨ ਚੱਲ ਰਿਹਾ ਹੈ। ਇਸ ਸਮੇਂ ਦੌਰਾਨ ਅਤੇ ਇਸ ਤੋਂ ਪਹਿਲਾਂ ਸਰਗਰਮੀ ਜਦੋਂ ਅਜੇ ਪੰਜਾਬ ਵਿਚ ਹੀ ਚੱਲ ਰਹੀ ਸੀ, ਇਸ ਅੰਦੋਲਨ ਨੇ ਬਹੁਤ ਉਤਰਾਅ-ਚੜ੍ਹਾਅ ਦੇਖੇ ਹਨ। ਇਹ ਸੱਚਮੁੱਚ ਅਜ਼ਮਾਇਸ਼ ਦੀਆਂ ਘੜੀਆਂ ਸਨ ਅਤੇ ਹੁਣ ਵੀ ਇਸ ਕਿਸਾਨ ਅੰਦੋਲਨ ਨੂੰ ਲਗਾਤਾਰ ਅਜ਼ਮਾਇਸ਼ ਵਿਚੋਂ ਲੰਘਣਾ ਪੈ ਰਿਹਾ ਹੈ। ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਸਰਪ੍ਰਸਤ, ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀ ਅਗਵਾਈ ਹੇਠ ਚੱਲ ਰਹੀ ਕੇਂਦਰ ਸਰਕਾਰ ਨੇ ਹਰ ਸੰਭਵ ਕੋਸ਼ਿਸ਼ ਕੀਤੀ ਕਿ ਕਿਸੇ ਨਾ ਕਿਸੇ ਢੰਗ-ਤਰੀਕੇ ਨਾਲ ਇਸ ਅੰਦੋਲਨ ਨੂੰ ਲੀਹ ਤੋਂ ਲਾਹਿਆ ਜਾਵੇ। ਇਸ ਅੰਦੋਲਨ ਨੂੰ ਬਦਨਾਮ ਕਰਨ ਅਤੇ ਆਮ ਲੋਕਾਂ ਨੂੰ ਇਸ ਅੰਦੋਲਨ ਖਿਲਾਫ ਭੜਕਾਉਣ ਲਈ ਹਰ ਹਰਬਾ ਵਰਤਿਆ ਗਿਆ। ਇਹ ਢੰਗ-ਤਰੀਕਾ ਅੱਜ ਵੀ ਓਨੇ ਹੀ ਜ਼ੋਰ-ਸ਼ੋਰ ਨਾਲ ਵਰਤਿਆ ਜਾ ਰਿਹਾ ਹੈ। ਸਰਕਾਰ ਨੇ ਪਹਿਲਾਂ-ਪਹਿਲ ਕਿਸਾਨ ਜਥੇਬੰਦੀਆਂ ਨੇ ਗੱਲਬਾਤ ਚਲਾਈ। ਇਸ ਗੱਲਬਾਤ ਦੇ ਗਿਆਰਾਂ ਗੇੜ ਚੱਲੇ ਅਤੇ ਹਰ ਗੇੜ ਦੌਰਾਨ ਕਿਸਾਨਾਂ ਨੇ ਮੀਟਿੰਗਾਂ ਵਿਚ ਸ਼ਾਮਿਲ ਹੋ ਰਹੇ ਮੰਤਰੀਆਂ ਅਤੇ ਅਫਸਰਾਂ ਨੂੰ ਲਾਜਵਾਬ ਕੀਤਾ। ਵਿਵਾਦ ਵਾਲੇ ਤਿੰਨਾਂ ਖੇਤੀ ਕਾਨੂੰਨਾਂ ਦੀ ਇਕੱਲੀ-ਇਕੱਲੀ ਮਦ ਬਾਰੇ ਵਿਚਾਰ ਕਰਕੇ ਇਨ੍ਹਾਂ ਦੀਆਂ ਖਾਮੀਆਂ ਗਿਣਾਈਆਂ। ਸਭ ਤੋਂ ਵੱਡੀ ਗੱਲ, ਕਿਸਾਨ ਲੀਡਰਸ਼ਿਪ ਨੇ ਵਿਧੀਵਤ ਢੰਗ ਨਾਲ ਇਹ ਸਾਬਤ ਕੀਤਾ ਕਿ ਭਾਰਤ ਦੇ ਸੰਵਿਧਾਨ ਮੁਤਾਬਿਕ, ਖੇਤੀਬਾੜੀ ਰਾਜਾਂ ਦਾ ਵਿਸ਼ਾ ਹੈ, ਕੇਂਦਰ ਸਰਕਾਰ ਦਾ ਹੱਕ ਹੀ ਨਹੀਂ ਹੈ ਕਿ ਇਹ ਖੇਤੀ ਬਾਰੇ ਕਾਨੂੰਨ ਬਣਾਵੇ। ਦੋਹਾਂ ਧਿਰਾਂ ਵਿਚਕਾਰ ਆਖਰੀ ਮੁਲਾਕਾਤ 22 ਜਨਵਰੀ ਨੂੰ ਹੋਈ ਸੀ। ਫਿਰ ਮੋਦੀ ਸਰਕਾਰ ਨੇ 26 ਜਨਵਰੀ ਵਾਲੀਆਂ ਘਟਨਾਵਾਂ ਦਾ ਬਹਾਨਾ ਬਣਾ ਕੇ ਗੱਲਬਾਤ ਤੋਂ ਪੈਰ ਪਿਛਾਂਹ ਖਿੱਚ ਲਏ ਅਤੇ ਹੁਣ ਤੱਕ ਗੱਲਬਾਤ ਵਾਲੇ ਪਾਸੇ ਕੋਈ ਮੋੜ ਨਹੀਂ ਕੱਟਿਆ ਹੈ।

ਪਿਛਲੇ ਗਿਆਰਾਂ ਮਹੀਨਿਆਂ ਦੌਰਾਨ ਹਾਲਾਤ ਕਾਫੀ ਬਦਲ ਚੁੱਕੇ ਹਨ। ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਜਿਸ ਤਰ੍ਹਾਂ ਪੂਰੇ ਮੁਲਕ ਵਿਚ ਆਪਣੀ ਨਫਰਤ ਵਾਲੀ ਸਿਆਸਤ ਦੇ ਢੋਲ ਵਜਾ ਰਹੇ ਸਨ, ਉਸ ਢੋਲ ਦੀ ਆਵਾਜ਼ ਇਸ ਕਿਸਾਨ ਅੰਦੋਲਨ ਨੇ ਬਹੁਤ ਧੀਮੀ ਕਰ ਦਿੱਤੀ ਹੈ। ਘੱਟ ਗਿਣਤੀਆਂ ਨੂੰ ਜਿਵੇਂ ਸ਼ਰੇਆਮ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਉਸ ਨੂੰ ਠੱਲ੍ਹ ਪੈ ਗਈ ਹੈ। ਅਜਿਹੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਅਤੇ ਤੱਥ ਹਨ ਜਿਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਕਿਸਾਨ ਅੰਦੋਲਨ ਨੇ ਮੁਲਕ ਦੀ ਸਿਆਸਤ ਨੂੰ ਮੋੜਾ ਦੇਣ ਵਿਚ ਬਹੁਤ ਵੱਡਾ ਰੋਲ ਨਿਭਾਇਆ ਹੈ। ਮੁਲਕ ਭਰ ਵਿਚ ਆਮ ਲੋਕਾਂ ਦੀ ਚੇਤਨਾ ਦਾ ਪੱਧਰ ਉਚਾ ਉਠਿਆ ਹੈ। ਮੁਲਕ ਦੇ ਮੌਜੂਦਾ ਵਿਕਾਸ ਮਾਡਲ ਉਤੇ ਬੜੇ ਤਿੱਖੇ ਸਵਾਲ ਖੜ੍ਹੇ ਹੋਏ ਹਨ। ਕਾਰਪੋਰੇਟ ਨੀਤੀਆਂ ਦਾ ਖੁਲਾਸਾ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਇਸ ਵਿਕਾਸ ਦੇ ਤੋੜ ਬਾਰੇ ਵਿਚਾਰਾਂ ਅਜੇ ਉਸ ਰੂਪ ਵਿਚ ਸਾਹਮਣੇ ਨਹੀਂ ਆਈਆਂ ਹਨ ਜਿਸ ਰੂਪ ਵਿਚ ਇਹ ਹੁਣ ਤੱਕ ਆ ਜਾਣੀਆਂ ਚਾਹੀਦੀਆਂ ਹਨ। ਇਸ ਦਾ ਭਾਵ ਇਹ ਹੈ ਕਿ ਕਿਸਾਨਾਂ ਦੀ ਲੜਾਈ ਦਾ ਇਕ ਪੜਾਅ ਨਵੇਂ ਖੇਤੀ ਕਾਨੂੰਨ ਰੱਦ ਕਰਵਾਉਣਾ ਹੈ ਪਰ ਇਸ ਤੋਂ ਬਾਅਦ ਵਿਕਾਸ ਦਾ ਰਾਹ ਕੀ ਹੋਵੇ, ਇਸ ਬਾਰੇ ਵਿਚਾਰਾਂ ਅਜੇ ਹੋਣੀਆਂ ਹਨ। ਅਸਲ ਵਿਚ ਇਹੀ ਉਹ ਸਿਆਸੀ ਪਿੜ ਹੋਵੇਗਾ ਜੋ ਆਉਣ ਵਾਲੇ ਸਮੇਂ ਵਿਚ ਸਿਆਸੀ ਅੰਦੋਲਨਾਂ ਦੇ ਦੇ ਨੈਣ-ਨਕਸ਼ ਘੜੇਗਾ। ਇਸ ਪੜਾਅ ਨੇ ਅਜੇ ਸ਼ੁਰੂ ਹੋਣਾ ਹੈ। ਫਿਲਹਾਲ ਤਾਂ ਸਾਰੀ ਚਰਚਾ ਚੋਣਾਂ ਦੁਆਲੇ ਕੇਂਦਰਤ ਹੋ ਰਹੀ ਹੈ। ਅਗਲੇ ਸਾਲ ਉਤਰ ਪ੍ਰਦੇਸ਼ ਤੇ ਪੰਜਾਬ ਸਮੇਤ ਕੁਝ ਰਾਜਾਂ ਅੰਦਰ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਕਿਸਾਨ ਅੰਦੋਲਨ ਇਨ੍ਹਾਂ ਚੋਣਾਂ ਵਿਚ ਕੀ ਭੂਮਿਕਾ ਨਿਭਾਏਗਾ, ਇਸ ਬਾਰੇ ਗਹਿ-ਗੱਚ ਚਰਚਾਵਾਂ ਚੱਲ ਰਹੀਆਂ ਹਨ।

ਕਿਸਾਨ ਅੰਦੋਲਨ ਨੇ ਬਿਨਾ ਸ਼ੱਕ ਪੰਜਾਬ ਦੀ ਸਿਆਸਤ ਵਿਚ ਆਪਣਾ ਰੰਗ ਦਿਖਾਇਆ ਹੈ। ਹਰ ਸਿਆਸੀ ਧਿਰ ਨੂੰ ਕਿਸਾਨ ਅੰਦੋਲਨ ਨੂੰ ਧਿਆਨ ਵਿਚ ਰੱਖ ਕੇ ਫੈਸਲੇ ਕਰਨੇ ਪੈ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਜੋ ਮੁੱਢ ਵਿਚ ਖੇਤੀ ਕਾਨੂੰਨਾਂ ਦੇ ਹੱਕ ਵਿਚ ਸੀ, ਨੇ ਕਿਸਾਨ ਅੰਦੋਲਨ ਦੇ ਜ਼ੋਰ ਹੇਠ ਆਪਣਾ ਪੈਂਤੜਾ ਹੀ ਨਹੀਂ ਬਦਲਿਆ ਸਗੋਂ ਇਸ ਨੂੰ ਪਹਿਲਾਂ ਕੇਂਦਰੀ ਵਜ਼ਾਰਤ ਅਤੇ ਫਿਰ ਐਨ.ਡੀ.ਏ. ਵਿਚੋਂ ਵੀ ਬਾਹਰ ਆਉਣਾ ਪਿਆ। ਆਮ ਆਦਮੀ ਪਾਰਟੀ ਦੀਆਂ ਸਰਗਰਮੀਆਂ ਵਿਚ ਵੀ ਕਿਸਾਨ ਅੰਦੋਲਨ ਦਾ ਖਾਸ ਖਿਆਲ ਰੱਖਿਆ ਜਾਂਦਾ ਰਿਹਾ ਹੈ। ਕਾਂਗਰਸ ਨੇ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪਹਿਲਾਂ ਤਾਂ ਕਿਸਾਨ ਜਥੇਬੰਦੀਆਂ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ ਪਰ ਜਿਉਂ-ਜਿਉਂ ਕਿਸਾਨ ਅੰਦੋਲਨ ਜ਼ੋਰ ਫੜਦਾ ਗਿਆ, ਇਸ ਪਾਰਟੀ ਕੋਲ ਵੀ ਕਿਸਾਨਾਂ ਨਾਲ ਚੱਲਣ ਤੋਂ ਸਿਵਾ ਹੋਰ ਕੋਈ ਚਾਰਾ ਬਾਕੀ ਨਹੀਂ ਬਚਿਆ। ਮਗਰੋਂ ਆ ਕੇ ਪਾਰਟੀ ਅੰਦਰ ਅੰਦਰੂਨੀ ਕਲੇਸ਼ ਬਹੁਤ ਜ਼ਿਆਦਾ ਵਧ ਗਿਆ ਅਤੇ ਰਾਜ ਦੀ ਕਮਾਨ ਵੀ ਕੈਪਟਨ ਦੀ ਥਾਂ ਚਰਨਜੀਤ ਸਿੰਘ ਚੰਨੀ ਕੋਲ ਆ ਗਈ ਪਰ ਕਿਸਾਨੀ ਦੇ ਮੁੱਦੇ ‘ਤੇ ਅੱਜ ਵੀ ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਅੰਦੋਣ ਮੁਤਾਬਿਕ ਚੱਲਣਾ ਪੈ ਰਿਹਾ ਹੈ। ਇਸੇ ਕਰਕੇ ਹੁਣ ਇਹ ਕਿਆਸਆਰਾਈਆਂ ਹਨ ਕਿ ਪੰਜਾਬ ਦੀ ਸਿਆਸਤ ਉਤੇ ਕਿਸਾਨ ਅੰਦੋਲਨ ਕਿਸ ਰੁਖ ਅਸਰਅੰਦਾਜ਼ ਹੋਵੇਗਾ। ਇਸ ਪ੍ਰਸੰਗ ਵਿਚ ਸਭ ਦੀਆਂ ਨਜ਼ਰਾਂ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ‘ਤੇ ਹਨ। ਸਿਆਸੀ ਧਿਰਾਂ ਇਸ ਸਬੰਧੀ ਜੋੜ-ਤੋੜ ਵਿਚ ਮਸਰੂਫ ਹਨ ਅਤੇ ਸਭ ਦਾ ਅੱਡੀ-ਚੋਟੀ ਦਾ ਜ਼ੋਰ ਲੱਗਿਆ ਹੋਇਆ ਹੈ। ਉਂਜ, ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਚੋਣਾਂ ਲੜਨਾ ਅਤੇ ਜਿੱਤਣਾ ਬਿਲਕੁਲ ਵੱਖਰਾ ਮਸਲਾ ਹੈ। ਇਸ ਨਾਲ ਕਿਸਾਨ ਅੰਦੋਲਨ ਦੀ ਸਰਗਰਮੀ ਦਾ ਕੋਈ ਸਿੱਧਾ ਸਬੰਧ ਨਹੀਂ ਹੈ ਪਰ ਅੰਦੋਲਨ ਦਾ ਅਸਰ ਤਾਂ ਸਿਆਸਤ ਉਤੇ ਬਾਕਾਇਦਾ ਪੈ ਰਿਹਾ ਹੈ। ਇਥੋਂ ਤੱਕ ਕਿ ਕਿਸਾਨ ਆਗੂਆਂ ਨੇ ਤਾਂ ਸਿਆਸੀ ਸਰਗਰਮੀ ਵੀ ਇਕ ਢੰਗ ਨਾਲ ਕੰਟਰੋਲ ਕੀਤੀਆਂ ਹੋਈਆਂ ਹਨ। ਇਸ ਸੂਰਤ ਵਿਚ ਵੱਡਾ ਸਵਾਲ ਇਹ ਹੈ ਕਿ ਇਨ੍ਹਾਂ ਚੋਣਾਂ ਵਿਚ ਕਿਸਾਨ ਕਿਸ ਦੇ ਹੱਕ ਵਿਚ ਭੁਗਤਣਗੇ। ਇਹ ਸਾਰਾ ਕੁਝ ਤਾਂ ਅਜੇ ਭਵਿੱਖ ਵਿਚ ਪਿਆ ਹੈ ਪਰ ਪੰਜਾਬ ਦੀ ਸਿਆਸਤ ਵਿਚ ਸਿਫਤੀ ਤਬਦੀਲੀ ਦੀਆਂ ਵੱਡੀਆਂ ਸੰਭਾਵਨਾਵਾਂ ਬਣ ਰਹੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹਾਲ-ਏ-ਫੇਸਬੁੱਕ!

ਜਾਣਦੇ ਭਵਿੱਖ ਦੀਆਂ ਸਾਰੇ ‘ਵਿਦਵਾਨ’ ਇੱਥੇ, ਨਿਵਦੇ ਨਾ ਆਪ ਕਹਿੰਦੇ ਦੂਜੇ ਜਾਣ ਝੁਕ ਜੀ।
‘ਹਾਂ ਦੇ ਵਿਚ ਹਾਂ’ ਜੇ ਮਿਲਾਈ ਜਾਵੇ ਦੋਸਤੀ ਐ, ਹੋਵੇ ‘ਵਖਰੇਵਾਂ’ ਤਾਂ ‘ਸਬੰਧ’ ਜਾਂਦੇ ਮੁੱਕ ਜੀ।
ਛੋਟਾ-ਵੱਡਾ ਦੇਖਦੇ ਨ੍ਹੀਂ ਮਾਰੀ ਜਾਂਦੇ ਠਾਹ ਸੋਟੇ, ਹਰ ਇੱਕ ਵਿਸ਼ੇ ਨੂੰ ਝੱਟ ਪਾ ਲੈਂਦੇ ‘ਹੁੱਕ’ ਜੀ।
ਰਾਇ ਕੋਈ ਲਿਖੋ ਜਾਂ ਹਸੌਣੀ ਹੱਡ-ਬੀਤੀ ਕੋਈ, ਰੋਜ ਹੀ ਦਿਖਾਉਂਦੇ ਕਈ ਆਪਣੀ ਹੀ ‘ਲੁੱਕ’ ਜੀ।
ਮੰਦਾ-ਚੰਗਾ ਲਿਖੇ ਅਤੇ ਧੱਕਲੀਆਂ ਮਾਰਦਾ ਜੋ, ਕਰਕੇ ‘ਬਲੌਕ’ ਉਹਨੂੰ ਗੁੱਸਾ ਦੇਈਏ ਥੁੱਕ ਜੀ।
ਫੇਸਬੁੱਕ ਬਣੀ ਏਂ ਵਿਚਾਰਾਂ ਦੇ ਵਟਾਂਦਰੇ ਲਈ, ਆਪਾਂ ਨੇ ਬਣਾ ਕੇ ਰੱਖ’ਤੀ ‘ਕਲੇਸ਼-ਬੁੱਕ’ ਜੀ!

# ਕਿਸਾਨ ਅੰਦੋਲਨ ਵਿਚ ਮੁੜ ਵੰਡੀਆਂ ਪਾਉਣ ਦੀ ਕੋਸ਼ਿਸ਼

*ਕਿਸਾਨ ਮੋਰਚੇ ਨੇ ਹਮੇਸ਼ਾ ਕਿਹਾ ਹੈ ਕਿ ਜਿਸ ਵੀ ਕਿਸੇ ਨੂੰ ਅੰਦੋਲਨ ਦੇ ਤੌਰ ਤਰੀਕਿਆਂ ਜਾਂ ਫੈਸਲੇ ਕਰਨ ਦੀ ਪ੍ਰਕਿਰਿਆ ਬਾਰੇ ਸਹਿਮਤੀ ਨਾ ਹੋਵੇ, ਉਹ ਆਪਣਾ ਅਲੱਗ ਮੰਚ ਲਗਾ ਕੇ ਆਪਣੇ ਤਰੀਕੇ ਦਾ ਅੰਦੋਲਨ ਚਲਾ ਸਕਦਾ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਅੰਦੋਲਨ ਬੈਠਾ ਹੀ ਤਾਂ ਹੈ, ਕਿਉਂਕਿ ਉਥੇ ਨਿਹੰਗ ਸਿੰਘ ਹਨ। ਇਸ ਤੋਂ ਪਹਿਲਾਂ ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਅੰਦੋਲਨ ਤਾਂ ਚੱਲ ਹੀ ਤਾਂ ਰਿਹਾ ਹੈ ਕਿਉਂਕਿ ਉਥੇ ਕੁਝ ਨੌਜਵਾਨ ਆਗੂ ਤੇ ਕਲਾਕਾਰ ਹਨ। ਇਹ ਠੀਕ ਹੈ ਕਿ ਮੋਰਚੇ ਵਿਚ ਕਲਾਕਾਰਾਂ, ਨੌਜਵਾਨਾਂ ਅਤੇ ਹੋਰ ਸਭ ਲੋਕਾਂ ਦਾ ਯੋਗਦਾਨ ਹੈ ਪਰ ਸਚਾਈ ਇਹ ਹੈ ਕਿ ਇਹ ਅੰਦੋਲਨ ਕਿਸੇ ਜਾਤ, ਧਰਮ ਜਾਂ ਖਿੱਤੇ ਦਾ ਨਹੀਂ ਬਲਕਿ ਕਿਸਾਨਾਂ-ਮਜ਼ਦੂਰਾਂ ਦਾ ਅੰਦੋਲਨ ਹੈ।*

ਸ੍ਰੀ ਗੁਰੂ ਨਾਨਕ ਜੀ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਤੋਂ ਪ੍ਰੇਰਿਤ ਕਿਸਾਨ ਅੰਦੋਲਨ ਦੇ ਸਬਰ, ਸੰਤੋਖ ਅਤੇ ਸੰਜਮ ਨੇ ਨਵਾਂ ਇਤਿਹਾਸ ਸਿਰਜਿਆ ਹੈ। ਗਿਆਰਾਂ ਮਹੀਨਿਆਂ ਤੋਂ ਦਿੱਲੀ ਦੀਆਂ ਬਰੂਹਾਂ ਉਤੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਲੱਗੇ ਅੰਦੋਲਨ ਦਾ ਕੇਂਦਰ ਸਰਕਾਰ ਨੂੰ ਕੋਈ ਤੋੜ ਨਜ਼ਰ ਨਹੀਂ ਆ ਰਿਹਾ। ਇਸ ਅੰਦੋਲਨ ਨੇ ਸ਼ੁਰੂ ਤੋਂ ਹੀ ਨਵੀਆਂ ਪਿਰਤਾਂ



ਹਮੀਰ ਸਿੰਘ
ਫੋਨ: +91-82888-35707

ਪਾਈਆਂ ਹਨ। ਪੰਜਾਬ ਦੀਆਂ ਵੰਨ-ਸਵੰਨੇ ਪਿਛੋਕੜ ਅਤੇ ਵਿਚਾਰਧਾਰਾ ਆਧਾਰਿਤ 32 ਜਥੇਬੰਦੀਆਂ ਇਕਜੁੱਟ ਹੋ ਗਈਆਂ। ਪੰਜਾਬ ਅਤੇ ਹਰਿਆਣਾ ਦਰਮਿਆਨ ਤਮਾਮ ਵਖਰੇਵੇਂ ਇਕ ਪਾਸੇ ਰੱਖ ਕੇ ਭਾਈਚਾਰਕ ਸਾਂਝ ਬਣਨਾ ਸਾਧਾਰਨ ਗੱਲ ਨਹੀਂ। ਪਿੰਡਾਂ ਦੀਆਂ ਸਿਆਸੀ ਧੜੇਬੰਦੀਆਂ ਆਪਸੀ ਭਾਈਚਾਰੇ ਵਿਚ ਤਬਦੀਲ ਹੁੰਦੀਆਂ ਦਿਸਣ ਲੱਗੀਆਂ। ਦਿੱਲੀ ਦੀਆਂ ਬਰੂਹਾਂ ‘ਤੇ ਕੇਸਰੀ ਨਿਸ਼ਾਨ ਸਾਹਿਬ, ਹਰੇ, ਲਾਲ, ਬਸੰਤੀ ਸਮੇਤ ਅਨੇਕ ਤਰ੍ਹਾਂ ਦੇ ਝੰਡਿਆਂ ਦਾ ਦ੍ਰਿਸ਼ ਕ੍ਰਿਸ਼ਮੇ ਵਰਗਾ ਮਾਹੌਲ ਸਿਰਜ ਰਿਹਾ ਹੈ। ਇਸ ਦਾ ਅਸਰ ਦੇਸ਼-ਵਿਦੇਸ਼ ਤੱਕ ਫੈਲਿਆ। ਇਸ ਸਭ ਤੋਂ ਘਬਰਾਈਆਂ ਕਿਸਾਨ ਵਿਰੋਧੀ ਤਾਕਤਾਂ ਨੂੰ ਅੰਦੋਲਨ ਦਾ ਕੋਈ ਤੋੜ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਦਾ ਇਰਾਦਾ ਇਹ ਹੈ ਕਿ ਅੰਦੋਲਨ ਅੰਦਰ ਕਿਸੇ ਵੀ ਤਰੀਕੇ ਫੁੱਟ ਪਾਈ ਜਾਵੇ ਅਤੇ ਅੰਦੋਲਨਕਾਰੀਆਂ ਥਕਾ ਦਿੱਤੇ ਜਾਣ।

ਦਿੱਲੀ ਵੱਲ ਜਾਣ ਵਾਲੇ ਦਿਨ 26 ਨਵੰਬਰ 2020 ਨੂੰ ਪੁਲਿਸ ਨੇ ਖਾਈਆਂ ਪੁੱਟੀਆਂ, ਖੰਦਕਾਂ ਖੜ੍ਹੀਆਂ ਕੀਤੀਆਂ, ਭਾਰੀ ਪੱਥਰ, ਜਲ ਤੋਪਾਂ ਅਤੇ ਹੰਝੂ ਗੈਸ ਦੇ ਗੋਲਿਆਂ ਨਾਲ ਨਾਲ ਸਵਾਗਤ ਕੀਤਾ ਪਰ ਇਹ ਸਭ ਕੁਝ ਕਿਸਾਨਾਂ ਦੇ ਸਮੂਹਿਕ ਜੋਸ਼ ਅਤੇ ਪ੍ਰਤੀਬੱਧਤਾ ਸਾਹਮਣੇ ਖੜ੍ਹਾ ਨਹੀਂ ਰਹਿ ਸਕਿਆ। ਇਸ ਪਿੱਛੋਂ ਅੰਦੋਲਨ ਨੂੰ ਖਾਲਿਸਤਾਨੀ, ਮਾਓਵਾਦੀ, ਸ਼ਹਿਰੀ ਨਕਸਲੀ, ਪਾਕਿਸਤਾਨ ਤੇ ਚੀਨ ਤੋਂ ਹਮਾਇਤ ਪ੍ਰਾਪਤ ਆਦਿ ਲਕਬ ਦੇਣ ਦੀ ਅਸਫਲ ਕੋਸ਼ਿਸ਼ ਕੀਤੀ। ਦਿੱਲੀ ਸਥਿਤ ਮੀਡੀਆ ਦੇ ਵੱਡੇ ਹਿੱਸੇ ਨੇ ਧੁਤੂ ਬਣ ਕੇ ਕੇਂਦਰ ਸਰਕਾਰ ਦਾ ਪ੍ਰਵਚਨ ਪ੍ਰਚਾਰਨ ਦਾ ਕੰਮ ਕੀਤਾ। ਬਿਨਾ ਸ਼ੱਕ ਪੰਜਾਬੀ ਮੀਡੀਆ ਨੇ ਅੰਦੋਲਨ ਦੇ ਪੱਖ ਉਭਾਰਨ ਵਿਚ ਮਦਦ ਕੀਤੀ। ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਅਤੇ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉਤੇ ਖਰੀਦ ਦੀ ਗਰੰਟੀ ਦੀਆਂ ਮੰਗਾਂ ਤੋਂ ਸ਼ੁਰੂ ਹੋਇਆ ਅੰਦੋਲਨ ਦੇਸ-ਦੁਨੀਆ ਵਿਚ ਵੱਸੇ ਪੰਜਾਬੀਆਂ ਲਈ ਹੀ ਉਮੀਦ ਦੀ ਕਿਰਨ ਨਹੀਂ ਬਲਕਿ ਦੁਨੀਆ ਦੇ ਮੰਨੇ-ਪ੍ਰਮੰਨੇ ਵਿਦਵਾਨ ਨੋਮ ਚੌਮਸਕੀ ਨੇ ਇਸ ਨੂੰ ਸੰਸਾਰ ਭਰ ਲਈ ਰੋਸ਼ਨੀ ਦੇ ਮੁਨਾਰੇ ਵਜੋਂ ਪਰਿਭਾਸ਼ਤ ਕੀਤਾ।

ਇਸ ਦਾ ਕਾਰਨ ਇਹ ਸੀ ਕਿ ਅੰਦੋਲਨ ਨੇ ਖੇਤੀ ਅਤੇ ਹੋਰ ਸਮੱਸਿਆਵਾਂ ਦੇ ਹੱਲ ਲਈ ਕਾਰਪੋਰੇਟ ਵਿਕਾਸ ਮਾਡਲ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ। ਇਸ ਨੇ ਸਿਆਸੀ ਪੱਖ ਤੋਂ ਮੁਲਕ ਅੰਦਰ ਪੈਦਾ ਹੋ ਰਹੇ ਕੇਂਦਰੀਕਰਨ ਦੇ ਮਾਹੌਲ ਖਿਲਾਫ ਫੈਡਰਲਿਜ਼ਮ ਦੀ ਵਕਾਲਤ ਕੀਤੀ, ਕਿਉਂਕਿ ਖੇਤੀ ਰਾਜਾਂ ਦਾ ਵਿਸ਼ਾ ਹੋਣ ਕਰ ਕੇ ਕੇਂਦਰ ਸਰਕਾਰ ਖੇਤੀ ਕਾਨੂੰਨ ਬਣਾ ਨਹੀਂ ਸਕਦੀ।

ਇਸ ਅੰਦੋਲਨ ਦੇ ਦਿੱਲੀ ਜਾਣ ਤੋਂ ਪਹਿਲਾਂ ਹੀ ਇਕ ਧਿਰ ਨੇ ਸ਼ੰਭੂ ਵਿਖੇ ਮੋਰਚਾ ਲਾ ਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਕਿ ਕਿਸਾਨ ਆਗੂ ਤਾਂ ਕੇਵਲ ਆਰਥਿਕ ਮੰਗਾਂ ਉਤੇ ਲੜ ਰਹੇ ਹਨ; ਸਿਆਸਤ ਵਿਚ ਤਬਦੀਲੀ ਤੋਂ ਬਿਨਾ



ਸਮੱਸਿਆਵਾਂ ਹੱਲ ਨਹੀਂ ਹੋਣਗੀਆਂ ਪਰ ਪੰਜਾਬ ਦੇ ਲੋਕ ਇਸ ਅੰਦੋਲਨ ਦੀ ਧਾਰਾ ਤੋਂ ਉਲਟ ਵਾਲਿਆਂ ਵੱਲ ਪਿੱਠ ਕਰ ਕੇ ਖੜ੍ਹੇ ਦਿਖਾਈ ਦਿੱਤੇ। ਕੇਂਦਰ ਸਰਕਾਰ ਕਿਸੇ ਤਰ੍ਹਾਂ ਵੀ ਅੰਦੋਲਨ ਵਿਚ ਫੁੱਟ ਪਾਉਣ ਲਈ ਕਾਮਯਾਬ ਨਹੀਂ ਹੋਈ ਪਰ ਅੰਦਰੋਂ ਹੀ ਦੋ ਬਿਰਤਾਂਤ ਸਿਰਜ ਕੇ ਕਈ ਵਿਅਕਤੀਆਂ ਨੇ ਅਣਜਾਣੇ ਵਿਚ ਕਿਸਾਨ ਵਿਰੋਧੀ ਤਾਕਤਾਂ ਦਾ ਪੱਖ ਪੂਰਨ ਦਾ ਕੰਮ ਹੀ ਕੀਤਾ। ਇਸ ਅੰਦੋਲਨ ਨੂੰ ਖੱਬੇ ਪੱਖੀ ਬਨਾਮ ਪੰਥਕ ਅਤੇ ਬਜ਼ੁਰਗ ਜਾਂ ਕਿਸਾਨ ਜਥੇਬੰਦੀਆਂ ਬਨਾਮ ਨੌਜਵਾਨ ਦੇ ਤੌਰ ਤੇ ਪੇਸ਼ ਕਰਨ ਦੀ ਮੁਹਿੰਮ ਲੰਮਾ ਸਮਾਂ ਚਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ। ਸ਼ਾਂਤਮਈ ਅੰਦੋਲਨ ਨੂੰ ਅੰਦੋਲਨ ਦੀ ਕਮਜ਼ੋਰੀ ਕਹਿ ਕੇ ਭੰਡਣ ਦੀ ਕੋਸ਼ਿਸ਼ ਕੀਤੀ। ਧਾਰਮਿਕ ਧਿਰਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਨ ਵਾਲਿਆਂ ਨੇ ਕਿਸੇ ਨਾ ਕਿਸੇ ਤਰੀਕੇ ਜੈਤੋ ਦਾ ਮੋਰਚਾ, ਪੰਜਾ ਸਾਹਿਬ, ਨਨਕਾਣਾ ਸਾਹਿਬ ਆਦਿ ਅਕਾਲੀ ਮੋਰਚਿਆਂ ਦੇ ਸ਼ਾਂਤਮਈ ਅਤੇ ਅਥਾਹ ਕੁਰਬਾਨੀਆਂ ਦੇ ਇਤਿਹਾਸ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖਿਆ। ਕਿਸਾਨਾਂ ਉਤੇ ਸਖਤ ਐਕਸ਼ਨ ਦੇਣ ਦਾ ਦਬਾਅ ਬਣਾਇਆ ਜਾਂਦਾ ਰਿਹਾ।

26 ਜਨਵਰੀ 2021 ਦੇ ਦਿੱਲੀ ਵਿਖੇ ਟਰੈਕਟਰ ਮਾਰਚ ਦੌਰਾਨ ਹੋਏ ਆਪ-ਮੁਹਾਰੇਪਣ ਨੇ ਕੇਂਦਰ ਸਰਕਾਰ ਅਤੇ ਗੋਦੀ ਮੀਡੀਆ ਨੂੰ ਕਿਸਾਨ ਵਿਰੋਧੀ ਬਿਰਤਾਂਤ ਬਣਾਉਣ ਦਾ ਮੌਕਾ ਦਿੱਤਾ। ਅੰਦੋਲਨ ਤੋਂ ਵੱਡੀ ਉਮੀਦ ਰੱਖਣ ਵਾਲੇ ਸਾਰੇ ਲੋਕਾਂ ਅੰਦਰ ਇਕ ਵਾਰ ਤਾਂ ਨਿਰਾਸ਼ਾ ਦਾ ਆਲਮ ਪੈਦਾ ਹੋ ਗਿਆ ਪਰ ਰਾਕੇਸ਼ ਟਿਕੈਤ ਦੇ ਹੰਝੂਆਂ ਵਾਲੀ ਰਾਤ ਨੇ ਅੰਦੋਲਨ ਨੂੰ ਮੁੜ ਪੈਰੀਂ ਕਰ ਦਿੱਤਾ।

ਹੁਣ ਮੁੜ ਕਾਮਰੇਡ ਬਨਾਮ ਪੰਥਕ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਹੋ ਰਹੀ ਹੈ। ਖਾਸ ਤੌਰ ’ਤੇ ਸਿੰਘੂ ਬਾਰਡਰ ਉਤੇ ਲਖਬੀਰ ਸਿੰਘ ਦੇ ਕਤਲ ਦੀ ਇਕ ਵਰਗ ਵੱਲੋਂ ਵਾਹ-ਵਾਹ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਨਾਨਕ ਨੇ ਹੀ ਰਾਹ ਦੱਸਿਆ ਹੈ ਕਿ ‘ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥’ ਹੁਣ ਮੁੱਖ ਪ੍ਰਸ਼ਨ ਇਹ ਹੈ: ਕੀ ਇਸ ਘਟਨਾ ਨਾਲ ਲਖੀਮਪੁਰ ਖੀਰੀ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਵਿਜੈ ਮਿਸ਼ਰਾ ਦੀਆਂ ਗੱਡੀਆਂ ਹੇਠ ਦਰਦਨਾਕ ਤਰੀਕੇ ਨਾਲ ਦਰੜੇ ਕਿਸਾਨਾਂ ਤੇ ਪੱਤਰਕਾਰ ਅਤੇ ਤਿੰਨ ਭਾਜਪਾ ਕਾਰਕੁਨਾਂ ਦੀਆਂ ਗਈਆਂ ਜਾਨਾਂ ਤੋਂ ਬਾਅਦ ਬੁਰੀ ਫਸੀ ਕੇਂਦਰ ਸਰਕਾਰ ਨੂੰ ਰਾਹਤ ਨਹੀਂ ਮਿਲੀ? ਕੀ ਕਿਸਾਨ ਮੋਰਚੇ ਨੂੰ ਬਦਨਾਮ ਕਰਨ ਲਈ ਸਰਕਾਰ ਅਤੇ ਗੋਦੀ ਮੀਡੀਆ ਨੂੰ ਨਵਾਂ ਮੁੱਦਾ ਨਹੀਂ ਮਿਲਿਆ? ਬੇਅਦਬੀ ਦੀਆਂ ਘਿਨਾਉਣੀਆਂ ਵਾਰਦਾਤਾਂ 2015 ਤੋਂ ਲਗਾਤਾਰ ਹੋ ਰਹੀਆਂ ਹਨ। ਬਰਗਾੜੀ ਅਤੇ ਕੋਟਕਪੂਰਾ ਦੀਆਂ ਘਟਨਾਵਾਂ ਤੋਂ ਪਿੱਛੋਂ ਪੰਜਾਬੀਆਂ, ਖਾਸਕਰ ਸਿੱਖਾਂ ਅੰਦਰਲਾ ਦਰਦ ਸੜਕਾਂ ਉਤੇ ਲਗਾਤਾਰ ਜਾਪ ਕਰਨ ਦੇ ਰੂਪ ਵਿਚ ਸਾਹਮਣੇ ਆਇਆ ਸੀ। ਲੋਕਾਂ ਦੇ ਇਹ ਅਥਾਹ ਦਰਦ ਅਤੇ ਜਜ਼ਬਾ ਆਗੂ ਵਿਹੂਣਾ ਰਿਹਾ। ਇਸੇ ਕਰਕੇ ਚੱਬੇ ਵਿਚ ਹੋਇਆ ਸਰਬੱਤ ਖਾਲਸਾ ਬੇਅਦਬੀ ਤੋਂ ਵੱਧ ਮੁਤਵਾਜ਼ੀ ਜਥੇਦਾਰਾਂ ਦੀ ਨਿਯੁਕਤੀ ਜਾਂ ਹੋਰ ਮਤਿਆਂ ਤੱਕ ਸੀਮਤ ਹੋ ਗਿਆ। ਇੰਨੇ ਵੱਡੇ ਅੰਦੋਲਨ ਦੇ ਅਸਫਲ ਰਹਿਣ ਦੀ ਪੜਚੋਲ ਅੱਜ ਤੱਕ ਕਿਉਂ ਨਹੀਂ ਕੀਤੀ ਗਈ? ਆਪਣੇ ਆਪ ਨੂੰ ਸਿਆਣਪ ਦੇ ਮੁਜੱਸਮੇ ਵਜੋਂ ਪੇਸ਼ ਕਰਨ ਵਾਲੇ ਆਗੂ ਅਸਫਲ ਕਿਉਂ ਰਹੇ?

ਇਨਸਾਫ ਲਈ ਜੋ ਹੋਰ ਮੋਰਚੇ ਲੱਗੇ, ਉਹ ਮੰਜ਼ਿਲ ਤੱਕ ਕਿਉਂ ਨਹੀਂ ਪਹੁੰਚੇ? ਉਨ੍ਹਾਂ ਲਈ ਅਜਿਹੇ ਸੱਜਣ ਹੀ ਆਗੂ ਦੀ ਭੂਮਿਕਾ ਨਿਭਾ ਸਕਦੇ ਸਨ। ਕੀ ਸਿੰਘੂ ਹੱਦ ਤੇ ਵਾਪਰੀ ਘਟਨਾ ਨਾਲ ਸਿੱਖਾਂ ਬਾਰੇ ਦੁਨੀਆ ਪੱਧਰ ਉਤੇ ਇਨਸਾਫ ਪਸੰਦੀ ਦੇ ਅਕਸ ਵਿਚ ਵਾਧਾ ਹੋਇਆ ਹੈ? ਦਿੱਲੀ ਵਿਚ ਬੈਠੇ ਇਕ ਨਿਹੰਗ ਸਿੰਘ ਆਗੂ ਅਤੇ ਇਕ ਕੇਂਦਰੀ ਮੰਤਰੀ ਨਾਲ ਮੀਟਿੰਗ ਤੇ ਖਾਣੇ ਦੀਆਂ ਤਸਵੀਰਾਂ ਜਵਾਬ ਨਹੀਂ ਮੰਗਦੀਆਂ? ਨਾਲ ਹੀ ਅਪਰਾਧਿਕ ਪਿਛੋਕੜ ਵਾਲੇ ਪੁਲਿਸ ਨਾਲ ਸੰਬੰਧਤ ਸ਼ਖਸ ਦੀ ਮੌਜੂਦਗੀ ਹੈਰਾਨ ਕਰ ਦੇਣ ਵਾਲੀ ਹੈ। ਜੇ ਉਹ ਕਿਸਾਨ ਅੰਦੋਲਨ ਬਾਰੇ ਗੱਲ ਕਰਨ ਗਏ ਸਨ ਤਾਂ ਕਿਸ ਹੈਸੀਅਤ ਵਿਚ ਗਏ? ਕੀ ਉਹ ਮੋਰਚੇ ਦੀ ਅਗਵਾਈ ਕਰ ਰਹੇ ਹਨ/ਸਨ? ਇਸ ਤੋਂ ਪਹਿਲਾਂ ਵੀ ਇਕ ਧਾਰਮਿਕ ਆਗੂ ਦੀ ਕੇਂਦਰੀ ਖੇਤੀ ਮੰਤਰੀ ਨਾਲ ਫੋਟੋ ਸਾਹਮਣੇ ਆਈ ਸੀ ਤਾਂ ਉਨ੍ਹਾਂ ਉਤੇ ਗਾਲ੍ਹਾਂ ਦੀ ਵਾਛੜ ਕੀਤੀ ਗਈ ਸੀ। ਪ੍ਰਸ਼ਨ ਇਹ ਹੈ ਕਿ ਹੁਣ ਨਿਹੰਗ ਆਗੂ ਨੂੰ ਵਿਸ਼ੇਸ਼ ਰਿਆਇਤ ਦੇਣ ਦੀ ਕੋਈ ਹੋਰ ਵਜ੍ਹਾ ਹੈ।

ਅਸਲ ਵਿਚ ਕਿਸਾਨ ਮੋਰਚੇ ਨਾਲ ਪੰਜਾਬੀਆਂ, ਖਾਸ ਤੌਰ ਉਤੇ ਸਿੱਖਾਂ ਦਾ ਮਾਨ ਸਨਮਾਨ ਮੁਲਕ ਅਤੇ ਦੁਨੀਆ ਵਿਚ ਉਚਾ ਹੋਇਆ ਹੈ। ਇਹ ਮੁੜ ਸਾਬਿਤ ਹੋਇਆ ਹੈ ਕਿ ਇਨ੍ਹਾਂ ਦੀ ਵਿਰਾਸਤ ਲੰਮੀਆਂ ਲੜਾਈਆਂ ਲੜਨ ਅਤੇ ਲੜਾਈਆਂ ਵਿਚ ਉਚੇ ਇਖਲਾਕ ਦਾ ਪ੍ਰਗਟਾਵਾ ਕਰਨ ਵਾਲੀ ਹੈ। ਮੌਜੂਦਾ ਬਾਜ਼ਾਰਵਾਦੀ ਮਾਹੌਲ ਵਿਚ ਸਿੱਖ ਭਾਈਚਾਰਾ ਵੀ ਧਾਰਮਿਕ, ਸਿਆਸੀ ਅਤੇ ਸੱਭਿਆਚਾਰਕ ਖੇਤਰ ਵਿਚ ਰੋਲ ਮਾਡਲਾਂ ਦੀ ਤਲਾਸ਼ ਕਰਦਾ ਰਿਹਾ ਹੈ। ਕਿਸਾਨ ਅੰਦੋਲਨ ਨੂੰ ਦੇਖਦਿਆਂ ਲੋਕ ਅਕਾਲੀ ਮੋਰਚਿਆਂ ਦੇ ਇਤਿਹਾਸ ਨੂੰ ਮੁੜ ਪੜ੍ਹਨ ਲੱਗੇ ਹਨ ਅਤੇ ਇਸ ਦੀਆਂ ਤੰਦਾਂ ਗੁਰਦੁਆਰਾ ਸੁਧਾਰ ਲਹਿਰ ਦੇ ਮਹਾਨ ਮੋਰਚਿਆਂ ਨਾਲ ਜੋੜ ਰਹੇ ਹਨ। ਇਹ ਇਸ ਕਰਕੇ ਹੈ ਕਿ ਲੱਖਾਂ ਦੀ ਤਾਦਾਦ ਵਿਚ ਬੈਠੇ ਅੰਦੋਲਨਕਾਰੀਆਂ ਅਤੇ ਸਮੁੱਚੇ ਲੋਕਾਂ ਨੇ ਸ਼ਾਂਤਮਈ ਰਹਿਣ, ਲੰਗਰ ਦਾ ਪ੍ਰਬੰਧ ਕਰਨ ਅਤੇ ਦਿੱਲੀ ਦੇ ਆਲੇ ਦੁਆਲੇ ਲੋਕਾਂ ਨੂੰ ਵੀ ਆਪਣੇ ਕਿਰਦਾਰ ਤੇ ਕਾਰਗੁਜ਼ਾਰੀ ਕਰਕੇ ਪ੍ਰਭਾਵਿਤ ਕੀਤਾ ਹੈ।

ਕਿਸਾਨ ਮੋਰਚੇ ਨੇ ਹਮੇਸ਼ਾ ਕਿਹਾ ਹੈ ਕਿ ਜਿਸ ਵੀ ਕਿਸੇ ਨੂੰ ਅੰਦੋਲਨ ਦੇ ਤੌਰ ਤਰੀਕਿਆਂ ਜਾਂ ਫੈਸਲੇ ਲੈਣ ਦੀ ਪ੍ਰਕਿਰਿਆ ਬਾਰੇ ਸਹਿਮਤੀ ਨਾ ਹੋਵੇ, ਉਹ ਆਪਣਾ ਅਲੱਗ ਮੰਚ ਲਗਾ ਕੇ

(ਬਾਕੀ ਅਗਲੇ ਸਫੇ ‘ਤੇ)

*ਭੀਮਾ ਕੋਰੇਗਾਓਂ ਕੇਸ ਵਿਚ ਜੇਲ੍ਹ 'ਚ ਡੱਕੇ ਲੋਕ-ਹੱਕਾਂ ਦੇ ਕਾਰਕੁਨ ਅਤੇ ਉਘੇ ਪੱਤਰਕਾਰ ਗੌਤਮ ਨਵਲਖਾ ਉਪਰ ਸਖਤੀ ਹੋਰ ਵਧਾ ਦਿੱਤੀ ਗਈ ਹੈ। ਇਹ ਸਾਹਮਣੇ ਆਇਆ ਹੈ ਕਿ ਉਨ੍ਹਾਂ ਨੂੰ ਜੇਲ੍ਹ ਦੇ ਆਮ ਵਾਰਡ ਵਿਚੋਂ ਬਦਲ ਕੇ ਹੁਣ 'ਆਂਡਾ ਸੈੱਲ' ਵਿਚ ਬੰਦ ਕੀਤਾ ਗਿਆ ਹੈ ਜਿਥੇ ਖੁੱਲ੍ਹੀ ਹਵਾ ਵਿਚ ਸਾਹ ਲੈਣ ਦੀ ਗੁੰਜਾਇਸ਼ ਖਤਮ ਹੋ ਗਈ ਹੈ। ਇਸ ਦੌਰਾਨ ਉਨ੍ਹਾਂ ਦੀ ਸਿਹਤ ਲਗਾਤਾਰ ਵਿਗੜ ਰਹੀ ਹੈ। ਸੱਤਾ ਦੇ ਅਜਿਹੇ ਜ਼ੁਲਮਾਂ ਕਾਰਨ ਜੇਲ੍ਹ ਵਿਚ ਇਕ ਹੋਰ ਕਾਰਕੁਨ ਪਾਦਰੀ ਸਟੇਨ ਸਵਾਮੀ ਦੀ ਮੌਤ ਹੋ ਚੁੱਕੀ ਹੈ। ਗੌਤਮ ਨਵਲਖਾ ਤੋਂ ਆਪਣੀ ਜੀਵਨ ਸਾਥਣ ਸਬਾ ਹੁਸੈਨ ਨਾਲ ਫੋਨ 'ਤੇ ਹੁੰਦੀ ਗੱਲਬਾਤ ਦੀ ਸਹੂਲਤ ਵੀ ਖੋਹ ਲਈ ਗਈ ਹੈ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਗੌਤਮ ਨਵਲਖਾ ਪ੍ਰਤੀ ਸਰਕਾਰ ਦਾ ਰਵੱਈਆ ਕਿੰਨਾ ਬੇਕਿਰਕ, ਅਣਮਨੁੱਖੀ ਅਤੇ ਪੱਖਪਾਤੀ ਹੈ। ਸਬਾ ਹੁਸੈਨ ਨੇ ਇਸ ਸਬੰਧੀ ਪੱਤਰ ਲਿਖ ਕੇ ਇਹ ਮਾਮਲਾ ਕੁਲ ਦੁਨੀਆ ਦੇ ਧਿਆਨ 'ਚ ਲਿਆਂਦਾ ਹੈ। ਇਸ ਤੋਂ ਇਲਾਵਾ ਕੈਨੇਡਾ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਇਸ ਬਾਰੇ ਆਵਾਜ਼ ਬੁਲੰਦ ਕੀਤੀ ਹੈ। ਇਨ੍ਹਾਂ ਦੋਹਾਂ ਲਿਖਤਾਂ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।*

# ਕੀ ਦੁਨੀਆ ਸਿੱਖ ਕਤਲੇਆਮ ਬਾਰੇ ਪਹਿਲੀ ਪ੍ਰਮਾਣਿਕ ਰਿਪੋਰਟ ਬਣਾਉਣ ਵਾਲੇ ਵੱਲ ਧਿਆਨ ਦੇਵੇਗੀ?

**ਗੁਰਪ੍ਰੀਤ ਸਿੰਘ**
**ਅਨੁਵਾਦ: ਬੂਟਾ ਸਿੰਘ**


ਅਸੀਂ ਨਵੰਬਰ ਦੇ ਪਹਿਲੇ ਹਫਤੇ ਵੱਲ ਵਧ ਰਹੇ ਹਾਂ, ਜਦੋਂ ਸਿੱਖ ਕਤਲੇਆਮ ਹੋਏ ਨੂੰ 37 ਸਾਲ ਹੋ ਜਾਣਗੇ, ਤਾਂ ਜਿਨ੍ਹਾਂ ਵਿਦਵਾਨਾਂ ਨੇ ਇਸ ਦੁਖਾਂਤ ਦੀ ਤਸਵੀਰ ਦਸਤਾਵੇਜ਼ੀ ਰੂਪ ਵਿਚ ਪੇਸ਼ ਕੀਤੀ, ਉਹ ਭਾਰਤੀ ਜੇਲ੍ਹ ਵਿਚੋਂ ਆਪਣੀ ਰਿਹਾਈ ਲਈ ਸੰਘਰਸ਼ ਕਰ ਰਿਹਾ ਹੈ।

ਗੌਤਮ ਨਵਲਖਾ ਜਿਸ ਨੂੰ ਅਪਰੈਲ 2020 ਵਿਚ ਹੋਰ ਮੁੱਖ ਵਿਦਵਾਨਾਂ ਅਤੇ ਸਮਾਜਕ ਨਿਆਂ ਨੂੰ ਸਮਰਪਿਤ ਕਾਰਕੁਨਾਂ ਨਾਲ ਝੂਠੇ ਦੋਸ਼ਾਂ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਇਸ ਵਕਤ ਮੁੰਬਈ ਨੇੜੇ ਤਲੋਜਾ ਜੇਲ੍ਹ ਵਿਚ ਬੰਦ ਹੈ। ਉਸ ਦਾ ਗੁਨਾਹ ਸਿਰਫ ਇਹ ਹੈ ਕਿ ਉਸ ਨੇ ਸੱਤਾ 'ਤੇ ਸਵਾਲ ਉਠਾਉਣ ਦੀ ਹਿੰਮਤ ਕੀਤੀ ਸੀ ਅਤੇ ਉਹ ਹਮੇਸ਼ਾ ਘੱਟ ਗਿਣਤੀਆਂ ਤੇ ਮਜ਼ਲੂਮਾਂ ਲਈ ਖੜ੍ਹਦਾ ਸੀ।


ਸਿਹਤ ਸਮੱਸਿਆਵਾਂ ਅਤੇ ਜੇਲ੍ਹਾਂ ਵਿਚ ਮਹਾਮਾਰੀ ਦੇ ਖਤਰੇ ਦੇ ਬਾਵਜੂਦ, ਉਸ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਸ ਨੂੰ ਅਦਾਲਤਾਂ ਤੋਂ ਵੀ ਕੋਈ ਰਾਹਤ ਨਹੀਂ ਮਿਲੀ ਹੈ।

ਗੌਤਮ ਨਵਲਖਾ ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ (ਪੀ.ਯੂ.ਡੀ.ਆਰ.) ਨਾਲ ਜੁੜੇ ਹੋਏ ਹਨ ਜਿਸ ਨੇ 1984 ਵਿਚ ਸਿੱਖਾਂ ਦੇ ਕਤਲੇਆਮ ਤੋਂ ਤੁਰੰਤ ਬਾਅਦ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਨਾਲ ਮਿਲ ਕੇ ਸਿੱਖ ਕਤਲੇਆਮ ਬਾਰੇ ਬਹੁਤ ਅਹਿਮ ਰਿਪੋਰਟ ਪ੍ਰਕਾਸ਼ਤ ਕੀਤੀ ਸੀ।

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਅੰਗ ਰੱਖਿਅਕਾਂ ਵੱਲੋਂ ਕਤਲ ਤੋਂ ਬਾਅਦ ਸਿਆਸੀ ਗੁੰਡਿਆਂ ਨੇ ਪੂਰੇ ਭਾਰਤ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਸੀ। 'ਹੂ ਆਰ ਦਿ ਗਿਲਟੀ' (ਦੋਸ਼ੀ ਕੌਣ?) ਸ਼ਾਇਦ ਪਹਿਲੀ ਪ੍ਰਮਾਣਿਕ ਫੀਲਡ ਰਿਪੋਰਟ ਸੀ ਜਿਸ ਵਿਚ ਸਿੱਖ ਵਿਰੋਧੀ ਹਿੰਸਾ ਵਿਚ ਭਾਰਤੀ ਸਟੇਟ ਦੀ ਸ਼ਮੂਲੀਅਤ ਦਾ ਖੁਲਾਸਾ ਹੋਇਆ ਸੀ।




*ਸਿੱਖ ਕਤਲੇਆਮ ਬਾਰੇ ਛਪਵਾਈ ਰਿਪੋਰਟ 'ਹੂ ਆਰ ਦਿ ਗਿਲਟੀ'*



*ਗੌਤਮ ਨਵਲਖਾ*

ਗੌਤਮ ਨਵਲਖਾ ਜੋ ਪੱਤਰਕਾਰ ਅਤੇ ਲੇਖਕ ਹਨ, ਸਿੱਖ ਕਤਲੇਆਮ 'ਚ ਸ਼ਾਮਿਲ ਬਾਰਸੂਖ ਸਿਆਸੀ ਹਸਤੀਆਂ ਦੇ ਨਾਮ ਸਾਹਮਣੇ ਲਿਆਉਣ ਦੀ ਆਪਣੀ ਪੁਜ਼ੀਸ਼ਨ 'ਤੇ ਸਦਾ ਅਡੋਲ ਰਹੇ, ਭਾਵੇਂ ਦੂਜਿਆਂ ਨੇ ਇਸ ਬਾਰੇ ਸੰਕੋਚ ਦਾ ਪ੍ਰਗਟਾਵਾ ਕੀਤਾ ਸੀ। ਉਹ ਹਮੇਸ਼ਾ ਇਹ ਕਹਿੰਦੇ ਰਹੇ ਹਨ ਕਿ ਹਾਲਾਂਕਿ ਇਹ ਉਸ ਵਕਤ ਦੀ ਖੁਦ ਨੂੰ ਧਰਮ ਨਿਰਪੱਖ ਕਾਂਗਰਸ ਸਰਕਾਰ ਸੀ ਜੋ ਕਤਲੇਆਮ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਸੀ ਪਰ ਮੌਜੂਦਾ ਸੱਤਾਧਾਰੀ ਹਿੰਦੂ ਰਾਸ਼ਟਰਵਾਦੀ ਭਾਜਪਾ ਦੇ ਮੈਂਬਰਾਂ ਨੇ ਇਕ ਖਾਸ ਘੱਟਗਿਣਤੀ ਸਮੂਹ ਨੂੰ ਹਿੰਸਾ ਦਾ ਨਿਸ਼ਾਨਾ ਬਣਾਏ ਜਾਣ ਸਮੇਂ ਜੋ ਚੁੱਪ ਵੱਟੀ ਜਾਂ ਸਿੱਧੀ ਹਮਾਇਤ ਕੀਤੀ, ਉਸ ਕਾਰਨ ਉਨ੍ਹਾਂ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਜ਼ਿਕਰਯੋਗ ਹੈ ਕਿ ਇਸ ਕਤਲੇਆਮ ਤੋਂ ਬਾਅਦ ਕਾਂਗਰਸ ਨੇ ਹਿੰਦੂ ਬਹੁਗਿਣਤੀ ਦੀ ਪਾਲਾਬੰਦੀ ਅਤੇ ਸਿੱਖ ਵਿਰੋਧੀ ਲਹਿਰ 'ਤੇ ਸਵਾਰ ਹੋ ਕੇ ਭਾਰੀ ਬਹੁਮਤ ਨਾਲ ਆਮ ਚੋਣਾਂ ਜਿੱਤੀਆਂ ਸਨ। ਭਾਜਪਾ ਦਾ ਉਦੋਂ ਚੋਣ ਹਾਰਨਾ ਦੱਸਦਾ ਹੈ ਕਿ ਕਿਵੇਂ ਇਸ ਦਾ ਵੋਟ ਸ਼ੇਅਰ ਲਹੂ ਨਾਲ ਲਿੱਬੜੇ ਹੱਥਾਂ ਵਾਲੀ ਕਾਂਗਰਸ ਦੇ ਹੱਕ 'ਚ ਭੁਗਤ ਗਿਆ ਸੀ। ਇਸ ਤਰ੍ਹਾਂ ਕਤਲੇਆਮਾਂ ਲਈ ਸਜ਼ਾ ਤੋਂ ਛੋਟ ਦਾ ਦੌਰ ਸ਼ੁਰੂ ਹੋ ਗਿਆ ਸੀ।

ਗੱਲ ਉਥੇ ਹੀ ਖਤਮ ਨਹੀਂ ਹੋਈ। ਗੌਤਮ ਨਵਲਖਾ ਕਈ ਸਾਲਾਂ ਤੋਂ ਇਕ ਖਾਸ ਤਰ੍ਹਾਂ ਦੇ ਨਮੂਨੇ ਦਾ ਪਰਦਾਫਾਸ਼ ਕਰਦੇ ਆ ਰਹੇ ਹਨ ਜੋ ਭਾਰਤ ਵਿਚ ਬਿਗਾਨੇਪਣ 'ਚ ਧੱਕੀਆਂ ਘੱਟਗਿਣਤੀਆਂ ਦੇ ਵਰਤਾਰੇ ਪਿੱਛੇ ਕੰਮ ਕਰਦਾ ਹੈ ਅਤੇ ਉਹ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਨੂੰ ਇਹ ਯਾਦ ਦਿਵਾਉਣ ਵਿਚ ਕਦੇ ਅਸਫਲ ਨਹੀਂ ਹੋਏ ਕਿ ਕਿਵੇਂ ਕਤਲੇਆਮ 1984 ਨੇ ਇਸ ਦੀ ਲੀਹ ਪਾਈ ਸੀ। 2002 ਵਿਚ ਗੁਜਰਾਤ ਵਿਚ ਭਾਜਪਾ ਦੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਨਿਗਰਾਨੀ ਹੇਠ ਮੁਸਲਮਾਨਾਂ ਵਿਰੁੱਧ ਐਸੀ ਹੀ ਹਿੰਸਾ ਦੇਖੀ ਗਈ ਜਿਸ ਦੇ 2014 'ਚ ਪ੍ਰਧਾਨ ਮੰਤਰੀ ਵਜੋਂ ਸੱਤਾ ਵਿਚ ਆਉਣ ਨੂੰ ਸਿੱਖ ਕਤਲੇਆਮ ਦੇ ਵਿਸ਼ਲੇਸ਼ਣ ਦੁਆਰਾ ਹੀ ਸਮਝਿਆ ਜਾ ਸਕਦਾ ਹੈ। ਨਵਲਖਾ ਲਗਾਤਾਰ ਛਪਦੇ ਰਹਿਣ ਵਾਲੇ ਲੇਖਕ ਹਨ ਅਤੇ ਉਹ 'ਨਿਊਜ਼ਕਲਿਕ' ਅਤੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਲਈ ਨਿਸ਼ਾਨੇ 'ਤੇ ਚੋਟ ਲਾਉਣ ਵਾਲੇ ਪ੍ਰਭਾਵਸ਼ਾਲੀ ਕਾਲਮਾਂ ਲਿਖਦੇ ਰਹੇ ਹਨ। ਹਿੰਦੂ ਸਰਬੋਤਮ ਹੋਣ ਦੇ ਹੰਕਾਰ ਵਿਚ ਗ੍ਰਸੀ ਸਰਕਾਰ ਦੇ ਅਧੀਨ ਹੁਣ ਧਾਰਮਿਕ ਘੱਟਗਿਣਤੀਆਂ ਅਤੇ ਰਾਜਨੀਤਿਕ ਤੌਰ 'ਤੇ ਅਸੰਤੁਸ਼ਟ ਲੋਕਾਂ ਉੱਪਰ ਹਮਲੇ ਵਧੇ ਹਨ।

ਨਵਲਖਾ ਮੁਸਲਮਾਨਾਂ ਅਤੇ ਦਲਿਤਾਂ ਅਤੇ ਆਦਿਵਾਸੀਆਂ ਵਰਗੇ ਹਾਸ਼ੀਏ 'ਤੇ ਧੱਕੇ ਸਮੂਹ ਨੂੰ ਦਬਾਏ ਜਾਣ ਵਿਰੁੱਧ ਆਵਾਜ਼ ਉਠਾਉਂਦੇ ਆ ਰਹੇ ਹੋਣ ਕਾਰਨ ਉਨ੍ਹਾਂ ਨੂੰ ਭਾਜਪਾ ਹਮਾਇਤੀਆਂ ਦੇ ਹਮਲਿਆਂ ਅਤੇ ਹਮਲਾਵਰ ਪ੍ਰਤੀਕਰਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਮੀਦ ਹੈ ਕਿ ਕੈਨੇਡੀਅਨ ਸਿਆਸਤਦਾਨ, ਖਾਸ ਕਰਕੇ ਸਿੱਖ ਵਿਰਸੇ ਵਾਲੇ ਲੋਕ ਜੋ 1984 ਨੂੰ ਯਾਦ ਕਰਨਾ ਨਹੀਂ ਭੁੱਲਦੇ, ਇਸ ਮਾਮਲੇ ਵੱਲ ਧਿਆਨ ਦੇਣਗੇ ਅਤੇ ਦੁਨੀਆ ਦੇ ਅਖੌਤੀ ਸਭ ਤੋਂ ਵੱਡੇ ਲੋਕਤੰਤਰ ਵੱਲੋਂ ਜੇਲ੍ਹਾਂ 'ਚ ਡੱਕੇ ਗਏ ਗੌਤਮ ਨਵਲਖਾ ਅਤੇ ਹੋਰ ਵਿਦਵਾਨਾਂ ਦੀ ਰਿਹਾਈ ਲਈ ਆਵਾਜ਼ ਉਠਾਉਣਗੇ।

# ਗੌਤਮ ਨਵਲਖਾ ਦੀ ਜੀਵਨ ਸਾਥਣ ਸਬਾ ਹੁਸੈਨ ਦੀ ਅਪੀਲ

ਗੌਤਮ ਨਵਲਖਾ ਜਿਨ੍ਹਾਂ ਦੀ ਉਮਰ 70 ਸਾਲ ਦੇ ਕਰੀਬ ਹੈ, ਭੀਮਾ ਕੋਰੇਗਾਓਂ ਕੇਸ 'ਚ ਗ੍ਰਿਫਤਾਰ ਕੀਤੀਆਂ ਸ਼ਖਸੀਅਤਾਂ ਵਿਚੋਂ ਸਭ ਤੋਂ ਵੱਡੀ ਉਮਰ ਵਾਲਿਆਂ ਵਿਚੋਂ ਇਕ ਹਨ ਜਿਸ ਨੂੰ 12 ਅਕਤੂਬਰ, 2021 ਨੂੰ ਜੇਲ੍ਹ ਦੀ ਬੈਰਕ ਤੋਂ 'ਆਂਡਾ ਸਰਕਲ' (ਉਚ ਸੁਰੱਖਿਆ ਵਾਰਡ) ਵਿਚ ਭੇਜ ਦਿੱਤਾ ਗਿਆ ਹੈ।



*ਸਬਾ ਹੁਸੈਨ*

ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਮੈਨੂੰ ਅਤੇ ਆਪਣੇ ਵਕੀਲਾਂ ਨੂੰ ਕੀਤੀਆਂ ਜਾਂਦੀਆਂ ਫੋਨ ਕਾਲਾਂ ਜੋ ਬਾਹਰੀ ਦੁਨੀਆ ਨਾਲ ਉਸ ਦੀ ਲਾਈਫਲਾਈਨ ਹਨ, ਇਸ ਬਹਾਨੇ ਬੰਦ ਕਰ ਦਿੱਤੀਆਂ ਗਈਆਂ ਹਨ ਕਿ ਜੇਲ੍ਹ ਵਿਚ ਆਹਮੋ-ਸਾਹਮਣੇ ਮੁਲਾਕਾਤਾਂ ਹੁਣ ਮੁੜ ਸ਼ੁਰੂ ਹੋ ਗਈਆਂ ਹਨ।

ਮੈਂ, ਉਸ ਦੀ ਜੀਵਨ ਸਾਥੀ, ਸਬਾ ਹੁਸੈਨ, 70 ਸਾਲ ਤੋਂ ਵੱਧ ਉਮਰ ਦੀ ਹਾਂ ਅਤੇ ਮੈਂ ਦਿੱਲੀ ਵਿਚ ਰਹਿੰਦੀ ਹਾਂ। ਦਿੱਤੇ ਜਾਂਦੇ 10 ਮਿੰਟਾਂ ਲਈ ਨਵੀਂ ਮੁੰਬਈ ਦੀ ਤਲੋਜਾ ਜੇਲ੍ਹ ਜਾ ਕੇ ਉਨ੍ਹਾਂ ਨਾਲ ਮੁਲਾਕਾਤ ਕਰਨਾ ਮੇਰੇ ਲਈ ਮੁਸ਼ਕਿਲ ਹੈ। ਗੌਤਮ ਦਾ ਮੇਰੇ ਨਾਲ ਸੰਪਰਕ ਸਿਰਫ ਉਨ੍ਹਾਂ ਦੋ ਕਾਲਾਂ ਜ਼ਰੀਏ ਹੁੰਦਾ ਹੈ ਜਿਸ ਨੂੰ ਉਸ ਨੂੰ ਹਰ ਹਫਤੇ ਕਰਨ ਦੀ ਆਗਿਆ ਦਿੱਤੀ ਜਾਂਦੀ ਸੀ ਜਿਸ ਨਾਲ ਮੈਂ ਦਵਾਈਆਂ ਅਤੇ ਕਿਤਾਬਾਂ ਵਗੈਰਾ ਸਮੇਤ ਲੋੜੀਂਦਾ ਸਮਾਨ ਉਸ ਨੂੰ ਭੇਜ ਦਿੰਦੀ ਸੀ। ਫੋਨ ਕਾਲਾਂ ਬੰਦ ਕਰ ਦੇਣ ਨਾਲ, ਇਸ ਸਭ ਕਾਸੇ ਲਈ ਹੁਣ ਉਨ੍ਹਾਂ ਚਿੱਠੀਆਂ 'ਤੇ ਨਿਰਭਰ ਰਹਿਣਾ ਪਵੇਗਾ ਜੋ ਮੇਰੇ ਤੱਕ ਪਹੁੰਚਣ ਲਈ ਘੱਟੋ-ਘੱਟ ਦੋ ਹਫਤੇ ਲੱਗਦੇ ਹਨ।

ਮੈਨੂੰ ਫੋਨ ਕਾਲਾਂ ਤੋਂ ਇਲਾਵਾ, ਫੋਨ ਰਾਹੀਂ ਵਕੀਲਾਂ ਤੱਕ ਨਿਯਮਤ ਪਹੁੰਚ ਸੁਣਵਾਈ ਅਧੀਨ ਕੈਦੀਆਂ ਲਈ ਜ਼ਰੂਰੀ ਸਹੂਲਤ ਹੈ।

ਕਿਸੇ ਵਿਚਾਰ-ਅਧੀਨ ਕੈਦੀ ਨੂੰ ਕਾਨੂੰਨੀ ਸਲਾਹ ਅਤੇ ਮਦਦ ਜਾਂ ਪਰਿਵਾਰ ਨਾਲ ਸੰਪਰਕ ਕਰਨ ਦੇ ਇਸ ਕਾਰਗਰ ਅਤੇ ਕਾਰਜਕੁਸ਼ਲ ਤਰੀਕੇ ਤੋਂ ਵਿਰਵਾ ਕਰਨਾ ਬੇਇਨਸਾਫੀ ਦੀ ਇੰਤਹਾ ਹੈ।

ਆਪਣੇ ਪਰਿਵਾਰ ਅਤੇ ਵਕੀਲਾਂ ਨੂੰ ਫੋਨ ਕਰਨ ਦੀ ਸਹੂਲਤ ਵਾਪਸ ਲੈ ਲਏ ਜਾਣ ਨਾਲ ਗੌਤਮ ਨਵਲਖਾ ਦੀ ਨਾਜ਼ੁਕ ਸਿਹਤ ਅਤੇ ਤੰਦਰੁਸਤੀ ਲਈ ਖਤਰਾ ਹੋਰ ਵਧ ਜਾਵੇਗਾ। ਪਹਿਲਾਂ ਹੀ, ਆਂਡਾ ਸਰਕਲ ਵਿਚ, ਉਹ ਜੇਲ੍ਹ ਦੇ ਹਰਿਆਲੀ ਵਾਲੇ ਖੇਤਰਾਂ ਅਤੇ ਤਾਜ਼ੀ ਹਵਾ ਵਿਚ ਰੋਜ਼ਾਨਾ ਟਹਿਲਣ ਤੋਂ ਵਿਰਵੇ ਕੀਤੇ ਗਏ ਹਨ। ਇਸ ਨਾਲ ਉਨ੍ਹਾਂ ਦੀ ਸਿਹਤ ਹੋਰ ਵਿਗੜੀ ਹੈ। ਇਸ ਬੇਇਨਸਾਫੀ ਅਤੇ ਝੂਠੇ ਕੇਸ ਵਿਰੁੱਧ ਲੜਨ ਲਈ ਜੇ ਉਨ੍ਹਾਂ ਨੇ ਜ਼ਿੰਦਾ ਰਹਿਣਾ ਹੈ ਤਾਂ ਵਿਸ਼ੇਸ਼ ਡਾਕਟਰੀ ਦੇਖਭਾਲ ਬੇਹੱਦ ਜ਼ਰੂਰੀ ਹੋ ਗਈ ਹੈ। ਦਿੱਲੀ ਵਿਚ ਮੈਨੂੰ ਅਤੇ ਆਪਣੇ ਵਕੀਲਾਂ ਨੂੰ ਕੀਤੀਆਂ ਜਾਂਦੀਆਂ ਹਫਤਾਵਾਰੀ ਕਾਲਾਂ ਤੋਂ ਬਿਨਾ ਉਨ੍ਹਾਂ ਦੀ ਜ਼ਿੰਦਗੀ ਅਤੇ ਕਾਨੂੰਨੀ ਸੁਰੱਖਿਆ ਦੋਨਾਂ ਲਈ ਗੰਭੀਰ ਸਮੱਸਿਆਵਾਂ ਖੜ੍ਹੀਆਂ ਹੋ ਜਾਣਗੀਆਂ।

ਗੌਤਮ ਨਵਲਖਾ ਲਿਖਦੇ ਹਨ, "ਆਂਡਾ ਸਰਕਲ ਵਿਚ ਕੈਦ ਦਾ ਮਤਲਬ ਹੈ ਤਾਜ਼ੀ ਹਵਾ/ਆਕਸੀਜਨ ਤੋਂ ਵਿਰਵਾ ਕਰਨਾ, ਕਿਉਂਕਿ ਉਥੇ ਸਰਕਲ ਦੀ ਖੁੱਲ੍ਹੀ ਜਗ੍ਹਾ ਵਿਚ ਇਕ ਵੀ ਰੁੱਖ ਜਾਂ ਪੌਦਾ ਨਹੀਂ ਹੈ; ਤੇ ਸਾਨੂੰ ਆਂਡਾ ਸਰਕਲ ਤੋਂ ਬਾਹਰ ਕਦਮ ਰੱਖਣ ਦੀ ਮਨਾਹੀ ਹੈ। ... ਦੂਜੇ ਸ਼ਬਦਾਂ ਵਿਚ, ਅਸੀਂ ਆਪਣੇ ਸੈੱਲ ਦੇ ਅੰਦਰ ਡੱਕੇ ਹੋਏ 24 ਵਿਚੋਂ 16 ਘੰਟੇ ਬਿਤਾਉਂਦੇ ਹਾਂ ਅਤੇ ਜਿਨ੍ਹਾਂ 8 ਘੰਟਿਆਂ ਲਈ ਸਾਨੂੰ ਬਾਹਰ ਕੱਢਿਆ ਜਾਂਦਾ ਹੈ, ਉਦੋਂ ਵੀ ਅਸੀਂ ਆਪਣੀ ਰੋਜ਼ਾਨਾ ਸੈਰ ਲਈ 71 ਫੁੱਟ ਚੌੜੇ ਅਤੇ 72 ਫੁੱਟ ਲੰਮੇ ਸੀਮਿੰਟ ਦੇ ਫਰਸ਼ ਵਾਲੇ ਲਾਂਘੇ ਤੱਕ ਸੀਮਤ ਹਾਂ ਜੋ ਚਾਰੇ ਪਾਸੇ ਉਚੀਆਂ ਕੰਧਾਂ ਨਾਲ ਘਿਰਿਆ ਹੋਇਆ ਹੈ।"

ਥੋੜ੍ਹਾ ਸਮਾਂ ਪਹਿਲਾਂ, ਪਾਦਰੀ ਸਟੇਨ ਸਵਾਮੀ ਦਾ ਦੁਖਦਾਈ ਹਾਲਾਤ ਵਿਚ ਦਿਹਾਂਤ ਹੋ ਗਿਆ। ਪਾਰਕਿਨਸਨ ਰੋਗ ਨਾਲ ਬੁਰੀ ਤਰ੍ਹਾਂ ਕਮਜ਼ੋਰ ਹੋਏ ਸਟੇਨ ਨੂੰ ਤਰਲ ਚੀਜ਼ਾਂ ਪੀਣ ਲਈ ਨਲਕੀ ਲੈਣ, ਟਾਇਲਟ ਜਾਣ ਲਈ ਸਹਾਰੇ ਅਤੇ ਇਲਾਜ ਵਰਗੀਆਂ ਬੁਨਿਆਦੀ ਲੋੜਾਂ ਲਈ ਵੀ ਕਾਨੂੰਨੀ ਲੜਾਈ ਲੜਨੀ ਪਈ। ਉਸ ਦੀ ਮਾਮੂਲੀ ਜਹੀ ਇੱਛਾ ਸੀ ਕਿ ਉਸ ਦੀ ਵਿਗੜ ਰਹੀ ਸਿਹਤ ਨੂੰ ਦੇਖਦਿਆਂ ਉਸ ਨੂੰ ਰਾਂਚੀ ਵਿਚ ਆਪਣੇ ਘਰ ਵਿਚ ਮਰਨ ਦੀ ਆਗਿਆ ਦਿੱਤੀ ਜਾਵੇ। ਉਸ ਦੀ ਦਰਖਾਸਤ ਅਦਾਲਤ ਅੱਗੇ ਸੁਣਵਾਈ ਲਈ ਲਟਕੀ ਰਹੀ ਅਤੇ ਪਾਦਰੀ ਸਟੇਨ ਸਵਾਮੀ ਦਾ ਮੁੰਬਈ ਦੇ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਇਸ ਤੋਂ ਪਹਿਲਾਂ ਉਹ ਇਕ ਵਾਰ ਅਦਾਲਤ ਨੂੰ ਕਹਿ ਚੁੱਕੇ ਸਨ ਕਿ ਉਸ ਨੂੰ ਹਸਪਤਾਲ ਲਿਜਾਣ ਦੀ ਬਜਾਇ ਜੇਲ੍ਹ ਵਿਚ ਮਰਨ ਲਈ ਛੱਡ ਦਿੱਤਾ ਜਾਵੇ।

ਇਹ ਲੋਕ ਜ਼ਮੀਰ ਦੇ ਕੈਦੀ ਹਨ ਜਿਨ੍ਹਾਂ ਨੂੰ ਛੋਟੀਆਂ-ਛੋਟੀਆਂ ਲੋੜਾਂ ਲਈ ਜੇਲ੍ਹ ਵਿਚ ਅਪਮਾਨ ਅਤੇ ਜ਼ਲਾਲਤ ਝੱਲਣੀ ਪੈਂਦੀ ਹੈ ਅਤੇ ਬੁਨਿਆਦੀ ਮਨੁੱਖੀ ਸਨਮਾਨ ਲੈਣ ਲਈ ਵੀ ਅਦਾਲਤੀ ਲੜਾਈਆਂ ਲੜਨੀਆਂ ਪੈਂਦੀਆਂ ਹਨ। ਅਤੀਤ ਵਿਚ, ਜਦੋਂ ਗੌਤਮ ਨਵਲਖਾ ਦੀ ਐਨਕ ਗੁੰਮ ਹੋ ਗਈ ਤਾਂ ਉਸ ਦੀ ਜਗ੍ਹਾ ਸਮੇਂ ਸਿਰ ਹੋਰ ਐਨਕ ਭੇਜਣਾ ਵੀ ਮੁਸ਼ਕਿਲ ਹੋ ਗਿਆ ਸੀ।

ਇਨ੍ਹਾਂ ਸਾਧਾਰਨ ਸਹੂਲਤਾਂ, ਆਪਣੇ ਵਕੀਲਾਂ ਅਤੇ ਪਰਿਵਾਰ ਨੂੰ ਫੋਨ ਕਰਨ ਅਤੇ ਦਿਨ ਵਿਚ ਇਕ-ਦੋ ਵਾਰ ਤਾਜ਼ੀ ਹਵਾ ਵਿਚ ਟਹਿਲਣ ਦੀ ਇਜਾਜ਼ਤ ਦੇਣ ਦੀ ਮੰਗ ਕੋਈ ਬਹੁਤੀ ਬੜੀ ਮੰਗ ਨਹੀਂ ਹੈ।

ਗੌਤਮ ਨਵਲਖਾ ਨੇ ਦਲੇਰੀ ਅਤੇ ਜਜ਼ਬੇ ਨਾਲ ਨਹੱਕੀ ਕੈਦ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਨੂੰ ਆਪਣੇ ਖਿਆਲਾਂ ਲਈ ਕਦੋਂ ਤੱਕ ਸਤਾਇਆ ਜਾਵੇਗਾ, ਅਤੇ ਅਧਿਕਾਰੀ ਉਨ੍ਹਾਂ ਦਾ ਮਨੋਬਲ ਤੋੜਨ ਲਈ ਹੋਰ ਕਿਸ ਹੱਦ ਤੱਕ ਜਾਣਗੇ?

**-ਸਬਾ ਹੁਸੈਨ**

# ਕਿਸਾਨ ਅੰਦੋਲਨ ਵਿਚ ਮੁੜ ਵੰਡੀਆਂ ਪਾਉਣ ਦੀ ਕੋਸ਼ਿਸ਼

*(ਪਿਛਲੇ ਸਫੇ ਦੀ ਬਾਕੀ)*

ਆਪਣੇ ਤਰੀਕੇ ਦਾ ਅੰਦੋਲਨ ਚਲਾ ਸਕਦਾ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਅੰਦੋਲਨ ਬੈਠਾ ਹੀ ਤਾਂ ਹੈ, ਕਿਉਂਕਿ ਉਥੇ ਨਿਹੰਗ ਸਿੰਘ ਹਨ। ਇਸ ਤੋਂ ਪਹਿਲਾਂ ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਅੰਦੋਲਨ ਤਾਂ ਚੱਲ ਹੀ ਤਾਂ ਰਿਹਾ ਹੈ ਕਿਉਂਕਿ ਉਥੇ ਕੁਝ ਨੌਜਵਾਨ ਆਗੂ ਤੇ ਕਲਾਕਾਰ ਹਨ। ਇਹ ਠੀਕ ਹੈ ਕਿ ਮੋਰਚੇ ਵਿਚ ਕਲਾਕਾਰਾਂ, ਨੌਜਵਾਨਾਂ ਅਤੇ ਹੋਰ ਸਭ ਲੋਕਾਂ ਦਾ ਯੋਗਦਾਨ ਹੈ ਪਰ ਸਚਾਈ ਇਹ ਹੈ ਕਿ ਇਹ ਅੰਦੋਲਨ ਕਿਸੇ ਜਾਤ, ਧਰਮ ਜਾਂ ਖਿੱਤੇ ਦਾ ਨਹੀਂ ਬਲਕਿ ਕਿਸਾਨਾਂ-ਮਜ਼ਦੂਰਾਂ ਦਾ ਅੰਦੋਲਨ ਹੈ।

ਜ਼ਿੰਦਾ ਰਹਿਣ ਲਈ ਖੁਰਾਕ ਜ਼ਰੂਰੀ ਹੈ। ਖੁਰਾਕ ਮੁਹੱਈਆ ਕਰਵਾਉਣ ਅਤੇ ਖੇਤੀ ਖੇਤਰ ਉਤੇ ਕਾਰਪੋਰੇਟ ਦੇ ਕਬਜ਼ੇ ਵਿਰੁੱਧ ਅੰਦੋਲਨ ਸਮੁੱਚੇ ਸਮਾਜ ਦਾ ਅੰਦੋਲਨ ਬਣਨਾ ਚਾਹੀਦਾ ਹੈ। ਇਹ ਉਮੀਦ ਕਿਸਾਨ ਜਥੇਬੰਦੀਆਂ ਤੇ ਆਗੂਆਂ ਦੀ ਅਗਵਾਈ ਅਤੇ ਸਭ ਵਰਗਾਂ ਦੇ ਲੋਕਾਂ ਦੇ ਅੰਦੋਲਨ ਨਾਲ ਜੁੜੇ ਹੋਣ ਕਾਰਨ ਕਾਇਮ ਹੈ। ਗਿਆਰਾਂ ਮਹੀਨਿਆਂ ਤੋਂ ਬੈਠੇ ਜੁਝਾਰੂ ਬਜ਼ੁਰਗਾਂ, ਮਾਈਆਂ, ਨੌਜਵਾਨਾਂ ਅਤੇ ਕਾਰਕੁਨਾਂ ਦੇ ਜਜ਼ਬੇ ਨੂੰ ਸਲਾਮ ਕਰਨੀ ਬਣਦੀ ਹੈ। ਦਿੱਲੀ ਤੋਂ ਇਲਾਵਾ ਸੰਯੁਕਤ ਮੋਰਚੇ ਵੱਲੋਂ ਦਿੱਤੇ ਜਾਂਦੇ ਸੱਦੇ ਉਤੇ ਫੁੱਲ ਚੜ੍ਹਾਉਂਦੇ ਲੱਖਾਂ ਲੋਕ ਇਸ ਅੰਦੋਲਨ ਦੀ ਤਾਕਤ ਦਾ ਸਬੂਤ ਹਨ।

ਅੰਦੋਲਨ ਵਿਚ ਕਿਸੇ ਵੀ ਤਰੀਕੇ ਦੀ ਫੁੱਟ ਪਾਉਣ ਦਾ ਬਿਰਤਾਂਤ ਸਥਾਪਤੀ ਦੇ ਪੱਖ ਵਿਚ ਭੁਗਤਣ ਦਾ ਆਧਾਰ ਬਣਦਾ ਹੈ। ਮੁਲਕ ਵਿਚ ਕਿਸੇ ਨੂੰ ਵੀ ਖੱਬੇ-ਪੱਖੀ, ਪੰਥਕ ਜਾਂ ਹੋਰ ਕਿਸੇ ਤਰ੍ਹਾਂ ਦੀ ਸਿਆਸਤ ਕਰਨ ਦੀ ਖੁੱਲ੍ਹ ਹੈ। ਉਹ ਆਪੋ-ਆਪਣੇ ਪਲੈਟਫਾਰਮਾਂ ਤੋਂ ਕੀਤੀ ਜਾ ਸਕਦੀ ਹੈ।

# 'ਲੇਖਕ ਦੀ ਕਲਮ ਹੀ ਸੱਭ ਤੋਂ ਵੱਡਾ ਹਥਿਆਰ ਹੈ' -ਗੁਰਭਜਨ ਗਿੱਲ

**ਬਰੈਂਪਟਨ:** ਲੰਘੇ ਦਿਨੀਂ 17 ਅਕਤੂਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਕਰਵਾਏ ਗਏ ਜ਼ੂਮ-ਸਮਾਗਮ ਵਿਚ ਪੰਜਾਬੀ ਦੇ ਉਘੇ ਕਵੀ ਗੁਰਭਜਨ ਗਿੱਲ ਨਾਲ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਅਰੰਭ ਵਿਚ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੇ ਲੁਧਿਆਣਾ ਤੋਂ ਜ਼ੂਮ ਮਾਧਿਅਮ ਨਾਲ ਜੁੜੇ ਮੁੱਖ-ਮਹਿਮਾਨ ਗੁਰਭਜਨ ਗਿੱਲ ਅਤੇ ਸਮਾਗ਼ਮ ਵਿਚ ਹਾਜ਼ਰ ਸਰੋਤਿਆਂ ਨੂੰ ਨਿੱਘੀ ਜੀ-ਆਇਆਂ ਕਿਹਾ। ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਸਮਾਗਮ ਦੇ ਮੁੱਖ ਬੁਲਾਰੇ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਉਪਰੰਤ, ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਗੁਰਭਜਨ ਗਿੱਲ ਨੂੰ ਆਪਣੇ ਸਾਹਿਤਕ ਸਫ਼ਰ ਬਾਰੇ ਸਾਂਝ ਪਾਉਣ ਦੀ ਬੇਨਤੀ ਕੀਤੀ। ਉਨ੍ਹਾਂ ਆਪਣੀ ਗੱਲ 1947 ਦੀ ਭਾਰਤ-ਪਾਕਿਸਤਾਨ ਦੀ ਦਰਦਨਾਕ ਵੰਡ ਨਾਲ ਸ਼ੁਰੂ ਕੀਤੀ, ਜਿਸ ਦੇ ਭਾਂਬੜ ਦਾ ਸੇਕ ਸਰਹੱਦ ਦੇ ਦੋਹੀਂ ਪਾਸੀਂ ਲੱਖਾਂ ਲੋਕਾਂ ਨੂੰ ਝੱਲਣਾ ਪਿਆ, ਜਿਸ ਵਿਚ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਵੀ ਸ਼ਾਮਲ ਸਨ। ਉਨ੍ਹਾਂ ਦਸਿਆ ਕਿ ਮੇਰੀ ਵੱਡੀ ਭੈਣ ਉਦੋਂ ਅੱਠ ਸਾਲ ਦੀ ਅਤੇ ਭਰਾ ਸਾਢੇ ਤਿੰਨ ਸਾਲਾਂ ਦਾ ਸੀ। ਉਹ ਆਪਣੇ ਭੈਣ-ਭਰਾਵਾਂ ਵਿਚੋਂ ਚੌਥੇ ਨੰਬਰ 'ਤੇ ਹਨ। ਬੜੀ ਮੁਸ਼ਕਲ ਨਾਲ ਗੁਰਦਾਸਪੁਰ ਜ਼ਿਲੇ ਦੇ ਪਿੰਡ ਬਸੰਤ ਕੋਟ ਵਿਚ ਉਨ੍ਹਾਂ ਦੇ ਪਰਿਵਾਰ ਦਾ ਮੁੜ-ਵਸੇਬਾ ਹੋਇਆ ਜਿੱਥੇ ਉਨ੍ਹਾਂ ਨੂੰ ਕੋਈ ਵੀ ਨਹੀਂ ਸੀ ਜਾਣਦਾ।

ਪੰਜਾਬੀ ਪੁਸਤਕਾਂ ਪੜ੍ਹਨ ਦੀ ਸ਼ੁਰੂਆਤ ਗੁਰਭਜਨ ਗਿੱਲ ਨੇ ਪਿੰਡ ਦੀ ਪੰਚਾਇਤੀ ਲਾਇਬ੍ਰੇਰੀ ਦੀਆਂ ਉਨ੍ਹਾਂ 51 ਪੁਸਤਕਾਂ ਨੂੰ ਪੜ੍ਹ ਕੇ ਕੀਤੀ ਜੋ ਪਿੰਡ ਦੇ ਸਰਪੰਚ ਵੱਲੋਂ ਸੁਰੱਖਿਅਤ ਰੱਖਣ ਦੇ ਮਕਸਦ ਨਾਲ ਉਨ੍ਹਾਂ ਦੇ ਭਰਾ ਨੂੰ ਸੌਂਪ ਦਿੱਤੀਆਂ ਗਈਆਂ ਸਨ। ਸਕੂਲ ਦੀ ਪੜ੍ਹਾਈ ਤੋਂ ਬਾਅਦ ਉਹ ਪਹਿਲਾਂ ਗੁਰਦਾਸਪੁਰ ਜ਼ਿਲੇ ਦੇ ਨਵੇਂ ਬਣੇ ਗੁਰੂ ਨਾਨਕ ਕਾਲਜ ਕਾਲਾ ਅਫ਼ਗਾਨਾ ਅਤੇ ਫਿਰ ਜੀ.ਜੀ.ਐਨ.ਖਾਲਸਾ ਕਾਲਜ ਲੁਧਿਆਣਾ ਦਾਖ਼ਲ ਹੋਏ। ਕਾਲਜ ਦੇ ਪ੍ਰੋਫ਼ੈਸਰ ਸੁਰਿੰਦਰ ਗਿੱਲ



ਗੁਰਭਜਨ ਗਿੱਲ

ਵੱਲੋਂ ਉਨ੍ਹਾਂ ਦੀ ਸਾਹਿਤਕ ਰੁਚੀ ਪਛਾਨਣ 'ਤੇ ਉਨ੍ਹਾਂ ਨੂੰ ਕਾਲਜ ਦੇ ਮੈਗ਼ਜ਼ੀਨ 'ਤੀਸਰੀ ਅੱਖ' ਦੇ ਪੰਜਾਬੀ ਸੈੱਕਸ਼ਨ ਦੇ ਸੰਪਾਦਕ ਬਣਾ ਦਿੱਤਾ ਗਿਆ। ਉਨ੍ਹਾਂ ਭਾਈ ਵੀਰ ਸਿੰਘ ਜੀ ਦੀਆਂ ਕੁਝ ਰੁਬਾਈਆਂ 'ਚੋਰੀ' ਕਰਕੇ ਆਪਣੇ ਨਾਂ ਹੇਠ ਕਾਲਜ ਦੇ ਮੈਗ਼ਜ਼ੀਨ ਵਿਚ ਛਪਾਉਣ ਦੀ ਕੋਸ਼ਿਸ਼ ਦਾ ਬਾਖ਼ੂਬੀ ਜ਼ਿਕਰ ਕੀਤਾ, ਜਿਸ ਨੂੰ ਪ੍ਰੋ. ਸੁਰਿੰਦਰ ਗਿੱਲ ਵੱਲੋਂ ਫੜ੍ਹ ਲਿਆ ਗਿਆ। ਉਨ੍ਹਾਂ ਕਾਲਜ ਦੀ ਲਾਇਬ੍ਰੇਰੀ ਵਿਚ ਕਈ ਸਾਹਿਤਕ ਰਸਾਲੇ ਮੰਗਵਾਉਣ ਦੀ ਪਹਿਲ ਕੀਤੀ ਅਤੇ ਪ੍ਰੋ. ਐੱਸ.ਪੀ. ਸਿੰਘ ਕੋਲੋਂ ਵੱਡੇ ਲੋਕਾਂ ਨਾਲ ਵਿਚਰਨ ਦੇ ਨੁਕਤੇ ਸਿੱਖੇ। ਪੰਜਾਬੀ ਦੀ ਐੱਮ.ਏ. ਉਨ੍ਹਾਂ ਗੌਰਮਿੰਟ ਕਾਲਜ ਲੁਧਿਆਣਾ ਤੋਂ ਕੀਤੀ।

ਗੱਲ-ਬਾਤ ਦੇ ਦੌਰਾਨ ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਅਤੇ ਡੀ.ਏ.ਵੀ. ਕਾਲਜ ਜਗਰਾਓਂ ਵਿਚ ਕੁਝ ਸਾਲ ਪੜ੍ਹਾਉਣ ਤੋਂ ਬਾਅਦ ਉਹ 1983 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਆ ਗਏ। ਇੱਥੇ ਉਨ੍ਹਾਂ ਨੂੰ ਪੰਜਾਬੀ ਦੇ ਸਿਰਮੌਰ ਕਵੀ ਪ੍ਰੋ. ਮੋਹਨ ਸਿੰਘ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਅਤੇ ਸੁਰਜੀਤ ਪਾਤਰ ਦੀ ਸੰਗਤ ਵੀ ਮਿਲੀ। ਉਨ੍ਹਾਂ ਸੁਰਜੀਤ ਪਾਤਰ ਦਾ ਰੂ-ਬਰੂ 'ਮੈਂ ਕਿਵੇਂ ਲਿਖਦਾ ਹਾਂ' ਦੇ ਸਿਰਲੇਖ ਹੇਠ ਕੀਤਾ। ਇੱਥੇ ਹੀ ਉਨ੍ਹਾਂ ਨੂੰ ਡਾ. ਗੁਰਦੇਵ ਸਿੰਘ ਖ਼ੁਸ਼ ਤੇ ਡਾ. ਸਰਦਾਰਾ ਸਿੰਘ ਜੌਹਲ ਵਰਗੇ ਵਿਸ਼ਵ ਪੱਧਰੀ ਖੇਤੀ-ਵਿਗਿਆਨੀਆਂ ਨੂੰ ਨਿੱਜੀ ਤੌਰ 'ਤੇ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਕਾਨਫ਼ਰੰਸਾਂ, ਮੀਟਿੰਗਾਂ ਤੇ ਸੈਮੀਨਾਰਾਂ ਦੌਰਾਨ ਡਾ. ਨੌਰਮਨ ਬੌਰਲੋਗ, ਡਾ. ਸਵਾਮੀਨਾਥਨ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਵਿਚਾਰ ਸੁਣਨ ਦਾ ਵੀ ਮੌਕਾ ਮਿਲਿਆ। ਏਸੇ ਦੌਰਾਨ ਪ੍ਰਿੰ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲੇ ਦੇ ਕਰਤਾ-ਧਰਤਾ ਜਗਦੇਵ ਸਿੰਘ ਜੱਸੋਵਾਲ ਨਾਲ ਵਿਚਰਨ ਦਾ ਮੌਕਾ-ਮੇਲ ਵੀ ਬਣਿਆ।

ਆਪਣੀਆਂ ਪੁਸਤਕਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਹੁਣ ਤੀਕ ਡੇਢ ਦਰਜਨ ਪੁਸਤਕਾਂ ਛਪ ਚੁੱਕੀਆਂ ਹਨ ਅਤੇ ਪਹਿਲੀ ਕਾਵਿ-ਪੁਸਤਕ 1978 ਵਿਚ ਛਪੀ, ਦੂਸਰੀ 1983 ਵਿਚ ਪੀ.ਏ.ਯੂ. ਆਉਣ ਵਾਲੇ ਸਾਲ ਵਿਚ ਛਪੀ ਅਤੇ ਤੀਸਰਾ ਕਾਵਿ-ਸੰਗ੍ਰਹਿ 'ਬੋਲ ਮਿੱਟੀ ਦਿਆ ਬਾਵਿਆ' 1992 ਵਿਚ ਛਪਿਆ। ਭਾਰਤ-ਪਾਕਿਸਤਾਨ ਦੀ ਵੰਡ ਅਤੇ ਲੇਖਕਾਂ ਦੀਆਂ ਆਪਸੀ ਦੋਸਤੀਆਂ ਬਾਰੇ ਕਵਿਤਾਵਾਂ ਦੀ ਉਨ੍ਹਾਂ ਦੀ ਪੁਸਤਕ 'ਖ਼ੈਰ ਪੰਜ ਦਰਿਆਵਾਂ ਦੀ' 2005 ਵਿਚ ਆਈ ਅਤੇ ਵਾਰਤਕ ਦੀ ਕਿਤਾਬ 'ਕੈਮਰੇ ਦੀ ਅੱਖ ਬੋਲਦੀ' 1999 ਵਿਚ ਛਪੀ। ਗ਼ਜ਼ਲ-ਸੰਗ੍ਰਹਿ 'ਮੋਰ ਪੰਖ', 'ਗੁਲਨਾਰ' ਅਤੇ 'ਮਿਰਗਾਬਲੀ' ਵੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੋਏ। ਕਾਵਿ-ਸੰਗ੍ਰਹਿ 'ਰਾਵੀ' 2013 ਵਿਚ ਛਪਿਆ ਅਤੇ ਇਸ ਸਾਲ 2021 ਵਿਚ ਉਨ੍ਹਾਂ ਦੀਆਂ ਤਿੰਨ ਮੌਲਿਕ ਰਚਨਾਵਾਂ ਛਪੀਆਂ ਹਨ ਜਿਨ੍ਹਾਂ ਵਿਚ 'ਪੱਤੇ-ਪੱਤੇ ਲਿਖੀ ਇਬਾਰਤ' ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਲੇਖਕ ਦੀ ਕਲਮ ਸੱਭ ਤੋਂ ਵੱਡਾ ਹਥਿਆਰ ਹੈ ਅਤੇ ਇਸ




ਦੇ ਨਾਲ ਹੀ ਕਲਮ ਦੇ ਮਾਧਿਅਮ ਰਾਹੀਂ ਕਿਸਾਨ ਮੋਰਚੇ ਵਿਚ ਪਾਏ ਆਪਣੇ ਯੋਗਦਾਨ ਦਾ ਵੀ ਜ਼ਿਕਰ ਕੀਤਾ। ਮਿਲੇ ਮਾਣ-ਸਨਮਾਨਾਂ ਬਾਰੇ ਦੱਸਦਿਆਂ ਉਨ੍ਹਾਂ ਕਿਹਾ ਕਿ 2014 ਵਿਚ ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਸ਼੍ਰੋਮਣੀ-ਕਵੀ ਦਾ ਸਨਮਾਨ ਦਿਤਾ। 'ਭਾਈ ਵੀਰ ਸਿੰਘ ਪੁਰਸਕਾਰ', 'ਬਾਬਾ ਬਲਵੰਤ ਪੁਰਸਕਾਰ' ਅਤੇ 'ਪ੍ਰਿੰਸੀਪਲ ਸੰਤ ਸਿੰਘ ਸੇਖੋਂ ਗੋਲਡ ਮੈਡਲ' ਸਮੇਤ ਕਈ ਮਾਣ-ਸਨਮਾਨ ਪ੍ਰਾਪਤ ਹੋਏ। ਉਪਰੰਤ, ਪੂਰਨ ਸਿੰਘ ਪਾਂਧੀ, ਹਰਜਸਪ੍ਰੀਤ ਗਿੱਲ, ਪਿਆਰਾ ਸਿੰਘ ਕੁੱਦੋਵਾਲ, ਸਰਦੂਲ ਸਿੰਘ ਭੱਲਾ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਪੁੱਛੇ ਗਏ ਕਈ ਸੁਆਲਾਂ ਦੇ ਜੁਆਬ ਉਨ੍ਹਾਂ ਨੇ ਬੜੀ ਤਸੱਲੀ ਨਾਲ ਦਿੱਤੇ।

ਸਮਾਗ਼ਮ ਦੇ ਦੂਜੇ ਹਿੱਸੇ ਵਿਚ ਕਵੀ-ਦਰਬਾਰ ਹੋਇਆ ਜਿਸ ਦੇ ਆਰੰਭ ਵਿਚ ਵਿਚ ਪ੍ਰੋ. ਗੁਰਭਜਨ ਗਿੱਲ ਨੇ ਆਪਣੀਆਂ ਦੋ ਕਵਿਤਾਵਾਂ ਪੇਸ਼ ਕੀਤੀਆਂ। ਉਨ੍ਹਾਂ ਤੋਂ ਬਾਅਦ ਪਟਿਆਲਾ ਤੋਂ ਸਰਦੂਲ ਸਿੰਘ ਭੱਲਾ, ਲਾਹੌਰ (ਪਾਕਿਸਤਾਨ) ਤੋਂ ਨਦੀਮ ਅਫ਼ਜ਼ਲ, ਚੰਡੀਗੜ੍ਹ ਤੋਂ ਡਾ. ਰਵਿੰਦਰ ਕੌਰ ਭਾਟੀਆ, ਗੁਰਦੀਪ ਗੁੱਲ ਤੇ ਸੁਦੇਸ਼ ਮੌਦਗਿਲ ਨੂਰ, ਰਣਜੀਤ ਕੌਰ ਅਰੋੜਾ, ਹਰਜੀਤ ਬਾਜਵਾ, ਲਖਬੀਰ ਸਿੰਘ ਕਾਹਲੋਂ, ਮਕਸੂਦ ਚੌਧਰੀ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ ਕੌਰ, ਨਿਰਵੈਰ ਸਿੰਘ ਅਰੋੜਾ, ਗਿਆਨ ਸਿੰਘ ਦਰਦੀ, ਮਲੂਕ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ, ਤਲਵਿੰਦਰ ਮੰਡ ਅਤੇ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਪਣੀਆਂ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਗਏ। ਹਾਜ਼ਰੀਨ ਵਿਚ ਨਛੱਤਰ ਸਿੰਘ ਬਦੇਸ਼ਾ, ਪਰਮਜੀਤ ਸਿੰਘ ਗਿੱਲ, ਪਰਮਿੰਦਰ ਜੋਸਣ, ਰਮਿੰਦਰ ਵਾਲੀਆ ਅਤੇ ਇੰਜੀ. ਈਸ਼ਰ ਸਿੰਘ ਸ਼ਾਮਲ ਸਨ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਸਮਾਗ਼ਮ ਦੇ ਮੁੱਖ-ਬੁਲਾਰੇ ਗੁਰਭਜਨ ਗਿੱਲ, ਸੰਚਾਲਕ ਤਲਵਿੰਦਰ ਮੰਡ ਅਤੇ ਸਮੂਹ ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਕਾਫਲੇ ਵੱਲੋਂ 'ਤਾਰਿਆਂ ਦੇ ਪਾਰ' ਕਾਵਿ-ਸੰਗ੍ਰਹਿ ਲੋਕ-ਅਰਪਿਤ

**ਬਰੈਂਪਟਨ:** ਪੰਜਾਬੀ ਕਲਮਾਂ ਦਾ ਕਾਫਲਾ ਟੋਰਾਂਟੋ ਵੱਲੋਂ 'ਸੰਤ ਸਿੰਘ ਸੇਖੋਂ ਹਾਲ' ਵਿਚ ਪੰਜਾਬੀ ਸ਼ਾਇਰਾ ਪਰਵਿੰਦਰ ਗੋਗੀ ਦਾ ਨਵਾ ਕਾਵਿ-ਸੰਗ੍ਰਹਿ 'ਤਾਰਿਆਂ ਦੇ ਪਾਰ' ਲੋਕ-ਅਰਪਿਤ ਕੀਤਾ ਗਿਆ। ਇਸ ਮੌਕੇ ਭੁਪਿੰਦਰ ਦੁਲੈ, ਪਰਮਜੀਤ ਦਿਓਲ ਅਤੇ ਸੁਰਜੀਤ ਕੌਰ ਨੇ ਪੇਪਰ ਪੜ੍ਹੇ, ਜਦੋਂ ਕਿ ਪਿਆਰਾ ਸਿੰਘ ਕੁੱਦੋਵਾਲ, ਬਲਰਾਜ ਧਾਲੀਵਾਲ, ਜਗੀਰ ਸਿੰਘ ਕਾਹਲੋਂ ਅਤੇ ਕੁਲਵਿੰਦਰ ਖਹਿਰਾ ਨੇ ਵਿਚਾਰ ਪੇਸ਼ ਕੀਤੇ।



ਭੁਪਿੰਦਰ ਦੁਲੈ ਨੇ ਕਿਹਾ ਕਿ ਪਰਵਿੰਦਰ ਗੋਗੀ ਇੱਕੋ ਸਮੇਂ ਹੀ ਬਹੁ-ਮੁਖੀ ਤੇ ਬਹੁ-ਭਾਵੀ ਕਵਿੱਤਰੀ ਹੈ, ਜਿਸ ਦੀ ਦ੍ਰਿਸ਼ਟੀ ਵਿਸ਼ਾਲ ਹੈ ਤੇ ਪ੍ਰਤਿਭਾ ਵਿਲੱਖਣ। ਉਹ ਇੱਕੋ ਹੀ ਸਮੇਂ ਕਈ ਥਾਂਈਂ ਹਾਜ਼ਰ ਹੁੰਦੀ ਹੋਈ ਵੀ ਆਪਣੀ ਕਵਿਤਾ ਵਿਚੋਂ ਵੀ ਗੈਰ-ਹਾਜ਼ਰ ਨਹੀਂ ਹੁੰਦੀ ਤੇ ਉਸ ਦਾ ਇਹ ਗੁਣ ਉਸ ਨੂੰ ਰਵਾਇਤੀ ਕਵਿੱਤਰੀਆਂ ਤੋਂ ਵੱਖ ਕਰਕੇ ਇੱਕ ਵਿਸ਼ੇਸ਼ ਕਤਾਰ 'ਚ ਖੜ੍ਹਾ ਕਰਦਾ ਹੈ। ਉਨ੍ਹਾਂ ਗੋਗੀ ਦੀ ਕਵਿਤਾ ਦੀ ਪ੍ਰਕਿਰਤੀ ਨਾਲ ਸਾਂਝ ਅਤੇ ਇੱਕਮਿੱਕਤਾ ਦੀ ਗੱਲ ਕਰਦਿਆਂ ਕਿਹਾ ਕਿ ਗੋਗੀ ਕਵਿਤਾ ਲਿਖਦੀ ਨਹੀਂ, ਸਗੋਂ ਕਵਿਤਾ ਖੁਦ ਉਸ ਨੂੰ ਕਹਿੰਦੀ ਜਾਪਦੀ ਹੈ ਕਿ "ਮੈਨੂੰ ਲਿਖ।"

ਪਰਮਜੀਤ ਦਿਓਲ ਨੇ ਕਿਹਾ ਕਿ ਗੋਗੀ ਦੀ ਕਵਿਤਾ ਸੂਖਮ-ਭਾਵੀ ਸੁਰ ਦੀ ਕਵਿਤਾ ਹੈ, ਪਰ ਉਸ ਦਾ ਮੁੱਖ ਸੁਰ ਸਰੋਦੀ ਹੀ ਹੈ। ਉਨ੍ਹਾਂ ਕਿਹਾ ਕਿ ਗੋਗੀ ਦੀ ਕਵਿਤਾ ਰੁਦਨ, ਵੇਗ ਅਤੇ ਸਮਾਜਿਕ ਚੇਤਨਾ ਵਿਚ ਰੰਗੀ ਹੋਈ ਕਵਿਤਾ ਹੈ। ਉਨ੍ਹਾਂ ਨੇ ਗੋਗੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਦਾ ਬਹੁਤ ਵਧੀਆ ਸ਼ਬਦਾਂ 'ਚ ਵਿਸ਼ਲੇਸ਼ਣ ਵੀ ਕੀਤਾ।

ਸੁਰਜੀਤ ਕੌਰ ਨੇ ਆਪਣੇ ਪੇਪਰ ਨੂੰ 'ਮਨ ਦੇ ਵਿਭਿੰਨ ਰੰਗਾਂ ਦਾ ਦਸਤਾਵੇਜ਼: ਤਾਰਿਆਂ ਦੇ ਪਾਰ' ਦਾ ਨਾਂ ਦਿੰਦਿਆਂ ਕਿਹਾ ਕਿ ਗੋਗੀ ਨੇ ਆਪਣੀ ਕਵਿਤਾ ਵਿਚ ਬਹੁਤ ਸਾਰੇ ਸੁਰ ਛੋਹੇ ਹਨ, ਪਰ ਉਸ ਦੀ ਕਵਿਤਾ ਵਿਚ ਉਦਾਸੀ ਦਾ ਸੁਰ ਭਾਰੂ ਰਿਹਾ ਹੈ। ਉਨ੍ਹਾਂ ਕਿਹਾ ਕਿ ਗੋਗੀ ਦੀ ਕਵਿਤਾ ਉਸ ਦੀ ਸੰਵੇਦਨਾ ਨਾਲ ਮਿਲ ਕੇ ਚਿੰਤਾ ਅਤੇ ਚਿੰਤਨ ਦਾ ਸੰਗਮ ਬਣਦੀ ਹੈ ਤੇ ਉਸ ਦੇ ਉਦਰੇਵੇਂ ਕਿਤੇ ਵੀ ਰੁਦਨ ਜਾਂ ਵਿਰਲਾਪ ਨਹੀਂ ਬਣਦੇ। ਉਨ੍ਹਾਂ ਦਾ ਕਹਿਣਾ ਸੀ ਕਿ ਗੋਗੀ ਇੱਕ ਸੂਖਮ-ਭਾਵੀ ਕਵਿੱਤਰੀ ਹੈ, ਜਿਸ ਦੀ ਕਲਮ 'ਚੋਂ ਕਵਿਤਾ ਝਰਨੇ ਵਾਂਗ ਫੁੱਟਦੀ ਹੈ।

ਪਿਆਰਾ ਸਿੰਘ ਕੁੱਦੋਵਾਲ ਨੇ ਕਿਹਾ ਕਿ ਬੇਸ਼ੱਕ ਗੋਗੀ ਦੀਆਂ ਕਵਿਤਾਵਾਂ ਮੁੱਖ ਤੌਰ 'ਤੇ ਔਰਤ ਦੀ ਵੇਦਨਾ ਦੀਆਂ ਕਵਿਤਾਵਾਂ ਹਨ ਅਤੇ ਮਰਦ ਦੀ ਧੌਂਸ ਤੇ ਔਰਤ ਦੀ ਬੇਵਸੀ ਬਿਆਨ



ਕਰਦੀਆਂ ਹਨ, ਪਰ ਖ਼ੂਬਸੂਰਤੀ ਇਹ ਹੈ ਕਿ ਇਨ੍ਹਾਂ ਵਿਚ ਕਿਤੇ ਵੀ ਸਿੱਧੇ ਰੂਪ 'ਚ ਔਰਤ-ਮਰਦ ਦਾ ਕੋਈ ਜ਼ਿਕਰ ਨਹੀਂ ਆਉਂਦਾ।

ਬਲਰਜ ਧਾਲੀਵਾਲ ਨੇ ਕਿਹਾ ਕਿ ਗੋਗੀ ਦੀ ਕਵਿਤਾ ਵਿਚ ਵਿਸ਼ਿਆਂ ਦੀ ਭਿੰਨਤਾ, ਰਵਾਨੀ, ਤਾਜ਼ਗੀ ਅਤੇ ਪੁਖਤਗੀ ਦੀ ਭਰਮਾਰ ਹੈ ਤੇ ਗੋਗੀ ਨੇ ਆਪਣੀ ਕਵਿਤਾ ਵਿਚ ਸ਼ਬਦਾਂ ਦੀ ਸੰਖੇਪਤਾ ਨੂੰ ਬਾਖ਼ੂਬੀ ਨਿਭਾਉਂਦਿਆਂ ਕਵਿਤਾਵਾਂ ਨੂੰ ਬੇਲੋੜਾ ਲੰਮਿਆਂ ਨਹੀਂ ਕੀਤਾ।

ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ ਬੇਸ਼ੱਕ ਗੋਗੀ ਦੀ ਕਵਿਤਾ ਵਿਚ ਉਦਾਸੀ ਹੈ, ਪਰ ਮਨੁੱਖ ਦੇ ਅਪਣੇ ਜੀਵਨ ਵਿਚ ਉਦਾਸੀ ਭਾਰੂ ਹੋਣ ਕਰਕੇ ਸਾਨੂੰ ਉਦਾਸੀ ਭਰੀ ਕਵਿਤਾ ਵੱਧ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਕਿਹਾ ਕਿ ਆਮ ਔਰਤ ਲੇਖਿਕਾਵਾਂ ਵਾਂਗ ਗੋਗੀ ਕਿਤੇ ਵੀ ਔਰਤ ਹੋਣ ਦੀ ਬੇਵਜ੍ਹਾ ਦੁਹਾਈ ਨਹੀਂ ਪਾਉਂਦੀ।

ਕੁਲਵਿੰਦਰ ਖਹਿਰਾ ਨੇ ਕਿਹਾ ਕਿ ਗੋਗੀ ਦੀ ਕਵਿਤਾ ਨੂੰ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਗੋਗੀ ਪੜ੍ਹਦੀ ਬਹੁਤ ਹੈ ਤੇ ਉਸ ਅੰਦਰ ਸ਼ਬਦਾਂ ਦਾ ਅਥਾਹ ਭੰਡਾਰ ਹੈ, ਜੋ ਸਫਿਆਂ 'ਤੇ ਵਹਿੰਦਾ ਤੁਰਿਆ ਜਾਂਦਾ ਹੈ ਤੇ ਇਵੇਂ ਲੱਗਦਾ ਹੈ ਕਿ ਗੋਗੀ ਮਕੈਨੀਕਲੀ ਕਵਿਤਾ ਨਹੀਂ ਘੜਦੀ, ਸਗੋਂ ਕਵਿਤਾ ਉਸ ਨੂੰ ਖੁਦ ਕਹਿੰਦੀ ਹੈ ਕਿ "ਮੈਨੂੰ ਲਿਖ।" ਉਨ੍ਹਾਂ ਕਿਹਾ ਕਿ ਗੋਗੀ ਦੀ ਕਵਿਤਾ ਪਾਠਕ ਨੂੰ ਕੀਲ ਕੇ ਝੂੰਮਣ ਲਾ ਦਿੰਦੀ ਹੈ, ਪਰ ਨਾਲ ਹੀ ਉਨ੍ਹਾਂ ਸੁਝਾਅ ਦਿੱਤਾ ਕਿ ਇਸ ਕਿਤਾਬ ਵਿਚ ਗਿਣਤੀ ਦੀਆਂ ਕੁਝ ਕਵਿਤਾਵਾਂ, ਜੋ ਕਵਿਤਾਵਾਂ ਨਹੀਂ ਬਣ ਸਕੀਆਂ, ਜੇ ਛੱਡ ਲਈਆਂ ਜਾਂਦੀਆਂ ਤਾਂ ਇਸ ਕਿਤਾਬ ਦੀ ਖ਼ੂਬਸੂਰਤੀ ਨੂੰ ਹੋਰ ਵੀ ਚਾਰ-ਚੰਨ ਲੱਗਣੇ ਸਨ।

ਆਪਣੀ ਕਵਿਤਾ ਬਾਰੇ ਬੋਲਦਿਆਂ ਪਰਵਿੰਦਰ ਗੋਗੀ ਨੇ ਕਿਹਾ ਕਿ ਉਹ ਆਪਣੇ ਪਿੰਡ ਤੇ ਆਪਣੇ ਦੇਸ਼ ਦੀ ਮਿੱਟੀ ਦੇ ਮੋਹ ਨਾਲ ਰੂਹ ਤੱਕ ਭਿੱਜੀ ਹੋਈ ਹੈ ਅਤੇ ਇਹ ਮੋਹ ਬਾਹਰਲੇ ਦੇਸ਼ ਆ ਕੇ ਹੋਰ ਵੀ ਤੀਬਰ ਹੋ ਗਿਆ ਤੇ ਉਸ ਨੂੰ ਲਿਖਣ ਵੱਲ ਲੈ ਤੁਰਿਆ। ਉਨ੍ਹਾਂ ਕਿਹਾ ਕਿ ਮੈਨੂੰ ਖੁਸ਼ੀ ਹੋਵੇਗੀ, ਜੇ ਦੋਸਤ ਮੇਰੀ ਕਵਿਤਾ ਪੜ੍ਹ ਕੇ ਫੋਕੀ ਵਾਹ-ਵਾਹ ਕਰਨ ਦੀ ਥਾਂ ਇਮਾਨਦਾਰੀ ਨਾਲ ਮੈਨੂੰ ਆਪਣੇ ਵਿਚਾਰ ਦੇਣ ਤਾਂ ਕਿ ਮੈਂ ਉਨ੍ਹਾਂ 'ਤੇ ਗੌਰ ਕਰਕੇ ਆਪਣੀ ਕਵਿਤਾ ਨੂੰ ਹੋਰ ਵੀ ਨਿਖਾਰ ਸਕਾਂ।

ਸਮਾਗਮ ਵਿਚ ਰਿੰਟੂ ਭਾਟੀਆ ਨੇ ਖ਼ੂਬਸੂਰਤ ਤਰੰਨਮ ਵਿਚ ਗੋਗੀ ਦਾ ਗੀਤ ਪੇਸ਼ ਕੀਤਾ ਅਤੇ ਬਲਤੇਜ ਕੜਿਆਲਵੀ ਨੇ ਜੋਸ਼ਮਈ ਤੇ ਸੁਰੀਲੀ ਆਵਾਜ਼ ਵਿਚ ਸੰਤ ਰਾਮ ਉਦਾਸੀ ਦਾ ਗੀਤ ਸਾਂਝਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਮੋਹਨ ਸਿੰਘ ਗੁਲਾਟੀ, ਜਤਿੰਦਰ ਰੰਧਾਵਾ, ਬਲਜੀਤ ਧਾਲੀਵਾਲ, ਸਰਬਜੀਤ ਕਾਹਲੋਂ, ਜਸਵਿੰਦਰ ਸਿੰਘ, ਅਮਰਜੀਤ ਪੰਛੀ ਅਤੇ ਹਰਦਿਆਲ ਸਿੰਘ ਝੀਤਾ ਹਾਜ਼ਰ ਸਨ।

# ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਦੋ ਮੁੱਖ ਉਡਾਣਾਂ ਦੀ ਬੁਕਿੰਗ ਰੱਦ

**ਅੰਮ੍ਰਿਤਸਰ:** ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਨੇ ਏਅਰ ਇੰਡੀਆ ਵਲੋਂ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਤੋਂ ਸਿੱਖਾਂ ਦੇ ਪੰਜ ਤਖਤਾਂ ਵਿਚੋਂ ਇਕ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਅਤੇ ਇਟਲੀ ਦੇ ਇਤਿਹਾਸਕ ਸ਼ਹਿਰ ਰੋਮ ਲਈ ਚੱਲ ਰਹੀਆਂ ਸਿੱਧੀਆਂ ਉਡਾਣਾਂ ਨੂੰ 31 ਅਕਤੂਬਰ ਤੋਂ ਬਾਅਦ ਬੰਦ ਕੀਤੇ ਜਾਣ ਦਾ ਖਦਸ਼ਾ ਪ੍ਰਗਟਾਉਂਦਿਆਂ ਇਹ ਉਡਾਣਾਂ ਚਾਲੂ ਰੱਖਣ ਦੀ ਮੰਗ ਕੀਤੀ ਹੈ।

ਪ੍ਰੈਸ ਨੂੰ ਜਾਰੀ ਬਿਆਨ ਵਿਚ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਦਾ ਧਿਆਨ ਦਿਵਾਉਂਦਿਆਂ ਉਨ੍ਹਾਂ ਨੂੰ ਇਸ ਮਸਲੇ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤੀਰਾਦਿੱਤਿਆ ਸਿੰਧੀਆਂ ਤੱਕ ਪਹੁੰਚ ਕਰਨ ਦੀ ਅਪੀਲ ਕੀਤੀ ਹੈ।

ਸ. ਗੁਮਟਾਲਾ ਨੇ ਸਰਦ ਰੁੱਤ ਦੀ ਸਮਾਂ ਸੂਚੀ 'ਚ ਇਨ੍ਹਾਂ ਉਡਾਣਾਂ ਦੀ ਬੁਕਿੰਗ ਰੱਦ ਹੋਣ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਭਾਰਤ ਸਰਕਾਰ ਵਲੋਂ ਏਅਰ ਇੰਡੀਆ ਨੂੰ ਟਾਟਾ ਸੰਨਜ਼ ਲਿਮੀਟਿਡ ਦੇ ਹਵਾਲੇ ਕਰਨ ਤੋਂ ਪਹਿਲਾਂ ਅੰਮ੍ਰਿਤਸਰ ਹਵਾਈ ਅੱਡੇ ਦੇ ਘਰੇਲੂ ਅਤੇ ਅੰਤਰਰਾਸ਼ਟਰੀ ਹਵਾਈ ਸੰਪਰਕ ਨੂੰ ਇਕ ਵੱਡਾ ਝਟਕਾ ਲੱਗ ਸਕਦਾ ਹੈ। ਨਵੰਬਰ ਮਹੀਨੇ ਤੋਂ ਏਅਰ ਇੰਡੀਆ ਦੀ ਬਹੁਤ ਹੀ ਪ੍ਰਸਿੱਧ ਨਾਂਦੇੜ-ਅੰਮ੍ਰਿਤਸਰ ਸਿੱਧੀ ਉਡਾਣ ਦੀ ਬੁਕਿੰਗ ਏਅਰਲਾਈਨ ਜਾਂ ਟਰੈਵਲ ਏਜੰਸੀਆਂ ਦੀ ਵੈਬਸਾਈਟ 'ਤੇ ਉਪਲੱਬਧ ਨਹੀਂ ਹੈ। ਇਸ ਤੋਂ ਇਲਾਵਾ ਹਫਤੇ ਵਿਚ ਸਿਰਫ ਇਕ ਦਿਨ ਚਲਾਈ ਜਾਂਦੀ ਦਿੱਲੀ-ਅੰਮ੍ਰਿਤਸਰ ਰੋਮ ਸਿੱਧੀ ਉਡਾਣ ਦੀ ਬੁਕਿੰਗ ਵੀ 30 ਅਕਤੂਬਰ ਤੋਂ ਬਾਅਦ ਵੈਬਸਾਈਟ 'ਤੇ ਬੰਦ ਕਰ ਦਿੱਤੀ ਗਈ ਹੈ।

ਸ. ਗੁਮਟਾਲਾ ਨੇ ਦੱਸਿਆ ਕਿ ਅੰਮ੍ਰਿਤਸਰ-ਨਾਂਦੇੜ ਵਿਚਾਲੇ ਸਿੱਧੀ ਉਡਾਣ ਤਿੰਨ ਸਾਲਾਂ ਤੋਂ ਵੱਧ ਸਮੇਂ ਤੋਂ ਚੱਲ ਰਹੀ ਹੈ, ਜਿਸ 'ਚ ਵੱਡੀ ਗਿਣਤੀ ਵਿਦੇਸ਼ ਤੋਂ ਪੰਜਾਬ ਆਉਣ ਵਾਲੇ ਪੰਜਾਬੀ ਅਤੇ ਪੰਜਾਬ ਦੇ ਨਾਲ ਨਾਲ ਦੂਜੇ ਗੁਆਂਢੀ ਰਾਜਾਂ ਦੇ ਯਾਤਰੀ ਵੀ ਦਰਸ਼ਨ ਕਰਨ ਲਈ ਇਸ ਉਡਾਣ ਰਾਹੀਂ ਜਾਂਦੇ ਹਨ। ਇਹ ਸਿੱਧੀ ਉਡਾਣ ਬੜੇ ਲੰਮੇ ਸਮੇਂ ਤੋਂ ਪੰਜਾਬੀਆਂ ਵੱਲੋਂ ਕੀਤੀ ਜਾ ਰਹੀ ਮੰਗ ਨੂੰ ਮੁੱਖ ਰੱਖ ਕੇ ਸ਼ੁਰੂ ਕੀਤੀ ਗਈ ਸੀ।

ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਸਕੱਤਰ ਤੇ ਫਲਾਈ ਅੰਮ੍ਰਿਤਸਰ ਦੇ ਭਾਰਤ ਵਿਚ ਕਨਵੀਨਰ ਯੋਗੇਸ਼ ਕਾਮਰਾ, ਜੋ ਹਵਾਈ ਅੱਡੇ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਹਨ, ਅਨੁਸਾਰ ਏਅਰ ਇੰਡੀਆ ਵਲੋਂ ਕੋਵਿਡ ਦੌਰਾਨ ਇਨ੍ਹਾਂ ਉਡਾਣਾਂ 'ਚ 70% ਤੋਂ ਵੱਧ ਯਾਤਰੀਆਂ ਦੇ ਸਫਰ ਕਰਨ ਦੇ ਬਾਵਜੂਦ ਬੰਦ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਅੰਮ੍ਰਿਤਸਰ ਤੋਂ ਰੋਮ ਅਤੇ ਮਿਲਾਨ ਲਈ ਪਿਛਲੇ ਸਾਲ ਸਤੰਬਰ ਮਹੀਨੇ ਤੋਂ ਕਈ ਪ੍ਰਾਈਵੇਟ ਚਾਰਟਰ ਉਡਾਣਾਂ ਸਪਾਈਸਜੈੱਟ, ਇੰਡੀਗੋ ਤੇ ਹੁਣ ਇਟਲੀ ਦੀ ਨਿਓਜ਼ ਏਅਰ ਵਲੋਂ ਵੀ ਚਲਾਈਆਂ ਜਾ ਰਹੀਆਂ ਹਨ। ਇਸ ਰੂਟ 'ਤੇ ਵੱਡੀ ਗਿਣਤੀ ਯਾਤਰੀ ਸਫਰ ਕਰਦੇ ਹਨ। ਇਸ ਲਈ ਏਅਰ ਇੰਡੀਆ ਉਡਾਣਾਂ ਦੀ ਗਿਣਤੀ ਵਧਾਉਣ ਦੀ ਥਾਂ ਹਫਤੇ 'ਚ ਇਕ ਦਿਨ ਚਲਦੀ ਇਸ ਉਡਾਣ ਨੂੰ ਵੀ ਬੰਦ ਕਰ ਰਹੀ ਹੈ।

# ਪੰਜਾਬੀ ਨੂੰ ਮਾਈਨਰ ਵਿਸ਼ੇ ਤਹਿਤ ਰੱਖਣ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਵੱਲੋਂ ਪੰਜਾਬੀ ਭਾਸ਼ਾ ਨੂੰ ਮਾਈਨਰ ਵਿਸ਼ੇ ਵਿਚ ਰੱਖਣ ਦਾ ਮਾਮਲਾ ਭਖ ਗਿਆ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਸਮੇਤ ਪੰਜਾਬੀ ਚਿੰਤਕਾਂ ਨੇ ਕੇਂਦਰ ਸਰਕਾਰ ਦੀ ਪੰਜਾਬ ਤੇ ਪੰਜਾਬੀ ਭਾਸ਼ਾ ਨਾਲ ਧੱਕੇਸ਼ਾਹੀ ਖਿਲਾਫ ਆਵਾਜ਼ ਬੁਲੰਦ ਕੀਤੀ ਹੈ।



ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਫੈਸਲੇ ਦੀ ਨਿਖੇਧੀ ਕਰਦਿਆਂ ਇਸ ਫੈਸਲੇ ਨੂੰ ਨੌਜਵਾਨ ਪੀੜ੍ਹੀ ਦੇ ਪੰਜਾਬੀ ਪੜ੍ਹਨ ਦੇ ਅਧਿਕਾਰਾਂ ਦੇ ਉਲਟ ਦੱਸਿਆ ਹੈ। ਮੁੱਖ ਮੰਤਰੀ ਨੇ ਟਵੀਟ ਕਰ ਕੇ ਕਿਹਾ ਕਿ ਸੀ.ਬੀ.ਐਸ.ਈ. ਦਾ ਫੈਸਲਾ ਸੰਵਿਧਾਨ ਦੀ ਸੰਘੀ ਭਾਵਨਾ ਦੀ ਉਲੰਘਣਾ ਹੈ, ਜਿਸ ਵਿਚ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਾਤ ਭਾਸ਼ਾ ਪੜ੍ਹਨ ਦੇ ਅਧਿਕਾਰ ਤੋਂ ਵਾਂਝਾ ਕੀਤਾ ਜਾ ਰਿਹਾ ਹੈ ਤੇ ਉਹ ਇਸ ਦੀ ਨਿਖੇਧੀ ਕਰਦੇ ਹਨ। ਇਹ ਪਹਿਲੀ ਵਾਰ ਹੈ ਕਿ ਸੀ.ਬੀ.ਐਸ.ਈ. ਨੇ ਪ੍ਰੀਖਿਆਵਾਂ ਵੇਲੇ ਵਿਸ਼ਿਆਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੈ। ਇਸ ਵਾਰ ਹਿੰਦੀ ਨੂੰ ਛੱਡ ਕੇ ਬਾਕੀ ਖੇਤਰੀ ਭਾਸ਼ਾਵਾਂ ਨੂੰ ਮਾਈਨਰ ਵਿਸ਼ਿਆਂ ਵਿਚ ਰੱਖਿਆ ਗਿਆ ਹੈ। ਇਸ ਸਬੰਧੀ ਬੋਰਡ ਨੇ ਕਿਹਾ ਕਿ ਜੇ ਵਿਸ਼ਿਆਂ ਨੂੰ ਦੋ ਵਰਗਾਂ ਵਿਚ ਨਾ ਵੰਡਿਆ ਜਾਂਦਾ ਤਾਂ ਪ੍ਰੀਖਿਆਵਾਂ ਸਮਾਪਤ ਹੋਣ ਨੂੰ ਲੰਬਾ ਸਮਾਂ ਲੱਗਣਾ ਸੀ। ਇਸ ਦੇ ਜਵਾਬ ਵਿਚ ਪੰਜਾਬੀ ਦੇ ਅਧਿਆਪਕਾਂ ਨੇ ਕਿਹਾ ਕਿ ਜੇ ਵਿਦਿਆਰਥੀ ਨੇ ਪੰਜ ਵਿਸ਼ਿਆਂ ਦੀ ਪ੍ਰੀਖਿਆ ਦੇਣੀ ਹੈ ਤਾਂ ਉਹ ਛੇਵੇਂ ਵਿਸ਼ੇ ਦੀ ਪ੍ਰੀਖਿਆ ਵੀ ਦੇ ਸਕਦੇ ਹਨ ਤੇ ਦੋਹਾਂ ਹਾਲਾਤ ਵਿਚ ਪੇਪਰ ਸੀ.ਬੀ.ਐਸ.ਈ. ਨੇ ਹੀ ਭੇਜਣਾ ਹੈ। ਇਸ ਨਾਲ ਸਮਾਂ ਕਿਵੇਂ ਬਚੇਗਾ।

ਪੰਜਾਬੀ ਦੇ ਉਘੇ ਪੱਤਰਕਾਰ ਗੁਰਬਚਨ ਸਿੰਘ ਭੁੱਲਰ ਨੇ ਦੱਸਿਆ ਕਿ ਭਾਰਤ ਦੀ ਤ੍ਰਾਸਦੀ ਹੈ ਕਿ ਇਥੇ ਭਾਸ਼ਾ ਬਾਰੇ ਫੈਸਲੇ ਭਾਸ਼ਾ ਵਿਗਿਆਨੀ ਨਹੀਂ ਕਰਦੇ ਸਗੋਂ ਸਿਆਸਤਦਾਨ ਕਰਦੇ ਹਨ। ਪੰਜਾਬੀ ਨਾਲ ਤਾਂ ਸ਼ੁਰੂ ਤੋਂ ਹੀ ਅਨਿਆਂ ਹੁੰਦਾ ਆਇਆ ਹੈ। ਪੰਜਾਬ ਦੇ ਸਕੂਲਾਂ ਵਿਚ ਵੀ ਬੱਚਿਆਂ ਨੂੰ ਪੰਜਾਬੀ ਬੋਲਣ ਤੋਂ ਰੋਕਿਆ ਜਾਂਦਾ ਹੈ ਤੇ ਹੁਣ ਸੀ.ਬੀ.ਐਸ.ਈ. ਨੇ ਖੇਤਰੀ ਭਾਸ਼ਾਵਾਂ ਨੂੰ ਮਾਈਨਰ ਵਿਸ਼ੇ ਵਿਚ ਰੱਖ ਕੇ ਮਾਤ ਭਾਸ਼ਾ ਦਾ ਹੱਕ ਖੋਹਣ ਦੀ ਕੋਸ਼ਿਸ਼ ਕੀਤੀ ਹੈ।

ਪੰਜਾਬੀ ਦੇ ਉਘੇ ਕਵੀ ਸੁਰਜੀਤ ਪਾਤਰ ਨੇ ਸੀ.ਬੀ.ਐਸ.ਈ. ਵੱਲੋਂ ਪੰਜਾਬੀ ਵਿਸ਼ੇ ਨੂੰ ਮਾਈਨਰ ਵਿਸ਼ੇ ਵਿਚ ਰੱਖਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੀ.ਬੀ.ਐਸ.ਈ. ਦੇ ਇਸ ਫੈਸਲੇ ਨਾਲ ਪੰਜਾਬੀ ਪੜ੍ਹਨ ਵਾਲੇ ਬੱਚੇ ਹੀਣ ਭਾਵਨਾ ਦੇ ਸ਼ਿਕਾਰ ਹੋਣਗੇ। ਉਨ੍ਹਾਂ ਕਿਹਾ ਕਿ ਸਾਰੀਆਂ ਖੇਤਰੀ ਭਾਸ਼ਾਵਾਂ ਨੂੰ ਮਾਈਨਰ ਵਿਸ਼ੇ ਵਿਚ ਰੱਖਣਾ ਗਲਤ ਹੈ ਅਤੇ ਦੇਸ਼ ਭਰ ਦੀਆਂ ਖੇਤਰੀ ਭਾਸ਼ਾਵਾਂ ਦੀ ਹੋਂਦ ਬਚਾਉਣ ਲਈ ਕੌਮੀ ਨੀਤੀ ਬਣਨੀ ਚਾਹੀਦੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਮੰਗ ਕੀਤੀ ਹੈ ਕਿ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ 10ਵੀਂ ਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਲਈ ਪੰਜਾਬੀ ਨੂੰ ਮਾਈਨਰ ਵਿਸ਼ਾ ਬਣਾਉਣ ਬਾਰੇ ਆਪਣਾ ਫੈਸਲਾ ਵਾਪਸ ਲਵੇ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਫੈਸਲਾ ਸੰਵਿਧਾਨ ਦੀ ਉਸ ਭਾਵਨਾ ਦੇ ਖਿਲਾਫ ਹੈ, ਜਿਸ ਸਦਕਾ ਸੂਬਾਈ ਭਾਸ਼ਾਵਾਂ ਨੂੰ ਉਨ੍ਹਾਂ ਦੇ ਸਬੰਧਤ ਸੂਬਿਆਂ ਵਿਚ ਤਰਜੀਹ ਦਿੰਦੇ ਸੰਘੀ ਸਿਧਾਂਤਾਂ ਨੂੰ ਮਹੱਤਵ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਮਾਈਨਰ ਵਿਸ਼ਾ ਬਣਾ ਕੇ ਬੋਰਡ ਨੇ ਉਨ੍ਹਾਂ ਵਿਦਿਆਰਥੀਆਂ ਨੂੰ ਇਸ ਮੌਕੇ ਤੋਂ ਵਾਂਝਾ ਕਰ ਦਿੱਤਾ ਹੈ, ਜੋ ਪੰਜਾਬੀ ਨੂੰ ਪ੍ਰਮੁੱਖ ਵਿਸ਼ਾ ਬਣਾਉਣਾ ਚਾਹੁੰਦੇ ਸਨ। ਡਾ. ਚੀਮਾ ਨੇ ਕਿਹਾ ਕਿ ਸੀ.ਬੀ.ਐਸ.ਈ. ਨੂੰ ਅਜਿਹਾ ਕੁਝ ਨਹੀਂ ਕਰਨਾ ਚਾਹੀਦਾ, ਜਿਸ ਨਾਲ ਪੰਜਾਬੀ ਦੇ ਪੰਜਾਬ ਵਿਚ ਸਰਕਾਰੀ ਭਾਸ਼ਾ ਦੇ ਰੁਤਬੇ ਨੂੰ ਖੋਰਾ ਲੱਗਦਾ ਹੋਵੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੀ.ਬੀ.ਐਸ.ਈ. ਬੋਰਡ ਵੱਲੋਂ ਪੰਜਾਬੀ ਨੂੰ ਮਾਈਨਰ ਭਾਸ਼ਾ ਦਾ ਦਰਜਾ ਦੇ ਕੇ ਸਾਈਡ ਲਾਈਨ ਕਰਨਾ, ਪੰਜਾਬ 'ਤੇ ਦੂਸਰਾ ਵੱਡਾ ਹਮਲਾ ਹੈ। ਇਸ ਤੋਂ ਪਹਿਲਾਂ ਬੀ.ਐਸ.ਐਫ. ਨੂੰ ਪੰਜਾਬ 'ਚ 50 ਕਿਲੋਮੀਟਰ ਤੱਕ ਕਾਰਵਾਈ ਕਰਨ ਦੇ ਅਧਿਕਾਰ ਦੇ ਕੇ ਪਹਿਲਾ ਹਮਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਪੰਜਾਬ ਦੇ ਮੁੱਖ ਮੰਤਰੀ ਦੀ ਚੁੱਪੀ ਹਜ਼ਮ ਨਹੀਂ ਹੋ ਰਹੀ। ਸਿਰਫ ਕੁਰਸੀ ਦੇ ਲਾਲਚ 'ਚ ਉਹ ਪੰਜਾਬ ਨੂੰ ਕੇਂਦਰ ਹੱਥੀ ਸੌਂਪ ਰਹੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਦੁਬਾਰਾ ਪੰਜਾਬ ਦੀ ਸੱਤਾ 'ਚ ਨਹੀਂ ਆਵੇਗੀ।

ਸੀ.ਬੀ.ਐਸ.ਈ. ਨੇ 10ਵੀਂ ਤੇ 12ਵੀਂ ਦੀਆਂ ਟਰਮ-1 ਦੀਆਂ ਪ੍ਰੀਖਿਆਵਾਂ ਲਈ ਡੇਟਸ਼ੀਟ ਜਾਰੀ ਕੀਤੀ ਸੀ। ਡੇਟਸ਼ੀਟ ਮੁਤਾਬਕ 10ਵੀਂ ਜਮਾਤ ਦੇ ਮਾਈਨਰ ਵਿਸ਼ਿਆਂ ਦੀਆਂ ਪ੍ਰੀਖਿਆਵਾਂ 17 ਨਵੰਬਰ ਤੋਂ 7 ਦਸੰਬਰ ਜਦੋਂਕਿ 12ਵੀਂ ਜਮਾਤ ਦੀਆਂ 16 ਨਵੰਬਰ ਤੋਂ 30 ਦਸੰਬਰ ਤੱਕ ਹੋਣਗੀਆਂ। ਸੀ.ਬੀ.ਐਸ.ਈ. ਵੱਲੋਂ ਦਸਵੀਂ ਤੇ ਬਾਰ੍ਹਵੀਂ ਜਮਾਤ ਲਈ ਕੁੱਲ ਮਿਲਾ ਕੇ ਕ੍ਰਮਵਾਰ 114 ਤੇ 75 ਵਿਸ਼ਿਆਂ ਦੀ ਪੇਸ਼ਕਸ਼ ਕੀਤੀ ਗਈ ਹੈ। ਇਨ੍ਹਾਂ ਵਿਚੋਂ 19 ਵਿਸ਼ੇ 12ਵੀਂ ਜਮਾਤ ਲਈ ਤੇ 9 ਵਿਸ਼ੇ ਦਸਵੀਂ ਜਮਾਤ ਲਈ ਪ੍ਰਮੁੱਖ ਵਿਸ਼ੇ ਹਨ। ਮਾਈਨਰ ਵਿਸ਼ਿਆਂ ਲਈ ਪ੍ਰੀਖਿਆ ਸਕੂਲਾਂ ਵੱਲੋਂ ਲਈ ਜਾਵੇਗੀ, ਪ੍ਰਸ਼ਨ ਪੱਤਰ ਬੋਰਡ ਵੱਲੋਂ ਮੁਹੱਈਆ ਕਰਵਾਇਆ ਜਾਵੇਗਾ।

### ਸਾਰੀਆਂ ਖੇਤਰੀ ਭਾਸ਼ਾਵਾਂ ਮਾਈਨਰ ਵਿਸ਼ਾ ਵਰਗ 'ਚ ਰੱਖੀਆਂ

**ਨਵੀਂ ਦਿੱਲੀ:** ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਨੇ ਸਪਸ਼ਟ ਕੀਤਾ ਹੈ ਕਿ ਪੰਜਾਬੀ ਨੂੰ ਹੀ ਨਹੀਂ ਬਲਕਿ ਸਾਰੀਆਂ ਖੇਤਰੀ ਭਾਸ਼ਾਵਾਂ ਨੂੰ 10ਵੀਂ ਅਤੇ 12ਵੀਂ ਜਮਾਤ ਦੀਆਂ ਟਰਮ-1 ਪ੍ਰੀਖਿਆ ਦੇ ਮਾਈਨਰ ਵਿਸ਼ਿਆਂ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਸੀਨੀਅਰ ਬੋਰਡ ਅਧਿਕਾਰੀ ਨੇ ਕਿਹਾ, ''ਜਿਵੇਂ ਕਿ ਸਭ ਨੂੰ ਪਤਾ ਹੈ ਸੀ.ਬੀ.ਐਸ.ਈ. ਨੇ 10ਵੀਂ ਤੇ 12ਵੀਂ ਜਮਾਤ ਦੀਆਂ ਟਰਮ-1 ਪ੍ਰੀਖਿਆਵਾਂ ਲਈ ਮੁੱਖ ਵਿਸ਼ਿਆਂ ਦੀ ਡੇਟਸ਼ੀਟ ਐਲਾਨ ਦਿੱਤੀ ਹੈ। ਇਹ ਸਾਫ ਕੀਤਾ ਜਾਂਦਾ ਹੈ ਕਿ ਵਿਸ਼ਿਆਂ ਦਾ ਵਰਗੀਕਰਨ ਖਾਲਸ ਪ੍ਰਸ਼ਾਸਨਿਕ ਆਧਾਰ 'ਤੇ ਕੀਤਾ ਗਿਆ ਹੈ। ਕਿਸੇ ਵਿਸ਼ੇ ਲਈ ਪ੍ਰੀਖਿਆ ਦੇਣ ਵਾਲੇ ਉਮੀਦਵਾਰਾਂ ਦੀ ਗਿਣਤੀ ਨੂੰ ਵੇਖਦਿਆਂ ਹੀ ਪਹਿਲੀ ਟਰਮ ਦੀਆਂ ਪ੍ਰੀਖਿਆਵਾਂ ਲੈਣ ਦਾ ਫੈਸਲਾ ਕੀਤਾ ਗਿਆ ਹੈ ਤੇ ਇਸ ਵਿਚ ਕਿਸੇ ਵੀ ਵਿਸ਼ੇ ਦੀ ਅਹਿਮੀਅਤ ਨੂੰ ਮੁੱਖ ਜਾਂ ਘੱਟ ਦਰਜੇ ਵਾਲੀ ਵਜੋਂ ਨਹੀਂ ਦਰਸਾਇਆ ਗਿਆ।''

## ਭਗਤ ਸਿੰਘ ਦੀ ਕਿਤਾਬ ਰੱਖਣ ਦੇ ਦੋਸ਼ 'ਚ ਫੜੇ ਆਦਿਵਾਸੀ ਪਿਉ-ਪੁੱਤਰ ਬਰੀ

**ਨਵੀਂ ਦਿੱਲੀ:** 'ਕਿਸੇ ਕੋਲੋਂ ਸਾਹਿਤ ਦੀ ਬਰਾਮਦਗੀ ਨਾਲ ਇਹ ਸਾਬਤ ਨਹੀਂ ਹੁੰਦਾ ਹੈ ਕਿ ਵਿਅਕਤੀ ਪਾਬੰਦੀਸ਼ੁਦਾ ਜਥੇਬੰਦੀ ਨਾਲ ਜੁੜਿਆ ਹੋਇਆ ਹੈ।' ਕਰਨਾਟਕ ਦੀ ਇਕ ਜ਼ਿਲ੍ਹਾ ਅਦਾਲਤ ਨੇ 2012 'ਚ ਗ੍ਰਿਫਤਾਰ ਕੀਤੇ ਗਏ ਆਦਿਵਾਸੀ ਪਿਉ-ਪੁੱਤਰ ਨੂੰ ਬਰੀ ਕਰਦਿਆਂ ਇਹ ਟਿੱਪਣੀ ਕੀਤੀ।



ਉਨ੍ਹਾਂ ਕਿਹਾ ਕਿ ਭਗਤ ਸਿੰਘ ਦੀਆਂ ਕਿਤਾਬਾਂ ਰੱਖਣਾ ਅਤੇ ਅਖਬਾਰਾਂ ਪੜ੍ਹਨ 'ਤੇ ਕਾਨੂੰਨ ਤਹਿਤ ਕੋਈ ਪਾਬੰਦੀ ਨਹੀਂ ਹੈ। ਜਾਣਕਾਰੀ ਮੁਤਾਬਕ ਲਿੰਗੱਪਾ ਮਾਲਕੁਡੀਆ ਅਤੇ ਉਸ ਦੇ ਪੁੱਤਰ ਵਿੱਠਲ ਨੂੰ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਓਵਾਦੀ) ਨਾਲ ਸਬੰਧਾਂ ਦੇ ਦੋਸ਼ ਹੇਠ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਦੇਸ਼ਧ੍ਰੋਹ ਅਤੇ ਯੂ.ਏ.ਪੀ.ਏ. ਤਹਿਤ ਅਤਿਵਾਦ ਫੈਲਾਉਣ ਦਾ ਕੇਸ ਦਰਜ ਕੀਤਾ ਗਿਆ ਸੀ। ਪੱਤਰਕਾਰੀ ਦੇ ਵਿਦਿਆਰਥੀ ਵਿੱਠਲ ਦੇ ਹੋਸਟਲ ਦੇ ਕਮਰੇ 'ਚੋਂ ਮਿਲੀਆਂ ਕਿਤਾਬਾਂ ਦੇ ਆਧਾਰ 'ਤੇ ਉਨ੍ਹਾਂ ਦੇ ਸਬੰਧ ਮਾਓਵਾਦੀਆਂ ਨਾਲ ਹੋਣ ਦੇ ਦੋਸ਼ ਲਾਏ ਗਏ ਸਨ।

ਪੁਲਿਸ ਨੇ ਉਸ ਕੋਲੋਂ 'ਇਤਰਾਜ਼ਯੋਗ ਸਾਹਿਤ' ਮਿਲਣ ਦਾ ਦਾਅਵਾ ਕਰਦਿਆਂ ਕਿਹਾ ਸੀ ਕਿ ਇਸ ਸਮੱਗਰੀ 'ਚ ਸ਼ਹੀਦ ਭਗਤ ਸਿੰਘ ਦੀ ਕਿਤਾਬ, ਪਿੰਡ 'ਚ ਬੁਨਿਆਦੀ ਸਹੂਲਤਾਂ ਪਹੁੰਚਣ ਤੱਕ ਸੰਸਦੀ ਚੋਣਾਂ ਦਾ ਬਾਈਕਾਟ ਕਰਨ ਸਬੰਧੀ ਚਿੱਠੀ ਅਤੇ ਅਖਬਾਰ ਦੇ ਲੇਖ ਦੀਆਂ ਕਤਰਾਂ ਸ਼ਾਮਲ ਹਨ। ਅਦਾਲਤ ਨੇ ਕਿਹਾ ਕਿ ਪੁਲਿਸ ਪਿਉ-ਪੁੱਤਰ ਦੇ ਨਕਸਲੀਆਂ ਨਾਲ ਕੋਈ ਸਬੰਧ ਦਰਸਾਉਣ 'ਚ ਨਾਕਾਮ ਰਹੀ। ਇਸ ਤੋਂ ਇਲਾਵਾ ਕਿਸੇ ਵੀ ਗਵਾਹ ਨੇ ਇਹ ਨਹੀਂ ਆਖਿਆ ਕਿ ਦੋਹਾਂ ਨੇ ਦੇਸ਼ਧ੍ਰੋਹ ਜਿਹਾ ਕੋਈ ਵੱਡਾ ਕਦਮ ਉਠਾਇਆ ਹੈ। ਅਦਾਲਤ ਨੇ ਕਿਹਾ ਕਿ ਮੁਲਜ਼ਮਾਂ ਵੱਲੋਂ ਨਫਰਤ ਫੈਲਾਉਣ ਜਾਂ ਸਰਕਾਰ ਖਿਲਾਫ ਅਸਹਿਮਤੀ ਦੀਆਂ ਸੁਰਾਂ ਭੜਕਾਉਣ ਸਬੰਧੀ ਕੋਈ ਰਿਕਾਰਡ ਵੀ ਨਹੀਂ ਮਿਲਿਆ ਹੈ।

ਪਿਉ-ਪੁੱਤਰ ਨੂੰ 3 ਮਾਰਚ, 2012 'ਚ ਘਰ 'ਚੋਂ ਗ੍ਰਿਫਤਾਰ ਕੀਤਾ ਗਿਆ ਸੀ। ਸੀਨੀਅਰ ਪੁਲਿਸ ਅਧਿਕਾਰੀ ਨੇ ਸੂਹ ਦਿੱਤੀ ਸੀ ਕਿ ਦੋਵੇਂ ਜਣੇ ਪੰਜ ਲੋੜੀਂਦੇ ਨਕਸਲੀਆਂ ਦੀ ਸਹਾਇਤਾ ਕਰ ਰਹੇ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਐਫ.ਆਈ.ਆਰ. 'ਚ ਨਾਮਜ਼ਦ ਪੰਜ ਨਕਸਲੀਆਂ ਨੂੰ ਕਦੇ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ। ਕੇਸ 'ਚੋਂ ਬਰੀ ਹੋਣ ਮਗਰੋਂ ਵਿੱਠਲ ਨੇ ਕਿਹਾ ਕਿ ਉਸ ਨੇ ਪਿਤਾ ਨਾਲ 9 ਸਾਲ ਸੰਘਰਸ਼ ਕੀਤਾ ਅਤੇ ਅਖੀਰ ਉਹ ਬੇਕਸੂਰ ਸਾਬਤ ਹੋਏ। ਗ੍ਰਿਫਤਾਰੀ ਦੇ ਕਰੀਬ ਚਾਰ ਮਹੀਨਿਆਂ ਮਗਰੋਂ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਸੀ ਕਿਉਂਕਿ ਪੁਲਿਸ 90 ਦਿਨਾਂ ਦੇ ਅੰਦਰ ਚਾਰਜਸ਼ੀਟ ਦਾਖਲ ਨਹੀਂ ਕਰ ਸਕੀ ਸੀ। ਪੱਤਰਕਾਰੀ ਦਾ ਕੋਰਸ 2016 'ਚ ਮੁਕੰਮਲ ਹੋਣ ਮਗਰੋਂ ਵਿੱਠਲ 2018 'ਚ ਇਕ ਕੰਨੜ ਦੈਨਿਕ 'ਚ ਕੰਮ ਕਰਨ ਲੱਗ ਪਿਆ ਸੀ।

## ਪਾਵਰਕੌਮ ਵੱਲੋਂ ਬਿਜਲੀ ਬਿੱਲਾਂ ਦੇ 77.37 ਕਰੋੜ ਦੇ ਬਕਾਏ ਮੁਆਫ

**ਚੰਡੀਗੜ੍ਹ:** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਨੇ 2 ਕਿਲੋਵਾਟ ਤੋਂ ਘੱਟ ਲੋਡ ਵਾਲੇ 96,911 ਘਰੇਲੂ ਖਪਤਕਾਰਾਂ ਦੇ 77.37 ਕਰੋੜ ਰੁਪਏ ਦੇ ਬਿਜਲੀ ਬਿੱਲਾਂ ਦੇ ਬਕਾਏ ਮੁਆਫ ਕਰ ਦਿੱਤੇ ਹਨ। ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਸੂਬੇ ਦੇ 5 ਜ਼ੋਨਾਂ, ਸਰਹੱਦੀ ਜ਼ੋਨ ਜਿਸ ਵਿਚ ਸਬ-ਅਰਬਨ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਤੇ ਅੰਮ੍ਰਿਤਸਰ ਸਿਟੀ ਸਰਕਲ ਆਉਂਦੇ ਹਨ, ਕੇਂਦਰੀ ਜ਼ੋਨ (ਲੁਧਿਆਣਾ ਪੂਰਬੀ, ਲੁਧਿਆਣਾ ਪੱਛਮੀ, ਖੰਨਾ, ਸਬ-ਅਰਬਨ ਲੁਧਿਆਣਾ), ਉੱਤਰੀ ਜ਼ੋਨ (ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ), ਦੱਖਣੀ ਜ਼ੋਨ (ਪਟਿਆਲਾ, ਸੰਗਰੂਰ, ਬਰਨਾਲਾ, ਰੋਪੜ ਅਤੇ ਮੁਹਾਲੀ) ਅਤੇ ਪੱਛਮੀ ਜ਼ੋਨ (ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ), ਵਿਚ ਕੁੱਲ 15.85 ਲੱਖ ਲਾਭਪਾਤਰੀ ਹਨ ਜਿਨ੍ਹਾਂ ਦੇ ਨਾਂ 1505 ਕਰੋੜ ਰੁਪਏ ਦੇ ਬਕਾਏ ਖੜ੍ਹੇ ਹਨ।

ਇਨ੍ਹਾਂ ਵਿਚੋਂ 77.37 ਕਰੋੜ ਰੁਪਏ ਦੇ ਬਕਾਏ ਹੁਣ ਤੱਕ ਮੁਆਫ ਕੀਤੇ ਜਾ ਚੁੱਕੇ ਹਨ। ਇਸ ਸਬੰਧੀ ਲਾਭਪਾਤਰੀਆਂ ਦੀ ਜ਼ੋਨ ਵਾਰ ਵੰਡ ਅਤੇ ਉਨ੍ਹਾਂ ਦੇ ਨਾਂ ਖੜ੍ਹੇ ਵਿੱਤੀ ਬਕਾਏ ਬਾਰੇ ਵੇਰਵੇ ਦਿੰਦਿਆਂ ਬੁਲਾਰੇ ਨੇ ਦੱਸਿਆ ਕਿ ਸਰਹੱਦੀ ਜ਼ੋਨ ਵਿਚ 4.27 ਲੱਖ ਲਾਭਪਾਤਰੀ ਹਨ ਜਿਨ੍ਹਾਂ ਦੇ ਨਾਂ 407 ਕਰੋੜ ਰੁਪਏ ਦੇ ਬਕਾਏ ਹਨ। ਇਸ ਤੋਂ ਇਲਾਵਾ ਕੇਂਦਰੀ ਜ਼ੋਨ ਦੇ ਕੁੱਲ 1.84 ਲੱਖ ਲਾਭਪਾਤਰੀਆਂ ਦੇ ਨਾਂ 1.57 ਕਰੋੜ ਰੁਪਏ ਦੇ ਬਕਾਏ ਹਨ ਜਦੋਂ ਕਿ ਉਤਰੀ ਜ਼ੋਨ ਦੇ 2.11 ਲੱਖ ਲਾਭਪਾਤਰੀਆਂ ਦੇ ਨਾਂ 1.78 ਕਰੋੜ ਰੁਪਏ, ਦੱਖਣੀ ਜ਼ੋਨ ਦੇ 2.86 ਲੱਖ ਲਾਭਪਾਤਰੀਆਂ ਦੇ ਨਾਂ 2 ਕਰੋੜ ਰੁਪਏ ਅਤੇ ਪੱਛਮੀ ਜ਼ੋਨ ਦੇ ਕੁੱਲ 4.76 ਲੱਖ ਲਾਭਪਾਤਰੀਆਂ ਦੇ ਨਾਂ 5.62 ਕਰੋੜ ਰੁਪਏ ਦੇ ਬਕਾਏ ਹਨ।

ਮੁੱਖ ਮੰਤਰੀ ਨੇ ਆਪਣੀ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਿਨਾਂ ਕਿਸੇ ਜਾਤ-ਪਾਤ, ਧਰਮ ਅਤੇ ਨਸਲ ਦੇ ਵਖਰੇਵੇਂ ਤੋਂ ਹਰ ਕਿਸੇ ਨੂੰ ਇਸ ਯੋਜਨਾ ਦਾ ਲਾਭ ਮਿਲੇਗਾ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅਹੁਦਾ ਸੰਭਾਲਣ ਤੋਂ ਬਾਅਦ ਸੂਬੇ ਵਿਚ 2 ਕਿਲੋਵਾਟ ਤੱਕ ਦੇ ਲੋਡ ਵਾਲੇ ਸਾਰੇ ਖਪਤਕਾਰਾਂ ਦੇ ਬਕਾਏ ਮੁਆਫ ਕਰਨ ਦਾ ਐਲਾਨ ਕੀਤਾ ਸੀ।

## ਕੈਪਟਨ ਨੇ ਮੌੜ ਬੰਬ ਧਮਾਕੇ ਦੀ ਜਾਂਚ ਦੱਬੀ ਰੱਖੀ: ਰੰਧਾਵਾ




**ਜਲੰਧਰ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਉਨ੍ਹਾਂ ਮੌੜ ਬੰਬ ਧਮਾਕੇ ਦੀ ਜਾਂਚ ਬੰਦ ਰੱਖੀ ਤੇ ਇਸ ਦਾ ਸੱਚ ਲੋਕਾਂ ਸਾਹਮਣੇ ਨਹੀਂ ਲਿਆਂਦਾ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੱਸਣ ਕਿ ਉਨ੍ਹਾਂ ਸਾਢੇ ਚਾਰ ਸਾਲ ਤੱਕ ਮੌੜ ਬੰਬ ਧਮਾਕੇ ਦੀ ਜਾਂਚ ਕਿਉਂ ਦੱਬੀ ਰੱਖੀ। ਉਸ ਵੇਲੇ ਗ੍ਰਹਿ ਵਿਭਾਗ ਵੀ ਉਨ੍ਹਾਂ ਕੋਲ ਹੀ ਸੀ। ਸ੍ਰੀ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਕਈ ਵਾਰ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਸੀ ਕਿ ਮੌੜ ਬੰਬ ਧਮਾਕੇ ਦੀ ਜਾਂਚ ਵਿਚ ਤੇਜ਼ੀ ਲਿਆਂਦੀ ਜਾਵੇ ਪਰ ਉਨ੍ਹਾਂ ਸਾਢੇ ਚਾਰ ਸਾਲ ਤੱਕ ਧਮਾਕੇ ਦੇ ਦੋਸ਼ੀਆਂ ਨੂੰ ਫੜਨ ਲਈ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਹੁਣ ਜਿੱਥੇ ਮੌੜ ਧਮਾਕੇ ਦੀ ਜਾਂਚ ਰੁਕੀ ਹੋਈ ਹੈ ਉਥੋਂ ਹੀ ਸ਼ੁਰੂ ਕਰਾਂਗੇ ਤੇ ਥੋੜ੍ਹੇ ਦਿਨਾਂ ਵਿਚ ਇਸ ਦੀ ਜਾਂਚ ਰਿਪੋਰਟ ਸਾਹਮਣੇ ਆ ਜਾਵੇਗੀ।

### ਮੌੜ ਧਮਾਕਾ ਕਾਂਗਰਸ, ਬਾਦਲ ਤੇ ਭਾਜਪਾ ਦੀ ਸਾਜ਼ਿਸ਼: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ ਨੇ ਦੋਸ਼ ਲਾਇਆ ਹੈ ਕਿ ਵਿਧਾਨ ਸਭਾ ਚੋਣਾਂ 2017 ਦੌਰਾਨ ਮੌੜ 'ਚ ਹੋਇਆ ਬੰਬ ਧਮਾਕਾ 'ਆਪ' ਨੂੰ ਬਦਨਾਮ ਕਰ ਕੇ ਸੱਤਾ 'ਚ ਆਉਣ ਤੋਂ ਰੋਕਣ ਅਤੇ ਵੋਟਰਾਂ ਨੂੰ ਡਰਾਉਣ ਦਾ ਮਨਸੂਬਾ ਸੀ। ਉਨ੍ਹਾਂ ਕਿਹਾ ਕਿ ਇਹ ਸਾਜ਼ਿਸ਼ ਅਕਾਲੀ ਦਲ ਬਾਦਲ, ਕਾਂਗਰਸ ਅਤੇ ਭਾਜਪਾ ਨੇ ਸਾਂਝੇ ਤੌਰ 'ਤੇ ਰਚੀ ਸੀ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਦਿੱਤੇ ਬਿਆਨ ਬਾਰੇ ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਬਿਆਨਬਾਜ਼ੀ ਦੀ ਥਾਂ ਇਹ ਦੱਸਣ ਕਿ ਉਹ ਮਾਮਲੇ ਸਬੰਧੀ ਕਿੰਨੇ ਦਿਨਾਂ ਵਿਚ ਨਿਰਪੱਖ ਜਾਂਚ ਕਰਵਾ ਕੇ ਸਾਰੇ ਦੋਸ਼ੀਆਂ ਨੂੰ ਸਜ਼ਾ ਅਤੇ ਪੀੜਤਾਂ ਨੂੰ ਇਨਸਾਫ ਦੇਣਗੇ।

## ਜਲ੍ਹਿਆਂਵਾਲਾ ਬਾਗ ਦੇ ਮੂਲ ਸਰੂਪ ਦੀ ਬਹਾਲੀ ਲਈ ਲਾਮਬੰਦੀ

**ਅੰਮ੍ਰਿਤਸਰ:** ਇਤਿਹਾਸਕ ਜਲ੍ਹਿਆਂਵਾਲਾ ਬਾਗ ਦੇ ਮੂਲ ਸਰੂਪ ਦੀ ਬਹਾਲੀ ਲਈ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਹੇਠ ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਜਲ੍ਹਿਆਂਵਾਲਾ ਬਾਗ ਦੇ ਬਾਹਰ ਰੋਸ ਧਰਨਾ ਦਿੱਤਾ ਗਿਆ। ਇਸ ਤੋਂ ਪਹਿਲਾਂ ਭੰਡਾਰੀ ਪੁਲ ਤੋਂ ਇਤਿਹਾਸਕ ਸਥਾਨ ਤੱਕ ਰੋਸ ਮਾਰਚ ਵੀ ਕੀਤਾ ਗਿਆ।



ਪ੍ਰਦਰਸ਼ਨਕਾਰੀਆਂ ਨੇ ਗਦਰ ਪਾਰਟੀ, ਕਿਸਾਨੀ ਅਤੇ ਹੋਰ ਜਥੇਬੰਦੀਆਂ ਦੇ ਝੰਡੇ ਹੱਥ ਵਿਚ ਫੜ ਕੇ ਸਰਕਾਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਇਸ ਧਰਨੇ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਅਮੋਲਕ ਸਿੰਘ, ਦਰਸ਼ਨ ਖਟਕੜ, ਹਰਦੇਵ ਅਰਸ਼ੀ ਆਦਿ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਗਿਣੀ ਮਿਥੀ ਸਾਜ਼ਿਸ਼ ਹੇਠ ਕਰੋਨਾ ਦੀ ਆੜ ਥੱਲੇ ਇਸ ਇਤਿਹਾਸਕ ਯਾਦਗਾਰ ਨਾਲ ਛੇੜਛਾੜ ਕੀਤੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਕਾਰਨ ਇਥੇ ਦਾਖਲਾ ਬੰਦ ਕਰ ਦਿੱਤਾ ਗਿਆ ਅਤੇ ਆਜ਼ਾਦੀ ਸੰਘਰਸ਼ ਨਾਲ ਜੁੜੇ ਜਲ੍ਹਿਆਂਵਾਲਾ ਬਾਗ ਕਾਂਡ ਦੇ ਇਤਿਹਾਸ ਨਾਲ ਛੇੜਛਾੜ ਕੀਤੀ, ਜਿਸ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਸਿਰਫ ਯਾਦਗਾਰਾਂ ਨਾਲ ਹੀ ਛੇੜਛਾੜ ਨਹੀਂ ਕੀਤੀ ਜਾ ਰਹੀ ਸਗੋਂ ਇਤਿਹਾਸਕ ਸਿਲੇਬਸ, ਸਾਹਿਤ, ਕਲਾਕ੍ਰਿਤੀਆਂ ਨਾਲ ਵੀ ਛੇੜਛਾੜ ਕੀਤੀ ਜਾ ਰਹੀ ਹੈ। ਕਮੇਟੀ ਆਗੂ ਰਣਜੀਤ ਸਿੰਘ ਔਲਖ ਨੇ ਮਤੇ ਪੜ੍ਹੇ ਅਤੇ ਲੋਕਾਂ ਨੇ ਹੱਥ ਖੜ੍ਹੇ ਕਰ ਕੇ ਇਨ੍ਹਾਂ ਨੂੰ ਪ੍ਰਵਾਨਗੀ ਦਿੱਤੀ। ਇਕ ਮਤੇ ਰਾਹੀਂ ਜਲ੍ਹਿਆਂਵਾਲਾ ਬਾਗ ਦੇ ਮੂਲ ਸਰੂਪ ਦੀ ਬਹਾਲੀ, ਬੀ.ਐਸ.ਐਫ. ਦਾ ਅਧਿਕਾਰ ਖੇਤਰ 50 ਕਿਲੋਮੀਟਰ ਤਕ ਵਧਾਉਣ ਦਾ ਫੈਸਲਾ ਨੂੰ ਰੱਦ ਕਰਨ, ਲਖੀਮਪੁਰ ਖੀਰੀ ਘਟਨਾ ਵਿਚ ਕੇਂਦਰੀ ਰਾਜ ਮੰਤਰੀ ਅਤੇ ਉਸ ਦੇ ਪੁੱਤਰ ਸਮੇਤ ਹੋਰਨਾਂ ਖਿਲਾਫ ਕਾਰਵਾਈ ਕਰਨ, ਕਿਸਾਨਾਂ ਦੇ ਦਿੱਲੀ ਮੋਰਚੇ ਵਿਚ ਸਰਕਾਰ ਦੇ ਇਸ਼ਾਰੇ 'ਤੇ ਹੋ ਰਹੀਆਂ ਫਿਰਕੂ ਕਾਰਵਾਈਆਂ ਬੰਦ ਕਰਨ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਜਲ੍ਹਿਆਂਵਾਲਾ ਬਾਗ ਦਾ ਮੂਲ ਸਰੂਪ ਬਹਾਲ ਨਾ ਕੀਤਾ ਗਿਆ ਤਾਂ ਪਹਿਲੀ ਨਵੰਬਰ ਨੂੰ ਗਦਰੀ ਬਾਬਿਆਂ ਦੇ ਮੇਲੇ ਮੌਕੇ ਇਸ ਸਬੰਧੀ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ।

# ਸਿੰਘੂ ਬਾਰਡਰ 'ਤੇ ਕਤਲ, ਬੇਅਦਬੀ ਲਈ ਸਜ਼ਾ ਤੇ ਸਿੱਖ ਵਿਰਸਾ

***ਉਤਰ ਪ੍ਰਦੇਸ਼ ਵਿਚ ਲਖੀਮਪੁਰ ਖੀਰੀ ਕਾਂਡ ਤੋਂ ਬਾਅਦ ਮੋਦੀ ਸਰਕਾਰ ਬਹੁਤ ਬੁਰੀ ਤਰ੍ਹਾਂ ਫਸੀ ਹੋਈ ਸੀ ਪਰ ਸਿੰਘੂ ਬਾਰਡਰ 'ਤੇ ਕਤਲ ਤੋਂ ਬਾਅਦ ਕਿਸਾਨ ਅੰਦੋਲਨ ਦਾ ਬਿਰਤਾਂਤ ਹੀ ਬਦਲ ਗਿਆ। ਕਤਲ ਵਾਲੀ ਘਟਨਾ ਤੋਂ ਬਾਅਦ ਸਾਰੀ ਚਰਚਾ ਇਸ ਕਤਲ ਦੁਆਲੇ ਕੇਂਦਰ ਹੋ ਗਈ ਅਤੇ ਕੁਝ ਧਿਰਾਂ ਨੂੰ ਕਿਸਾਨ ਅੰਦੋਲਨ ਉਤੇ ਇਕ ਹੋਰ ਹਮਲਾ ਕਰਨ ਦਾ ਮੌਕਾ ਮਿਲ ਗਿਆ। ਇਸ ਪੱਖ ਤੋਂ ਇਕ ਖਾਸ ਧਿਰ ਵਲੋਂ ਨਿਭਾਈ ਭੂਮਿਕਾ ਬਾਰੇ ਚਰਚਾ ਬਲਰਾਜ ਦਿਓਲ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ ਅਤੇ ਇਸ ਧਿਰ ਨਾਲ ਜੁੜੇ ਵਿਦਵਾਨਾਂ ਦੀ ਨੀਅਤ 'ਤੇ ਸਵਾਲ ਉਠਾਏ ਹਨ।***

ਸਿੰਘੂ ਬਾਰਡਰ 'ਤੇ ਕਿਸਾਨ ਅੰਦੋਲਨ ਦੀ ਮੂਹਰਲੀ ਕਤਾਰ ਵਿਚ ਮੋਰਚਾ ਬਣਾਈ ਬੈਠੇ ਨਿਹੰਗਾਂ ਦੇ ਇੱਕ ਗੁੱਟ ਨੇ 15 ਅਕਤੂਬਰ ਤੜਕਸਾਰ ਲਖਬੀਰ ਸਿੰਘ ਨੂੰ ਬੰਨ੍ਹ ਕੇ ਬੇਰਹਿਮੀ ਨਾਲ ਹਲਾਲ ਕੀਤਾ। ਉਸ ਨੂੰ ਬੇਅਦਬੀ ਦਾ ਦੋਸ਼ੀ ਦੱਸਿਆ ਗਿਆ ਪਰ ਨਿਹੰਗ ਕੋਈ ਸਪਸ਼ਟ ਸਬੂਤ ਪੇਸ਼ ਨਹੀਂ ਕਰ ਸਕੇ। ਕਦੇ ਕਹਿੰਦੇ, ਉਹ ਗੁਰੂ ਮਹਾਰਾਜ ਦੀ ਬੇਅਦਬੀ ਕਰਨ ਲੱਗਾ ਸੀ ਅਤੇ ਕਦੇ ਕਹਿੰਦੇ ਉਸ ਨੇ ਸਰਬਲੋਹ ਗ੍ਰੰਥ ਚੁੱਕ ਲਿਆ ਸੀ। ਅਖੇ, ਸਰਕਾਰਾਂ ਬੇਅਦਬੀ ਦੇ ਕੇਸਾਂ ਵਿਚ ਇਨਸਾਫ ਨਹੀਂ ਦਿੰਦੀਆਂ ਜਿਸ ਕਾਰਨ ਲਖਬੀਰ ਸਿੰਘ ਨੂੰ ਤੁਰੰਤ ਮੌਕੇ ਉੱਤੇ ਹੀ ਸਜ਼ਾ ਦੇ ਦਿੱਤੀ ਗਈ ਹੈ। ਨਿਹੰਗ ਆਪੇ ਪੁਲਿਸ, ਆਪੇ ਜੱਜ ਜਿਊਰੀ ਬਣ ਗਏ ਅਤੇ ਸਿੱਖੀ ਦੇ ਨਾਮ ਉੱਤੇ ਗਰੀਬ ਮਜ਼ਦੂਰ ਨੂੰ ਕੋਹ-ਕੋਹ ਕੇ ਮਾਰ ਦਿੱਤਾ।

ਦੇਸ਼ ਵਿਦੇਸ਼ ਵਿਚ ਕਈ ਅਜਿਹੇ ਸਿੱਖ ਬੈਠੇ ਹਨ ਜੋ ਇਸ ਜ਼ੁਲਮ ਨੂੰ ਜਾਇਜ਼ ਠਹਿਰਾ ਰਹੇ ਹਨ। ਇੱਕ ਕਥਿਤ ਸਿੱਖ ਵਿਦਵਾਨ ਹੈ ਅਜਮੇਰ ਸਿੰਘ ਜੋ ਧਰਮ ਦੇ ਨਾਮ ਉੱਤੇ ਐਸੀ ਮਿੱਠੀ ਚਾਸ਼ਣੀ ਬਣਾਉਂਦਾ ਹੈ ਕਿ ਇਸ ਵਿਚ ਵਲੇਟੀ ਜ਼ਹਿਰ ਖਾਣ ਵਾਲੇ ਨੂੰ



**ਬਲਰਾਜ ਦਿਓਲ**
**ਫੋਨ: 905-793-5072**
**balrajdeol@rogers.com**

ਕੁੜੱਤਣ ਦਾ ਅਹਿਸਾਸ ਤੱਕ ਨਹੀਂ ਹੁੰਦਾ। ਕਦੇ ਖੱਬੀ ਅਤੇ ਨਕਸਲੀ ਸੋਚ ਦਾ ਧਾਰਨੀ ਰਿਹਾ ਅਜਮੇਰ ਸਿੰਘ ਅੱਜ ਵੱਖਵਾਦੀਆਂ ਦਾ ਰਾਹਦਸੇਰਾ ਅਤੇ ਫਿਲਾਸਫਰ ਬਣਿਆ ਹੋਇਆ ਹੈ।


ਨਿਹੰਗਾਂ ਵਲੋਂ ਬੇਰਹਿਮੀ ਨਾਲ ਕਤਲ ਕੀਤਾ ਗਿਆ ਗਰੀਬ ਦਲਿਤ ਸਿੱਖ ਲਖਬੀਰ ਸਿੰਘ ਤਿੰਨ ਬੱਚੀਆਂ ਦਾ ਬਾਪ ਸੀ ਅਤੇ ਨਸ਼ੇ ਦਾ ਆਦੀ ਸੀ। ਉਸ ਦੇ ਜਾਣਕਾਰ ਦੱਸਦੇ ਹਨ ਕਿ ਉਹ ਐਸਾ ਕੰਮ ਕਰਨ ਵਾਲਾ ਬੰਦਾ ਨਹੀਂ ਸੀ। ਅਜਮੇਰ ਸਿੰਘ ਨੇ ਆਪਣੀ ਆਦਤ ਮੁਤਾਬਿਕ ਲਗਦੇ ਹੱਥ ਇੱਕ ਵੀਡੀਓ ਸੰਦੇਸ਼ ਜਾਰੀ ਕਰਕੇ ਕਿਹਾ ਹੈ ਕਿ ਸਿੰਘਾਂ ਨੇ "ਮਿਸਾਲੀ ਸਜ਼ਾ ਦਿੱਤੀ ਹੈ।"

ਨਿਹੰਗਾਂ ਦੀ ਇਸ ਦਰਿੰਦਗੀ ਨੂੰ ਕਈ ਮੀਡੀਆ ਰਿਪੋਰਟਾਂ ਵਿਚ ਜਦ 'ਲਿੰਚਿੰਗ' ਆਖਿਆ ਗਿਆ ਤਾਂ ਅਜਮੇਰ ਸੀਖ ਪਾ ਹੋ ਗਿਆ। ਜਦ ਭੀੜ ਇਕੱਠੀ ਹੋ ਕੇ ਕਿਸੇ ਕਥਿਤ ਦੋਸ਼ ਹੇਠ ਕਿਸੇ ਵਿਅਕਤੀ ਨੂੰ ਬੇਰਹਿਮੀ ਨਾਲ ਮਾਰ ਦੇਵੇ ਜਾਂ ਮਾਰ ਕੇ ਟੰਗ ਦੇਵੇ ਤਾਂ ਇਸ ਨੂੰ ਅੰਗਰੇਜ਼ੀ ਵਿਚ ਲਿੰਚਿੰਗ ਆਖਦੇ ਹਨ ਪਰ ਅਜਮੇਰ ਸਿੰਘ ਦੀ ਸੁਣੋ, "ਇਸ ਘਟਨਾ ਨੂੰ ਲਿੰਚਿੰਗ ਕਹਿਣਾ ਸਹੀ ਨਹੀਂ, ਇਹ ਸ਼ਬਦ ਅਮਰੀਕਾ ਤੋਂ ਆਇਆ ਹੈ ਜਦ ਕਾਲੇ ਰੰਗ ਦੇ ਗੁਲਾਮਾਂ ਨੂੰ ਕੁੱਟ-ਕੁੱਟ ਮਾਰਿਆ ਜਾਂਦਾ ਸੀ। ਕਾਲੇ ਮਜ਼ਲੂਮ ਸਨ ਅਤੇ ਗੋਰੇ ਤਾਕਤ ਦੀ ਦਹਿਸ਼ਤ ਪਾਉਂਦੇ ਸਨ।... ਮਾਰ ਕੇ ਲਾਸ਼ਾਂ ਟੰਗਦੇ ਸਨ। ਇੱਕ ਮਜ਼ਲੂਮ ਹੈ ਦੂਜਾ ਜ਼ਾਲਮ ਹੈ... ਜਿੱਥੋਂ ਲਿੰਚਿੰਗ ਸ਼ਬਦ ਨਿਕਲਿਆ ਹੈ। ਮੋਦੀ (ਰਾਜ) ਹੇਠ ਮੁਸਲਮਾਨਾਂ ਨੂੰ ਮਾਰਿਆ ਗਿਆ ਜੋ ਮਜ਼ਲੂਮ ਹਨ ਅਤੇ ਹਿੰਦੂ ਜਾਬਰ ਵਰਗ ਹੈ। ਧਾਰਮਿਕ ਨਫਰਤ ਹੇਠ ਭੀੜਾਂ ਨੇ ਮੁਸਲਮਾਨਾ ਨੂੰ ਨਿਸ਼ਾਨਾ ਬਣਾਇਆ ... ਜੋ ਲਿੰਚਿੰਗ ਹੈ। ਸਿੰਘੂ ਵਾਲਾ ਵਿਅਕਤੀ ਕਿਸੇ ਮਜ਼ਲੂਮ ਵਰਗ ਦਾ ਬੰਦਾ ਨਹੀਂ ਸੀ। ਉਹ ਕੋਈ ਵੀ ਹੋ ਸਕਦਾ ਸੀ, ਉਸ ਨੂੰ ਸਜ਼ਾ ਦੋਸ਼ ਕਾਰਨ ਦਿੱਤੀ ਗਈ। ਨਿਹੰਗਾਂ ਨੇ ਸਿੱਖ ਵਿਰਸੇ ਮੁਤਾਬਿਕ ਸਜ਼ਾ ਦੇ ਦਿੱਤੀ ਹੈ। ਇਹ ਲਿੰਚਿੰਗ ਨਹੀਂ ਹੈ। ਦੁਸ਼ਮਣ ਭਾਵੇਂ ਇਹ ਸ਼ਬਦ ਵਰਤੇ ਪਰ ਸਿੱਖ ਨਾ ਵਰਤਣ। ਇਹ ਤੁਲਨਾ ਯੋਗ ਨਹੀਂ।"

ਇਹ ਕਮਾਲ ਦੀ ਪ੍ਰੀਭਾਸ਼ਾ ਹੈ, ਕਮਾਲ ਦਾ ਪ੍ਰਸੰਗ ਹੈ ਜਿਸ ਦਾ ਮੰਤਵ ਵੀ ਸਿੱਖਾਂ ਦੀ ਕਾਮਲ ਦੀ 'ਬਰੇਨ-ਵਾਸ਼ਿੰਗ' ਹੈ। ਨਿਹੰਗਾਂ ਦੀ ਇਸ ਕਰਤੂਤ ਨੂੰ 'ਸਿੱਖ ਵਿਰਸੇ ਮੁਤਾਬਿਕ ਢੁਕਵੀਂ ਸਜ਼ਾ' ਦੱਸ ਰਿਹਾ ਹੈ ਅਤੇ ਕੋਰਾ ਝੂਠ ਬੋਲਣ ਦੀ ਸ਼ਰਮ ਤੱਕ ਮਹਿਸੂਸ ਨਹੀਂ ਕਰ ਰਿਹਾ। ਨਿਹੰਗ ਆਖਦੇ ਹਨ ਕਿ ਲਖਬੀਰ ਬੇਅਦਬੀ ਕਰਨ ਲੱਗਾ ਸੀ, ਜਾਂ ਕਰਨ ਵਾਲਾ ਸੀ, ਜਾਂ ਉਸ ਨੇ ਸਰਬਲੋਹ ਗ੍ਰੰਥ ਚੁੱਕ ਲਿਆ ਸੀ। ਇੱਕ ਤਾਂ ਸਰਬਲੋਹ ਗ੍ਰੰਥ ਨੂੰ ਸਿੱਖਾਂ ਦੀ ਵੱਡੀ ਗਿਣਤੀ ਧਾਰਮਿਕ ਗ੍ਰੰਥ ਵਜੋਂ ਮਾਨਤਾ ਨਹੀਂ ਦਿੰਦੀ; ਦੂਜੀ ਗੱਲ ਜੋ ਸਰਬਲੋਹ ਦੀ ਕਿਤਾਬ ਪ੍ਰੈਸ ਨੂੰ ਦਿਖਾਈ ਗਈ ਸੀ, ਉਹ ਚੰਗੀ ਹਾਲਤ ਵਿਚ ਸੀ। ਉਸ ਨੂੰ ਝਰੀਟ ਤੱਕ ਨਹੀਂ ਸੀ ਆਈ ਹੋਈ। ਅਜਮੇਰ ਸਿੰਘ ਜੀ, ਕੀ ਕਿਸੇ ਨੂੰ ਨਿਰੋਲ ਸ਼ੱਕ ਦੇ ਆਧਾਰ ਉੱਤੇ ਕੋਹ-ਕੋਹ ਮਾਰਨਾ ਸਿੱਖੀ ਰਵਾਇਤ ਹੈ? ਕੀ ਕਦੇ ਗੁਰੂ ਸਹਿਬਾਨ ਨੇ ਇਸ ਕਿਸਮ ਦੀ ਸਿਖਿਆ ਦਿੱਤੀ ਸੀ, ਜਾਂ ਗੁਰਬਾਣੀ ਵਿਚ ਕਿਤੇ ਇਸ ਦੀ ਵਕਾਲਤ ਕੀਤੀ ਗਈ ਹੈ?

ਲਖਬੀਰ ਸਿੰਘ ਦੇ ਕਤਲ ਨੂੰ ਜਾਇਜ਼ ਦੱਸਣ ਲਈ ਅਜਮੇਰ ਸਿੰਘ ਆਪਣੇ ਵੀਡੀਓ ਸੰਦੇਸ਼ ਵਿਚ ਇੱਕ ਕਦਮ ਹੋਰ ਅੱਗੇ ਵਧਦਾ ਹੈ ਤਾਂ ਕਿ ਇਸ ਨੂੰ ਹਰ ਹਾਲਤ ਜਾਇਜ਼ ਸਾਬਤ ਕੀਤਾ ਜਾ ਸਕੇ। ਉਹ ਕਹਿੰਦਾ ਹੈ, "ਦੂਜੀ ਗੱਲ ਇਸ ਨੂੰ ਪ੍ਰਸੰਗ ਨਾਲੋਂ ਤੋੜ ਕੇ ਨਾ ਦੇਖੋ, ਸਿੱਖਾਂ ਨਾਲ ਅਸਹਿਣਸ਼ੀਲਤਾ ਲੰਮੇ ਸਮੇਂ ਤੋਂ ਚੱਲ ਰਹੀ ਹੈ। ਜੰਗਾਂ ਵਿਚ ਨੁਕਸਾਨ ਹੁੰਦਾ ਹੈ ... ਜੋ ਸਿੱਖਾਂ ਲਈ ਸ਼ਹਾਦਤਾਂ ਹਨ। ਸਿੱਖਾਂ ਦੇ ਇੱਕ ਸੈਕਸ਼ਨ ਨਾਲ ਜਬਰ ਹੋ ਰਿਹਾ ਹੈ, ਸਿਖਾਂ ਦਾ ਇੱਕ ਹੋਰ ਵਰਗ ਹੱਥਾ ਬਣ ਰਿਹਾ ਹੈ, ਜਿਵੇਂ ਪਹਿਲਾਂ ਬਾਦਲਾਂ ਨੇ ਕੀਤਾ, ਫਿਰ ਅਮਰਿੰਦਰ ਨੇ ਕੀਤਾ। ਉਹ ਤਾਂ ਬਾਦਲਾਂ ਨਾਲੋਂ ਵੀ ਖਤਰਨਾਕ ਸਾਬਤ ਹੋਇਆ। ਨੈਸ਼ਨਲ ਸਕਿਓਰਿਟੀ ਦਾ ਰੌਲਾ ਪੌਂਦਾ ਰਿਹਾ ਜੋ ਹਿੰਦੂਤਵ ਨਾਲ ਮੇਲ ਖਾਂਦਾ ਸੀ। ... ਅੱਜ ਚੰਨੀ ਬਣ ਗਿਆ ਜੋ ਬਹੁਤ ਕਮਜ਼ੋਰ ਹੈ ਅਤੇ ਬੀ.ਜੇ.ਪੀ. ਨੂੰ ਸੂਟ ਕਰਦਾ ਹੈ। ਚੰਨੀ ਨੇ ਇਹ ਦਿਖਾ ਦਿੱਤਾ ਹੈ। ਉਹ ਕਮਜ਼ੋਰ ਵਰਗ ਵਿਚੋਂ ਆਇਆ ਹੈ, ਇਹ ਚੰਗੀ ਗੱਲ ਹੈ ਪਰ ਉਹ ਸਿੱਖਾਂ ... ਪੰਜਾਬ ਦੇ ਹਿੱਤਾਂ ਦੀ ਰਾਖੀ ਨਹੀਂ ਕਰ ਸਕਦਾ। ਅੱਧਾ ਪੰਜਾਬ ਬੀ.ਐਸ.ਐਫ. ਨੂੰ ਸੌਂਪ ਦਿੱਤਾ ਹੈ। ਇਸ ਘਟਨਾ ਦੀ ਵਰਤੋਂ ਜਿਸ ਢੰਗ ਨਾਲ ਕੀਤੀ ਜਾ ਰਹੀ ਹੈ, ਨਿਆਰੀ ਹਸਤੀ ਵਾਲਿਆਂ (ਸਿੱਖਾਂ) ਨੂੰ ਨਿਖੇੜ ਕੇ ਜ਼ੁਲਮ ਕਰਨਾ ਲੋੜ ਬਣੀ ਹੋਈ ਹੈ ... ਸਿੱਖਾਂ ਨੂੰ ਕਾਤਲ ਬਣਾ ਕੇ ਪੇਸ਼ ਕੀਤਾ ਜਾਵੇ।"

ਅਜਮੇਰ ਸਿੰਘ ਨਿਹੰਗਾਂ ਦੇ ਕੀਤੇ ਗੁਨਾਹ ਨੂੰ ਸਿੱਖਾਂ ਉੱਤੇ ਲਗਾਤਾਰ ਹੋ ਰਹੇ ਕਥਿਤ ਜ਼ੁਲਮ ਨਾਲ ਜਾ ਜੋੜਦਾ ਹੈ ਅਤੇ 1947 ਤੋਂ 1984 ਦੀਆਂ ਘਟਨਾਵਾਂ ਨੂੰ ਵੀ ਇਸ ਦਾ ਹਿੱਸਾ ਬਣਾ ਲੈਂਦਾ ਹੈ। ਮਾਮਲਾ ਇੱਕ ਬੰਦੇ ਉੱਤੇ ਕਥਿਤ ਬੇਅਦਬੀ ਦਾ ਬਿਨਾ ਸਬੂਤ ਦੋਸ਼ ਲਗਾ ਕੇ ਉਸ ਨੂੰ ਹਲਾਲ ਕਰਨ ਦਾ ਹੈ ਪਰ ਅਜਮੇਰ ਸਿੰਘ ਲਈ ਇਸ ਦੀ ਜੜ੍ਹ ਪੌਣੀ ਸਦੀ ਪੁਰਾਣੀ ਹੈ। ਵੱਖਵਾਦੀ ਅਤੇ ਕੱਟੜਪੰਥੀ ਸਿੱਖ ਅਜਮੇਰ ਸਿੰਘ ਲਈ 'ਨਿਆਰੀ ਹਸਤੀ ਵਾਲੇ' ਸਿੱਖ ਹਨ ਜਿਹਨਾਂ ਨੂੰ ਨਖੇੜ ਕੇ ਉਹਨਾਂ ਉੱਤੇ ਸਟੇਟ ਨੇ ਜ਼ੁਲਮ ਕਰਨਾ ਹੈ। ਅਜਮੇਰ ਸਿੰਘ ਜੀ, ਸਾਰੇ ਸਿੱਖਾਂ ਨੂੰ ਕਿਸ ਨੇ ਕਾਤਲ ਬਣਾ ਕੇ ਪੇਸ਼ ਕੀਤਾ ਹੈ? ਜਿਹਨਾਂ ਨਿਹੰਗਾ ਨੇ ਗਰੀਬ ਨੂੰ ਕੋਹ ਕੇ ਮਾਰਿਆ ਹੈ, ਉਹ ਤਾਂ ਛਾਤੀ ਥਾਪੜ ਕੇ ਕਹਿੰਦੇ ਹਨ ਕਿ ਅਸੀਂ ਮਾਰਿਆ ਹੈ। ਉਹਨਾਂ ਨੇ ਫੋਟੋ ਅਤੇ ਵੀਡੀਓ ਬਣਾਈਆਂ ਹਨ। ਅਜੇ ਤੱਕ ਸਿਰਫ ਚਾਰ ਨਿਹੰਗ ਫੜੇ ਗਏ ਹਨ ਜਦਕਿ ਵੀਡੀਓ ਵਿਚ ਇਸ ਤੋਂ ਕਿਤੇ ਵੱਧ ਹਨ। ਇਹ ਕਾਰਾ ਕਰਨ ਵਾਲੇ ਨਿਹੰਗ ਉਹਨਾਂ ਵਲੋਂ ਆਪ ਦਾਗੇ ਬਿਆਨਾਂ ਅਤੇ ਸਬੂਤਾਂ ਕਾਰਨ ਕਾਤਲ ਸਾਬਤ ਹੁੰਦੇ ਹਨ। ਉਹ ਖੁਦ ਆਪਣੇ ਆਪ ਨੂੰ ਕਾਤਲ ਦੱਸਦੇ ਹਨ, ਇਹ ਵੱਖਰੀ ਗੱਲ ਹੈ ਕਿ ਉਹ ਇਸ ਨੂੰ ਬਹਾਦਰੀ ਸਮਝਦੇ ਹਨ। ਜੋ ਉਹਨਾਂ ਨੇ ਕੀਤਾ ਹੈ, ਉਹ ਸੰਸਾਰ ਦੇ ਹਰ ਸਭਿਅਕ ਦੇਸ਼ ਦੇ ਕਾਨੂੰਨ ਹੇਠ ਵੱਡਾ ਜੁਰਮ ਹੈ। ਸਾਰੇ ਸਿੱਖਾਂ ਨੂੰ ਕਾਤਲ ਕਿਸੇ ਨੇ ਨਹੀਂ ਆਖਿਆ ਸਗੋਂ ਐਸੇ ਸਿੱਖ ਵੀ ਬਹੁਤ ਹਨ ਜਿਹਨਾਂ ਨੂੰ ਬੇਕਿਰਕ ਨਿਹੰਗਾਂ



ਅਜਮੇਰ ਸਿੰਘ

ਤੋਂ ਕਚਿਆਣ ਆਉਣ ਲੱਗ ਪਈ ਹੈ ਅਤੇ ਉਹ ਇਸ ਨੂੰ ਘੋਰ ਅਪਰਾਧ ਦਾ ਨਾਮ ਦਿੰਦੇ ਹਨ। ਹਾਂ ਪਰ ਤੁਹਾਡੇ ਲਈ ਉਹ ਸਿੱਖ ਨਹੀਂ ਹਨ ਅਤੇ ਸਿੱਖ ਉਹ ਹਨ ਜਿਹਨਾਂ ਦੀ 'ਨਿਆਰੀ ਹਸਤੀ' ਹੈ। ਇਹ ਵੀ ਦੱਸ ਦੇਵਾਂ ਕਿ ਨਿਆਰੀ ਹਸਤੀ ਵਾਲੇ ਜੋ ਆਪ ਜੀ ਲਈ ਅਸਲੀ ਸਿੱਖ ਹਨ, ਉਹਨਾਂ ਦਾ ਪੰਜਾਬ ਦੇ ਸਿੱਖਾਂ ਵਿਚ ਆਧਾਰ ਕੋਈ ਨਹੀਂ ਹੈ। ਬੱਸ ਸਿੱਖੀ ਦੇ ਦਾਅਵੇ ਹੀ ਦਾਅਵੇ ਹਨ।

ਸੱਚ ਇਹ ਵੀ ਹੈ ਕਿ ਤੁਹਾਡੇ ਨਿਆਰੀ ਹਸਤੀ ਵਾਲੇ ਵੀ ਕਈ ਗੁੱਟਾਂ ਵਿਚ ਵੰਡੇ ਹੋਏ ਹਨ ਅਤੇ



*ਨਿਹੰਗ ਅਮਨ ਸਿੰਘ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ, ਪਿੰਕੀ ਕੈਟ ਅਤੇ ਹੋਰਾਂ ਨਾਲ।*

ਇੱਕ ਦੂਜੇ ਦੇ ਕਤਲ ਵੀ ਕਰ ਜਾਂ ਕਰਵਾ ਦਿੰਦੇ ਹਨ। ਅਜੇ ਮਹੀਨਾ ਕੁ ਪਹਿਲਾਂ ਹੀ ਵੱਡੇ ਖਾੜਕੂ ਹਰਮਿੰਦਰ ਸਿੰਘ ਸੰਧੂ ਦਾ 30 ਕੁ ਸਾਲ ਪਹਿਲਾਂ ਕੁਝ ਹੋਰ ਵੱਡੇ ਖਾੜਕੂਆਂ ਹੱਥੋਂ ਹੋਏ ਕਤਲ ਦੀ ਤੂੰ-ਤੂੰ ਮੈਂ-ਮੈਂ ਚੱਲੀ ਸੀ; ਇਸ ਬਹਿਸ ਵਿਚ ਅਜਮੇਰ ਸਿੰਘ ਆਪ ਜੀ ਵੀ ਸ਼ਾਮਲ ਸੀ ਅਤੇ ਕਤਲ ਕਾਂਡ ਵਿਚ ਕੁਝ ਧਿਰਾਂ ਆਪ ਜੀ ਦੇ ਵਿਸ਼ਵਾਸਪਾਤਰ 'ਭਾਈ' ਦਲਜੀਤ ਸਿੰਘ ਬਿੱਟੂ ਵੱਲ ਵੀ ਉਂਗਲਾਂ ਉਠਾਉਂਦੇ ਹਨ। ਜਾਪਦਾ ਹੈ, ਇਸ ਕਿਸਮ ਦੀ 'ਮਿਸਾਲੀ ਸਜ਼ਾ' ਕਈ ਵਾਰ ਤੁਹਾਡੀਆਂ ਖਾੜਕੂ ਸਫਾਂ ਵਿਚ ਵੀ ਦਿੱਤੀ ਜਾਂਦੀ ਰਹੀ ਹੈ ਜਿਸ ਨੂੰ ਤੁਸੀਂ ਗਲਤੀ ਨਾਲ ਸਿੱਖ ਵਿਰਸਾ ਸਮਝਣ ਲੱਗੇ ਹੋ।

ਅਜਮੇਰ ਸਿੰਘ ਸਮਝਦਾ ਹੈ ਕਿ ਜਿਸ ਕੰਮ (ਕਾਰੇ) ਵਿਚ 'ਨਿਆਰੀ ਹਸਤੀ' ਵਾਲੇ ਸਿੱਖ ਸ਼ਾਮਲ ਹੋਣ, ਉਸ ਬਾਰੇ ਮੀਡੀਆ ਦੜ ਵੱਟ ਕੇ ਬੈਠ ਜਾਵੇ ਅਤੇ ਕੋਈ ਆਲੋਚਨਾਤਮਿਕ ਰਿਪੋਰਟ ਜਾਂ ਟਿੱਪਣੀ ਨਾ ਕਰੇ; ਅਗਰ ਕੋਈ ਕਰੇ ਤਾਂ ਉਸ ਨੂੰ ਸਿੱਖਾਂ ਦਾ ਦੁਸ਼ਮਣ ਗਰਦਾਨ ਦਿਓ।

ਅਜਮੇਰ ਸਿੰਘ ਨੂੰ ਕਈ ਮੀਡੀਆਕਾਰ ਰੜਕਦੇ ਹਨ ਜਿਹਨਾਂ ਵਿਚ ਸ਼ੇਖਰ ਗੁਪਤਾ ਵੀ ਹੈ; ਤੇ ਵੀਡੀਓ ਵਿਚ ਅਜਮੇਰ ਸਿੰਘ ਇੰਝ ਲੜੀ ਅਗਾਂਹ ਤੋਰਦਾ ਹੈ, "ਪ੍ਰਿੰਟ ਉੱਤੇ ਸ਼ੇਖਰ ਗੁਪਤਾ ਲਗਾਤਾਰ ਸਰਗਰਮ ਰਿਹਾ ਹੈ, ਉਸ ਵਿਚ ਸਮਰੱਥਾ ਹੈ ਪਰ ਉਸ ਨੇ ਬਹੁਗਿਣਤੀ ਦਾ ਪੱਖ ਹੀ ਪੂਰਿਆ ਹੈ। ਉਹ ਇਸ ਬਹਾਨੇ ਭਿੰਡਰਾਂਵਾਲਾ ਨੂੰ ਨਿਸ਼ਾਨਾ ਬਣਾ ਰਿਹਾ ਹੈ। ਕਹਿ ਰਿਹਾ ਹੈ ਕਿ ਸਿੱਖਾਂ ਨੇ ਕੋਈ ਸਬਕ ਨਹੀਂ ਸਿੱਖਿਆ ਹੈ। ਸਾਡਾ ਜਵਾਬੀ ਸਵਾਲ ਹੈ ਕਿ ਕੀ ਜ਼ਾਲਮ ਵਰਗ ਨੇ ਕੋਈ ਸਬਕ ਸਿੱਖਿਆ ਹੈ? ਹਕੂਮਤੀ ਵਰਗ ਲਈ ਮਰਨ ਵਾਲਿਆਂ ਦਾ ਕੋਈ ਮਤਲਬ ਨਹੀਂ ਹੈ, ਭਾਵੇਂ ਹਾਕਮਾਂ ਲਈ ਲੋਕ, ਪੁਲਿਸ ਵਾਲੇ ਮਰਨ ਜਾਂ ਫੌਜੀ ਮਰਨ। ... ਸਿੱਖਾਂ ਵਿਰੁੱਧ ਜ਼ਹਿਰ ਨਹੀਂ ਮਰੀ। ਸਿੱਖਾਂ ਖਿਾਫ ਨੈਰੇਟਿਵ ਸਿਰਜਿਆ ਜਾ ਰਿਹੈ ... ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਆਉਣ ਵਾਲਾ ਸਮਾਂ ਖਤਰਨਾਕ ਹੋ ਸਕਦਾ।"

ਅਜਮੇਰ ਸਿੰਘ ਆਪਣੇ ਹਰ ਪ੍ਰਵਚਨ ਵਿਚ ਆਉਣਾ ਵਾਲਾ ਸਮਾਂ ਖਤਰਨਾਕ ਹੋਣ ਦੀ ਪੇਸ਼ੀਨਗੋਈ ਕਰਦੇ ਹਨ। ਇੱਕ ਪਾਸੇ ਸਿੱਖਾਂ ਨੂੰ ਉਕਸਾਉਂਦੇ ਹਨ ਅਤੇ ਦੂਜੇ ਪਾਸੇ ਖਤਰਨਾਕ ਸਮੇਂ ਦੀ ਪੇਸ਼ੀਨਗੋਈ ਕਰਦੇ ਹਨ। ਜਾਪਦਾ ਹੈ, ਅਜਮੇਰ ਸਿੰਘ ਖਤਰਨਾਕ ਸਮੇਂ ਦੀ ਬੇਸਬਰੀ ਨਾਲ ਉਡੀਕ ਹੀ ਨਹੀਂ ਕਰ ਰਿਹਾ ਸਗੋਂ ਆਪਣੇ ਪ੍ਰਵਚਨ ਦੀ ਖਿੱਚ ਨਾਲ ਧੂਹ-ਧੂਹ ਨੇੜੇ ਲਿਆਉਣ ਦੀ ਕੋਸ਼ਿਸ਼ ਵਿਚ ਵੀ ਹੈ ਪਰ ਹੁਣ ਇਸ ਸੋਚ ਦੀ ਦਾਲ ਗਲਦੀ ਨਹੀਂ ਤੇ ਨਾ ਹੀ ਕੋਈ ਆਸ ਹੈ।

ਆਪਣੀ ਆਦਤ ਮੁਤਾਬਿਕ ਅਜਮੇਰ ਸਿੰਘ ਕਿਸਾਨ ਅੰਦੋਲਨ ਦੇ ਆਗੂਆਂ ਉੱਤੇ ਵੀ ਵਰ੍ਹਦਾ ਹੈ ਅਤੇ ਉਹਨਾਂ ਨੂੰ ਸਿੱਖਾਂ ਦੇ ਦੁਸ਼ਮਣ ਦੱਸਣ ਤੱਕ ਜਾਂਦਾ ਹੈ। ਗੱਲ ਵੀ ਉਹ ਉਹਨਾਂ ਕਿਸਾਨ ਆਗੂਆਂ ਦੀ ਕਰ ਰਿਹਾ ਹੈ ਜੋ ਸਿੱਖ ਹਨ ਨਾ ਕਿ ਜਾਟਾਂ ਜਾਂ ਯੂ.ਪੀ. ਵਾਲਿਆਂ ਦੀ। ਅਜਮੇਰ ਸਿੰਘ ਜਿਸ ਢੰਗ ਨਾਲ ਸਿੱਖਾਂ ਦੇ ਕਥਿਤ ਦੁਸ਼ਮਣਾਂ ਦੀ ਨਿਸ਼ਾਨਦੇਹੀ ਕਰਦਾ ਹੈ, ਓਸ ਢੰਗ ਨਾਲ ਅਸਲੀ ਸਿੱਖ ਤਾਂ ਉਹੀ ਬਚਦੇ ਹਨ ਜੋ ਅਕਸਰ ਅਜਮੇਰ ਸਿੰਘ ਦੇ ਸੱਜੇ ਖੱਬੇ ਬੈਠਦੇ ਹਨ ਤੇ ਉਸ ਨੂੰ ਵੱਡਾ ਬੁਧੀਜੀਵੀ ਸਮਝਦੇ ਹਨ। ਕਿਸਾਨ ਆਗੂ ਜਿਸ ਰਾਹ ਪੈ ਗਏ ਹਨ, ਉਸ ਵਿਚ ਵੀ ਵੱਖਵਾਦੀ ਲਾਬੀ ਦਾ ਵੱਡਾ ਹੱਥ ਹੈ। ਉਹਨਾਂ ਦੀ ਹਾਲਤ 'ਸੱਪ ਦੇ ਮੂੰਹ ਵਿਚ ਕੋਹੜ ਕਿਰਲੀ' ਵਾਲੀ ਬਣਾ ਦਿੱਤੀ ਗਈ ਹੈ।

ਕਿਸਾਨ ਆਗੂਆਂ ਬਾਰੇ ਅਜਮੇਰ ਸਿੰਘ ਇੰਝ ਕਹਿੰਦਾ ਹੈ, "ਕਿਸਾਨ ਅੰਦੋਲਨ ਵਾਲੀ ਥਾਂ ਇਹ ਘਟਨਾ ਵਾਪਰੀ ਹੈ ਅਤੇ ਕਿਸਾਨ ਆਗੂਆਂ ਦਾ ਪ੍ਰਤੀਕਰਮ ਸਿੱਖਾਂ ਲਈ ਖਤਰੇ ਦੀ ਘੰਟੀ ਹੈ। ਅਲਟੀਮੇਟਲੀ ... ਜਿਵੇਂ ਲੈਫਟ, ਸਿੱਖਾਂ ਖਿਲਾਫ ਸਟੇਟ ਦਾ ਦਸਤਾ ਬਣੇ, ਉਹ ਓਸ ਰੋਲ ਲਈ ਤਿਆਰੀ ਕਰ ਰਹੇ ਹਨ। ਉਹਨਾਂ ਦਾ ਆਧਾਰ ਵਧਿਆ, ਸਮਰਥਨ ਵਧਿਆ। ਉਹ ਸਿੱਖਾਂ ਦੀ ਮਦਦ ਨਾਲ ਤਾਕਤ ਬਣ ਚੁੱਕੇ ਹਨ। ਜੋ ਉਹ ਗੱਲਾਂ ਕਰ ਰਹੇ ਹਨ, ... ਦੱਸਦਾ ਹੈ ਕਿ ਉਹਨਾਂ ਨੇ ਵਿਕਟਮ ਨਾਲ ਨਹੀਂ ਸਗੋਂ ਉਹ ਵਿਕਟੇਮਾਈਜ਼ ਕਰਨ ਵਾਲੇ ਨਾਲ ਖੜ੍ਹਨਗੇ।"

ਅਜਮੇਰ ਸਿੰਘ ਲਈ ਇਸ ਕੇਸ ਵਿਚ ਵਿਕਟਮ ਨਿਹੰਗ ਹਨ ਅਤੇ ਜਾਂ ਸਾਰੇ ਸਿੱਖਾਂ ਦੇ ਬਹਾਨੇ ਹੇਠ 'ਨਿਆਰੀ ਹਸਤੀ' ਵਾਲੇ ਸਿੱਖ ਹਨ (ਜੋ ਮੁੱਠੀ ਕੁ ਭਰ ਹਨ)। ਬਿਨਾ ਦਲੀਲ ਅਪੀਲ ਜਿਬਾਹ ਕਰ ਦਿੱਤਾ ਗਿਆ, ਗਰੀਬ ਵੀ ਕਥਿਤ ਜ਼ਾਲਮਾਂ ਦੇ ਖਾਤੇ ਵਿਚ ਪਾ ਦਿੱਤਾ ਹੈ।

ਅਜਮੇਰ ਸਿੰਘ ਜੋ ਸਿਫਤਾਂ 'ਮੋਇਆਂ ਦੀ ਮੰਡੀ ਵਾਲੇ' ਨਿਹੰਗ ਅਮਨ ਸਿੰਘ ਦੀਆਂ ਕਰਦਾ ਹੈ, ਉਹ ਵੀ ਸੁਣਨ ਵਾਲੀਆਂ ਹਨ। ਕਥਿਤ ਬਾਬਾ ਅਮਨ ਸਿੰਘ ਬੇਕਿਰਕ ਕਾਤਲ ਨਿਹੰਗਾਂ ਦਾ ਆਗੂ ਹੈ।

ਅਜਮੇਰ ਸਿੰਘ ਇੰਝ ਆਖਦਾ ਹੈ, "ਨਿਹੰਗ ਅਮਨ ਸਿੰਘ ਨੇ ਇਕ ਗੱਲ ਸਾਫ ਕੀਤੀ ਹੈ ... ਮਤਲਬ ਓਸ ਨੇ ਠਰੰਮਾ ਅਤੇ ਸੰਤੁਲਨ ਕਾਇਮ ਰੱਖਿਆ, ਮੈਂ ਉਸ ਦੀ ਇੰਟਰਵਿਊ ਸੁਣੀ ਹੈ। ਹਰ ਗੱਲ ਦਾ ਖਿਆਲ ਰੱਖਿਆ ਹੈ। ਉਹਨਾਂ ਨੇ ਇਹ ਕਾਰਵਾਈ ਕਿਸੇ ਤੈਸ਼ ਜਾਂ ਰੋਹ ਵਿਚ ਆ ਕੇ ਨਹੀਂ ਕੀਤੀ, ਇਹ ਜਮ੍ਹਾਂ ਹੋਇਆ ਪਿਆ ਸੀ ... ਬੇਅਦਬੀ ਦੀਆਂ ਘਟਨਾਵਾਂ ਤਾਂ 1947 ਤੋਂ ਹੀ ਹੋ ਰਹੀਆਂ ਹਨ। ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਜਾ ਰਹੀ ਸੀ ਅਤੇ ਸਿੱਖਾਂ ਵਿਚ ਚਿੰਤਾ ਸੀ ਕਿ ਕੀ ਕਰੀਏ। ਹੁਣ ਇੱਕ ਆਸ ਜਾਗੀ ਹੈ ਕਿ ਠੱਲ੍ਹ ਪਾਈ ਜਾ ਸਕਦੀ ਹੈ ਅਤੇ ਠੱਲ੍ਹ ਪਾਈ ਜਾਵੇਗੀ। ਸਿੱਖ ਵਿਰਸੇ ਵਿਚੋਂ ਹੀ ਰੌਸ਼ਨੀ ਲਓ। ਕਾਨੂੰਨ ਨੂੰ ਆਪਣੇ ਹੱਥ ਵਿਚ ਨਾ ਲਓ ਕਹਿਣ ਵਾਲੇ ਨਹੀਂ ਜਾਣਦੇ ਕਿ ਕਾਨੂੰਨ ਕਿੰਨਾ ਪੱਖਪਾਤੀ ਤੇ ਬੋਲਾ ਹੋ ਚੁੱਕਾ ਹੈ। ਕਹਿੰਦੇ ਹਨ ਕਿ ਇਨਸਾਫ ਦੇ ਹੱਥ 9 ਗਜ਼ ਦੇ ਹੁੰਦੇ ਹਨ ਪਰ ਇਹ ਮਜ਼ਲੂਮ ਲਈ ਹਨ ਬਹੁਗਿਣਤੀ ਲਈ ਟੁੰਡ ਬਣ ਜਾਂਦੇ ਹਨ। ... ਜਿਹਨਾਂ ਨੇ ਸਿੱਖਾਂ 'ਤੇ ਬੀਤੇ ਵਿਚ ਜ਼ੁਲਮ ਕੀਤੇ ਹਨ ... ਕਿਸੇ ਨੂੰ ਤੱਤੀ ਵਾਹ ਨਹੀਂ ਲੱਗੀ ਤਰੱਕੀਆਂ ਅਤੇ ਅਹੁਦੇ ਮਿਲੇ ਹਨ। ਇਹ ਅੰਨ੍ਹੇ ਹੋਣ ਵਾਲੀ ਗੱਲ ਹੈ। ਇੱਕ ਸੈਕਸ਼ਨ ਦੀ ਇਨਸਾਨੀਅਤ ਮਰ ਚੁੱਕੀ ਹੈ।"

ਨਿਹੰਗ ਬਾਬਾ ਅਮਨ ਸਿੰਘ ਬਾਰੇ ਕਈ ਤੱਥ ਬਾਹਰ ਆ ਗਏ ਹਨ। ਉਸ ਉੱਤੇ ਕਈ ਕੇਸ ਹਨ ਜਿਹਨਾਂ ਵਿਚ ਨਸ਼ਾ ਤਸਕਰੀ ਦੇ ਵੱਡੇ ਦੋਸ਼ ਹਨ। ਉਹ ਅੰਦਰਖਾਤੇ ਸਰਕਾਰ ਦੇ ਵੀ ਰਾਬਤੇ ਵਿਚ ਰਿਹਾ ਹੈ ਜਿਸ ਦੇ ਸਬੂਤ ਮਿਲ ਗਏ ਹਨ। ਉਹ ਲਖਬੀਰ ਸਿੰਘ ਦੇ ਦੋਸ਼ੀ ਹੋਣ ਬਾਰੇ ਕੋਈ ਸਬੂਤ ਨਹੀਂ ਦੇ ਸਕਿਆ। ਉਸ ਦੇ ਬਿਰਧ ਅਤੇ ਗਰੀਬ ਮਾਂ ਬਾਪ ਬਿਮਾਰ ਹਨ ਅਤੇ ਰੁਲ ਰਹੇ ਹਨ। ਉਹਨਾਂ ਦੀ ਹਾਲਤ ਬਾਰੇ ਰਪੋਰਟਾਂ ਪੜ੍ਹ ਕੇ ਤਰਸ ਆਉਂਦਾ ਹੈ। ਨਿਹੰਗ ਅਮਨ ਸਿੰਘ ਉੱਤੇ ਮਾਪਿਆਂ ਦੀ ਅਣਦੇਖੀ ਕਰਨ ਦਾ ਵੀ ਚਾਰਜ ਲੱਗਣਾ ਚਾਹੀਦਾ ਹੈ। ਗਰੀਬ ਨੂੰ ਬੰਨ੍ਹ ਕੇ ਉਸ ਦਾ ਬੰਦ-ਬੰਦ ਕੱਟਿਆ ਗਿਆ ਹੈ ਅਤੇ ਅਜਮੇਰ ਸਿੰਘ ਹੱਦ ਦਰਜੇ ਦੀ ਬੇਸ਼ਰਮੀ ਨਾਲ ਇਸ ਨੂੰ 'ਠਰੰਮਾ ਅਤੇ ਸੰਤੁਲਨ ਕਾਇਮ' ਰੱਖਣ ਦੱਸ ਰਿਹਾ ਹੈ। ਕਾਨੂੰਨ ਆਪਣੇ ਹੱਥ ਵਿਚ ਲੈਣ ਨੂੰ ਵੀ ਜਾਇਜ਼ ਦੱਸ ਰਿਹਾ ਹੈ; ਤੇ ਜਦ ਅਗਲਿਆਂ ਨੇ ਦਹਿਸ਼ਤਵਾਦ ਵੇਲੇ ਕਾਨੂੰਨ ਆਪਣੇ ਹੱਥ ਵਿਚ ਲੈ ਲਿਆ ਸੀ ਤਾਂ ਕੀ ਬਣਿਆ ਸੀ। ਕਾਨੂੰਨ ਆਪਣੇ ਹੱਥ ਵਿਚ ਲੈ ਕੇ ਅਜਮੇਰ ਸਿੰਘ ਦੀ ਨਿਆਰੀ ਧਿਰ ਵੀ ਦੇਖ ਚੁੱਕੀ ਹੈ ਅਤੇ ਸਰਕਾਰੀ ਧਿਰ ਵੀ। ਅਜੇ ਕੋਈ ਕਸਰ ਰਹਿ ਗਈ ਹੈ? ਅਗਰ ਇਨਸਾਨੀਅਤ ਮਰ ਚੁੱਕੀ ਹੈ, ਓਸ ਚੰਡਾਲ ਚੌਂਕੜੀ ਦੀ ਮਰ ਚੁੱਕੀ ਹੈ ਜੋ ਸਿੱਖਾਂ ਨੂੰ ਤਾਲਿਬਾਨ ਬਣਾ ਰਹੇ ਹਨ। ਅੱਜ ਇਸਲਾਮਿਕ ਕੱਟੜਪੰਥੀ ਕਥਿਤ ਕਾਫਰਾਂ ਨੂੰ ਵੀ ਕਤਲ ਕਰ ਰਹੇ ਹਨ ਅਤੇ ਸ਼ੀਆ, ਹਜ਼ਾਰਾ, ਅਹਿਮਦੀਆ ਤੇ ਹੋਰ ਫਿਰਕਿਆਂ ਦੀਆਂ ਮਸਜਿਦਾਂ ਵਿਚ ਵੀ ਆਤਮਘਾਤੀ ਹਮਲੇ ਕਰ ਰਹੇ ਹਨ। ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਦੀ ਵਕਾਲਤ, ਅਸਹਿਸ਼ੀਲਤਾ ਅਤੇ ਵੰਡੀਆਂ ਪਾਉਣਾ ਸਭ ਲਈ ਘਾਤਕ ਹੈ।

ਅਜਮੇਰ ਸਿੰਘ ਇਤਿਹਾਸ ਦੇ ਹਵਾਲੇ ਆਪਣੇ ਨਜ਼ਰੀਏ ਵਿਚ ਫਿੱਟ ਕਰਨ ਲਈ ਪਹਿਲਾਂ ਛਾਂਟਦਾ ਅਤੇ ਫਿਰ ਬੀਬਾ ਮੂੰਹ ਬਣਾ ਕੇ ਇੰਝ ਬਿਆਨ ਕਰਦਾ ਹੈ, "ਸਾਰਾ ਇਤਿਹਾਸ ਦੇਖ ਲਓ, ਜਦ ਇਨਸਾਫ਼ ਨਾ ਮਿਲੇ ਤਾਂ ਕਾਨੂੰਨਾਂ ਨੂੰ ਆਪਣੇ ਹੱਥ ਵਿਚ ਲੈਣਾ ਪੈਂਦਾ ਹੈ। ਡਾਇਰ ਨੂੰ ਬਰੀ ਕਰ ਦਿੱਤਾ ਤਾਂ ਊਧਮ ਸਿੰਘ ਨੇ ਇਨਸਾਫ ਕਰ ਦਿੱਤਾ, ਇਸ ਤੋਂ ਪਹਿਲਾਂ ਮਦਨ ਲਾਲ ਢੀਂਗਰਾ ਨੇ ਕੀਤਾ ਸੀ। ਭਾਰਤੀ ਕਹਿਣ ਉੱਤੇ ਸਾਨੂੰ ਸ਼ਰਮ ਆਉਂਦੀ ਹੈ। ਸਤਵੰਤ ਸਿੰਘ ਅਤੇ ਬੇਅੰਤ ਸਿੰਘ ਨੇ ਇੰਦਰਾ ... ਫਿਰ ਵੈਦਿਆ ਨੂੰ ... ਕੀ ਇਹਨਾਂ ਨੂੰ ਕੋਈ ਸਜ਼ਾ ਹੋਣੀ ਸੀ? ਸਿੱਖਾਂ ਦੀ ਰਵਾਇਤ ਹੈ ਪਾਪੀ ਕੋ ਦੰਡ ਦਿਓ। ਸਿੱਖਾਂ ਨੇ ਆਪਣੇ ਵਿਰਸੇ ਦੀ ਲਾਜ ਰੱਖੀ ਹੈ।"

ਅਜਮੇਰ ਸਿੰਘ ਦੀ ਨਜ਼ਰ ਵਿਚ ਸਿੱਖ ਵਿਰਸਾ ਬਦਲੇ ਦੇ ਭਾਂਬੜ ਬਾਲਣ, ਆਪਣੇ ਆਪ ਅਤੇ ਦੂਜੇ ਦਾ ਤੁਖਮ ਉਡਾਉਣ ਤੱਕ ਹੀ ਸੀਮਤ ਹੈ? ਅਜਮੇਰ ਸਿੰਘ ਇਸ ਸਿੰਘੂ ਬਾਰਡਰ ਉੱਤੇ ਵਾਪਰੀ ਸ਼ਰਮਨਾਕ ਘਟਨਾ ਨੂੰ ਜਾਇਜ ਠਹਿਰਾ ਕੇ ਸਿੱਖਾਂ ਨੂੰ ਗੁਮਰਾਹ ਕਰ ਰਿਹਾ ਹੈ ਅਤੇ ਉਕਸਾਉਣ ਦੀ ਹਰ ਕੋਸ਼ਿਸ਼ ਕਰਦਾ ਹੈ।

ਅਜਮੇਰ ਸਿੰਘ ਦਾ ਸਾਰਾ ਪ੍ਰਵਚਨ ਹੀ ਉਕਸਾਊ ਹੈ ਅਤੇ ਇੰਝ ਜਾਪਦਾ ਹੈ ਕਿ ਉਹ ਕਿਸੇ ਕੌਮੀ ਯੁੱਧ ਦੀ ਤਿਆਰੀ ਕਰਵਾ ਰਿਹਾ ਹੋਵੇ ਜੋ ਉਸ ਨੇ ਨਹੀਂ ਲੜਨਾ, ਹੋਰਾਂ ਤੋਂ ਲੜਵਾਉਣਾ ਹੈ।

ਦੇਖੋ ਇੱਕ ਗਰੀਬ ਦੇ ਬੇਰਹਿਮ ਕਤਲ ਨੂੰ ਅਜਮੇਰ ਸਿੰਘ 'ਸਵਾ ਲਾਖ ਸੇ ਏਕ ਲੜਾਊਂ' ਨਾਲ ਕਿਵੇਂ ਜੋੜਦਾ ਹੈ, "ਸਿੱਖ ਬਹੁਤ ਘੱਟ ਗਿਣਤੀ ਵਿਚ ਹਨ 18ਵੀਂ ਸਦੀ ਵਿਚ ਵੀ ਸਨ ਪਰ ਕਦੇ ਡਰੇ ਨਹੀਂ, ਨਾ ਡਰਨਗੇ। ਘੱਟ ਗਿਣਤੀ ਦੇ ਡਰਾਵੇ ਦੇਣਾ ਸਿੱਖਾਂ 'ਤੇ ਨਾ ਕਾਰਗਰ ਹੋਏ ਹਨ, ਨਾ ਹੋਣਗੇ। ਸਵਾ ਲਾਖ ਸੇ ਇੱਕ ਲੜਾਊਂ ਦੀ ਸਪਿਰਟ ਜੋ ਦਸਮ ਗੁਰੂ ਭਰ ਗਏ ਹਨ, ਉਹ ਸਦਾ ਰਹੇਗੀ। ਹਰਿੰਦਰ ਮਹਿਬੂਬ ਨੇ ਕਿਹਾ ਸੀ, ਸਿਦਕ ਦੇ ਰਾਹ ਆਬਾਦ ਰਹਿਣੇ ਚਾਹੀਦੇ ਹਨ, ਜੇ ਆਬਾਦ ਹਨ ਤਾਂ ਮਿੱਟੀ ਦੇ ਕਣਾਂ ਵਿਚੋਂ ਵੀ ਖਾਲਸਾ ਪ੍ਰਗਟ ਹੋ ਜਾਵੇਗਾ।"

ਕਥਿਤ ਜ਼ੁਲਮ ਦਾ ਸਦਾ ਸ਼ਿਕਾਰ ਹੋਣ ਦੀ ਭਾਵਨਾ, ਉਕਸਾਹਟ, ਭੜਕਾਹਟ, ਡਰਾਵਾ, ਬਹਾਦਰੀ ਦੀਆਂ ਥਾਪੀਆਂ ਅਤੇ ਫਿਰ ਕਹਿੰਦਾ ਹੈ,

**(ਬਾਕੀ ਅਗਲੇ ਸਫੇ 'ਤੇ)**

# ਪੰਜਾਬ ਤੇ ਭਾਰਤ ਨੂੰ ਚੋਣਾਂ ਤੱਕ ਸੀਮਤ ਸੋਚ ਨਹੀਂ ਲੋੜੀਂਦੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਹ ਸਵਾਲ ਸਾਡੇ ਸਾਰਿਆਂ ਦਰਮਿਆਨ ਅਕਸਰ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ ਕਿ 'ਪੰਜਾਬ ਦਾ ਬਣੂੰਗਾ ਕੀ?' ਆਮ ਕਰ ਕੇ ਇਸ ਸਵਾਲ ਦੀ ਹੱਦ ਅਗਲੀਆਂ ਵਿਧਾਨ ਸਭਾ ਚੋਣਾਂ ਜਾਂ ਇਸ ਰਾਜ ਵਿਚ ਕੋਈ ਅਗਲੀ ਸਰਕਾਰ ਬਣਨ ਬਾਰੇ ਸੋਚਣ ਤੱਕ ਸੀਮਤ ਹੁੰਦੀ ਹੈ। ਕੋਈ ਵਿਰਲਾ ਬੰਦਾ ਇਹ ਸਵਾਲ ਥੋੜ੍ਹਾ ਅੱਗੇ ਤੱਕ ਵਧਾ ਕੇ ਇਹ ਕਹਿਣ ਤੱਕ ਪਹੁੰਚ ਜਾਂਦਾ ਹੈ ਕਿ ਸਰਕਾਰਾਂ ਤਾਂ ਆਉਂਦੀਆਂ-ਜਾਂਦੀਆਂ ਰਹਿਣਗੀਆਂ, ਭਵਿੱਖ ਦਾ ਪੰਜਾਬ ਕਿਹੋ ਜਿਹਾ ਹੋਵੇਗਾ ਤੇ ਇਸ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਕਿਨ੍ਹਾਂ ਉਲਝਣਾਂ ਨਾਲ ਸਿੱਝਣਾ ਪੈ ਸਕਦਾ ਹੈ? ਉਹ ਉਲਝਣਾਂ ਉਨ੍ਹਾਂ ਲਈ ਰੁਜ਼ਗਾਰ ਬਾਰੇ ਵੀ ਹੋ ਸਕਦੀਆਂ ਹਨ ਅਤੇ ਭਾਸ਼ਾ ਤੇ ਸੱਭਿਆਚਾਰ ਬਾਰੇ ਵੀ ਜ਼ਰੂਰ ਹੋਣਗੀਆਂ, ਪਰ ਇਨ੍ਹਾਂ ਬਾਰੇ ਡੂੰਘਾ ਸੋਚਣ ਦਾ ਵਕਤ ਅੱਜ ਸਾਡੇ ਲੋਕਾਂ ਕੋਲ ਬਹੁਤਾ ਜਾਂ ਤਾਂ ਹੈ ਨਹੀਂ, ਜਾਂ ਏਨਾ ਲੰਮਾ ਸੋਚਣਾ ਨਹੀਂ ਚਾਹੁੰਦੇ ਤੇ ਥੋੜ੍ਹ-ਚਿਰੀ ਚਿੰਤਾ ਇਥੋਂ ਤੱਕ ਹੀ ਰਹਿੰਦੀ ਹੈ ਕਿ ਅਗਲੀਆਂ ਅਸੈਂਬਲੀ ਚੋਣਾਂ ਮਗਰੋਂ 'ਪੰਜਾਬ ਦਾ ਬਣੂੰਗਾ ਕੀ?' ਪੰਜਾਬ ਬਾਰੇ ਏਦਾਂ ਦੀ ਚਿੰਤਾ ਕਰਨਾ ਵੀ ਗਲਤ ਨਹੀਂ, ਪਰ ਸਿਰਫ ਚੋਣਾਂ ਤੱਕ ਦੀ ਚਿੰਤਾ ਕਰਨਾ ਗਲਤ ਹੈ। ਬਣੇਗਾ ਪੰਜਾਬ ਦਾ ਇਹੋ ਕਿ ਕੋਈ ਨਾ ਕੋਈ ਪਾਰਟੀ ਲੋਕਾਂ ਨੂੰ ਝੂਠੇ ਵਾਅਦੇ ਕਰ ਕੇ ਅਤੇ ਲਾਰੇ ਲਾ ਕੇ ਚੋਣਾਂ ਜਿੱਤਣ ਜੋਗਾ ਜੁਗਾੜ ਕਰ ਲਵੇਗੀ ਅਤੇ ਫਿਰ ਅਗਲੇ ਪੰਜ ਸਾਲ ਅਸੀਂ ਇਹ ਕਹਿੰਦੇ ਰਹਾਂਗੇ ਕਿ ਇਹ ਪਿਛਲੀ ਸਰਕਾਰ ਤੋਂ ਵੀ ਮਾੜੀ ਨਿਕਲੀ ਹੈ। ਅੱਜ ਤੀਕ ਪੰਜਾਬ ਨੂੰ ਜਦੋਂ ਵੀ ਕੋਈ ਸਰਕਾਰ ਮਿਲੀ, ਉਸ ਨੇ ਸਾਨੂੰ ਇਹੋ ਕਹਿਣ ਜੋਗੇ ਕੀਤਾ ਹੈ ਕਿ ਇਸ ਨਾਲੋਂ ਪਿਛਲੀ ਸਰਕਾਰ ਚੰਗੀ ਸੀ। ਜਦੋਂ ਪਿਛਲੀ ਸਰਕਾਰ ਹੁੰਦੀ ਸੀ, ਜਿਹੜੇ ਲੋਕ ਉਸ ਦੇ ਵਕਤ ਰੋਂਦੇ-ਚੀਕਦੇ ਰਹੇ ਸਨ, ਉਹ ਨਵੀਂ ਸਰਕਾਰ ਦੇ ਆਇਆਂ ਤੋਂ ਵੀ ਚੀਕਾਂ ਮਾਰਨਗੇ ਅਤੇ ਇਸ ਚੀਕ-ਪਰੇਡ ਨੂੰ ਸੁਣਨ ਲਈ ਬਹੁਤਾ ਲੰਮਾ ਉਡੀਕਣਾ ਵੀ ਨਹੀਂ ਪਵੇਗਾ।

ਹਰ ਸਰਕਾਰ ਦੇ ਵਕਤ ਚੀਕਾਂ ਮਾਰਨ ਅਤੇ ਕੋਈ ਸੁਖਾਵਾਂ ਬਦਲ ਨਾ ਹੋਣ ਕਰ ਕੇ ਫਿਰ ਪਹਿਲੇ ਨੂੰ ਭਜਾਉਣ ਅਤੇ ਉਸ ਤੋਂ ਵੀ ਮਾੜਾ ਸਾਬਤ ਹੋਣ ਵਾਲਾ ਕੋਈ ਨਵਾਂ ਨੇਤਾ ਚੁਣ ਕੇ ਚੀਕਾਂ ਮਾਰਨ ਦੀ ਰਵਾਇਤ ਭੁੱਲ ਕੇ ਮੈਂ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਅਤੇ ਭਾਰਤ ਦੇ ਲੋਕ ਇਹ ਕਿਉਂ ਨਹੀਂ ਸੋਚਦੇ ਕਿ ਪੰਜਾਬ ਜਾਂ ਦੇਸ਼ ਜਾ ਕਿੱਧਰ ਨੂੰ ਰਿਹਾ ਹੈ? ਸਾਡੇ ਭਾਰਤ ਦੇ ਆਂਢ-ਗਵਾਂਢ ਦੇ ਦੇਸ਼ਾਂ ਵਿਚੋਂ ਇੱਕ ਚੀਨ ਦਾ ਤਜਰਬਾ ਵੱਖਰੀ ਕਿਸਮ ਦਾ ਹੈ, ਜਿਹੜਾ ਕਈ ਲੋਕਾਂ ਨੂੰ ਪਸੰਦ ਨਹੀਂ ਤੇ ਜਿਨ੍ਹਾਂ ਲੋਕਾਂ ਨੂੰ ਪਸੰਦ ਨਹੀਂ, ਉਹ ਨਾਪਸੰਦ ਕਰਦੇ ਰਹਿਣ, ਬਾਕੀ ਦੇ ਗਵਾਂਢੀ ਦੇਸ਼ਾਂ ਦਾ ਤਜਰਬਾ ਏਦਾਂ ਦਾ ਹੈ ਕਿ ਹਰ ਥਾਂ ਹੌਲੀ-ਹੌਲੀ ਫਿਰਕੂ ਤੱਤ ਭਾਰੂ ਹੁੰਦੇ ਗਏ ਹਨ ਅਤੇ ਮਨੁੱਖਵਾਦ ਦੀ ਸੋਚ ਗਰਕਦੀ ਗਈ ਹੈ। ਪਾਕਿਸਤਾਨ ਤਾਂ ਬਣਿਆ ਹੀ ਇੱਕ ਧਰਮ ਦੇ ਨਾਂ ਉੱਤੇ ਸੀ ਤੇ ਉਥੇ ਉਸ ਧਰਮ ਦੇ ਨਾਂ ਉੱਤੇ ਫਿਰਕੂ ਕੱਟੜਪੰਥ ਦਾ ਭਾਰੂ ਹੋਣਾ ਸਮਝ ਆ ਜਾਂਦਾ ਸੀ, ਪਰ ਜਿਹੜਾ ਬੰਗਲਾ ਦੇਸ਼ ਬੰਗਾਲੀਅਤ ਦੇ ਨਾਂ ਉੱਤੇ ਸਾਂਝੀ ਜੰਗ ਲੜ ਕੇ ਤੇ ਸਾਂਝੀਆਂ ਕੁਰਬਾਨੀਆਂ ਦੇ ਕੇ ਬਣਿਆ ਸੀ, ਉਹ ਵੀ ਆਖਰ ਨੂੰ ਆਪਣੇ ਸੰਵਿਧਾਨ ਵਿਚ ਇਸਲਾਮੀ ਰਾਜ ਦਾ ਸ਼ਬਦ ਜੋੜਨ ਤੱਕ ਪਹੁੰਚ ਗਿਆ ਅਤੇ ਅੱਗੋਂ ਉਥੇ ਸਾਰੀਆਂ ਘੱਟ-ਗਿਣਤੀਆਂ ਨੂੰ ਇੱਕ ਵੱਡੇ ਧਰਮ ਦੀ ਕੱਟੜਪੰਥੀ ਸੋਚ ਸਾਹਮਣੇ ਝੁਕਣ ਲਈ ਮਜਬੂਰ ਕਰ ਦੇਣ ਵਾਲੀਆਂ ਸਰਗਰਮੀਆਂ ਸਿਖਰਾਂ ਉੱਤੇ ਹਨ। ਪਿਛਲੇ ਦਿਨੀਂ ਜੋ ਕੁਝ ਉਥੇ ਹੋਇਆ ਹੈ, ਉਹ ਇਸੇ ਦਾ ਸਬੂਤ ਹੈ।




ਗਵਾਂਢ ਦਾ ਰੂਪ ਨਹੀਂ ਆਉਂਦਾ, ਉਸ ਦੀ ਮੱਤ ਆ ਜਾਂਦੀ ਹੈ। ਭਾਰਤ ਦੇ ਗਵਾਂਢ ਵਿਚ ਇਹ ਸਭ ਕੁਝ ਹੁੰਦਾ ਵੇਖ ਕੇ ਦੁਖੀ ਹੋਣ ਦੀ ਥਾਂ ਭਾਰਤ ਦੀ ਕਮਾਨ ਸਾਂਭਣ ਵਾਲੀ ਮੁੱਖ ਧਿਰ ਇਸ ਮੌਕੇ ਨੂੰ ਵਰਤ ਕੇ ਆਪਣੇ ਰੰਗ ਦੀ ਸੋਚ ਦਾ ਦੇਸ਼ ਸਿਰਜਣ ਲਈ ਹਰ ਹੱਦ ਤੱਕ ਜਾਣ ਨੂੰ ਤਿਆਰ ਹੈ। ਸਕੂਲਾਂ ਵਿਚ ਪੜ੍ਹਦੇ ਜਵਾਕਾਂ ਨੂੰ ਦੇਸ਼ ਭਗਤੀ ਦਾ ਪੜ੍ਹਾਉਣ ਦੇ ਬਹਾਨੇ ਇੱਕ 'ਭਾਰਤ-ਮਾਤਾ' ਦੀ ਭਗਤੀ ਅਤੇ ਉਸ ਭਾਰਤ-ਮਾਤਾ ਦੀ ਤਸਵੀਰ ਹਿੰਦੂ ਦੇਵੀਆਂ ਨਾਲ ਮਿਲਦੀ ਵਿਖਾ ਕੇ ਉਸ ਦਾ ਇੱਕ ਅਕਸ ਉਨ੍ਹਾਂ ਦੇ ਮਨਾਂ ਵਿਚ ਗਹਿਰਾ ਬਿਠਾਇਆ ਜਾ ਰਿਹਾ ਹੈ। ਪਹਿਲਾਂ ਰਾਸ਼ਟਰੀ ਗਾਨ 'ਜਨ ਗਣ ਮਨ' ਹੁੰਦਾ ਸੀ, ਫਿਰ 'ਵੰਦੇ ਮਾਤਰਮ' ਤੋਂ ਚੱਲਦੇ ਹੋਏ ਹੌਲੀ-ਹੌਲੀ ਦੇਸ਼ ਦੇ ਕੁਝ ਰਾਜਾਂ ਵਿਚ ਛੋਟੇ ਬੱਚਿਆਂ ਨੂੰ ਸਵੇਰੇ ਸਕੂਲ ਜਾਂਦੇ ਸਾਰ 'ਸੂਰੀਆ ਨਮਸਕਾਰ' ਦੀ ਪ੍ਰਕਿਰਿਆ ਹੇਠੋਂ ਲੰਘਣ ਲਈ ਮਜਬੂਰ ਕੀਤਾ ਜਾਣ ਲੱਗ ਪਿਆ ਹੈ। ਜਿਸ ਰਾਜ ਵਿਚ ਕਿਸੇ ਥਾਂ ਮਾਂ-ਬਾਪ ਏਦਾਂ ਦੀ ਨਵੀਂ ਰੀਤ ਉੱਤੇ ਕੋਈ ਇਤਰਾਜ਼ ਕਰਨ ਦੀ ਹਿੰਮਤ ਕਰਦੇ ਹਨ, ਉਨ੍ਹਾਂ ਨੂੰ 'ਰਾਸ਼ਟਰ ਵਿਰੋਧੀ' ਕਹਿ ਕੇ ਭੰਡਿਆ ਜਾਂਦਾ ਤੇ ਉਨ੍ਹਾਂ ਦੇ ਬੱਚਿਆਂ ਨੂੰ ਬਾਕੀ ਬੱਚਿਆਂ ਸਾਹਮਣੇ ਜ਼ਲੀਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਭਾਰਤ ਨੂੰ ਉਸੇ ਪਾਸੇ ਧੱਕਿਆ ਜਾ ਰਿਹਾ ਹੈ, ਜਿੱਥੇ ਅਗਲੀ ਪੀੜ੍ਹੀ ਆਪਣੇ ਆਪ ਸਿਰਫ ਇੱਕ ਧਰਮ ਤੇ ਇੱਕ ਭਾਸ਼ਾ ਦੀ ਸਰਦਾਰੀ ਮੰਨਣ ਲੱਗ ਪਵੇਗੀ ਤੇ ਜਿਹੜਾ ਭਾਰਤ ਅੱਜ ਤੱਕ 'ਅਨੇਕਤਾ ਵਿਚ ਏਕਤਾ' ਦਾ ਗੁਲਦਸਤਾ ਹੋਣ ਦਾ ਮਾਣ ਕਰਿਆ ਕਰਦਾ ਸੀ, ਉਹ ਆਪਣਾ ਇਹ ਗੁਣ ਗੁਆਉਣ ਪਿੱਛੋਂ ਓਦਾਂ ਦੇ ਇੱਕ ਹੋਰ ਯੁੱਗ ਵੱਲ ਰਿੜ੍ਹਨ ਲੱਗੇਗਾ, ਜਿੱਥੇ ਵਿਰੋਧੀਆਂ ਦੇ ਕੰਨਾਂ ਵਿਚ ਪਿਘਲਾ ਕੇ ਸਿੱਕਾ ਪਾ ਦਿੱਤਾ ਜਾਂਦਾ ਸੀ ਤੇ ਫਿਰ ਉਹ ਨਾ ਤਾਂ ਇੱਕ-ਦੂਸਰੇ ਦੀ ਗੱਲ ਸੁਣ ਸਕਦੇ ਸਨ ਤੇ ਨਾ ਆਪਣੀ ਗੱਲ ਆਪਣਿਆਂ ਨੂੰ ਸੁਣਾ ਸਕਦੇ ਸਨ ਤੇ ਨਾ ਉਸ ਸਮਾਜੀ ਪ੍ਰਬੰਧ ਦੇ ਵਿਰੁੱਧ ਕੁਝ ਕਰਨ ਜੋਗੇ ਰਹਿ ਗਏ ਸਨ।

ਇਨ੍ਹਾਂ ਹਾਲਾਤ ਵਿਚ ਪੰਜਾਬ ਦੇ ਲੋਕਾਂ ਨੂੰ ਅਤੇ ਖਾਸ ਤੌਰ ਉੱਤੇ ਉਨ੍ਹਾਂ ਲੋਕਾਂ ਨੂੰ ਸੋਚਣ ਦੀ ਲੋੜ ਹੈ, ਜਿਹੜੇ ਆਪਣੇ ਇਸ ਖਿੱਤੇ ਦੀ, ਇਸ ਦੇ ਵਿਲੱਖਣ ਸੱਭਿਆਚਾਰ ਦੀ ਅਤੇ ਮਾਖਿਉਂ ਮਿੱਠੀ ਬੋਲੀ ਦੀ ਮਹਿਕ ਬਣੀ ਰੱਖਣ ਦੇ ਲਈ ਚਿੰਤਾ ਕਰਨਾ ਫਰਜ਼ ਵੀ ਸਮਝਦੇ ਹਨ ਤੇ ਹੱਕ ਵੀ। ਇਸ ਵਕਤ ਭਾਰਤ ਵਿਚ ਹਿੰਦੀ ਤੋਂ ਬਿਨਾਂ ਸਾਰੀਆਂ ਭਾਸ਼ਾਵਾਂ ਨੂੰ ਹਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਉੱਤੇ ਉਹ ਹਿੰਦੀ ਭਾਸ਼ਾ ਲੱਦੀ ਜਾ ਰਹੀ ਹੈ, ਜਿਹੜੀ ਅਸਲ ਵਿਚ ਅਸਲੀ ਭਾਸ਼ਾ ਹੈ ਹੀ ਨਹੀਂ। ਉਹ ਮੈਥਿਲੀ, ਅਵਧੀ, ਭੋਜਪੁਰੀ ਨੂੰ ਹੜੱਪ ਕੇ ਹਿੰਦੀ ਦਾ ਉਹ ਰੂਪ ਧਾਰਨਾ ਚਾਹੁੰਦੀ ਹੈ, ਜਿਹੜਾ ਭਾਰਤ ਦੇ ਕਿਸੇ ਵੀ ਦੋ ਰਾਜਾਂ ਵਿਚ ਅੱਜ ਤੱਕ ਇੱਕੋ ਜਿਹਾ ਨਹੀਂ ਲੱਭਦਾ। ਭਾਰਤ ਦੇ ਜਿਹੜੇ ਉੱਤਰੀ ਤੇ ਕੇਂਦਰੀ ਹਿੱਸਿਆਂ ਨੂੰ ਹਿੰਦੀ ਭਾਸ਼ੀ ਕਿਹਾ ਜਾਂਦਾ ਹੈ, ਉਨ੍ਹਾਂ ਵਿਚੋਂ ਵੀ ਕਿਸੇ ਦੋ ਰਾਜਾਂ ਵਿਚਲੀ ਹਿੰਦੀ ਇੱਕੋ ਜਿਹੀ ਨਹੀਂ, ਹਰ ਥਾਂ ਸਥਾਨਕ ਵਸੋਂ ਆਪਣੇ ਸਥਾਨਕ ਰੰਗ ਵਿਚ ਬੋਲਦੀ ਹੈ, ਪਰ ਭਾਰਤ ਦੀ ਕਮਾਨ ਸੰਭਾਲੀ ਬੈਠੀ ਰਾਜਸੀ ਧਿਰ ਅਤੇ ਉਸ ਧਿਰ ਦੀ ਕਮਾਨ ਸੰਭਾਲੀ ਬੈਠੇ ਸੰਗਠਨ ਦੇ ਲੋਕ ਉਹੋ 'ਹਿੰਦੀ' ਸਾਰੇ ਭਾਰਤ ਦੇ ਲੋਕਾਂ ਦੇ ਸੰਘ ਵਿਚੋਂ ਦੀ ਲੰਘਾਉਣਾ ਲੋਚਦੇ ਹਨ।

ਇਹ ਰਾਜਸੀ ਰੰਗ ਦਾ ਹਮਲਾ ਵੀ ਹੈ, ਸੱਭਿਆਚਾਰਕ ਰੰਗ ਦਾ ਵੀ ਅਤੇ ਪੁਰਾਤਨਤਾ ਦੇ ਚੋਲੇ ਪੁਆ ਕੇ ਇੱਕ ਵਾਰ ਫਿਰ ਦੇਸ਼ ਦੇ ਕਰੋੜਾਂ ਲੋਕਾਂ ਨੂੰ ਉਸ ਰਾਜਨੀਤਕ ਢਾਂਚੇ ਵੱਲ ਮੋੜਨ ਦਾ ਲੁਕਵਾਂ ਦਾਅ ਵੀ, ਜਿਸ ਵਿਚ ਵਰਣ-ਵੰਡ ਨਾਲ ਇਨਸਾਨੀਅਤ ਨੂੰ ਏਨੀ ਥਾਂ ਵੰਡਿਆ ਜਾਵੇਗਾ ਕਿ ਮਨੁੱਖਵਾਦ ਰੁਲ ਜਾਵੇਗਾ। ਜਦੋਂ ਸੱਭਿਆਚਾਰ, ਜਿਸ ਨੂੰ ਉਹ 'ਸੰਸਕ੍ਰਿਤੀ' ਕਹਿੰਦੇ ਹਨ, ਦੇ ਓਹਲੇ ਹੇਠ ਉਹ ਇੱਕ ਸੋਚ ਦਾ ਰੰਗ ਚਾੜ੍ਹਨਾ ਚਾਹੁੰਦੇ ਹਨ ਤਾਂ ਇਸ ਦਾ ਤਜਰਬਾ ਜਿਸ ਭਾਰਤ ਦੇਸ਼ ਵਿਚ ਹੋਣਾ ਹੈ, ਪੰਜਾਬ ਤੇ ਪੰਜਾਬੀਅਤ ਵੀ ਉਸੇ ਵਿਚ ਹੈ। ਇਸ ਵਰਤਾਰੇ ਦੀ ਚਿੰਤਾ ਅੱਜ ਨਾ ਕੀਤੀ ਤਾਂ ਕਦੇ ਕੀਤੀ ਹੀ ਨਹੀਂ ਜਾ ਸਕਣੀ।

# ਇਹ ਰਾਜਸੀ ਲੋਕ ਪਾਰਟੀਆਂ ਨਹੀਂ ਟੀਮਾਂ ਬਣਾ ਕੇ ਬੈਠੇ ਹਨ

ਦਲੀਪ ਸਿੰਘ ਵਾਸਨ, ਐਡਵੋਕੇਟ
ਫੋਨ: +0175-5191856

ਸਾਡੇ ਮੁਲਕ ਵਿੱਚ ਆਜਾਦੀ ਵੀ ਆਈ ਅਤੇ ਅਸਾਂ ਇਹ ਵਾਲਾ ਪਰਜਾਤੰਤਰ ਵੀ ਬਣਾ ਲਿਆ, ਪਰ ਹਾਲਾਂ ਤਕ ਅਸੀਂ ਮੁਲਕ ਵਿੱਚ ਰਾਜਸੀ ਪਾਰਟੀਆਂ ਨਹੀਂ ਬਣਾ ਸਕੇ ਅਤੇ ਨਾ ਹੀ ਅੱਜ ਤਕ ਕੋਈ ਸਿਧਾਂਤ, ਨੀਤੀਆਂ ਅਤੇ ਢੰਗ ਤਰੀਕੇ ਹੀ ਨਿਸਚਿਤ ਕਰ ਸਕੇ ਹਾਂ। ਸਪਸ਼ਟ ਹੈ ਕਿ ਸਾਡੇ ਮੁਲਕ ਦੇ ਸਾਰੇ ਦੇ ਸਾਰੇ ਰਾਜਸੀ ਲੋਕ ਇਕ ਹੀ ਕਿਸਮ ਦੇ ਹਨ ਅਤੇ ਇਕ ਹੀ ਉਦੇਸ਼ ਲੈ ਕੇ ਇਹ ਰਾਜਸੀ ਖੇਤਰ ਵਿੱਚ ਆਉਂਦੇ ਹਨ ਕਿ ਕਿਸੇ ਨਾ ਕਿਸੇ ਤਰ੍ਹਾਂ ਰਾਜ ਕਰਨ ਦਾ ਮੌਕਾ ਮਿਲ ਜਾਵੇ। ਇਹ ਵੀ ਦੇਖ ਲਿਆ ਕਿ ਰਾਜਸੀ ਲੋਕਾਂ ਨੇ ਟੀਮਾਂ ਬਣਾ ਲਈਆਂ ਹਨ ਅਤੇ ਹਰ ਟੀਮ ਦਾ ਮੁਖੀਆ ਕੋਈ ਨਾ ਕੋਈ ਵਿਅਕਤੀ ਵਿਸ਼ੇਸ਼ ਬਣ ਕੇ ਸਾਡੇ ਸਾਹਮਣੇ ਆ ਗਿਆ ਹੈ। ਅਸਾਂ ਪਰਜਾਤੰਤਰ ਵਾਲਾ ਇਹ ਚੋਣਾਂ ਵਾਲਾ ਸਿਲਸਿਲਾ ਅਪਨਾ ਰਖਿਆ ਹੈ ਅਤੇ ਚੋਣਾਂ ਵਿੱਚ ਇਹ ਵਿਅਕਤੀ ਵਿਸ਼ੇਸ਼ ਹੀ ਹਰ ਇਲਾਕੇ ਵਿੱਚੋ ਆਪਣਾ ਸਪੋਰਟਰ ਚੁਣਨ ਲਈ ਖੜਾ ਕਰ ਜਾਂਦੇ ਹਨ। ਅਸਾਂ ਇਹ ਵੀ ਦੇਖਿਆ ਹੈ ਕਿ ਜਿਹੜਾ ਵਿਅਕਤੀ ਵਿਸ਼ੇਸ਼ ਸਭ ਤੋਂ ਜਿਆਦਾ ਸਪੋਰਟਰ ਲੈ ਕੇ ਸਦਨ ਤਕ ਪੁਜ ਜਾਂਦਾ ਹੈ, ਉਹੀ ਮੁਲਕ ਦਾ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਅਤੇ ਇਸੇ ਤਰ੍ਹਾਂ ਜਿਹੜਾ ਵੀ ਵਿਅਕਤੀ ਵਿਸ਼ੇਸ਼ ਕਿਸੇ ਪ੍ਰਾਂਤ ਵਿੱਚ ਬਹੁਤੇ ਸਪੋਰਟਰ ਵਿਧਾਨ ਸਭਾ ਤਕ ਅਪੜਦੇ ਕਰ ਲੈਂਦਾ ਹੈ ,ਉਹ ਆਪ ਹੀ ਮੁਖ ਮੰਤਰੀ ਬਣ ਜਾਂਦਾ ਹੈ। ਅਰਥਾਤ ਅਜ ਤਕ ਲੋਕਾਂ ਪਾਸ ਇਨੀ ਹਿੰਮਤ ਨਹੀਂ ਆ ਸਕੀ ਕਿ ਉਹ ਆਪਣਾ ਪ੍ਰਤੀਨਿਧ ਚੁਣ ਸਕਣ ਅਤੇ ਅਜ ਤਕ ਕਿਸੇ ਵੀ ਵਿਧਾਇਕ ਪਾਸ ਇਹ ਤਾਕਤ ਨਹੀਂ ਆਈ ਕਿ ਉਹ ਪਹਿਲਾਂ ਹੀ ਬਣੇ ਵਿਅਕਤੀ ਵਿਸ਼ੇਸ਼ ਦਾ ਮੁਕਾਬਲਾ ਕਰਕੇ ਇਹ ਆਖੇ ਕਿ ਉਹ ਵੀ ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਹੈ, ਮੁਖ ਮੰਤਰੀ ਬਣਨਾ ਚਾਹੁੰਦਾ ਹੈ। ਪ੍ਰਧਾਨ ਮੰਤਰੀ ਅਤੇ ਮੁਖ ਮੰਤਰੀ ਬਣਨਾ ਦੂਰ ਦੀ ਗੱਲ ਹੈ, ਜਿਹੜੇ ਮੰਤਰੀ ਵੀ ਬਣਾਏ ਜਾਂਦੇ ਹਨ ਜਾਂ ਮੁਖ ਮੰਤਰੀ ਬਣਦੇ ਹਨ, ਇਹ ਕਿਸ ਆਧਾਰ ਉਤੇ ਬਣਾਏ ਜਾਂਦੇ ਹਨ ਇਸ ਗੱਲ ਦਾ ਹਾਲਾਂ ਤਕ ਵਿਧਾਇਕਾਂ ਨੂੰ ਵੀ ਪਤਾ ਨਹੀਂ ਹੈ। ਪਤਾ ਨਹੀਂ ਕਿਸ ਲਿਹਾਜ ਨਾਲ ਇਹ ਝੰਡੀ ਵਾਲੀਆਂ ਕਾਰਾਂ ਨਸੀਬ ਹੁੰਦੀਆਂ ਹਨ।

ਇਹ ਹੈ ਸਾਡੇ ਰਾਜਸੀ ਲੋਕਾਂ ਦਾ ਡਰਾਮਾ ਜੋ ਪਿਛਲੀ ਪੌਣੀ ਸਦੀ ਤੋਂ ਚਲ ਰਿਹਾ ਹੈ ਅਤੇ ਅਜੇ ਤਕ ਕੋਈ ਇਹ ਕਹਿਣ ਦੀ ਜੁਅਰਤ ਨਹੀਂ ਕਰ ਸਕਿਆ ਕਿ ਇਹ ਸਾਰਾ ਕੁਝ ਗਲਤ ਹੈ, ਵਿਧਾਨ ਦੇ ਮੁਤਾਬਿਕ ਨਹੀਂ ਹੈ ਅਤੇ ਬਦਲ ਦਿਤਾ ਜਾਣਾ ਚਾਹੀਦਾ ਹੈ। ਸਾਰੇ ਦੇ ਸਾਰੇ ਰਾਜਸੀ ਲੋਕ ਇਕ ਹੀ ਕਿਸਮ ਦੇ ਹਨ ਅਤੇ ਇਹ ਪਾਰਟੀਆਂ ਨਹੀਂ ਹਨ, ਬਲਕਿ ਇਹ ਟੀਮਾਂ ਜਾਂ ਧੜੇ ਹਨ। ਰਾਜਸੀ ਮੰਚ ਉਤੇ ਜੋ ਕੁਝ ਵੀ ਹੋ ਰਿਹਾ ਹੈ, ਇਹ ਸਾਰੇ ਦੇ ਸਾਰਾ ਰਾਜਸੀ ਲੋਕਾਂ ਦੀ ਮਰਜੀ ਨਾਲ ਹੋ ਰਿਹਾ ਹੈ ਅਤੇ ਇਹ ਸਾਰਾ ਕੁਝ ਬਸ ਇਕ ਤਰ੍ਹਾਂ ਦੇ ਦੋਸਤਾਨਾ ਮੈਚ ਹਨ, ਜੋ ਹੱਸ-ਖੇਡ ਕੇ ਰਾਜਸੀ ਲੋਕ ਵਾਰੀਆਂ ਬਦਲਦੇ ਰਹਿੰਦੇ ਹਨ। ਜਿਹੜੀ ਵੀ ਸਦਨਾ ਵਿੱਚ ਜਾਂ ਬਾਹਰ ਵਿਰੋਧਤਾ ਕੀਤੀ ਜਾਂਦੀ ਹੈ ਉਹ ਵੀ ਬਸ ਦਿਖਾਵਾ ਹੀ ਹੈ ਅਤੇ ਸਿਰਫ ਇਹ ਦਸਣ ਦੀ ਕੋਸਿਸ਼ ਕੀਤੀ ਜਾਂਦੀ ਹੈ ਕਿ ਇਹ ਜਿਹੜੀ ਵੀ ਟੀਮ ਰਾਜ ਕਰ ਰਹੀ ਹੈ ਇਹ ਮਾੜੀ ਹੈ ਅਤੇ ਜਦ ਸਾਡਾ ਰਾਜ ਆ ਜਾਵੇਗਾ ਅਸੀਂ ਪਤਾ ਨਹੀਂ ਕੀ ਕੀ ਕਰ ਦਿਖਾਵਾਂਗੇ। ਅਸਾਂ ਇਹ ਵੀ ਦੇਖਿਆ ਹੈ ਕਿ ਰਾਜਸੀ ਮੰਚ ਉਤੇ ਇਹ ਗਾਲ੍ਹੀ-ਗਲੋਚ ਤਕ ਵੀ ਆ ਜਾਂਦੇ ਹਨ ਅਤੇ ਕਿੰਨੇ ਹੀ ਮਾਨਹਾਨੀ ਦੇ ਕੇਸ ਵੀ ਚਲਦੇ ਅਸਾਂ ਅੱਖੀਂ ਦੇਖੇ ਹਨ। ਜਲਦੀ ਕੀਤਿਆਂ ਕੋਈ ਵੀ ਰਾਜਸੀ ਆਦਮੀ ਮੰਚ ਉਤੇ ਇਹ ਬਿਆਨ ਨਹੀਂ ਦਿੰਦਾ ਕਿ ਉਹ ਇਹ ਵਾਲੇ ਟੀਚੇ ਮਿਥ ਕੇ ਮੈਦਾਨ ਵਿੱਚ ਆਏ ਹਨ ਅਤੇ ਅਗਰ ਸਰਕਾਰ ਬਣ ਗਈ ਤਾਂ ਇਨ੍ਹਾਂ ਸਮਸਿਆਵਾਂ ਦਾ ਹੱਲ ਕਰ ਦੇਵੇਗਾ। ਕਿਸੇ ਵੀ ਗਰੁਪ ਜਾਂ ਟੀਮ ਨੇ ਅਜ ਤਕ ਆਪਣਾ ਅਸਲੀ ਨਿਸ਼ਾਨਾ ਲੋਕਾਂ ਸਾਹਮਣੇ ਨਹੀਂ ਰਖਿਆ, ਪਰ ਲੋਕਾਂ ਦੀ ਸਮਝ ਵਿੱਚ ਆ ਗਿਆ ਹੈ ਕਿ ਇਹ ਜੋ ਵੀ ਮੰਚ ਉਤੇ ਆਖ ਰਿਹਾ ਹੈ ਇਹ ਸਿਰਫ ਅਤੇ ਸਿਰਫ ਵੋਟਾਂ ਪ੍ਰਾਪਤ ਕਰਨ ਲਈ ਆਖ ਰਿਹਾ ਹੈ। ਉਹ ਕਦੀ ਵੀ ਆਪਣਾ ਸਮਾਂ ਪੂਰਾ ਕਰਨ ਬਾਅਦ ਲੋਕਾਂ ਸਾਹਮਣੇ ਆ ਕੇ ਨਹੀਂ ਦਸਦਾ ਕਿ ਜਿਹੜੇ ਵਾਅਦੇ ਉਹ ਲੋਕਾਂ ਨਾਲ ਕਰਕੇ ਗਿਆ ਸੀ, ਪੂਰੇ ਕਰ ਆਇਆ ਹੈ।

ਹੁਣ ਸਵਾਲ ਇਹ ਹੈ ਕਿ ਇਸ ਦਾ ਹੱਲ ਕਿਵੇਂ ਕੀਤਾ ਜਾਵੇ। ਅਗਰ ਇਹੀ ਰਾਜਸੀ ਲੋਕ ਮੈਦਾਨ ਵਿੱਚ ਰਹਿੰਦੇ ਹਨ ਤਾਂ ਕੋਈ ਵਡੀ ਤਬਦੀਲੀ ਦੀ ਆਸ ਨਹੀਂ ਕੀਤੀ ਜਾ ਸਕਦੀ ਅਤੇ ਸਾਡੇ ਪਾਸ ਐਸੀ ਕੋਈ ਤਾਕਤ ਹੀ ਨਹੀਂ ਹੈ ਕਿ ਅਸੀਂ ਇਹ ਸਾਰੇ ਦੇ ਸਾਰੇ ਰਾਜਸੀ ਲੋਕਾਂ ਨੂੰ ਪਾਸੇ ਕਰਕੇ ਨਵੀਆਂ ਟੀਮਾਂ ਬਣਾ ਦਈਏ। ਸਾਨੂੰ ਆਪਣੇ ਵਿਧਾਨ ਵਿੱਚ ਹੀ ਇਹ ਵਿਵਸਥਾ ਕਰਨੀ ਪਵੇਗੀ ਕਿ ਮੁਲਕ ਵਿੱਚ ਸਰਕਾਰ ਆਪ ਹੀ ਦੋ ਜਾਂ ਤਿੰਨ ਪਾਰਟੀਆਂ ਬਣਾ ਦੇਵੇ ਅਤੇ ਨਾਮ ਵੀ ਰਖ ਦੇਵੇ। ਹੋਰ ਕੋਈ ਚੌਥੀ ਪਾਰਟੀ ਬਣੇ ਹੀ ਨਾ ਅਤੇ ਨਾ ਹੀ ਕੋਈ ਬਣਾ ਸਕੇ। ਇਹ ਰਾਜਸੀ ਪਾਰਟੀਆਂ ਬਾਕਾਇਦਾ ਆਪਣੇ ਸਿਧਾਂਤ, ਸਕੀਮਾਂ, ਟੀਚੇ ਲਿਖ ਕੇ ਪਾਸ ਕਰੇ ਅਤੇ ਜਿਹੜੀ ਵੀ ਸਰਕਾਰ ਬਣ ਜਾਵੇ ਉਹ ਆਪਣੇ ਵਿਧਾਨ ਮੁਤਾਬਿਕ ਹੀ ਕੰਮ ਕਰੇ। ਹਰ ਪਾਰਟੀ ਦੀ ਕਾਰਜਕਾਰਨੀ ਅਤੇ ਪ੍ਰਧਾਨ ਬਾਕਾਇਦਾ ਵੋਟਾਂ ਪਾ ਕੇ ਚੁਣੇ ਜਾਣ ਅਤੇ ਇਹ ਵਿਅਕਤੀ ਵਿਸ਼ੇਸ਼ਾਂ ਵਾਲਾ ਸਿਲਸਿਲਾ ਜੋ ਬਿਲਕੁਲ ਹੀ ਸੰਵਿਧਾਨ ਤੇ ਪਰਜਾਤਾਂਤ੍ਰਿਕ ਨਹੀਂ ਹੈ, ਖਤਮ ਕਰ ਦਿਤਾ ਜਾਵੇ ਤੇ ਇਹ ਵੀ ਲਾਜ਼ਮੀ ਕਰ ਦਿਤਾ ਜਾਵੇ ਕਿ ਮੁਲਕ ਦਾ ਪ੍ਰਧਾਨ ਮੰਤਰੀ ਅਤੇ ਬਾਕੀ ਦੇ ਮੰਤਰੀ ਵੀ ਬਾਕਾਇਦਾ ਸਦਨ ਵਿੱਚ ਚੁਣੇ ਜਾਣ ਤੇ ਗੁਣਾ ਦੇ ਆਧਾਰ 'ਤੇ ਚੁਣੇ ਜਾਣ।

ਜਿਹੜਾ ਪ੍ਰਸ਼ਾਸਨ ਅਜ ਤਕ ਚਲਦਾ ਆ ਰਿਹਾ ਹੈ ਇਹ ਤਾਂ ਉਹੀ ਹੈ ਜਿਹੜਾ ਅੰਗਰੇਜ ਸਾਮਰਾਜੀਏ ਸਥਾਪਿਤ ਕਰ ਗਏ ਸਨ ਅਤੇ ਇਹ ਰਾਜਸੀ ਲੋਕ ਅਜ ਤਕ ਸਿਰਫ ਤਨਖਾਹਾਂ, ਭਤੇ ਅਤੇ ਪੈਨਸ਼ਨਾ ਹੀ ਲੈ ਰਹੇ ਹਨ ਅਤੇ ਮੁਲਕ ਦੇ ਲੋਕਾਂ ਦੀ ਕੋਈ ਵੀ ਸਮੱਸਿਆ ਹੱਲ ਨਹੀਂ ਕਰ ਸਕੇ। ਜੋ ਇਨੀ ਵਡੀ ਗਿਣਤੀ 'ਚ ਗਰੀਬਾਂ ਦੀ ਹੋਂਦ ਆ ਬਣੀ ਹੈ, ਇਹ ਵੀ ਰਾਜਸੀ ਲੋਕਾਂ ਨੇ ਜਾਣ-ਬੁਝ ਕੇ ਖੜੀ ਕਰ ਲਈ ਹੈ ਤਾਂਕਿ ਇੰਨ੍ਹਾਂ ਦੀਆਂ ਵੋਟਾਂ ਨਾਲ ਆਪਣੀ ਸਰਕਾਰ ਬਣਾ ਲਿਆ ਕਰਨ। ਇਕ ਤਰ੍ਹਾਂ ਨਾਲ ਇਹ ਗਰੀਬ ਲੋਕਾਂ ਨੂੰ ਵੋਟ ਬੈਂਕ ਬਣਾ ਕੇ ਪੌਣੀ ਸਦੀ ਦਾ ਸਮਾਂ ਲੰਘਾ ਗਏ ਹਨ।

ਇਨ੍ਹਾਂ ਰਾਜਸੀ ਲੋਕਾਂ ਜੈਸਾ ਵੀ ਰਾਜ ਬਣਾ ਲਿਆ ਹੈ ਤੇ ਪੱਕਾ ਵੀ ਕਰ ਲਿਆ ਹੈ। ਅਸੀਂ ਲੋਕ ਤਕਦੇ ਹੀ ਰਹਿ ਗਏ ਹਾਂ। ਜਿਹੜੇ ਵੀ ਵਿਧਾਇਕ ਅਸੀਂ ਚੁਣ ਰਹੇ ਹਾਂ, ਇਹ ਵੀ ਆਪਣੇ ਆਪਣੇ ਆਕਾ ਦੇ ਗੁਲਾਮ ਹੀ ਹਨ ਅਤੇ ਸਦਨਾ ਵਿੱਚ ਬੋਲ ਨਹੀਂ ਸਕਦੇ, ਨਾ ਹੀ ਵੋਟ ਆਪਣੀ ਮਰਜੀ ਨਾਲ ਪਾ ਸਕਦੇ ਹਨ। ਇਹ ਜੋ ਵੀ ਸਿਲਸਿਲਾ ਆ ਬਣਿਆ ਹੈ ਇਹ ਪਰਜਾਤਾਂਤ੍ਰਿਕ ਨਹੀਂ ਹੈ। ਜਿਵੇਂ ਮੁਗਲਾਂ ਦੀ ਗੁਲਾਮੀ ਸਦੀਆਂ ਤਕ ਅਸੀਂ ਝੇਲਦੇ ਰਹੇ ਹਾਂ, ਇਹ ਰਾਜਸੀ ਲੋਕ ਵੀ ਸਾਨੂੰ ਉਸੇ ਤਰ੍ਹਾਂ ਗੁਲਾਮ ਹੀ ਰਖਣ ਦਾ ਟੀਚਾ ਬਣਾ ਕੇ ਬੈਠੇ ਹਨ ਤੇ ਹੁਣ ਤਕ ਕਾਮਯਾਬ ਵੀ ਹੋਏ ਹਨ।

# ਸਿੰਘੂ ਬਾਰਡਰ 'ਤੇ ਕਤਲ, ਬੇਅਦਬੀ ਲਈ ਸਜ਼ਾ ਤੇ ਸਿੱਖ ਵਿਰਸਾ

*(ਪਿਛਲੇ ਸਫੇ ਦੀ ਬਾਕੀ)*

'ਭੜਕਾਹਟ' ਵਿਚ ਨਹੀਂ ਆਉਣਾ।

ਆਦਤ ਮੁਤਾਬਿਕ ਇਸ ਪ੍ਰਵਚਨ ਵਿਚ ਐਨੇ ਪੈਂਤੜੇ ਅਪਣਾ ਗਿਆ ਹੈ ਕਿ ਗੁਮਰਾਹ ਹੋਇਆ ਕੋਈ ਸਿੱਖ ਕੁਝ ਵੀ ਕਰ ਬੈਠੇ, ਅਜਮੇਰ ਸਿੰਘ ਸੱਚਾ ਹੀ ਰਹੇਗਾ। ਉਹ ਭੜਕਾਹਟ ਵਿਚ ਨਾ ਆਉਣ ਦੀ ਤਾਕੀਦ ਨਾਲ ਸੰਤੁਲਨ ਕਾਇਮ ਰੱਖਣ ਦੀ ਸਿਖਿਆ ਇੰਝ ਦਿੰਦਾ ਹੈ, "ਨਾ ਭੜਕਾਹਟ ਵਿਚ ਆਉਣ ਦੀ ਲੋੜ ਹੈ ਅਤੇ ਨਾ ਡਰਨ ਦੀ ਕੋਈ ਲੋੜ ਹੈ, ਇੱਕ ਆਪਣਾ ਸੰਤੁਲਨ ਕਾਇਮ ਰੱਖ ਕੇ ਵਿਰਸੇ ਤੋਂ ਸੇਧ ਲੈ ਕੇ ਤਿਆਰ ਰਹਿਣਾ ਚਾਹੀਦਾ ਜੋ 70ਵਿਆਂ ਵਿਚ ਵਾਪਰਿਆ ਸੀ, ਇਤਿਹਾਸ ਫਿਰ ਰਪੀਟ ਕਰ ਰਿਹਾ ਹੈ ... ਪਰ ਸਿੱਖਾਂ ਨੇ ਉਸ ਤਰ੍ਹਾਂ ਨਹੀਂ ਕਰਨਾ ... ਹੁਣ ਕਿਵੇਂ ਰਿਐਕਟ ਕਰਨਾ ਹੈ, ਦਾਨਿਸ਼ਵਰ ਮਿੱਲ ਕੇ ਬੈਠਣ, ਬੈਠ ਕੇ ਸੰਕਟ ਵਿਚ ਫਸੀ ਕੌਮ ਨੂੰ ਕੋਈ ਸੇਧ ਦੇਣ। ਜੇ ਕੋਈ ਦਾਨਿਸ਼ਵਰ ਜ਼ਿੰਦਾ ਹੈ ਅਤੇ ਜੇ ਸਿੱਖ ਵਿਦਵਾਨਾਂ ਦੀਆਂ ਜ਼ਮੀਰਾਂ ਜਾਗਦੀਆਂ ਤਾਂ ਉਹ ਸੇਧ ਦੇਣ।"

ਨਾਲੇ ਸੇਧ ਦਈ ਜਾਂਦਾ ਹੈ, ਵਹਿਸ਼ੀ ਕਤਲ ਨੂੰ ਵਿਰਸੇ ਮੁਤਾਬਿਕ ਦੱਸੀ ਜਾਂਦਾ ਹੈ, ਆਪਣੇ ਇਸ ਅਤਿ ਸੌੜੇ ਨਜ਼ਰੀਏ ਅਨੁਸਾਰ ਵਿਰਸੇ ਤੋਂ ਸੇਧ ਲੈਣ ਦੀ ਘੁੰਮਣਘੇਰੀ ਵਿਚ ਪਾਈ ਜਾਂਦਾ ਹੈ ਅਤੇ ਨਾਲੇ ਦਾਨਿਸ਼ਵਰਾਂ, ਜਾਗਦੀਆਂ ਜ਼ਮੀਰਾਂ ਵਾਲਿਆਂ ਨੂੰ ਸੇਧ ਦੇਣ ਦੀ ਅਪੀਲ ਵੀ ਕਰੀ ਜਾਂਦਾ ਹੈ। ਅਖੇ, ਆਪੇ ਮੈਂ ਰੱਜੀ ਪੁੱਜੀ, ਆਪੇ ਮੇਰੇ ਬੱਚੇ ਜੀਣ। ਅਜਮੇਰ ਸਿੰਘ ਦੀ ਦਾਨਿਸ਼ਵਰ ਅਤੇ ਸਿੱਖ ਵਿਦਵਾਨਾਂ ਦੀ ਟੋਲੀ ਕਈ ਅਹਿਮ ਮੋੜਾਂ ਉੱਤੇ ਕੌਮ ਨੂੰ ਸੇਧ ਦੇ ਚੁੱਕੀ ਹੈ। ਕਿਸਾਨ ਅੰਦੋਲਨ ਦੌਰਾਨ ਵੀ ਕਈ ਸੇਧਾਂ ਦਿੱਤੀਆਂ ਹਨ ਜੋ ਜਲੇਬੀ ਵਰਗੀਆਂ ਸਾਬਤ ਹੋਈਆਂ ਹਨ।

ਸਿੱਖੋ ਬਚ ਸਕਦੇ ਹੋ ਤਾਂ ਬਚ ਜਾਓ! ਭਾਊ
ਤੀਲਾਂ ਦੀ ਡੱਬੀ ਅਤੇ ਪਟਰੋਲ ਚੁੱਕੀ ਫਿਰਦੈ!

ਹੈਰਾਨੀ ਵਾਲੀ ਗੱਲ ਹੈ ਕਿ ਇਸ ਸਾਰੇ ਪ੍ਰਵਚਨ ਵਿਚ ਅਜਮੇਰ ਸਿੰਘ ਨੇ ਗੁਰਬਾਣੀ ਦਾ ਕਿਤੇ ਹਵਾਲਾ ਨਹੀਂ ਦਿੱਤਾ ਪਰ ਸਾਰੀ ਗੱਲ ਸਿੱਖ ਵਿਰਸੇ ਓਦਾਲੇ ਘੁੰਮਾਈ ਹੈ। ਇਨਸਾਨ ਦਾ ਬੇਰਹਿਮੀ ਨਾਲ ਕਤਲ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ, ਗੁਰਬਾਣੀ ਤਾਂ ਧਰਮ, ਕਰਮ, ਪੂਜਾ-ਪਾਠ ਲਈ ਫੁੱਲ ਤੋੜਨ ਤੋਂ ਵੀ ਵਰਜਦੀ ਹੈ। ਇਹ ਵੱਖਰੀ ਗੱਲ ਹੈ ਕਿ ਕਈ ਅਮੀਰ ਸਿੱਖ ਦਿਨ ਤਿਉਹਾਰ ਮੌਕੇ ਲੱਖਾਂ ਰੁਪਏ ਦੇ ਕਈ ਕਈ ਟੰਨ ਦੇਸੀ ਅਤੇ ਵਿਦੇਸ਼ੀ ਫੁੱਲ ਭੇਂਟ ਕਰ ਕੇ ਬੱਲੇ-ਬੱਲੇ ਦੀਆਂ ਖਬਰਾਂ ਲਗਵਾਉਂਦੇ ਹਨ; ਤੇ ਅਜਮੇਰ ਸਿੰਘ ਵਰਗੇ ਧਰਮ ਦੇ ਨਾਮ 'ਤੇ ਕਤਲ ਤੱਕ ਨੂੰ ਜਾਇਜ਼ ਦੱਸਦੇ ਹਨ।

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥
ਭੂਲੀ ਮਾਲਨੀ ਹੈ ਏਉ॥ -ਪੰਨਾ 479

ਮਾਲਣ ਫੁੱਲ (ਪਾਤੀ) ਤੋੜਦੀ ਹੈ ਪਰ ਹਰ ਫੁੱਲ ਵਿਚ ਜਾਨ ਹੈ (ਪਾਤੀ ਪਾਤੀ ਜੀਉ)। ਜਿਸ ਮੂਰਤ (ਬੁੱਤ) ਦੀ ਪੂਜਾ ਲਈ ਜਾਨਦਾਰ ਫੁੱਲ ਤੋੜਦੀ ਹੈ, ਉਹ ਬੇਜਾਨ ਹੈ, ਇਸ ਲਈ ਇਹ ਮਾਲਣ ਭੁੱਲੀ ਹੋਈ ਹੈ ਪਰ ਅਜਮੇਰ ਸਿੰਘ ਰੂਪੀ ਮਾਲਣ ਭੁੱਲੀ ਹੋਈ ਨਹੀਂ, ਛਲ-ਕਪਟ ਦੀ ਮਾਹਰ ਹੈ। ਮੁਹੰਮਦ ਅਲੀ ਜਿਨਾਹ ਦੀ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ 'ਟੂ-ਨੇਸ਼ਨ' ਥਿਊਰੀ ਨੂੰ ਅਜਮੇਰ ਸਿੰਘ ਸਿੱਖਾਂ ਅਤੇ ਹਿੰਦੂਆਂ ਨੂੰ ਵੰਡਣ ਦੀ ਚਾਲ ਵਜੋਂ ਵਰਤ ਰਿਹਾ ਹੈ।

# ਕਿਰਾਨਾ ਘਰਾਣੇ ਦੀ ਕੋਇਲ

**ਕਲਾ ਪਰਿਕਰਮਾ**

ਪੈਂਤੀ-ਚਾਲੀ ਵਰ੍ਹੇ ਪਹਿਲਾਂ ਵੀ ਭਾਰਤੀ ਸਮਾਜ ਵਿਚ ਅਜਿਹੀਆਂ ਸਥਿਤੀਆਂ ਨਹੀਂ ਸਨ ਕਿ ਕੋਈ ਲੜਕੀ ਮੰਚ 'ਤੇ ਗਾਏ ਅਤੇ ਉਸ ਨੂੰ ਆਦਰ ਸਤਿਕਾਰ ਮਿਲੇ। ਫਿਰ ਸੱਤ-ਅੱਠ ਦਹਾਕੇ ਪਹਿਲਾਂ ਤਾਂ ਉਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਹੀਰਾਬਾਈ ਬੜੋਦਕਰ ਜਿਸ ਦਾ ਮੁੱਢਲਾ ਨਾਂ ਚੰਪਾ ਕਲੀ ਸੀ, ਉਨ੍ਹਾਂ ਗਿਣੀਆਂ-ਚੁਣੀਆਂ ਮੋਢੀ ਗਾਇਕਾਵਾਂ ਵਿਚੋਂ ਇਕ ਸੀ, ਜਿਨ੍ਹਾਂ ਨੇ ਨਿਰਭੈਅਤਾ ਨਾਲ ਇਨ੍ਹਾਂ ਰੂੜੀਆਂ ਨੂੰ ਤੋੜਿਆ ਅਤੇ ਭਾਰਤੀ ਔਰਤਾਂ ਲਈ ਸਦੀਆਂ ਤੋਂ ਬੰਦ ਪਏ ਦਰਵਾਜ਼ਿਆਂ ਉਤੇ ਦਸਤਕ ਦਿੱਤੀ। ਦਰਵਾਜ਼ੇ ਪਹਿਲਾਂ ਚਰਮਰਾਏ ਅਤੇ ਫਿਰ ਪੂਰੀ ਤਰ੍ਹਾਂ ਖੁੱਲ੍ਹਣ ਲੱਗ ਪਏ। ਅੱਗੇ ਚੱਲ ਕੇ ਤਾਂ ਪਦਮਸ੍ਰੀ, ਪਦਮਭੂਸ਼ਣ ਆਦਿ ਅਲੰਕਾਰਾਂ ਅਤੇ ਅਕਾਦਮੀ ਪੁਰਸਕਾਰਾਂ ਨੇ ਇਨ੍ਹਾਂ ਖੁੱਲ੍ਹੇ ਦਰਵਾਜ਼ਿਆਂ 'ਤੇ ਸਮਾਜਕ ਅਤੇ ਰਾਜ ਪੱਧਰੀ ਮਾਨਤਾ ਦੀ ਮੋਹਰ ਵੀ ਲਗਾ ਦਿੱਤੀ।

**ਪ੍ਰੋ. ਨਵ ਸੰਗੀਤ ਸਿੰਘ**
**ਫੋਨ: +91-94176-92015**





ਹੀਰਾਬਾਈ ਬੜੋਦਕਰ ਨੂੰ ਇਸੇ ਗੱਲ ਦਾ ਸਿਹਰਾ ਨਹੀਂ ਜਾਂਦਾ ਕਿ ਉਨ੍ਹਾਂ ਨੇ ਹਿੰਦੋਸਤਾਨੀ ਸੰਗੀਤ (ਗਾਇਨ) ਵਿਚ ਪਹਿਲਾ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਪ੍ਰਾਪਤ ਕਰਕੇ ਇਕ ਸੰਗੀਤ ਘਰਾਣੇ ਦੀ ਮਹਾਨਤਾ ਵਧਾਈ ਸਗੋਂ ਇਸ ਗੱਲ ਦਾ ਵੀ ਹੈ ਕਿ ਆਪਣੇ ਸਾਦਾ, ਸੰਜਮੀ ਜੀਵਨ, ਉਚ-ਵਿਚਾਰਾਂ ਵਾਲੇ ਆਦਰਸ਼ਕ ਚਰਿੱਤਰ ਨਾਲ ਉਨ੍ਹਾਂ ਨੇ ਉਸ ਰੂੜੀਵਾਦੀ ਧਾਰਨਾ ਦਾ ਖੰਡਨ ਕੀਤਾ ਜੋ ਪੇਸ਼ੇਵਰ ਗਾਇਕਾਵਾਂ ਨਾਲ ਅਕਸਰ ਜੁੜੀਆਂ ਹੁੰਦੀਆਂ ਹਨ। ਸਫੈਦ ਸੂਤੀ ਸਾੜ੍ਹੀ, ਸਾਦਾ ਹਾਰ ਸ਼ਿੰਗਾਰ, ਸਰਲ ਵਿਹਾਰ ਅਤੇ ਧਾਰਮਿਕ ਵਿਸ਼ਵਾਸ ਉਨ੍ਹਾਂ ਦੇ ਜੀਵਨ ਦਾ ਹਿੱਸਾ ਸਨ। ਹੀਰਾਬਾਈ ਨੇ ਆਪਣੀ ਮਧੁਰ ਆਵਾਜ਼ ਨਾਲ ਹਜ਼ਾਰਾਂ, ਲੱਖਾਂ ਸੰਗੀਤ-ਪ੍ਰੇਮੀਆਂ ਦੇ ਦਿਲ ਹੀ ਨਹੀਂ ਜਿੱਤੇ ਸਗੋਂ ਆਪਣੇ ਸੱਭਿਅਕ ਸ਼ਖਸੀਅਤ ਦਾ ਪ੍ਰਭਾਵ ਪਾ ਕੇ ਉਸ ਸਨਮਾਨ ਨੂੰ ਵੀ ਪ੍ਰਾਪਤ ਕੀਤਾ ਜੋ ਆਮ ਭਾਰਤੀ ਕੁੜੀਆਂ ਲਈ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਜ਼ਰੂਰੀ ਸ਼ਰਤ ਸੀ।

ਮੰਚ ਗਾਇਨ ਦੇ ਨਾਲ-ਨਾਲ ਮੰਚ ਅਭਿਨੈ ਦੇ ਖੇਤਰ ਵਿਚ ਵੀ ਉਸ ਨੂੰ ਮੋਹਰੀ ਮੰਨਿਆ ਜਾਂਦਾ ਹੈ। ਉਨ੍ਹੀਂ ਦਿਨੀਂ ਜਦੋਂ ਮੰਚ ਅਭਿਨੈ ਕੁੜੀਆਂ ਲਈ ਵਰਜਿਤ ਖੇਤਰ ਸੀ ਅਤੇ ਇਸ ਕਮੀ ਕਰਕੇ ਔਰਤ ਪਾਤਰਾਂ ਦਾ ਅਭਿਨੈ ਵੀ ਮਰਦ ਅਭਿਨੇਤਾ ਹੀ ਅਦਾ ਕਰਦੇ ਸਨ, ਹੀਰਾਬਾਈ ਨੇ ਮੰਚ 'ਤੇ ਹਾਜ਼ਰ ਹੋ ਕੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਸੀ। ਇਸ ਪਰੰਪਰਾ ਨੂੰ ਅੱਗੇ ਵਧਾਉਣ ਲਈ ਉਸ ਨੇ ਆਪਣੇ ਵੱਡੇ ਭਰਾ ਸੂਰਜ ਬਾਬੂ ਅਤੇ ਦੋ ਭੈਣਾਂ ਕਮਲਾਬਾਈ ਅਤੇ ਸਰਸਵਤੀ ਨਾਲ ਮਿਲ ਕੇ ਇਕ ਥੀਏਟਰ ਕੰਪਨੀ ਦੀ ਸਥਾਪਨਾ ਵੀ ਕੀਤੀ ਸੀ। ਹੀਰਾਬਾਈ ਖੁਦ ਇਸ ਵਿਚ ਨਾਇਕਾ ਦੀ ਭੂਮਿਕਾ ਅਦਾ ਕਰਦੀ ਅਤੇ ਉਸ ਦੀਆਂ ਭੈਣਾਂ ਸਹਿ ਨਾਇਕਾ ਅਤੇ ਖਲਨਾਇਕਾ ਦੀਆਂ। ਆਪਣੇ ਇਸ ਮੰਚ 'ਤੇ ਹੀਰਾਬਾਈ ਨੇ ਕਈ ਸੰਗੀਤ ਨਾਟਕਾਂ ਦਾ ਸਫਲ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿਚ ਪ੍ਰਸਿੱਧ ਮਰਾਠੀ ਨਾਟਕਕਾਰ ਅੰਨਾ ਸਾਹਿਬ ਕਿਰਲੋਸਕਰ ਲਿਖਤ 'ਸੰਗੀਤ ਸੁਭੱਦਰਾ' ਬੜਾ ਹਰਮਨ ਪਿਆਰਾ ਰਿਹਾ। ਸਾਰੇ ਨਾਟਕਾਂ ਦਾ ਸੰਗੀਤ ਖੁਦ ਹੀਰਾਬਾਈ ਦੇ ਮਧੁਰ ਗਲੇ ਤੋਂ ਪ੍ਰਵਾਹਿਤ ਅਤੇ ਪ੍ਰਸਾਰਿਤ ਹੁੰਦਾ ਸੀ। ਆਪਣੇ ਸਮੇਂ ਵਿਚ ਇਹ ਸੰਗੀਤ ਨਾਟਕ ਬੜੇ ਪਸੰਦ ਕੀਤੇ ਗਏ।

ਉਦੋਂ ਮੰਚ ਅਭਿਨੈ ਅਤੇ ਮੰਚ ਸੰਗੀਤ ਦੀ ਦ੍ਰਿਸ਼ਟੀ ਤੋਂ ਇਹ ਬੜਾ ਕ੍ਰਾਂਤੀਕਾਰੀ ਕਦਮ ਸੀ। ਹੀਰਾਬਾਈ ਨੂੰ ਬਣਦੀ ਪ੍ਰਸਿੱਧੀ ਵੀ ਮਿਲੀ ਪਰ ਛੇਤੀ ਹੀ ਸਿਨਮਾ ਦੀ ਪੇਸ਼ੇਵਰ ਸਫਲਤਾ ਨਾਲ ਨਾਟਕ ਕੰਪਨੀਆਂ ਨੂੰ ਜੋ ਭਾਰੀ ਧੱਕਾ ਵੱਜਿਆ, ਉਸ ਵਿਚ ਹੀਰਾਬਾਈ ਦੀ ਥੀਏਟਰ ਕੰਪਨੀ ਵੀ ਸ਼ਾਮਲ ਸੀ। ਉਸ ਨੂੰ ਭਾਰੀ ਆਰਥਿਕ ਨੁਕਸਾਨ ਉਠਾਉਣਾ ਪਿਆ ਪਰ ਉਦੋਂ ਤਕ ਉਹ ਗਾਇਕਾ ਦੇ ਰੂਪ ਵਿਚ ਬਹੁਤ ਹਰਮਨਪਿਆਰਤਾ ਹਾਸਲ ਕਰ ਚੁੱਕੀ ਸੀ। ਇਸ ਲਈ ਆਗਾਮੀ ਬਹੁਤ ਸਾਰੇ ਉਤਾਰ-ਚੜ੍ਹਾਵਾਂ ਦੇ ਬਾਵਜੂਦ ਉਸ ਦੀ ਮੰਗ ਵਧਦੀ ਹੀ ਗਈ। ਅੱਜ ਵੀ ਕਿਤੇ ਰੇਡੀਓ ਜਾਂ ਰਿਕਾਰਡ ਤੋਂ ਹੀਰਾਬਾਈ ਬੜੋਦਕਰ ਦੀ ਆਵਾਜ਼ ਆ ਰਹੀ ਹੋਵੇ ਤਾਂ ਲੋਕ ਨਾ ਸਿਰਫ ਉਸ ਨੂੰ ਪਛਾਣ ਜਾਂਦੇ ਹਨ ਸਗੋਂ ਸੁਣਨ ਲਈ ਰੁਕ ਵੀ ਜਾਂਦੇ ਹਨ। ਸ਼ਾਸਤਰੀ ਸ਼ੁੱਧਤਾ ਅਤੇ ਲੋਕਪ੍ਰਿਅਤਾ ਨੂੰ ਇਕੱਠਾ ਕਾਇਮ ਰੱਖ ਸਕਣਾ ਅਕਸਰ ਔਖਾ ਹੁੰਦਾ ਹੈ ਪਰ ਹੀਰਾਬਾਈ ਦੀ ਆਵਾਜ਼ ਇਸੇ ਸੁਮੇਲ ਦਾ ਖੂਬਸੂਰਤ ਮਿਸ਼ਰਨ ਸੀ।

ਹੀਰਾਬਾਈ ਦਾ ਜਨਮ 29 ਮਈ 1905 ਨੂੰ ਸੰਗੀਤਕ ਮਾਹੌਲ ਵਿਚ ਹੀ ਹੋਇਆ। ਉਹ ਕਿਰਾਨਾ ਘਰਾਣੇ ਦੇ ਸੰਸਥਾਪਕ ਉਸਤਾਦ ਅਬਦੁਲ ਕਰੀਮ ਖਾਨ ਦੀ ਧੀ ਸੀ, ਭਾਵੇਂ ਉਹ ਉਨ੍ਹਾਂ ਦੀ ਸ਼ਿਸ਼ ਨਹੀਂ ਬਣ ਸਕੀ। ਉਸ ਦੀ ਦਾਦੀ ਬੜੌਦਾ ਦੇ ਰਾਜਕੁਮਾਰ ਦੀ ਗਾਇਕਾ ਸੀ, ਉਸ ਦਾ ਭਰਾ ਸੁਰੇਸ਼ ਮਾਨੇ ਵੀ ਆਪਣੇ ਸਮੇਂ ਦੇ ਚੰਗੇ ਠੁਮਰੀ ਗਾਇਕਾਂ ਵਿਚੋਂ ਇਕ ਸੀ। ਇਸ ਤਰ੍ਹਾਂ ਸੰਗੀਤ ਉਸ ਨੂੰ ਜਨਮ ਘੁੱਟੀ ਵਿਚ ਹੀ ਮਿਲਿਆ।

ਉਸ ਨੇ ਸ਼ੰਕਰ ਬੂਆ, ਗੌਹਰ ਜਾਨ, ਬਚੀ ਬੂਆ, ਫੈਜ਼ ਮੁਹੰਮਦ ਖਾਂ ਵਰਗੇ ਉਸਤਾਦਾਂ ਤੋਂ ਸਿੱਖਿਆ ਪ੍ਰਾਪਤ ਕੀਤੀ ਪਰ ਉਸ ਦੇ ਵਿਧੀਵਤ ਗੁਰੂ ਬਣੇ ਸ੍ਰੀ ਅਬਦੁਲ ਵਹੀਦ ਖਾਂ। ਗੰਧਰਵ ਮਹਾਵਿਦਿਆਲਿਆ ਦੇ ਸੰਸਕ੍ਰਿਤਕ ਪ੍ਰੋਗਰਾਮ ਵਿਚ ਜਦੋਂ ਉਸ ਨੇ ਪਹਿਲੀ ਵਾਰ ਖੁੱਲ੍ਹੇ ਮੰਚ 'ਤੇ ਆਪਣਾ ਗਾਇਨ ਪੇਸ਼ ਕੀਤਾ, ਉਸ ਦੀ ਉਮਰ ਸਿਰਫ 15 ਸਾਲ ਸੀ। ਇਸ ਪ੍ਰੋਗਰਾਮ ਦੀ ਸਫਲਤਾ ਨੇ ਉਸ ਨੂੰ ਏਨਾ ਉਤਸ਼ਾਹਿਤ ਕੀਤਾ ਕਿ ਉਸ ਦੇ ਪ੍ਰੋਗਰਾਮਾਂ ਦੀ ਗਿਣਤੀ ਵਧਣ ਲੱਗੀ ਅਤੇ ਫਿਰ ਵਧਦੀ ਹੀ ਚਲੀ ਗਈ। ਸ਼ਾਸਤਰੀ ਸੰਗੀਤ ਦੇ ਇਤਿਹਾਸ ਵਿਚ ਉਹ ਪਹਿਲੀ ਗਾਇਕਾ ਸੀ ਜਿਸ ਨੇ ਮੰਚ 'ਤੇ ਪ੍ਰੋਗਰਾਮ ਪੇਸ਼ ਕਰਨ ਦੀ ਹਿੰਮਤ ਕੀਤੀ। ਸ਼ੁਰੂ ਵਿਚ ਹੀਰਾਬਾਈ ਨੇ ਆਪਣੇ ਘਰਾਣੇ ਦੀ ਪਰੰਪਰਾ ਅਨੁਸਾਰ ਹੀ ਕਦਮ ਵਧਾਏ ਪਰ ਅੱਗੇ ਚੱਲ ਕੇ ਆਪਣੀ ਪ੍ਰਤਿਭਾ ਅਤੇ ਸੂਝਬੂਝ ਨਾਲ ਆਪਣਾ ਵਿਸ਼ਿਸ਼ਟ ਸਥਾਨ ਬਣਾਉਣ ਵਿਚ ਸਫਲ ਹੋਈ। ਉਸ ਦਾ ਖੇਤਰ ਸ਼ੁੱਧ ਸ਼ਾਸਤਰੀ ਸੰਗੀਤ ਦਾ ਹੀ ਰਿਹਾ ਪਰ ਉਸ ਦੀ ਆਵਾਜ਼ ਵਿਚ ਲੈਅ ਅਤੇ ਤਾਲ ਦਾ ਇਕ ਅਜਿਹਾ ਅਨੋਖਾ ਮਿਸ਼ਰਨ ਸੀ ਜੋ ਉਸ ਨੂੰ ਦੂਜੇ ਸ਼ਾਸਤਰੀ ਗਾਇਕਾਂ ਤੋਂ ਵੱਖ ਕਰਦਾ ਹੈ।

ਹੀਰਾਬਾਈ ਦੀ ਇਕ ਹੋਰ ਵਿਸ਼ੇਸ਼ਤਾ ਸੀ ਖਯਾਲ ਗਾਇਨ ਦੇ ਨਾਲ ਨਾਟ ਸੰਗੀਤ ਅਤੇ ਭਾਵ ਗੀਤਾਂ 'ਤੇ ਵੀ ਇਕੋ ਜਿਹਾ ਅਧਿਕਾਰ। ਕਿਰਾਨਾ ਘਰਾਣਾ ਖ਼ਿਆਲ ਲਈ ਹੀ ਪ੍ਰਸਿੱਧ ਸੀ। ਹੀਰਾਬਾਈ ਨੇ ਉਸ ਦੇ ਨਾਲ ਨਾਟ ਸੰਗੀਤ ਅਤੇ ਭਾਵ ਗੀਤਾਂ ਦੇ ਖੇਤਰ ਵਿਚ ਵੀ ਪ੍ਰਵੇਸ਼ ਕਰਕੇ ਬਹੁਤ ਪ੍ਰਸਿੱਧੀ ਅਤੇ ਲੋਕਪ੍ਰਿਅਤਾ ਹਾਸਲ ਕੀਤੀ। ਵਿਸ਼ੇਸ਼ ਤੌਰ 'ਤੇ ਭਾਵ ਗੀਤ ਗਾਇਨ ਨੇ ਤਾਂ ਭਾਰਤੀ ਸੰਗੀਤ ਦੇ ਇਤਿਹਾਸ ਵਿਚ ਉਸ ਨੂੰ ਅਮਰ ਕਰ ਦਿੱਤਾ।

ਸਾਲ 1953 ਵਿਚ ਚੀਨ ਸਰਕਾਰ ਦੇ ਸੱਦੇ 'ਤੇ ਭਾਰਤ ਦਾ ਜੋ ਪਹਿਲਾ ਸੱਭਿਆਚਾਰਕ ਪ੍ਰਤੀਨਿਧ ਮੰਡਲ ਚੀਨ ਭੇਜਿਆ ਗਿਆ ਸੀ ਹੀਰਾਬਾਈ ਉਸ ਦੀ ਮੈਂਬਰ ਸੀ। ਚੀਨ ਸਰਕਾਰ ਨੇ ਉਸ ਦੇ ਸਾਹਮਣੇ ਚੀਨੀ ਕੁੜੀਆਂ ਨੂੰ ਭਾਰਤੀ ਸ਼ਾਸਤਰੀ ਸੰਗੀਤ ਸਿਖਾਉਣ ਲਈ ਇਕ ਸਨਮਾਨਯੋਗ ਅਹੁਦੇ 'ਤੇ ਨਿਯੁਕਤੀ ਦੇ ਪ੍ਰਸਤਾਵ ਨਾਲ ਉਸ ਨੂੰ ਉਥੇ ਰਹਿਣ ਲਈ ਬੇਨਤੀ ਕੀਤੀ ਪਰ ਹੀਰਾਬਾਈ ਨੇ ਆਪਣਾ ਦੇਸ਼ ਛੱਡਣ ਤੋਂ ਨਿਮਰਤਾਪੂਰਵਕ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਉਹ ਪੂਰਬੀ ਅਫਰੀਕੀ ਦੇਸ਼ਾਂ ਵਿਚ ਆਪਣੇ ਸੰਗੀਤ ਦੌਰੇ 'ਤੇ ਰਵਾਨਾ ਹੋ ਗਈ।

ਇਕ ਮੋਹਰੀ ਅਤੇ ਹਰਮਨ ਪਿਆਰੀ ਗਾਇਕਾ ਹੋਣ ਦੇ ਨਾਤੇ ਉਸ ਨੇ ਪੂਰੇ ਦੇਸ਼ ਦੀ ਯਾਤਰਾ ਕਰਕੇ ਥਾਂ-ਥਾਂ 'ਤੇ ਹਜ਼ਾਰਾਂ ਆਮ ਸਭਾਵਾਂ ਵਿਚ ਆਪਣੇ ਪ੍ਰੋਗਰਾਮ ਪੇਸ਼ ਕੀਤੇ। ਵਿਭਿੰਨ ਵਾਦ ਯੰਤਰਾਂ ਦੀ ਲੈਅ 'ਤੇ ਗੂੰਜਦੇ ਉਸ ਦੇ ਮਧੁਰ ਗਲੇ ਨਾਲ ਸਰੋਤੇ ਮੰਤਰਮੁਗਧ ਹੋ ਜਾਂਦੇ ਸਨ। ਉਸ ਦੇ ਆਕਾਸ਼ਵਾਣੀ ਪ੍ਰੋਗਰਾਮਾਂ ਦੀ ਗਿਣਤੀ ਵੀ ਅਣਗਿਣਤ ਰਹੀ ਅਤੇ ਉਸ ਦੇ ਰਿਕਾਰਡ ਵੀ ਖੂਬ ਵਿਕੇ, ਫਿਰ ਵੀ ਹੀਰਾਬਾਈ ਆਰਥਿਕ ਦ੍ਰਿਸ਼ਟੀ ਤੋਂ ਸਦਾ ਬੇਫਿਕਰ ਨਹੀਂ ਰਹੀ ਕਿਉਂਕਿ 25 ਮੈਂਬਰਾਂ ਦੇ ਇਕ ਵੱਡੇ ਸੰਯੁਕਤ ਪਰਿਵਾਰ ਦਾ ਜ਼ਿਆਦਾ ਭਾਰ ਉਸ ਦੇ ਹੀ ਮੋਢਿਆਂ 'ਤੇ ਸੀ। ਆਪਣੀ ਸੰਗੀਤ ਸਾਧਨਾ ਵਿਚ ਉਹ ਸਾਰਿਆਂ ਦੀ ਸੁੱਖ ਸਹੂਲਤ ਦਾ ਧਿਆਨ ਵੀ ਰੱਖਦੀ ਰਹੀ।

60-65 ਸਾਲਾਂ ਤਕ ਆਪਣੇ ਸੰਗੀਤਕ ਜੀਵਨ ਦੀ ਬੇਮਿਸਾਲ ਸਫਲਤਾ ਅਤੇ ਪ੍ਰਸਿੱਧੀ ਦੇ ਬਾਵਜੂਦ ਹਉਮੈ ਦੀ ਭਾਵਨਾ ਹੀਰਾਬਾਈ ਨੂੰ ਛੂਹ ਤਕ ਨਹੀਂ ਸਕੀ। ਸੰਗੀਤ ਪ੍ਰੋਗਰਾਮਾਂ ਤੋਂ ਵਿਹਲ ਮਿਲਦਿਆਂ ਹੀ ਉਹ ਘਰ ਦੇ ਕੰਮਾਂ ਵਿਚ ਇਕ ਸਾਧਾਰਨ ਔਰਤ ਵਾਂਗ ਰੁਚੀ ਲੈਂਦੀ ਸੀ। ਰੁੱਝੇ ਹੋਏ ਪ੍ਰੋਗਰਾਮਾਂ ਵਿਚ ਵੀ ਪੂਜਾ ਪਾਠ ਅਤੇ ਰੱਬੀ ਭਗਤੀ ਲਈ ਉਸ ਕੋਲ ਬਹੁਤ ਸਮਾਂ ਹੁੰਦਾ ਸੀ। ਉਸ ਦੇ ਇਸ ਨਿੱਤਨੇਮ ਵਿਚ ਕਦੇ ਇਕ ਦਿਨ ਦੀ ਵੀ ਰੁਕਾਵਟ ਨਹੀਂ ਆਈ। ਸ਼ਾਇਦ ਇਹੋ ਕਾਰਨ ਸੀ ਕਿ ਜੀਵਨ ਵਿਚ ਅਨੇਕ ਤੰਗੀਆਂ ਤੁਰਸ਼ੀਆਂ ਦੇਖਣ 'ਤੇ ਵੀ ਉਸ ਨੇ ਕਦੇ ਸੰਤੁਲਨ ਨਹੀਂ ਗੁਆਇਆ, ਨਾ ਹੀ ਆਪਣੀ ਸਾਧਨਾ ਵਿਚ ਕੋਈ ਰੁਕਾਵਟ ਪੈਦਾ ਹੋਣ ਦਿੱਤੀ। ਰੁਝੇਵਿਆਂ ਭਰੇ ਪ੍ਰੋਗਰਾਮਾਂ ਦੇ ਨਾਲ-ਨਾਲ ਉਹ ਬੰਬਈ ਅਤੇ ਪੂਨੇ ਵਿਚ ਸੰਗੀਤ ਸਿਖਾਉਣ ਦੀਆਂ ਜਮਾਤਾਂ ਵੀ ਚਲਾਉਂਦੀ ਰਹੀ।

ਹੀਰਾਬਾਈ ਬੜੋਦਕਰ ਉਨ੍ਹਾਂ ਗਿਣੇ-ਚੁਣੇ ਕਲਾਕਾਰਾਂ ਵਿਚੋਂ ਇਕ ਸੀ ਜਿਸ ਨੇ ਆਪਣੇ ਜੀਵਨ ਵਿਚ ਹੀ ਆਪਣੇ ਸੁਪਨਿਆਂ ਨੂੰ ਸਾਕਾਰ ਹੁੰਦਿਆਂ ਵੇਖਿਆ। ਉਸ ਨੇ ਲੜਕੀਆਂ ਲਈ ਆਮ ਗਾਇਨ ਦੇ ਬੰਦ ਦਰਵਾਜ਼ੇ ਖੋਲ੍ਹੇ। ਇਸ ਲਈ ਆਪਣੀ ਪ੍ਰੌਢ ਅਵਸਥਾ ਵਿਚ ਆ ਕੇ ਖੁਸ਼ਹਾਲ ਪਰਿਵਾਰਾਂ ਦੀਆਂ ਲੜਕੀਆਂ ਨੂੰ ਸ਼ੌਕੀਆ ਜਾਂ ਪੇਸ਼ੇਵਰ ਰੂਪ ਵਿਚ ਮੰਚ ਗਾਇਨ ਅਤੇ ਅਭਿਨੈ ਵਿਚ ਰੁਚੀ ਲੈਂਦਿਆਂ ਵੇਖ ਕੇ ਉਸ ਨੂੰ ਬਹੁਤ ਖੁਸ਼ੀ ਹੁੰਦੀ ਸੀ। ਵਡੇਰੀ ਉਮਰ ਤਕ ਉਸ ਦਾ ਆਪਣਾ ਜੀਵਨ ਸੰਗੀਤਮਈ ਹੀ ਰਿਹਾ।

20 ਨਵੰਬਰ 1971 ਨੂੰ ਉਸ ਦੇ ਦੇਹਾਂਤ 'ਤੇ ਆਕਾਸ਼ਵਾਣੀ, ਦੂਰਦਰਸ਼ਨ ਉਤੇ ਸਮਾਚਾਰ ਪ੍ਰਸਾਰਣ ਤੋਂ ਇਲਾਵਾ ਦੇਸ਼ ਭਰ ਦੀਆਂ ਕਲਾ ਸੰਸਥਾਵਾਂ ਵੱਲੋਂ ਉਸ ਦੀ ਯਾਦ ਵਿਚ ਸ਼ਰਧਾਂਜਲੀ ਸਭਾਵਾਂ ਕੀਤੀਆਂ ਗਈਆਂ ਅਤੇ ਉਸ ਦੀ ਮੌਤ ਨੂੰ ਸੰਗੀਤ ਜਗਤ ਲਈ ਬਹੁਤ ਵੱਡਾ ਘਾਟਾ ਮੰਨਿਆ ਗਿਆ। 1965 ਵਿਚ ਉਸ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਅਤੇ 1970 ਵਿਚ ਪਦਮਭੂਸ਼ਣ ਤੇ ਰਾਸ਼ਟਰੀ ਪੁਰਸਕਾਰ ਨਾਲ ਅਲੰਕ੍ਰਿਤ ਕੀਤਾ ਗਿਆ। ਇਸ ਤੋਂ ਇਲਾਵਾ ਕਰੁਣਾ ਅਤੇ ਸ਼ਾਂਤੀ ਦੀ ਇਸ ਮਧੁਰ ਗਾਇਕਾ ਨੂੰ 'ਸੰਗੀਤ ਕੋਇਲ' ਅਤੇ 'ਗਾਨ ਹੀਰਾ' ਨਾਂ ਨਾਲ ਵੀ ਬੁਲਾਇਆ ਜਾਂਦਾ ਰਿਹਾ। ਸੱਚਮੁੱਚ ਹੀ ਉਹ 'ਕੋਇਲ ਕੰਠੀ ਗਾਇਕਾ' ਸੀ ਅਤੇ ਗਾਇਨ ਵਿਚ 'ਹੀਰੇ ਦੀ ਕਣੀ'।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਨਵੰਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-506



*ਮੇਰਾ ਭਵਿੱਖ ਝੋਲੇ 'ਚ ਬੰਦ ਤੇ ਅੱਜ ਮਜਬੂਰੀ ਵਿਚ ਹੈ
ਇਕ ਦਿਨ ਮਜਬੂਰੀ ਨੇ ਵਿਦਰੋਹ ਦੀ ਲਾਟ ਬਣਨਾ ਹੈ,
ਬਸਤਾ ਖੋਲ੍ਹ ਕੇ ਪੜ੍ਹੇ ਜਦ ਅੱਗ ਵਰਗੇ ਅੱਖਰ
ਮਹਿਲਾਂ ਨੂੰ ਸਾੜ ਕੇ ਮਾਂ ਦੇ ਘਰ ਨੂੰ ਰੌਸ਼ਨ ਕਰਨਾ ਹੈ।*

## ਕੈਪਸ਼ਨ ਮੁਕਾਬਲਾ-504



ਰੰਗਾਂ ਫੁੱਲਾਂ ਨਾਲ ਸਜਾ ਕੇ
ਤਾਂਗਾ ਜੋੜ ਲਿਆਇਆ।
ਤੇਜੀ ਵਾਲੇ ਯੁੱਗ ਦੇ ਅੰਦਰ
ਵਿਰਸਾ ਯਾਦ ਕਰਾਇਆ।
'ਮੁੱਲ ਸ਼ੌਕ ਦਾ ਕੋਈ ਨਾ ਹੁੰਦਾ'
ਕਰਕੇ ਸੱਚ ਵਿਖਾਇਆ।

***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਟਾਂਗੇ ਵਾਲਾ ਵੀਰੂ ਅੱਜ ਵੀ
ਸੁਪਨੇ ਦੇ ਵਿਚ ਆ ਕੇ।
ਘੋੜੇ ਵਾਲੇ ਟਾਪ ਛੜੱਪੇ,
ਜਾਂਦਾ ਯਾਦ ਕਰਾ ਕੇ।
ਘੋੜੇ ਦੀ ਰਫਤਾਰ ਸਭ ਨੂੰ
ਕਰਦੀ ਝੱਲਾ ਸੀ।
ਯੱਕੇ ਉੱਤੇ ਬੈਠਣ ਦਾ ਚਾਅ ਅਵੱਲਾ ਸੀ।

***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ***
***ਫੋਨ: 91-94176-49275***

---

ਸ਼ਿੰਗਾਰਿਆ ਏ ਟਾਂਗਾ
ਨਾਲ਼ੇ ਘੋੜਾ ਵੀ ਸ਼ਿੰਗਾਰ ਕੇ,
ਪੀਲ਼ਾ ਰੰਗ ਪਹੀਆਂ ਉੱਤੇ
ਹਰਾ ਤਾਂਗੇ ਉੱਤੇ ਮਾਰ ਕੇ।
ਰੰਗਦਾਰ ਫੂੰਦੇ ਲਾ ਘੋੜੇ
ਮੱਥੇ ਕਲਗੀ ਵੀ ਲਾਈ ਹੈ,
ਜੰਝ ਦੀ ਤਿਆਰੀ ਸਵਾਰੀ
ਲਾੜੇ ਲਈ ਸਜਾਈ ਹੈ।

***-ਸੇਵਾ ਸਿੰਘ ਨੂਰਪੁਰੀ***

---

ਕੈਪਸ਼ਨ ਫੋਟੋ ਦੇਖ ਬਜ਼ੁਰਗਾਂ ਨੂੰ
ਬੀਤੇ ਦੀਆਂ ਯਾਦਾਂ ਆਉਣਗੀਆਂ।
ਨਵੀਂ ਪੀੜ੍ਹੀ ਵੀ ਮਰਸਿਡੀਆਂ ਭੁੱਲ
ਨਵੇਲੇ ਢੰਗ ਨਾਲ ਰੂਹ ਰੁਸ਼ਨਾਉਣਗੀਆਂ।
ਟਾਂਗਾ ਲੋਕਲ ਸੇਵਾ ਦਾ ਸਾਧਨ ਸੀ
ਸਵਾਰੀ ਤੇ ਮਾਲ ਢੋਂਹਦਾ ਸੀ ਪਿੰਡ ਨੂੰ,
ਸਹਿਜ ਅਵਸਥਾ 'ਚ ਘੋੜੇ ਦੀ ਟਾਪ ਚਲਦੀ
ਪੀਢੀਆਂ ਕਰਦੀ ਸਮਾਜਿਕ ਤੰਦਾਂ ਨੂੰ।

***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਝਮੇਲੇ ਵਧੇ, ਰਫਤਾਰ ਤੇਜ਼ ਹੋਈ
ਘੰਟਿਆਂ ਦਾ ਕੰਮ ਮਿੰਟਾਂ 'ਚ
ਹੋਣਾ ਸ਼ੁਰੂ ਹੋਇਆ।
ਮਸ਼ੀਨੀ ਯੁੱਗ ਹੋਇਆ ਭਾਰੂ
ਗਰੀਬ ਦੀ ਰੋਟੀ ਰੋਜ਼ੀ 'ਤੇ ਸੱਟ ਵੱਜੀ।
ਘੋੜੇ ਟਾਂਗੇ ਕਦੇ ਭਰ-ਭਰ ਸਵਾਰੀਆਂ
ਸਾਧਨ ਸੀ ਆਵਾਜਾਈ ਦਾ।
ਨਾਲੇ ਠੱਪ-ਠੱਪ ਦਾ ਸੰਗੀਤ
ਨਾਲੇ ਅਜਬ ਮੀਨਾਕਾਰੀ।
ਸਵਾਰੀ ਅਨੰਦ ਲੈਂਦਿਆਂ ਹੀ
ਪਤਾ ਹੀ ਨਾ ਲੱਗਦਾ
ਕਦ ਦੌਲਤਖਾਨਾ ਆ ਜਾਂਦਾ।

***-ਦਰਸ਼ਨਪਾਲ ਦੋਸਾਂਝ***

---

ਸਮੇਂ ਨੇ ਚੱਕਰਵਿਊ ਚਲਾਇਆ,
ਅੱਗੇ ਘੋੜਾ ਸਿਰ 'ਤੇ ਛੱਤ ਦਾ ਸਾਇਆ
ਪਹਿਲਾਂ ਨੋਟਬੰਦੀ ਆਈ
ਫਿਰ ਕਰੋਨਾ ਦਾ ਸਾਇਆ
ਉੱਧਰ ਜ਼ਿੰਦਗੀ ਦਾ ਸਾਥੀ ਲਾਚਾਰ
ਬੇੜੀ ਫਸ ਗਈ ਵਿਚਕਾਰ
ਹੱਥ ਜੋੜ ਕਰਦਾ ਹਾਂ ਅਰਜ਼ੋਈ
ਰੱਬ ਜੀ ਤੁਹਾਡੇ ਬਿਨਾਂ ਨਹੀਂ ਹੈ ਮੇਰਾ ਕੋਈ।

***-ਬੱਲਾ ਲਬਾਣਾ, ਨਿਊ ਯਾਰਕ***
***ਫੋਨ: 848-235-8344***

## ਪੰਜਾਬ ਦੀ ਦਰਦਨਾਇਕ ਵੰਡ ਦੇ ਮੋਹਰੇ ਤੇ ਤੱਥ-2

# ਅੰਗਰੇਜ਼ ਸਰਕਾਰ ਦੀ ਖੋਟੀ ਨੀਅਤ ਤੇ ਹੁਕਮਰਾਨਾਂ ਦੀਆਂ ਵਧੀਕੀਆਂ

***ਸਰੀ, ਕੈਨੇਡਾ ਵਸਦਾ ਬਹੁਰੰਗੀ ਤੇ ਬਹੁਪੱਖੀ ਪੰਜਾਬੀ ਲੇਖਕ ਸੰਤੋਖ ਸਿੰਘ ਮੰਡੇਰ ਆਪਣੀ ਨਿਵੇਕਲੀ ਸ਼ੈਲੀ ਵਿਚ ਖੇਡਾਂ-ਖਿਡਾਰੀਆਂ, ਸਫਰਨਾਮੇ ਤੇ ਇਤਿਹਾਸ ਦੇ ਜੀਵਨ ਦੀਆਂ ਪਰਤਾਂ ਫਰੋਲਦਿਆਂ ਅਸਲ ਦੀ ਤਲਾਸ਼ ਵਿਚ ਰਹਿੰਦਾ ਹੈ। ਆਪਣੇ ਪਹਿਲੇ ਲੇਖ (ਪੰਜਾਬ ਟਾਈਮਜ਼ ਦੇ ਅੰਕ 16 ਅਤੇ 17 ਵਿਚ ਛਪੇ) ਵਿਚ ਲੇਖਕ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਤੇ ਉਸ ਦੇ 'ਦੇਸ ਪੰਜਾਬ' ਵਿਚ ਸਿੱਖ ਰਾਜ ਦੇ ਢਾਂਚੇ ਬਾਰੇ ਨਿਵੇਕਲੀ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਸੀ। ਹਥਲੇ ਲੇਖ ਵਿਚ ਉਨ੍ਹਾਂ 1947 ਦੀ ਦੇਸ਼ ਵੰਡ ਯਾਨਿ ਭਾਰਤ-ਪਾਕਿਸਤਾਨ ਬਟਵਾਰੇ ਦੇ ਸੰਦਰਭ ਵਿਚ ਪੰਜਾਬ ਦੀ ਦਰਦਨਾਇਕ ਵੰਡ ਲਈ ਉਘੜੀਆਂ ਪ੍ਰਸਥਿਤੀਆਂ, ਉਸ ਦੇ ਮੋਹਰੇ ਤੇ ਤੱਥਾਂ ਦਾ ਵਿਖਿਆਨ ਕੀਤਾ ਹੈ। ਪੇਸ਼ ਹੈ, ਲੇਖ ਦੀ ਦੂਜੀ ਕਿਸ਼ਤ।***

**ਇਤਿਹਾਸ**



**ਸੰਤੋਖ ਸਿੰਘ ਮੰਡੇਰ, ਕੈਨੇਡਾ**
**ਵ੍ਹੱਟਸਐਪ: 1-604-505-7000**


ਅੰਗਰੇਜ਼ ਕੌਮ ਸੰਸਾਰ ਭਰ ਵਿਚ ਬਹੁਤ ਸਿਆਣੀ, ਇਨਸਾਫ ਪਸੰਦ ਤੇ ਲੋਕ ਸਹੂਲਤਾਂ ਵਾਲੀ ਕੌਮ ਹੈ। ਪੰਜਾਬ ਵਿਚ ਅੰਗਰੇਜ਼ ਪ੍ਰਬੰਧਕਾਂ ਨੇ 100 ਸਾਲ ਦੇ ਰਾਜ ਪ੍ਰਬੰਧ ਵਿਚ ਪੰਜਾਬ ਤੇ ਬਾਕੀ ਭਾਰਤ ਨੂੰ 200 ਸਾਲ ਦੇ ਰਾਜ ਪ੍ਰਬੰਧ ਵਿਚ ਬਹੁਤ ਕੁਝ ਨਵਾਂ ਤੇ ਨਿਵੇਕਲਾ ਦਿੱਤਾ, ਜੋ ਹੁਣ ਤੱਕ ਚਲ ਰਿਹਾ ਹੈ। ਅੰਗਰੇਜ਼ ਭਾਰਤ ਦੀ ਆਜ਼ਾਦੀ ਦੇ ਨਾਲ ਸਿੱਖ ਕੌਮ ਨੂੰ ਉਨ੍ਹਾਂ ਦੇ ਸਿੱਖ ਮਹਾਰਾਜਾ ਰਣਜੀਤ ਸਿੰਘ ਕੋਲੋਂ ਖੋਹੀ ਸਿੱਖ ਸਲਤਨਤ 'ਲਾਹੌਰ ਦਰਬਾਰ' ਵਾਲਾ ਪੂਰੇ ਦਾ ਪੂਰਾ ਦੱਰਾ ਖੈਬਰ ਤੋਂ ਦਿੱਲੀ ਦੀ ਸਰਹੱਦ ਤੱਕ, ਆਜ਼ਾਦ ਮੁਲਕ 'ਪੰਜਾਬ ਦੇਸ਼' ਦੇਣ ਨੂੰ ਤਿਆਰ ਸਨ, ਪਰ ਕੋਈ ਵੀ ਦ੍ਰਿੜ ਇਰਾਦੇ ਵਾਲਾ ਮਜਬੂਤ ਸਿੱਖ ਆਗੂ ਅੱਗੇ ਨਾ ਲੱਗ ਸਕਿਆ। ਲੰਡਨ ਵਿਖੇ 'ਯੂਨਾਈਟਿਡ ਕਿੰਗਡਮ' ਦੇ ਪ੍ਰਧਾਨ ਮੰਤਰੀ ਅੰਗਰੇਜ਼ ਕਲੀਮੈਂਟ ਰਿਚਰਡ ਐਟਲੀ ਨੇ 20 ਫਰਵਰੀ 1947 ਨੂੰ ਐਲਾਨ ਕੀਤਾ ਕਿ 30 ਜੂਨ 1948 ਤੱਕ ਹਿੰਦੋਸਤਾਨ ਨੂੰ ਆਜ਼ਾਦ ਮੁਲਕ ਐਲਾਨ ਦਿੱਤਾ ਜਾਵੇਗਾ। ਅੰਗਰੇਜ਼ ਦੋਹਾਂ ਸੰਸਾਰ ਜੰਗਾਂ ਵਿਚ ਸਿੱਖਾਂ ਦੀ ਬਹਾਦਰੀ ਤੇ ਵਫਾਦਾਰੀ ਦੇ ਕਾਇਲ ਸਨ ਅਤੇ ਅੰਦਰੋਂ ਸਿੱਖਾਂ ਨੂੰ ਵੱਖਰਾ ਆਜ਼ਾਦ ਮੁਲਕ ਦੇਣਾ ਚਾਹੁੰਦੇ ਸਨ। ਆਜ਼ਾਦ ਭਾਰਤ ਦੀ ਵੰਡ ਵਿਚ ਅੰਗਰੇਜ਼ ਸਰਕਾਰ ਨੇ ਭਾਰਤ ਦੀਆਂ ਤਿੰਨ ਪ੍ਰਮੁੱਖ ਕੌਮਾਂ ਦੀਆਂ ਜਥੇਬੰਦੀਆਂ, ਹਿੰਦੂਆਂ ਦੀ ਬਹੁਮਤ ਵਾਲੀ 'ਇੰਡੀਅਨ ਨੈਸ਼ਨਲ ਕਾਂਗਰਸ', ਮੁਸਲਮਾਨਾਂ ਦੀ 'ਮੁਸਲਿਮ ਲੀਗ' ਅਤੇ 'ਪੰਜਾਬੀ ਸਿੱਖ ਭਾਈਚਾਰੇ' ਨੂੰ ਤਰਜਿਹ ਦਿੱਤੀ ਸੀ। ਅੰਗਰੇਜ਼ ਸਾਮਰਾਜ ਵਾਲੇ ਹਿੰਦੋਸਤਾਨ ਵਿਚ 565 ਦੇ ਲਗਭਗ ਆਜ਼ਾਦ ਦੇਸੀ ਰਿਆਸਤਾਂ ਦੇ ਰਾਜਿਆਂ, ਮਹਾਰਾਜਿਆਂ, ਰਾਜਪੂਤ ਸ਼ਾਸ਼ਕਾਂ, ਰਾਣਿਆਂ, ਮਹਾਰਾਣਿਆਂ, ਰਾਜ ਕੁਮਾਰਾਂ, ਸਿੱਖ ਸਰਦਾਰਾਂ, ਠਾਕੁਰਾਂ, ਦੀਵਾਨਾਂ, ਸੁਲਤਾਨਾਂ, ਨਵਾਬਾਂ ਤੇ ਨਿਜਾਮ ਆਦਿ ਨੂੰ ਖੁੱਲ੍ਹੀ ਛੁੱਟੀ ਸੀ ਕਿ ਉਹ ਆਪਣੀ ਮਰਜੀ ਨਾਲ ਮੁਲਕੀ ਹੱਦਾਂ ਦਾ ਖਿਆਲ ਰੱਖਦੇ ਹੋਏ ਹਿੰਦੋਸਤਾਨ ਜਾਂ ਪਾਕਿਸਤਾਨ ਦੇਸ਼ ਵਿਚ ਸ਼ਾਮਲ ਹੋ ਸਕਦੇ ਹਨ।

ਅੰਗਰੇਜ਼ੀ ਭਾਰਤ ਵਿਚ 5 ਵੱਡੀਆਂ ਆਜ਼ਾਦ ਰਿਆਸਤਾਂ, ਨਿਜਾਮ ਹੈਦਰਾਬਾਦ-ਨਿਜਾਮ ਉਲ ਮੁਲਕ ਉਸਮਾਨ ਅਲੀ ਖਾਨ, ਮਹਾਰਾਜਾ ਮੈਸੂਰ-ਜਾਇਆ ਸ਼ਾਮਾ ਰਾਜਿੰਦਰਾ ਵਾਡੀਅਰ, ਮਹਾਰਾਜਾ ਜੰਮੂ ਕਸ਼ਮੀਰ ਡੋਗਰਾ-ਹਰੀ ਸਿੰਘ, ਮਹਾਰਾਜਾ ਗਾਇਕਵਾੜ-ਪ੍ਰਤਾਪਸਿੰਨ ਰਾਉ ਬੜੌਦਾ ਅਤੇ ਮਹਾਰਾਜਾ ਸੈਕਇੰਡੀਆ-ਜਿਵਾਜੀ ਰਾਉ ਸਿੰਧੀਆ ਗਵਾਲੀਅਰ ਸਨ। ਭਾਰਤ ਵਿਚ ਜੋਧਪੁਰ ਦੀ ਹਿੰਦੂ ਮਾਰਵਾੜ ਰਾਜਪੂਤ ਰਿਆਸਤ ਦੇ ਸ਼ਾਸ਼ਕ ਰਾਜਕੁਮਾਰ, ਮਹਾਰਾਜਾ ਸਰ ਹਨਵੰਤ ਸਿੰਘ ਨੂੰ ਮੁਸਲਿਮ ਲੀਗ ਦੇ ਆਗੂ ਤੇ ਪਾਕਿਸਤਾਨ ਦੇ ਕਰਤਾ ਧਰਤਾ ਮੁਹੰਮਦ ਅਲੀ ਜਿਨਾਹ ਨੇ ਨਵੇਂ ਬਣਨ ਵਾਲੇ ਮੁਸਲਿਮ ਮੁਲਕ ਪਾਕਿਸਤਾਨ ਵਿਚ ਹਿੰਦੂ ਰਿਆਸਤ ਦੇ ਰਾਜਪੂਤ ਸ਼ਾਸ਼ਕ ਨੂੰ ਸ਼ਾਮਲ ਹੋਣ ਲਈ ਰਾਜੀ ਕਰ ਲਿਆ ਸੀ ਅਤੇ ਕਰਾਚੀ ਦੀ ਬੰਦਰਗਾਹ ਵਿਚ ਪੂਰੀ ਮਾਲਕੀ ਦੇਣ ਦੀ ਵੀ ਪੇਸ਼ਕਸ਼ ਕੀਤੀ ਸੀ। ਆਜ਼ਾਦ ਭਾਰਤ ਵਿਚ ਸਭ ਤੋਂ ਵੱਧ ਅਮੀਰ ਤੇ ਹਿੰਦੂ ਬਹੁ ਗਿਣਤੀ ਵਾਲੀ ਮੁਸਲਿਮ ਰਿਆਸਤ ਹੈਦਰਾਬਾਦ ਦੇ ਸ਼ਾਸ਼ਕ ਨਿਜਾਮ ਉਸਮਾਨ ਅਲੀ ਖਾਨ ਨੇ 'ਆਜ਼ਾਦ' ਰਹਿਣ ਦਾ ਫੈਸਲਾ ਕੀਤਾ, ਪਰ 13 ਸਤੰਬਰ 1948 ਨੂੰ ਆਜ਼ਾਦ ਭਾਰਤ ਦੀ ਹਿੰਦੂ ਕਾਂਗਰਸ ਸਰਕਾਰ ਨੇ ਫੌਜੀ ਕਾਰਵਾਈ ਕਰਕੇ ਰਿਆਸਤ ਹੈਦਰਾਬਾਦ ਨੂੰ ਵੀ ਭਾਰਤ 'ਚ ਸ਼ਾਮਲ ਕਰ ਲਿਆ ਸੀ।


ਹਿੰਦੋਸਤਾਨ ਦੀ ਵੰਡ ਬਾਰੇ ਅੰਗਰੇਜ਼ ਸਰਕਾਰ ਨੇ ਲੰਡਨ ਵਿਖੇ ਆਜ਼ਾਦੀ ਲਈ ਸਰਗਰਮ ਭਾਰਤੀ ਆਗੂਆਂ ਦੀ ਇਕ ਇਤਿਹਾਸਕ ਬੈਠਕ ਦਾ ਇੰਤਜਾਮ ਕੀਤਾ, ਜਿਸ ਵਿਚ ਹਿੰਦੂ, ਮੁਸਲਮਾਨ ਕੌਮਾਂ ਦੇ ਮੁੱਖ ਆਗੂਆਂ ਅਤੇ 'ਪੰਜਾਬੀ ਸਿੱਖ ਭਾਈਚਾਰੇ' ਨੂੰ ਉਚੇਚਾ ਬੁਲਾਵਾ ਦਿੱਤਾ ਗਿਆ। ਹਿੰਦੂਆਂ ਦੀ ਪ੍ਰਮੁੱਖ ਜਥੇਬੰਦੀ 'ਇੰਡੀਅਨ ਨੈਸ਼ਨਲ ਕਾਂਗਰਸ' ਵਲੋਂ ਪੰਡਿਤ ਜਵਾਹਰ ਲਾਲ ਨਹਿਰੂ, ਮੁਸਲਮਾਨ ਕੌਮ ਵਲੋਂ 'ਮੁਸਲਿਮ ਲੀਗ' ਦੇ ਆਗੂ ਜਨਾਬ ਮੁਹੰਮਦ ਅਲੀ ਜਿਨਾਹ ਅਤੇ ਅੰਗਰੇਜ਼ ਸਰਕਾਰ ਨੇ ਸਿੱਖਾਂ ਅਤੇ ਪੰਜਾਬੀਆਂ ਦੇ ਮੋਹਤਬਰ ਸਰਦਾਰ ਬਲਦੇਵ ਸਿੰਘ ਨੂੰ ਸ਼ਾਮਲ ਕੀਤਾ ਗਿਆ ਸੀ। ਲੰਡਨ ਵਿਖੇ ਇਸ ਇਤਹਾਸਿਕ ਬੈਠਕ ਵਿਚ ਸ਼ਾਮਲ ਹੋਏ ਸਾਰੇ ਹਿੰਦੂ ਤੇ ਮੁਸਲਮਾਨ ਨੇਤਾਵਾਂ ਨਾਲ ਗੱਲਬਾਤ ਤੈਅ ਕਰਨ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸ. ਬਲਦੇਵ ਸਿੰਘ ਨੂੰ ਕੁਝ ਸਮਾਂ ਹੋਰ ਲੰਡਨ ਵਿਖੇ ਰੁਕਣ ਲਈ ਬੇਨਤੀ ਕੀਤੀ। ਸ. ਬਲਦੇਵ ਸਿੰਘ ਨੇ ਹੋਟਲ ਵਿਚ ਆ ਕੇ ਇਹ ਸਾਰੀ ਬਾਰਤਾ ਕਾਂਗਰਸ ਹਿੰਦੂ ਨੇਤਾ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਸਾਂਝੀ ਕੀਤੀ। ਪੰਡਿਤ ਨਹਿਰੂ ਨੂੰ ਖਟਕ ਗਈ ਕਿ ਅੰਗਰੇਜ਼ ਸਿੱਖਾਂ ਨੂੰ ਘਾਹ ਪਾਉਣਗੇ। ਇਸ ਲਈ ਪੰਡਿਤ ਨਹਿਰੂ, ਸਰਦਾਰ ਸਾਹਿਬ ਨੂੰ ਨਾਲ ਹੀ ਜਹਾਜ਼ ਵਿਚ ਬੈਠਾ ਕੇ ਖਾਲੀ ਹੱਥ ਵਾਪਿਸ ਭਾਰਤ ਲੈ ਆਇਆ ਅਤੇ ਉਸ ਨੂੰ ਆਜ਼ਾਦ ਭਾਰਤ ਦਾ ਵਿਦੇਸ਼ ਮੰਤਰੀ ਬਣਾਉਣ ਦਾ ਲਾਲਚ ਦੇ ਕੇ ਮੂੰਹ ਬੰਦ ਕਰ ਦਿੱਤਾ ਸੀ।



ਸ. ਬਲਦੇਵ ਸਿੰਘ



ਮੁਹੰਮਦ ਅਲੀ ਜਿਨਾਹ



ਜਵਾਹਰ ਲਾਲ ਨਹਿਰੂ

ਸ. ਬਲਦੇਵ ਸਿੰਘ ਸਿੱਖ ਭਾਈਚਾਰੇ ਵਿਚ ਬਹੁਤ ਉਚੇ ਜਿਮੀਂਦਾਰ ਤੇ ਕਾਰਖਾਨੇਦਾਰ ਸਿੱਖ ਘਰਾਣੇ ਦਾ 'ਸਿੱਖ ਸਰਦਾਰ' ਸੀ, ਜਿਸ ਦਾ ਜਨਮ 11 ਜੁਲਾਈ 1902 ਨੂੰ ਪੰਜਾਬ ਦੇ ਰੋਪੜ ਦੀ ਤਹਿਸੀਲ ਕੁਰਾਲੀ ਦੇ ਪਿੰਡ ਦੁੰਮਣਾ ਦੇ ਜੱਟ ਸਿੱਖ ਪਰਿਵਾਰ 'ਸਰ ਇੰਦਰ ਸਿੰਘ' ਦੇ ਘਰ ਹੋਇਆ ਸੀ। ਸਿੱਖ ਸਰਦਾਰ ਸਰ ਇੰਦਰ ਸਿੰਘ ਦੀ ਸੈਂਕੜੇ ਏਕੜ ਜਮੀਨ ਕੁਰਾਲੀ ਕਸਬੇ ਦੇ ਆਲੇ-ਦੁਆਲੇ ਅਤੇ ਬਿਹਾਰ ਵਿਚ ਜਮਸ਼ੈਦਪੁਰ ਵਿਖੇ ਲੋਹੇ ਦੀਆਂ ਮਿਲਾਂ ਸਨ। ਅੰਗਰੇਜ਼ ਸਾਮਰਾਜ ਸਮੇਂ ਸ. ਬਲਦੇਵ ਸਿੰਘ ਭਾਰਤੀ ਸਿਆਸਤ ਦੀ ਸਰਗਰਮ ਪਾਰਟੀ 'ਭਾਰਤੀ ਨੈਸ਼ਨਲ ਕਾਂਗਰਸ' ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਦਾ ਸਭ ਤੋਂ ਵਧ ਨਜ਼ਦੀਕੀ ਤੇ ਭਰੋਸੇਯੋਗ ਸਿੱਖ ਸਰਦਾਰ ਸੀ। ਭਾਰਤੀ ਪੰਜਾਬ ਦੀ ਰਾਜਨੀਤੀ ਵਿਚ ਰੋਪੜ ਜਿਲੇ ਦੀ ਮੋਰਿੰਡਾ ਅਸੈਂਬਲੀ ਦਾ ਸਰਗਰਮ ਸਿੱਖ ਆਗੂ ਤੇ ਪੰਜਾਬ ਸਰਕਾਰ ਵਿਚ, ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ 'ਅਕਾਲੀ ਦਲ ਵਜਾਰਤ' ਦਾ ਦੋ ਵਾਰ ਰਹਿ ਚੁਕਾ ਸਾਬਕਾ ਸਪੀਕਰ ਸ. ਰਵੀਇੰਦਰ ਸਿੰਘ, ਸ. ਬਲਦੇਵ ਸਿੰਘ ਦਾ ਭਤੀਜਾ ਹੈ।

ਪੰਡਿਤ ਜਵਾਹਰ ਲਾਲ ਨਹਿਰੂ, ਬੱਚਿਆਂ ਦੇ 'ਚਾਚਾ ਨਹਿਰੂ' ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਭਾਰਤ ਦੇ ਉਤਰ ਪ੍ਰਦੇਸ਼ ਸੂਬੇ ਦੇ ਹਿੰਦੂ ਧਾਰਮਿਕ ਸ਼ਹਿਰ ਅਲਾਹਾਬਾਦ ਦੇ ਪਰਿਆਰਾਗ ਵਿਚ 14 ਨਵੰਬਰ 1889 ਨੂੰ ਧਨਾਢ ਹਿੰਦੂ ਖਾਨਦਾਨ ਦੇ ਘਰ ਮੋਤੀ ਲਾਲ ਨਹਿਰੂ ਤੇ ਸਵਰੂਪ ਰਾਣੀ ਦੇ ਪਰਿਵਾਰ ਵਿਚ ਜਨਮੇ ਸਨ। ਪੰਡਿਤ ਨਹਿਰੂ ਵੀ ਹੋਰ ਸ਼ਾਹੀ ਘਰਾਣਿਆਂ ਦੇ ਬੱਚਿਆਂ ਵਾਂਗ ਵਿਦੇਸ਼ਾਂ ਵਿਚ ਹੀ ਪੜ੍ਹੇ ਸਨ ਅਤੇ ਕਿੱਤੇ ਵਜੋਂ ਵਕੀਲ ਸਨ। ਅੰਗਰੇਜ਼ ਸਰਕਾਰ ਕੋਲੋਂ ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਜਵਾਹਰ ਲਾਲ ਨਹਿਰੂ ਤੇ ਉਸ ਦੀ ਰਾਜਨੀਤਕ ਪਾਰਟੀ 'ਇੰਡੀਅਨ ਨੈਸ਼ਨਲ ਕਾਂਗਰਸ' ਦਾ ਸਭ ਤੋਂ ਵੱਧ ਹਿੱਸਾ ਰਿਹਾ ਹੈ। ਪੰਡਿਤ ਨਹਿਰੂ ਦੇ ਘਰਾਣੇ ਦਾ ਸਬੰਧ ਕਸ਼ਮੀਰੀ ਪੰਡਿਤਾਂ ਨਾਲ ਸੀ, ਇਸ ਕਰਕੇ ਉਨ੍ਹਾਂ ਨੂੰ ਪੰਡਿਤ ਕਿਹਾ ਜਾਂਦਾ ਸੀ। ਪੰਡਿਤ ਨਹਿਰੂ ਬਹੁਤ ਸ਼ਾਤਰ ਇਨਸਾਨ ਸੀ ਅਤੇ ਅੰਗਰੇਜ਼ ਸਰਕਾਰ, ਉਨ੍ਹਾਂ ਦੇ ਅਫਸਰਾਂ ਤੇ ਪਰਿਵਾਰਾਂ ਦੇ ਸਭ ਤੋਂ ਨੇੜੇ ਰਹਿਣ ਵਾਲਾ ਭਾਰਤੀ ਸੀ। ਇਤਿਹਾਸ ਦੇ ਪੱਤਰੇ ਫਰੋਲਦਿਆਂ ਇਹ ਵੀ ਸਬੂਤ ਮਿਲਦੇ ਹਨ ਕਿ ਜੇ 'ਮੁਸਲਿਮ ਲੀਗ' ਦੇ ਆਗੂ ਮੁਹੰਮਦ ਅਲੀ ਜਿਨਾਹ ਨੂੰ ਆਜ਼ਾਦ ਭਾਰਤ ਦਾ ਪਹਿਲਾ ਪ੍ਰਧਾਨ ਮੰਤਰੀ ਮੰਨ ਲਿਆ ਜਾਂਦਾ ਜਾਂ ਬਣਾ ਦਿਤਾ ਜਾਂਦਾ ਤਾਂ ਭਾਰਤ ਦੀ ਵੰਡ ਨਹੀਂ ਹੋਣੀ ਸੀ ਅਤੇ ਨਾ ਹੀ ਪੰਜਾਬ ਵੰਡਿਆ ਜਾਣਾ ਸੀ, ਨਾ ਹੀ ਅਣਭੋਲ ਹਿੰਦੂ, ਮੁਸਲਮਾਨ ਤੇ ਸਿੱਖ ਲੱਖਾਂ ਲੋਕਾਂ ਦਾ ਖੁੱਲ੍ਹੇਆਮ ਕਤਲੇਆਮ ਹੋਣਾ ਸੀ। ਅੰਗਰੇਜ਼ ਸਾਮਰਾਜ ਤੋਂ ਪਿੱਛਾ ਛਡਾਉਣ ਲਈ ਹਿੰਦੋਸਤਾਨ ਵਿਚ ਦੋ ਰਾਜਨੀਤਕ ਪਾਰਟੀਆਂ 'ਇੰਡੀਅਨ ਨੈਸ਼ਨਲ ਕਾਂਗਰਸ' ਪ੍ਰਧਾਨ ਤੇ ਨੇਤਾ, ਪੰਡਿਤ ਜਵਾਹਰ ਲਾਲ ਨਹਿਰੂ ਅਤੇ 'ਆਲ ਇੰਡਿਆ ਮੁਸਲਿਮ ਲੀਗ' ਆਗੂ ਤੇ ਪ੍ਰਧਾਨ ਮੁਹੰਮਦ ਅਲੀ ਜਿਨਾਹ ਵਿਚ 'ਦਿੱਲੀ ਦੇ ਤਖਤ' ਉਪਰ ਬੈਠਣ ਦਾ ਸਵਾਲ ਸੀ। ਹਿੰਦੂ ਧਰਮੀ ਪੰਡਿਤ ਜਵਾਹਰ ਲਾਲ ਨਹਿਰੂ ਕਿਸੇ ਵੀ ਹਲਾਤ ਵਿਚ ਇਹ ਮੰਨਣ ਲਈ ਤਿਆਰ ਨਹੀਂ ਸੀ ਕਿ ਨਵੇਂ ਬਣਨ ਵਾਲੇ ਹਿੰਦੂ ਬਹੁ ਗਿਣਤੀ 'ਆਜ਼ਾਦ ਦੇਸ਼ ਭਾਰਤ' ਦਾ ਪਹਿਲਾ ਪ੍ਰਧਾਨ ਮੰਤਰੀ ਇਕ ਘੱਟ ਗਿਣਤੀ ਮੁਸਲਿਮ ਆਗੂ ਬਣੇ। ਜੇ ਮੁਸਲਿਮ ਆਗੂ, ਮੁਹੰਮਦ ਅਲੀ ਜਿਨਾਹ ਨੂੰ ਆਜ਼ਾਦ ਭਾਰਤ ਦਾ ਪਹਿਲਾ ਮੁਸਲਿਮ ਪ੍ਰਧਾਨ ਮੰਤਰੀ ਬਣਾ ਦਿੱਤਾ ਜਾਂਦਾ ਤਾਂ ਨਾ ਪਾਕਿਸਤਾਨ ਬਣਨਾ ਸੀ, ਨਾ ਹੀ ਪੰਜਾਬ ਦਾ ਬਟਵਾਰਾ ਹੁੰਦਾ ਅਤੇ ਨਾ ਹੀ ਲੱਖਾਂ ਲੋਕਾਂ ਦਾ ਕਤਲੇਆਮ ਹੋਣਾ ਸੀ। ਨਹਿਰੂ ਤੇ ਜਿਨਾਹ ਦੀ ਆਪਸੀ ਕਸ਼ਮਕਸ਼ ਨੇ ਮੁਲਕ ਤੇ ਲੱਖਾਂ ਲੋਕਾਂ ਦਾ ਸਤਿਆਨਾਸ ਕਰ ਦਿੱਤਾ। ਆਜ਼ਾਦ ਭਾਰਤ ਸੰਸਾਰ ਵਿਚ ਅਮਰੀਕਾ, ਕੈਨੇਡਾ ਵਾਂਗ ਇਕ ਪ੍ਰਫੁਲਤ ਤੇ ਤਾਕਤਵਰ ਦੇਸ਼ ਬਣਨਾ ਸੀ, ਜਦੋਂ ਕਿ ਹੁਣ ਦੋਹਾਂ ਦੇਸ਼ਾਂ- ਭਾਰਤ ਤੇ ਪਾਕਿਸਤਾਨ ਦਾ ਬਹੁਤਾ ਧਿਆਨ ਤੇ ਜੋਰ ਫੌਜੀ ਸ਼ਕਤੀ ਅਤੇ ਫੌਜੀ ਹਥਿਆਰਾਂ ਵਲ ਹੈ। ਆਮ ਜਨਤਾ ਦੀ ਭਲਾਈ ਵੱਲ ਸਰਕਾਰਾਂ ਨਾਂ-ਮਾਤਰ ਧਿਆਨ ਦੇ ਰਹੀਆਂ ਹਨ। ਗਰੀਬੀ ਤੇ ਗੁਰਬਤ ਦਾ ਪਸਾਰਾ ਹਰ ਪਾਸੇ ਹੈ। ਮੁਲਕ ਦਾ ਰਾਜ ਪ੍ਰਬੰਧ ਚਲਾਉਣ ਵਾਲੇ ਸਾਰੇ ਆਗੂ ਭਲੇਮਾਣਸ ਡਾਕੂ ਬਣ ਕੇ ਅੰਤਾਂ ਦੇ ਭ੍ਰਿਸ਼ਟ ਨੇਤਾ ਹੋ ਗਏ ਹਨ ਅਤੇ ਇਹ ਸਫੈਦ ਕੱਪੜਿਆਂ ਵਾਲੇ, ਐਮ. ਐਲ. ਏ., ਐਮ. ਪੀ., ਵਜੀਰ ਤੇ ਮੰਤਰੀ ਬਣੇ ਲੋਕ ਸ਼ੱਰੇਆਮ ਦਿਨ ਦਿਹਾੜੇ ਲੁੱਟਣ ਵਾਲੇ 'ਗੁੰਡੇ' ਹਨ।

> ***ਭਾਰਤ ਦੀ ਆਜ਼ਾਦੀ ਸਮੇਂ ਕਸ਼ਮੀਰ ਦੇ ਡੋਗਰਾ ਰਾਜਪੂਤ ਮਹਾਰਾਜਾ ਹਰੀ ਸਿੰਘ ਜੰਮਵਾਲ ਨੇ ਆਜ਼ਾਦ ਰਹਿਣ ਦਾ ਫੈਸਲਾ ਕੀਤਾ, ਪਰ ਭਾਰਤੀ ਹੁਕਮਰਾਨਾਂ ਨੇ ਉਸ ਨੂੰ ਕਈ ਤਰ੍ਹਾਂ ਦੇ ਵਾਅਦੇ ਤੇ ਲਾਲਚ ਦੇ ਕੇ ਸੰਨ 1954 ਵਿਚ ਜੰਮੂ-ਕਸ਼ਮੀਰ ਨੂੰ ਇਕ ਵੱਖਰਾ ਸੂਬਾ ਬਣਾ ਕੇ ਭਾਰਤ ਵਿਚ ਮਿਲਾ ਲਿਆ ਸੀ।***

ਕਸ਼ਮੀਰ ਸੂਬਾ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਭਾਗ ਵਿਚ ਪੰਜਾਬ ਦਾ ਹਿੱਸਾ ਸੀ, ਅੰਗਰੇਜ਼ਾਂ ਨੇ 16 ਮਾਰਚ ਸੰਨ 1846 ਦੀ 'ਅੰਮ੍ਰਿਤਸਰ ਦੀ ਸੰਧੀ' ਅਨੁਸਾਰ ਸਿੱਖ ਦਰਬਾਰ ਦੇ ਮਹਾਂ ਅਕ੍ਰਿਤਘਣ ਵਜੀਰ, ਪ੍ਰਧਾਨ ਮੰਤਰੀ, ਗੁਲਾਬ ਸਿੰਘ ਡੋਗਰਾ ਨੂੰ 75 ਲੱਖ ਨਾਨਕਸ਼ਾਹੀ ਰੁਪਏ ਵਿਚ 'ਮਹਾਰਾਜਾ ਕਸ਼ਮੀਰ' ਦਾ ਖਿਤਾਬ ਦੇ ਕੇ ਅੰਗਰੇਜ਼ ਸਰਕਾਰ ਦੇ ਅਧਿਕਾਰੀ ਗਵਰਨਰ ਜਰਨਲ ਸਰ ਹੈਨਰੀ ਹਾਰਡਿੰਗਜ ਅਤੇ ਪੰਜਾਬ ਸੂਬੇ ਦੇ ਪ੍ਰਬੰਧਕ ਫੌਜੀ ਸਰ ਹੈਨਰੀ ਮੌਂਟਗੁੰਮਰੀ ਲਾਰੈਂਸ ਨੇ ਆਪਣੇ ਦਸਤਖਤਾਂ ਨਾਲ ਵੇਚ ਦਿੱਤਾ ਸੀ। ਇਸ ਤਰ੍ਹਾਂ ਕਸ਼ਮੀਰ, ਹਿੰਦੋਸਤਾਨ ਵਿਚ ਹਿੰਦੂ ਸ਼ਾਸ਼ਕਾਂ ਦਾ ਮੁਸਲਿਮ ਬਹੁ ਗਿਣਤੀ ਪਰਜਾ ਵਾਲਾ, ਇਕ ਵੱਖਰਾ ਆਜ਼ਾਦ ਮੁਲਕ ਹੋਂਦ ਵਿਚ ਆਇਆ। ਭਾਰਤ ਦੀ ਆਜ਼ਾਦੀ ਸਮੇਂ ਕਸ਼ਮੀਰ ਦੇ ਡੋਗਰਾ ਰਾਜਪੂਤ ਮਹਾਰਾਜਾ ਹਰੀ ਸਿੰਘ ਜੰਮਵਾਲ ਨੇ ਆਜ਼ਾਦ ਰਹਿਣ ਦਾ ਫੈਸਲਾ ਕੀਤਾ, ਪਰ ਭਾਰਤੀ ਹੁਕਮਰਾਨਾਂ ਨੇ ਉਸ ਨੂੰ ਕਈ ਤਰ੍ਹਾਂ ਦੇ ਵਾਅਦੇ ਤੇ ਲਾਲਚ ਦੇ ਕੇ ਸੰਨ 1954 ਵਿਚ ਜੰਮੂ-ਕਸ਼ਮੀਰ ਨੂੰ ਇਕ ਵੱਖਰਾ ਸੂਬਾ ਬਣਾ ਕੇ ਭਾਰਤ ਵਿਚ ਮਿਲਾ ਲਿਆ ਸੀ। ਅਕਤੂਬਰ 1947 ਵਿਚ ਪਾਕਿਸਤਾਨ ਦੇ ਕਬਾਲੀਆਂ ਵਲੋਂ ਰਿਆਸਤ ਕਸ਼ਮੀਰ ਉਪਰ ਹੋਏ ਇਕ ਹਮਲੇ ਦੌਰਾਨ ਉਤਰ ਪੱਛਮੀ ਜਿਲੇ, ਜਿਨ੍ਹਾਂ ਨੂੰ ਹੁਣ ਪਾਕਿਸਤਾਨ ਵਿਚ 'ਆਜ਼ਾਦ ਕਸ਼ਮੀਰ ਤੇ ਗਿਲਗਿਤ-ਬਾਲਟੀਸਤਾਨ' ਕਿਹਾ ਜਾਂਦਾ ਹੈ, ਪਾਕਿਸਤਾਨ ਨੇ ਮੱਲ ਲਏ ਹਨ। ਭਾਰਤ ਕੋਲ ਜੰਮੂ-ਕਸ਼ਮੀਰ ਤੇ ਲੱਦਾਖ ਦਾ ਇਲਾਕਾ ਹੈ, ਚੀਨ ਨੇ ਪੂਰਬ ਵਿਚ 'ਅੱਕਸਾਈ ਚਿੰਨ' ਦਾ ਤਿੱਬਤ ਦੀ ਸਰਹੱਦ ਨਾਲ ਲਗਦਾ ਕਸ਼ਮੀਰ ਦਾ ਪਹਾੜੀ ਇਲਾਕਾ ਧੱਕੇ ਨਾਲ ਖੋਹ ਲਿਆ ਹੈ।

ਹਿੰਦੋਸਤਾਨ ਦੀ ਆਜ਼ਾਦੀ ਲਈ ਸਭ ਤੋਂ ਵੱਧ 96% ਕੁਰਬਾਨੀਆਂ, ਕਾਲੇ ਪਾਣੀ ਦੀਆਂ ਜੇਲ੍ਹਾਂ ਦੀ ਕੈਦ ਅਤੇ ਫਾਂਸੀਆਂ ਦੇ ਰੱਸੇ ਪੰਜਾਬੀਆਂ ਖਾਸਕਰ ਸਿੱਖਾਂ ਨੇ ਝੱਲੇ, ਜੋ ਅੱਜ ਵੀ ਆਪਣੇ ਹੱਕਾਂ ਲਈ 'ਦਿੱਲੀ ਦਰਬਾਰ' ਵਿਚ ਭਾਰਤ ਸਰਕਾਰ ਦੀਆਂ ਵਧੀਕਿਆਂ ਕਾਰਨ ਬੁਰੀ ਤਰ੍ਹਾਂ ਖੱਜਲ ਖੁਆਰ ਹੋ ਰਹੇ ਹਨ। ਭਾਰਤ ਦੀ ਆਜ਼ਾਦੀ ਸਮੇਂ ਦੋ ਭਾਰਤੀ ਸੂਬਿਆਂ- ਗੁਜਰਾਤ ਤੇ ਰਾਜਿਸਥਾਨ ਦੀਆਂ ਵੀ ਸਰਹੱਦਾਂ ਬਣੀਆਂ ਹਨ, ਪਰ ਕੋਈ ਕਤਲੇਆਮ ਤੇ ਲੁੱਟ ਖਸੁੱਟ ਨਹੀਂ ਹੋਈ ਸੀ, ਸਿਰਫ ਪੰਜਾਬ ਤੇ ਬੰਗਾਲ ਹੀ ਵੰਡੇ ਗਏ ਸਨ। ਆਜ਼ਾਦ ਭਾਰਤ ਦੇ ਦੇਸ਼ ਪ੍ਰੇਮ ਪ੍ਰਤੀ ਪੰਜਾਬੀਆਂ ਤੇ ਖਾਸਕਰ ਸਿੱਖਾਂ ਦੀ ਇਕ ਮਿਸਾਲ: ਸੰਨ 1962 ਵਿਚ ਚੀਨ ਨੇ ਭਾਰਤ ਦੇ ਉਤਰ ਵਿਚ ਵੱਡਾ ਭਾਰੀ ਫੌਜੀ ਹਮਲਾ ਕਰ ਦਿੱਤਾ। ਭਾਰਤ ਦੀ ਰੱਖਿਆ ਲਈ ਅਮਰੀਕਾ ਤੋਂ ਜੰਗੀ ਸਮਾਨ ਲੈਣ ਲਈ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਭਾਰਤ ਦੀ ਆਮ ਜਨਤਾ ਨੂੰ 'ਨੈਸ਼ਨਲ ਡੀਫੈਂਸ ਫੰਡ' ਵਿਚ ਦਾਨ ਦੇਣ ਦੀ ਅਪੀਲ ਕੀਤੀ। ਭਾਰਤੀ ਇਤਿਹਾਸਕਾਰ ਐਮ. ਰਾਜੀਵ ਲੋਚਨ ਦੇ ਭਾਰਤੀ ਅੰਗਰੇਜ਼ੀ ਅਖਬਾਰ 'ਇੰਡੀਅਨ ਐਕਸਪਰੈਸ' ਦੇ ਹਵਾਲੇ ਅਨੁਸਾਰ 'ਨੈਸ਼ਨਲ ਡੀਫੈਂਸ ਫੰਡ' ਵਿਚ 28 ਨਵੰਬਰ 1962 ਨੂੰ ਸਾਰੇ ਭਾਰਤ ਵਲੋਂ 8 ਕਰੋੜ ਰੁਪਏ ਦਾ ਯੋਗਦਾਨ ਪਾਇਆ ਗਿਆ, ਜਿਸ ਵਿਚ 46% ਲਗਭਗ 4 ਕਰੋੜ ਰੁਪਏ ਇਕੱਲੇ ਪੰਜਾਬ ਨੇ ਦਿੱਤੇ ਸਨ। ਇਹ ਪੰਜਾਬੀਆਂ ਦੀ ਭਾਰਤ ਦੇਸ਼ ਪ੍ਰੇਮ ਪ੍ਰਤੀ ਸਭ ਤੋਂ ਵੱਡੀ ਮਿਸਾਲ ਸੀ।

ਇਹ ਗੱਲ ਇਥੇ ਹੀ ਖਤਮ ਨਹੀਂ ਹੁੰਦੀ, ਕਿਉਂਕਿ ਪੈਸੇ ਦੇ ਨਾਲ ਨਾਲ ਸੋਨਾ ਦੇਣ ਵਿਚ ਵੀ ਪੰਜਾਬੀ ਸਾਰੇ ਭਾਰਤ ਵਿਚ ਅੱਗੇ ਸਨ। ਸਾਰੇ ਭਾਰਤ ਵਿਚੋਂ ਉਸ ਵਕਤ 5 ਕਿਲੋ 32 ਗਰਾਮ ਸੋਨਾ ਇਕੱਠਾ ਹੋਇਆ ਸੀ, ਜਿਸ ਵਿਚ ਇਕੱਲੇ ਪੰਜਾਬ ਨੇ 2 ਕਿਲੋ 52 ਗਰਾਮ ਸੋਨੇ ਦਾ ਹਿੱਸਾ ਪਾਇਆ ਸੀ। ਬਹਾਦਰ ਪੰਜਾਬੀਆਂ ਨੇ 'ਆਜ਼ਾਦ ਦੇਸ਼ ਪੰਜਾਬ' ਦੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਲਏ ਬਹਾਦਰੀ ਦੇ 12,000 ਹਜ਼ਾਰ ਗੋਲਡ ਮੈਡਲ ਵੀ ਦੇਸ਼ ਸੇਵਾ ਲਈ ਦਾਨ ਵਿਚ ਦੇ ਦਿੱਤੇ ਸਨ। ਨੋਟਾਂ ਤੇ ਸੋਨੇ ਦੇ ਢੇਰ ਲਾਉਣ ਵਾਲੇ ਪੰਜਾਬੀਆਂ ਦਾ ਅਨੋਖਾ ਇਤਿਹਾਸ ਹੈ। ਅੱਜ ਦੇਸ਼ ਦੀ ਰਾਜਧਾਨੀ ਦੀਆਂ ਸਰਹੱਦਾਂ ਉਪਰ ਆਪਣੇ ਹੱਕਾਂ ਦੀ ਲੜਾਈ ਲੜ ਰਹੇ ਉਨ੍ਹਾਂ ਹੀ ਪੰਜਾਬੀਆਂ ਨੂੰ ਦੇਸ਼ ਧਰੋਹੀ ਤੇ ਅਤਿਵਾਦੀ ਦਾ ਸਰਟੀਫਿਕੇਟ ਦੇਣ ਵਾਲੇ ਲੋਕਾਂ ਨੂੰ ਪੰਜਾਬੀਆਂ ਦਾ ਇਤਿਹਾਸ ਜਰੂਰ ਪੜ੍ਹਨਾ ਚਾਹੀਦਾ ਹੈ। ਪੰਜਾਬੀਆਂ ਨੇ ਸਦਾ ਹੀ ਮੂਹਰੇ ਲੱਗ ਕੇ ਆਪਣੇ ਦੇਸ਼ ਭਾਰਤ ਦੀ ਤਨ, ਮਨ ਤੇ ਧਨ ਨਾਲ 'ਦੇਸ਼ ਸੇਵਾ' ਕਰਕੇ ਦੇਸ਼ ਦੇ ਗੌਰਵ ਨੂੰ ਉਚਾ ਕੀਤਾ ਹੈ ਅਤੇ ਕਰ ਰਹੇ ਹਨ। ਦੇਸ਼ ਦੀ ਰੱਖਿਆ ਲਈ ਭਾਰਤੀ ਫੌਜਾਂ ਵਿਚ ਸਿੱਖਾਂ ਦਾ ਖਾਲਸਈ ਨਾਹਰਾ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੁਸ਼ਮਣ ਫੌਜਾਂ ਵਿਚ ਭਾਜੜ ਪਾ ਦਿੰਦਾ ਹੈ। ਭਾਰਤ ਤੇ ਸੰਸਾਰ ਭਰ ਵਿਚ ਕੁਦਰਤੀ ਮੁਸੀਬਤਾਂ ਸਮੇਂ ਸਿੱਖ ਗੁਰਦੁਆਰੇ ਮਨੁੱਖਤਾ ਦੀ ਸੇਵਾ ਲਈ ਹਰ ਤਰ੍ਹਾਂ ਦਾ 'ਲੰਗਰ' ਲਾ ਕੇ ਆਪਣਾ ਯੋਗਦਾਨ ਪਾ ਰਹੇ ਹਨ। ਪੰਜਾਬ ਦੀ ਦਰਦਨਾਇਕ ਵੰਡ ਦੇ ਮੋਹਰੇ, ਅੰਗਰੇਜ਼ ਸਰਕਾਰ ਦੀ ਖੋਟੀ ਨੀਅਤ ਅਤੇ ਹੁਣ ਭਾਰਤੀ ਹੁਕਮਰਾਨਾਂ ਦੀਆਂ ਵਧੀਕੀਆਂ ਕਾਰਨ ਅੱਜ ਵੀ ਸੰਸਾਰ ਭਰ ਵਿਚ ਰਹਿੰਦੇ ਸਿੱਖਾਂ, ਉਜੜ ਕੇ ਆਏ ਲੱਖਾਂ ਪੰਜਾਬੀਆਂ, ਹਿੰਦੂਆਂ ਤੇ ਮੁਸਲਮਾਨਾਂ ਦੇ ਮਨਾਂ ਵਿਚ 'ਉਨ੍ਹਾਂ' ਪ੍ਰਤੀ ਨਫਰਤ ਤੇ ਕੁੜੱਤਣ ਨੱਕੋ ਨੱਕ ਭਰੀ ਪਈ ਹੈ।

**(ਸਮਾਪਤ)**

# ਤਾਏ ਕੇ: ਚੋਰ ਉਚੱਕੇ ਨਹੀਂ



ਸੁਰਿੰਦਰ ਗੀਤ

ਕੈਲਗਰੀ ਦੇ ਨਵੇਂ ਸਿਟੀ ਹਾਲ ਨੂੰ ਬਣੇ ਬਹੁਤਾ ਚਿਰ ਨਹੀਂ ਸੀ ਹੋਇਆ। ਕਹਿੰਦੇ ਨੇ ਅਲਬਰਟਾ ਸਰਕਾਰ ਤੇ ਸਿਟੀ ਕੌਂਸਲ ਨੇ ਬਹੁਤ ਖਰਚ ਕੀਤਾ ਇਸ ਮਿਆਰੀ ਇਮਾਰਤ 'ਤੇ। ਮੇਰੀ ਚੰਗੀ ਕਿਸਮਤ ਕਿ ਮੈਂ ਇਸ ਖ਼ੂਬਸੂਰਤ ਇਮਾਰਤ ਵਿਚ ਇਕ ਦਿਲਕਸ਼ ਦਫਤਰ ਵਿਚ ਕੰਮ ਕਰਦੀ ਸਾਂ। ਸੱਚ ਜਾਣੋ ਤਾਂ ਕੰਮ 'ਤੇ ਜਾਣ ਦਾ ਚਾਅ ਚੜ੍ਹਿਆ ਰਹਿੰਦਾ ਸੀ।

ਪਹਿਲੀ ਮੰਜ਼ਿਲ ਯਾਨਿ ਮੇਨ ਲਾਬੀ ਦੀ ਖ਼ੂਬਸੂਰਤੀ ਦੇਖਣ ਵਾਲੀ ਸੀ। ਚਮਕਦੀ ਲਿਸ਼ਕਦੀ ਫਰਸ਼ ਤੇ ਆਰਟ ਵਰਕ ਹਰ ਇਕ ਨੂੰ ਆਪਣੇ ਵੱਲ ਖਿੱਚਦਾ ਸੀ। ਬਹੁਤ ਹੀ ਸੋਹਣੀਆਂ ਸੋਹਣੀਆਂ ਮਹਿੰਗੇ ਭਾਅ ਦੀਆਂ ਕੁਰਸੀਆਂ ਮੇਨ ਲਾਬੀ ਦੀ ਸੁੰਦਰਤਾ ਵਿਚ ਵਾਧਾ ਕਰ ਰਹੀਆਂ ਸਨ। ਸਿਟੀ ਹਾਲ ਦੇਖਣ ਵਾਲੇ ਲੋਕਾਂ ਦੀ ਆਵਾਜਾਈ ਬਹੁਤ ਰਹਿੰਦੀ ਸੀ। ਵੈਸੇ ਵੀ ਲੋਕ ਸਿਟੀ ਨਾਲ ਸੰਬੰਧਤ ਆਪਣੇ ਕੰਮ-ਧੰਦਿਆਂ ਲਈ ਸਿਟੀ ਹਾਲ ਆਉਂਦੇ-ਜਾਂਦੇ ਰਹਿੰਦੇ ਹਨ। ਭਾਵ ਬਹੁਤ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਲਾਬੀ ਵਿਚ ਪਈਆਂ ਕੁਰਸੀਆਂ ਕਰੀਬ ਕਰੀਬ ਭਰੀਆਂ ਹੀ ਰਹਿੰਦੀਆਂ। ਕਈ ਲੋਕ ਤਾਂ ਬਿੰਦ ਦਾ ਬਿੰਦ ਆਰਾਮ ਕਰਨ ਉਥੇ ਬੈਠ ਜਾਂਦੇ ਤੇ ਆਉਂਦੇ-ਜਾਂਦੇ ਲੋਕਾਂ ਨੂੰ ਵੇਖਦੇ ਰਹਿੰਦੇ।

ਸੋਮਵਾਰ ਦਾ ਦਿਨ ਸੀ। ਆਦਤ ਅਨੁਸਾਰ ਮੈਂ ਦਫਤਰ ਦੇ ਟਾਈਮ ਤੋਂ 15-20 ਮਿੰਟ ਪਹਿਲਾਂ ਸਿਟੀ ਹਾਲ ਪੁੱਜ ਗਈ। ਮੈਂ ਆਪਣਾ ਪਰਸ ਆਪਣੇ ਡੈਸਕ 'ਤੇ ਰੱਖ ਮੇਨ ਲਾਬੀ ਵਿਚ ਘੁੰਮਣ ਫਿਰਨ ਆ ਗਈ।

ਆਪਣੇ ਧਿਆਨ ਮੈਂ ਏਧਰ ਓਧਰ ਸਿਟੀ ਹਾਲ ਦੀ ਸੁੰਦਰਤਾ ਅਤੇ ਬਣਤਰ ਦੇਖ ਹੀ ਰਹੀ ਸਾਂ ਕਿ ਇਕ ਆਵਾਜ਼ ਨੇ ਮੇਰਾ ਧਿਆਨ ਆਪਣੇ ਵੱਲ ਖਿੱਚ ਲਿਆ।

"ਮੈਨੂੰ ਭੁੱਖ ਲੱਗੀ ਹੈ। ਕੀ ਤੁਸੀਂ ਮੇਰੇ ਲਈ ਬਰੇਕਫਾਸਟ ਖਰੀਦ ਸਕਦੇ ਹੋ?"

ਮੈਂ ਉਸ ਨੂੰ ਗਹੁ ਨਾਲ ਦੇਖਿਆ। ਕਾਫੀ ਵੱਡੀ ਉਮਰ ਦਾ ਬਜ਼ੁਰਗ ਸੀ ਉਹ। ਮੋਟਾ ਵੱਡਾ ਚਿਹਰਾ, ਜੋ ਬੁਢਾਪੇ ਕਾਰਨ ਸੁੰਗੜ ਗਿਆ ਜਾਪਦਾ ਸੀ। ਮੈਲੇ ਕੁਚੈਲੇ ਕੱਪੜੇ, ਖਿਲਰੇ ਹੋਏ ਮੈਲੇ ਮਿੱਟੀ ਨਾਲ ਭਰੇ ਹੋਏ ਵਾਲਾਂ ਦੀਆਂ ਦੋ ਗੁੱਤਾਂ, ਲੰਬੀ ਉਲਝੀ ਹੋਈ ਚਿੱਟੀ ਦਾੜ੍ਹੀ ਤੇ ਗਿੱਡ ਨਾਲ ਭਰੀਆਂ ਕੋਇਆਂ ਵਿਚ ਧਸੀਆਂ ਅੱਖਾਂ। ਉਸ ਦੇ ਚਿਹਰੇ 'ਤੇ ਇਕ ਵੱਡਾ ਸਾਰਾ ਪੁਰਾਣੇ ਜ਼ਖਮ ਦਾ ਨਿਸ਼ਾਨ ਵੀ ਸੀ। ਉਸ ਕੋਲ ਇਕ ਸੋਟੀ ਵੀ ਪਈ ਸੀ। ਬਾਅਦ ਵਿਚ ਮੈਨੂੰ ਪਤਾ ਲੱਗਿਆ ਕਿ ਇਹ ਸੋਟੀ ਦੇ ਸਹਾਰੇ ਤੁਰਦਾ ਹੈ ਅਤੇ ਇਸ ਦੀ ਲੱਤ ਵਿਚ ਨੁਕਸ ਸੀ। ਆਮ ਲੋਕਾਂ ਦੀ ਤਰ੍ਹਾਂ ਤੁਰ ਫਿਰ ਨਹੀਂ ਸੀ ਸਕਦਾ ਤੇ ਉਹ ਸਿਟੀ ਹਾਲ ਦੀ ਬੜੀ ਸੋਹਣੀ ਮਹਿੰਗੀ ਨਵੀਂ ਨਕੋਰ ਕੁਰਸੀ 'ਤੇ ਬੈਠਾ ਸੀ।

ਪਹਿਲੀ ਹੀ ਨਜ਼ਰੇ ਮੈਂ ਸਮਝ ਗਈ ਕਿ ਇਹ 'ਤਾਏ ਕਾ' ਹੈ। 'ਤਾਏ ਕਾ' ਇਉਂ ਕਿ ਏਥੋਂ ਦੇ ਮੂਲ ਨਿਵਾਸੀਆਂ ਨੂੰ ਸਾਡੇ ਭਾਰਤੀ ਪੰਜਾਬੀ ਲੋਕ 'ਤਾਏ ਕੇ' ਕਹਿੰਦੇ ਹਨ। 'ਤਾਏ ਕੇ' ਕਹਿਣ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੈਕਸੀਕਨ ਲੋਕਾਂ ਦੀ ਤਰ੍ਹਾਂ ਇਨ੍ਹਾਂ ਦੇ ਨੈਣ ਨਕਸ਼ ਵੀ ਭਾਰਤੀ ਮੂਲ ਦੇ ਲੋਕਾਂ ਨਾਲ ਮਿਲਦੇ-ਜੁਲਦੇ ਹਨ ਤੇ ਇਨ੍ਹਾਂ ਨੂੰ ਵੀ ਇੰਡੀਅਨ ਕਿਹਾ ਜਾਂਦਾ ਹੈ। ਮੈਂ ਇਸ ਬਾਰੇ ਕੁਝ ਕਹਿਣ ਤੋਂ ਸੰਕੋਚ ਹੀ ਕਰਾਂਗੀ ਕਿਉਂਕਿ ਮੈਂ ਇਤਿਹਾਸ ਤੋਂ ਜਾਣੂ ਨਹੀਂ ਹਾਂ।

ਇਤਿਹਾਸਕਾਰ ਦੱਸਦੇ ਹਨ ਕਿ ਚਾਰ ਪੰਜ ਹਜ਼ਾਰ ਸਾਲ ਪਹਿਲਾਂ ਇਹ ਲੋਕ ਸਾਇਬੇਰੀਆ ਤੋਂ ਬੈਰਿੰਗ ਸਟੇਟ ਰਾਹੀਂ ਜੰਮੀ ਹੋਈ ਬਰਫ 'ਤੇ ਚੱਲ ਕੇ ਅਲਾਸਕਾ ਆਏ ਤੇ ਅੱਗੋਂ ਸਾਰੇ ਕੈਨੇਡਾ ਦੀ ਧਰਤੀ 'ਤੇ ਫੈਲ ਗਏ। ਇਹ ਮੂਲ ਨਿਵਾਸੀ ਇਹ ਵੀ ਕਹਿੰਦੇ ਹਨ ਕਿ ਉਹ ਤਾਂ ਉਦੋਂ ਦੇ ਏਥੇ ਰਹਿ ਰਹੇ ਹਨ, ਜਦੋਂ ਦੀ ਧਰਤੀ ਬਣੀ ਹੈ। ਸਾਡੇ ਵਾਂਗ ਇਨ੍ਹਾਂ ਵਿਚ ਵੀ ਮਿਥਿਹਾਸਕ ਕਹਾਣੀਆਂ ਪ੍ਰਚੱਲਤ ਹਨ।

ਜਿਉਂ ਹੀ ਮੈਂ ਉਸ ਨੂੰ ਤੱਕਿਆ ਤਾਂ ਮੇਰਾ ਮਨ ਭਰ ਆਇਆ। ਇਸ ਦੇਸ਼ ਵਿਚ ਵੀ ਭੁੱਖੇ ਲੋਕ ਹਨ? ਆਪਣੇ ਆਪ 'ਤੇ ਕੀਤੇ ਇਸ ਸਵਾਲ ਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ।

"ਮੇਰਾ ਪਰਸ ਮੇਰੇ ਦਫਤਰ 'ਚ ਹੈ। ਮੈਂ ਲਿਆ ਕੇ ਦਿੰਦੀ ਹਾਂ।" ਮੈਂ ਕਿਹਾ।

ਉਹ ਕੁਝ ਨਾ ਬੋਲਿਆ। ਮੈਂ ਚੁੱਪ ਚੁਪੀਤੀ ਐਲੀਵੇਟਰ ਰਾਹੀਂ ਛੇਵੀਂ ਮੰਜ਼ਿਲ 'ਤੇ ਪੁੱਜ ਗਈ। ਆਪਣਾ ਪਰਸ ਦੇਖਿਆ। ਮੇਰੇ ਕੋਲ ਪੰਜ ਪੰਜ ਦੇ ਕੇਵਲ ਦੋ ਨੋਟ ਹੀ ਸਨ। ਸੋਚਿਆ, ਦਸ ਡਾਲਰ ਦੇ ਦਿੰਦੀ ਹਾਂ। ਫਿਰ ਸੋਚਿਆ ਕਿ ਮੈਨੂੰ ਵੀ ਲੋੜ ਪੈ ਸਕਦੀ ਹੈ। ਚਲੋ ਪੰਜ ਡਾਲਰ ਦੇ ਦਿੰਦੀ ਹਾਂ। ਆਪਣੇ ਆਪ ਨਾਲ ਫੈਸਲਾ ਕਰਕੇ ਮੈਂ ਪੰਜ ਡਾਲਰ ਉਸ ਦੇ ਹੱਥ ਫੜਾ ਦਿੱਤਾ। ਉਸ ਨੇ ਸਿਰ ਤੋਂ ਲੈ ਕੇ ਪੈਰਾਂ ਤੱਕ ਮੈਨੂੰ ਦੇਖਿਆ, ਧੰਨਵਾਦ ਕੀਤਾ ਤੇ ਸੋਟੀ ਨੂੰ ਹੱਥ ਪਾਇਆ। ਸ਼ਾਇਦ ਉਹ ਕੁਝ ਖਾਣ ਵਾਸਤੇ ਕੋਈ ਚੀਜ਼ ਖਰੀਦਣ ਜਾ ਰਿਹਾ ਸੀ। ਮੇਰੇ ਦਫਤਰ ਦਾ ਸਮਾਂ ਹੋ ਰਿਹਾ ਸੀ। ਇਸ ਲਈ ਮੈਂ ਬਿਨਾਂ ਉਸ ਵੱਲ ਦੇਖੇ ਕਾਹਲੀ ਨਾਲ ਆਪਣੇ ਡੈਸਕ 'ਤੇ ਆ ਬੈਠੀ।

ਉਸ ਦਿਨ ਮੈਂ ਸਾਰਾ ਦਿਨ ਉਸ ਬਜ਼ੁਰਗ ਬਾਰੇ ਸੋਚਦੀ ਰਹੀ। ਤਰ੍ਹਾਂ ਤਰ੍ਹਾਂ ਦੇ ਖਿਆਲ ਮਨ ਨੂੰ ਘੇਰ ਰਹੇ ਸਨ। ਖੈਰ! ਉਸ ਨੂੰ ਪੰਜ ਡਾਲਰ ਦੇ ਕੇ ਮੈਨੂੰ ਆਪਣਾ ਆਪ ਚੰਗਾ ਚੰਗਾ ਲੱਗ ਰਿਹਾ ਸੀ।

ਦੂਸਰੇ ਦਿਨ ਉਥੇ ਹੋਰ ਇੱਕਾ ਦੁੱਕਾ ਤਾਏ ਕੇ ਬੈਠੇ ਸਨ, ਪਰ ਉਹ ਨਹੀਂ ਸੀ। ਹਫਤੇ ਦੇ ਪੰਜ ਦਿਨ ਬੀਤ ਗਏ, ਪਰ ਉਹ ਨਾ ਦਿਸਿਆ। ਇੱਕ ਦਿਨ ਸਿਕਿਉਰਿਟੀ ਗਾਰਡ ਉਨ੍ਹਾਂ ਨੂੰ ਉਥੇ ਬੈਠਣ ਤੋਂ ਰੋਕ ਰਿਹਾ ਸੀ। ਮੈਨੂੰ ਤਰਸ ਵੀ ਆਇਆ ਕਿ ਇਹ ਵਿਚਾਰੇ ਮੀਂਹ ਵਿਚ ਕਿੱਥੇ ਬੈਠਣਗੇ ਤੇ ਨਾਲ ਹੀ ਮੈਨੂੰ ਉਸ ਦਾ ਖਿਆਲ ਆਇਆ, ਜਿਸ ਨੂੰ ਮੈਂ ਇਕ ਦਿਨ ਪੰਜ ਡਾਲਰ ਦਿੱਤੇ ਸਨ। ਸੋਚਿਆ ਕਿਤੇ ਚਲਾ ਗਿਆ ਹੋਣਾ ਹੈ। ਉਸ ਦਾ ਕਿਹੜਾ ਕੋਈ ਘਰ ਘਾਟ ਹੋਣਾ ਹੈ।

ਤੀਸਰੇ ਹਫਤੇ ਇਕ ਦਿਨ ਦੁਪਹਿਰ ਵੇਲੇ ਮੈਂ ਉਸ ਨੂੰ ਸਿਟੀ ਹਾਲ ਦੇ ਬਾਹਰ ਬਣੇ ਉੱਚੇ ਥੜ੍ਹੇ 'ਤੇ ਬੈਠਾ ਵੇਖਿਆ। ਉਹ ਕੁਝ ਖਾ ਰਿਹਾ ਸੀ। ਮੈਂ ਆਪਣੀ ਗੋਰੀ ਸਹੇਲੀ ਨਾਲ ਲੰਚ 'ਤੇ ਜਾ ਰਹੀ ਸਾਂ। ਉਸ ਨੇ ਮੈਨੂੰ ਦੇਖ ਲਿਆ ਸੀ, ਪਰ ਮੇਰੇ ਨਾਲ ਮੇਰੀ ਸਹੇਲੀ ਹੋਣ ਕਰਕੇ ਮੈਂ ਉਸ ਨੂੰ ਨਹੀਂ ਬੁਲਾਇਆ। ਸੋਚਿਆ ਇਹ ਕੀ ਸੋਚੇਗੀ ਜੇ ਮੈਂ ਇਸ ਦੇ ਕੋਲ ਖੜ੍ਹ ਗਈ ਤਾਂ।

ਉਸ ਤੋਂ ਬਾਅਦ ਮੈਂ ਕਦੇ ਉਸ ਨੂੰ ਸਿਟੀ ਹਾਲ ਦੀਆਂ ਕੁਰਸੀਆਂ, ਕਦੇ ਸਿਟੀ ਹਾਲ ਦੇ ਬਾਹਰ ਤੇ ਕਦੇ ਲਾਇਬ੍ਰੇਰੀ ਕੋਲ ਵੇਖਦੀ। ਅਜੇ ਤੱਕ ਮੈਂ ਉਸ ਨੂੰ ਤੁਰਦਿਆਂ ਨਹੀਂ ਸੀ ਵੇਖਿਆ, ਪਰ ਜਦ ਮੈਂ ਉਸ ਨੂੰ ਤੁਰਦਿਆਂ ਦੇਖਿਆ ਤਾਂ ਪਤਾ ਲੱਗਿਆ ਕਿ ਉਹ ਬਹੁਤ ਮੁਸ਼ਕਿਲ ਵਿਚ ਸੀ। ਮਸਾਂ ਹੀ ਪੈਰ ਪੁਟਦਾ ਸੀ।

ਦਿਨ ਬੀਤਦੇ ਗਏ। ਮੇਰੀ ਉਸ ਨਾਲ ਕਦੇ ਕਦਾਈਂ ਹੈਲੋ ਸ਼ੈਲੋ ਹੁੰਦੀ ਰਹਿੰਦੀ। ਆਮ ਕਰਕੇ ਉਹ ਇਕੱਲਾ ਹੀ ਹੁੰਦਾ ਸੀ, ਪਰ ਕਦੇ ਕਦੇ ਉਸ ਕੋਲ ਲਗਭਗ ਉਸ ਦੀ ਹੀ ਉਮਰ ਦਾ ਸਾਥੀ ਬੈਠਾ ਹੁੰਦਾ। ਦੇਖਣ ਨੂੰ ਉਹ ਉਸ ਤੋਂ ਕੁਝ ਚੰਗੀ ਹਾਲਤ ਵਿਚ ਸੀ। ਉਸ ਤੋਂ ਬਿਨਾ ਮੈਂ ਕਦੇ ਵੀ ਕਿਸੇ ਹੋਰ ਨੂੰ ਉਸ ਨਾਲ ਨਹੀਂ ਸੀ ਦੇਖਿਆ।

ਮੇਰੀ ਇਕ ਸਹੇਲੀ ਦੂਸਰੇ ਡਿਪਾਰਟਮੈਂਟ ਵਿਚ ਸੀ, ਪਰ ਕਾਫੀ ਜਾਂ ਲੰਚ ਬਰੇਕ 'ਤੇ ਮੇਰਾ ਉਸ ਨਾਲ ਮੇਲ ਹੋ ਜਾਂਦਾ ਸੀ। ਉਹ ਅਕਸਰ ਹੀ ਮੇਰਾ ਇਹ ਕਹਿ ਕੇ ਮਜ਼ਾਕ ਉਡਾਉਂਦੀ ਕਿ ਤੇਰਾ ਦੋਸਤ ਬੈਠਾ ਹੈ। ਜਦੋਂ ਅਜਿਹਾ ਆਖਦੀ ਤਾਂ ਸੱਚ ਮੁੱਚ ਹੀ ਉਹ ਮੈਨੂੰ ਮੇਰਾ ਦੋਸਤ ਜਾਪਦਾ; ਪਰ ਇਕ ਦਿਨ ਉਸ ਨੇ ਮੈਨੂੰ ਆਖ ਹੀ ਦਿੱਤਾ, "ਇਹ ਲੋਕ ਚੋਰ ਹੁੰਦੇ ਹਨ। ਨਸ਼ੇ-ਪੱਤੇ ਵੀ ਕਰਦੇ ਹਨ। ਕੰਮ ਕਾਰ ਕਰਦੇ ਨਹੀਂ। ਵਿਹਲੇ ਸਰਕਾਰਾਂ 'ਤੇ ਭਾਰ ਹਨ। ਇਉਂ ਹੀ ਤੁਰੇ ਫਿਰਦੇ ਰਹਿੰਦੇ ਹਨ। ਸਟੋਰਾਂ 'ਚੋਂ ਵੀ ਚੋਰੀ ਚੁੱਕ ਕੇ ਖਾ ਪੀ ਜਾਂਦੇ ਹਨ।"

ਮੈਂ ਉਸ ਦੀ ਗੱਲ ਤਾਂ ਸੁਣੀ, ਪਰ ਕੋਈ ਖਾਸ ਹੁੰਗਾਰਾ ਨਾ ਭਰਿਆ। ਪਤਾ ਨਹੀਂ ਕਿਉਂ!

ਸਰਦੀਆਂ ਦੀ ਰੁੱਤ ਆ ਗਈ। ਠੰਡ ਵੱਧਣ ਲੱਗੀ। ਕਦੇ ਕਦੇ ਬਰਫ ਵੀ ਪੈ ਜਾਂਦੀ। ਉਸ ਦੇ ਪੈਰਾਂ ਵਿਚ ਤਾਂ ਕੁਝ ਚੰਗੇ ਬੂਟ ਸਨ, ਪਰ ਉਸ ਦੀ ਜੈਕਟ ਬਹੁਤ ਹੀ ਫਟੀ ਪੁਰਾਣੀ ਸੀ ਤੇ ਉਸ ਵਿਚ ਇਕ ਦੋ ਵੱਡੀਆਂ ਵੱਡੀਆਂ ਮੋਰੀਆਂ ਵੀ ਸਨ।

ਉਸ ਦਿਨ ਬਹੁਤ ਠੰਡ ਸੀ। ਦਫਤਰ ਵਿਚ ਬੈਠੀ ਨੂੰ ਵਾਰ ਵਾਰ ਉਸ ਦਾ ਖਿਆਲ ਆ ਰਿਹਾ ਸੀ। ਇਕ ਦਮ ਖਿਆਲ ਆਇਆ ਕਿ ਘਰੇ ਇਕ ਜੈਕਟ ਪਈ ਹੈ। ਚੰਗੀ ਭਾਰੀ ਜੈਕਟ ਹੈ। ਮੇਰੇ ਹਸਬੈਂਡ ਦੀ ਪੁਰਾਣੀ ਜੈਕਟ। ਉਹ ਤਾਂ ਇਸ ਨੂੰ ਵਰਤਦਾ ਨਹੀਂ, ਕਿਉਂ ਨਾ ਇਸ ਨੂੰ ਦੇ ਦੇਵਾਂ! ਫਿਰ ਖਿਆਲ ਆਇਆ ਕਿ ਉਸ ਨੇ ਕਿਹੜਾ ਮੇਰੇ ਤੋਂ ਮੰਗੀ ਹੈ। ਲਿਆ ਕੇ ਦੇਵਾਂ ਜਾਂ ਨਾ। ਸਹੇਲੀ ਦੀ ਕਹੀ ਗੱਲ 'ਇਹ ਲੋਕ ਚੋਰ ਹੁੰਦੇ ਹਨ' ਤੰਗ ਕਰ ਰਹੀ ਸੀ। ਮੇਰਾ ਕੰਮ ਵਿਚ ਧਿਆਨ ਨਹੀਂ ਸੀ ਲੱਗ ਰਿਹਾ।

ਇਨ੍ਹਾਂ ਸਾਰੇ ਚੰਗੇ-ਮਾੜੇ ਖਿਆਲਾਂ ਦੇ ਬਾਵਜੂਦ ਦੂਸਰੇ ਦਿਨ ਮੈਂ ਆਪਣੇ ਹਸਬੈਂਡ ਦੇ ਪੁਰਾਣੇ ਦਸਤਾਨੇ, ਇਕ ਪੁਰਾਣਾ ਗਰਮ ਸਕਾਰਫ, ਗਰਮ ਟੋਪੀ ਤੇ ਪੁਰਾਣੀ ਜੈਕਟ ਪਲਾਸਟਿਕ ਦੇ ਬੈਗ ਵਿਚ ਪਾ ਕੇ ਕੰਮ 'ਤੇ ਜਾਣ ਲੱਗਿਆਂ ਆਪਣੇ ਨਾਲ ਲੈ ਗਈ। ਸੋਚਿਆ ਉਹ ਮੈਨੂੰ ਸਿਟੀ ਹਾਲ ਦੇ ਅੰਦਰ ਜਾਂ ਬਾਹਰ ਕਿਤੇ ਮਿਲ ਜਾਵੇਗਾ, ਪਰ ਉਸ ਦਿਨ ਉਹ ਮੈਨੂੰ ਦਿਖਾਈ ਨਾ ਦਿੱਤਾ। ਮੈਂ ਸਾਰਾ ਸਮਾਨ ਆਪਣੇ ਲਾਕਰ ਵਿਚ ਰੱਖ ਲਿਆ, ਇਹ ਸੋਚ ਕੇ ਕਿ ਜਦੋਂ ਮਿਲੇਗਾ, ਦੇ ਦੇਵਾਂਗੀ।

ਤੇ ਇਕ ਦਿਨ ਉਹ ਮੈਨੂੰ ਮਿਲ ਹੀ ਗਿਆ, ਓਸੇ ਕੁਰਸੀ 'ਤੇ ਬੈਠਾ, ਜਿਸ ਦਿਨ ਉਸ ਨੇ ਮੈਥੋਂ ਬਰੇਕਫਾਸਟ ਲਈ ਪੈਸੇ ਮੰਗੇ ਸਨ। ਮੈਂ ਦੌੜ ਕੇ ਸਾਰਾ ਸਮਾਨ ਉਸ ਨੂੰ ਲਿਆ ਕੇ ਦਿੱਤਾ। ਉਸ ਦੀਆਂ ਅੱਖਾਂ ਵਿਚ ਚਮਕ ਫੈਲਣ ਲੱਗੀ ਤੇ ਉਹ ਲਗਾਤਾਰ ਮੇਰੇ ਵੱਲ ਦੇਖ ਰਿਹਾ ਸੀ ਤੇ ਵਾਰ ਵਾਰ ਧੰਨਵਾਦ ਕਰ ਰਿਹਾ ਸੀ।

ਮੇਰਾ ਵੀ ਜੀਅ ਕਰਦਾ ਸੀ ਉਸ ਨਾਲ ਗੱਲਬਾਤ ਕਰਨ ਨੂੰ। ਸੋ ਮੈਂ ਕੁਝ ਸਮਾਂ ਉਸ ਕੋਲ ਖਲੋ ਗਈ।

ਮੈਂ ਉਸ ਦੇ ਚਿਹਰੇ 'ਤੇ ਪਏ ਵੱਡੇ ਸਾਰੇ ਨਿਸ਼ਾਨ ਬਾਰੇ ਪੁਛਿਆ ਤਾਂ ਉਸ ਨੇ ਹਉਕਾ ਲੈ ਕੇ ਦੱਸਿਆ ਕਿ ਜਦੋਂ ਉਹ ਛੇ ਸਾਲ ਦਾ ਸੀ ਤਾਂ ਗੋਰੇ ਲੋਕ ਉਸ ਨੂੰ ਤੇ ਉਸ ਦੀ ਭੈਣ ਨੂੰ ਉਸ ਦੇ ਮਾਂ-ਬਾਪ ਤੋਂ ਖੋਹ ਕੇ ਲੈ ਗਏ ਤੇ ਅਲੱਗ ਅਲੱਗ ਸਕੂਲਾਂ ਵਿਚ ਭੇਜ ਦਿੱਤਾ।

ਉਸ ਦੀਆਂ ਅੱਖਾਂ 'ਚੋਂ ਪਾਣੀ ਵਹਿ ਤੁਰਿਆ।

"ਕਿਸੇ ਰੇਜ਼ਿਡੈਨੀਸ਼ੀਅਲ ਸਕੂਲ 'ਚ", ਮੈਂ ਕਿਹਾ।

ਉਸ ਨੇ ਹਾਂ ਵਿਚ ਸਿਰ ਹਿਲਾਇਆ। ਇਸ ਤੋਂ ਪਹਿਲਾਂ ਕਿ ਉਹ ਚਿਹਰੇ ਦੇ ਨਿਸ਼ਾਨ ਬਾਰੇ ਦੱਸਦਾ, ਉਸ ਨੇ ਪੈਂਟ ਉਤਾਂਹ ਚੁੱਕ ਕੇ ਲੱਤਾਂ ਦੀ ਹਾਲਤ ਦਿਖਾਈ।

"ਇਹ ਕੀ!" ਮੈਂ ਹੈਰਾਨੀ ਨਾਲ ਪੁੱਛਿਆ।

"ਓਥੇ ਸਕੂਲ ਵਿਚ ਸਾਨੂੰ ਬਹੁਤ ਕੁੱਟਿਆ ਮਾਰਿਆ ਜਾਂਦਾ ਸੀ। ਮੈਂ ਕੁਝ ਤਕੜਾ ਸਾਂ। ਮੈਂ ਤੰਗ ਆ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੂੰ ਪਤਾ ਲੱਗ ਗਿਆ ਤੇ ਮੇਰੀਆਂ ਲੱਤਾਂ ਦਾ ਆਹ ਹਾਲ ਕਰ ਦਿੱਤਾ। ਉਹ ਲਗਾਤਾਰ ਮੇਰੀਆਂ ਲੱਤਾਂ 'ਤੇ ਡੰਡੇ ਮਾਰ ਰਿਹਾ ਸੀ। ਮੇਰੀ ਇਕ ਹੱਡੀ ਵੀ ਟੁੱਟ ਗਈ ਸੀ, ਪਰ ਕਿਸੇ ਨੇ ਕੋਈ ਦਵਾ-ਦਾਰੂ ਨਾ ਕੀਤੀ। ਮੈਂ ਆਪੇ ਹੀ ਇੱਕ ਕੱਪੜੇ ਨਾਲ ਘੁੱਟ ਕੇ ਬੰਨ੍ਹ ਲਈ। ਮੈਂ ਉਦੋਂ ਤੋਂ ਹੀ ਲੰਗੜਾਅ ਕੇ ਤੁਰਦਾ ਹਾਂ। ਹੁਣ ਤਕਲੀਫ ਵਧ ਗਈ ਹੈ ਉਮਰ ਨਾਲ।" ਕਹਿੰਦੇ ਕਹਿੰਦੇ ਉਸ ਦੀਆਂ ਅੱਖਾਂ ਭਰ ਆਈਆਂ।

ਮੇਰਾ ਮਨ ਵੀ ਅੰਦਰੋਂ ਅੰਦਰੀਂ ਰੋ ਰਿਹਾ ਸੀ।

ਮੈਂ ਹੌਸਲਾ ਕਰਕੇ ਪੁੱਛਿਆ, "...ਤੇ ਆਹ ਚਿਹਰੇ ਦਾ ਨਿਸ਼ਾਨ?"

ਉਸ ਨੇ ਆਪਣੇ ਮੱਥੇ 'ਤੇ ਪਏ ਨਿਸ਼ਾਨ ਨੂੰ ਪਲੋਸਿਆ ਤੇ ਦੱਸਿਆ, "ਇਕ ਦਿਨ ਜਦੋਂ ਮੈਂ ਖਾਣ ਨੂੰ ਜ਼ਿਆਦਾ ਭੋਜਨ ਮੰਗਿਆ ਤਾਂ ਮੇਰੇ ਬਹੁਤ ਕੁੱਟ ਪਈ। ਮੈਨੂੰ ਭੁੱਖ ਬਹੁਤ ਲੱਗਦੀ ਸੀ। ਉਥੇ ਕਿਸੇ ਨੇ (ਉਸ ਦਾ ਭਾਵ ਕਿਸੇ ਟੀਚਰ ਜਾਂ ਪ੍ਰਬੰਧਕ ਤੋਂ ਸੀ) ਮੇਰੇ ਇੰਨੀ ਜ਼ੋਰ ਦੀ ਥੱਪੜ ਮਾਰਿਆ ਕਿ ਮੇਰਾ ਮੱਥਾ ਕਿਚਨ 'ਚ ਪਏ ਤਿੱਖੇ ਕੰਢੇ ਵਾਲੇ ਪਤੀਲੇ 'ਤੇ ਜਾ ਵੱਜਿਆ। ਬਹੁਤ ਲਹੂ ਨਿਕਲਿਆ ਸੀ। ਇਹ ਜ਼ੁਲਮ ਦੀ ਕਹਾਣੀ ਦੀ ਨਿਸ਼ਾਨੀ ਹੈ।"

ਏਨਾ ਜ਼ੁਲਮ...ਕਿਹੜੀ ਗੱਲ ਤੋਂ। ਮੈਂ ਆਪਣੀਆਂ ਅੱਖਾਂ 'ਚ ਭਰੇ ਹੰਝੂ ਛੁਪਾਉਣ ਦੀ ਕੋਸ਼ਿਸ਼ ਕਰ ਰਹੀ ਸਾਂ।

ਮੈਂ ਘੜੀ ਵੱਲ ਦੇਖਿਆ। ਲੰਚ ਟਾਈਮ ਦਾ ਅਜੇ ਅੱਧਾ ਘੰਟਾ ਬਾਕੀ ਸੀ।

ਉਸ ਨੇ ਮੇਰਾ ਨਾਮ ਪੁੱਛਿਆ ਤੇ ਬਦਲੇ ਵਿਚ ਆਪਣਾ ਨਾਮ ਦੱਸਿਆ। ਉਸ ਦੇ ਕਹਿਣ ਮੁਤਾਬਕ ਉਸ ਦਾ ਨਾਮ ਮਾਈਕਲ ਫੋਨਟੈਨ ਸੀ।

ਮੈਂ ਚਾਹੁੰਦੀ ਸਾਂ ਕਿ ਉਸ ਦੇ ਪਰਿਵਾਰ ਬਾਰੇ ਗੱਲਬਾਤ ਕਰਾਂ।

ਮੈਂ ਹੌਸਲਾ ਕਰਕੇ ਪੁੱਛ ਹੀ ਲਿਆ, "ਮਾਈਕਲ, ਤੁਸੀਂ ਆਪਣੇ ਮਾਂ-ਬਾਪ ਨੂੰ ਦੋਬਾਰਾ ਕਦੇ ਮਿਲੇ ਹੋ?"

ਉਸ ਨੇ ਡੂੰਘਾ ਸਾਹ ਲਿਆ, ਅੱਖਾਂ 'ਤੇ ਹੱਥ ਫੇਰਿਆ ਤੇ ਬੋਲਿਆ, "ਜਦੋਂ ਮੈਂ ਸਕੂਲ 'ਚੋਂ ਬਾਹਰ ਆਇਆ ਤਾਂ ਮੈਂ ਮਾਂ ਬਾਪ ਤੇ ਭੈਣ ਨੂੰ ਲੱਭਣਾ ਸ਼ੁਰੂ ਕੀਤਾ, ਪਰ ਉਨ੍ਹਾਂ ਦੀ ਕੋਈ ਉੱਘ-ਸੁੱਘ ਨਾ ਮਿਲੀ। ਮਾਂ-ਬਾਪ ਹੁਣ ਤੱਕ ਮਰ ਮੁੱਕ ਗਏ ਹੋਣਗੇ।"

ਉਸ ਦਾ ਗੱਚ ਭਰ ਆਇਆ।

"ਉਸ ਨੇ ਆਪਣੇ ਦੁਖਦਾਈ ਜੀਵਨ ਕਹਾਣੀ ਨੂੰ ਅੱਗੇ ਤੋਰਦਿਆਂ ਕਿਹਾ, "ਮੈਂ ਤਾਂ ਵਿਨੀਪੈਗ ਰਹਿੰਦਾ ਸੀ। ਮੈਨੂੰ ਕਿਸੇ ਨੇ ਦੱਸਿਆ ਕਿ ਤੇਰੀ ਭੈਣ ਕੈਲਗਰੀ ਸਿਟੀ ਹਾਲ ਦੇ ਆਲੇ-ਦੁਆਲੇ ਘੁੰਮਦੀ ਫਿਰਦੀ ਰਹਿੰਦੀ ਹੈ। ਉਹ ਕੁਝ ਕੁਝ ਪਾਗਲ ਜਿਹੀ ਹੋ ਗਈ ਹੈ। ਇਸੇ ਲਈ ਮੈਂ ਏਥੇ ਕੈਲਗਰੀ ਆ ਗਿਆ ਹਾਂ, ਆਪਣੀ ਭੈਣ ਨੂੰ ਲੱਭਣ। ਮੈਂ ਹਰ ਔਰਤ 'ਤੇ ਨਿਗਾਹ ਰੱਖਦਾ ਹਾਂ ਕਿ ਸ਼ਾਇਦ ਇਨ੍ਹਾਂ 'ਚੋਂ ਕੋਈ ਮੇਰੀ ਭੈਣ ਹੋਵੇ।"

ਮੈਂ ਸੋਚ ਰਹੀ ਸਾਂ ਕਿ ਸ਼ਾਇਦ ਉਸ ਦੀ ਭੈਣ ਉਨ੍ਹਾਂ ਹਜ਼ਾਰਾਂ ਬਦਨਸੀਬ ਕੁੜੀਆਂ, ਔਰਤਾਂ 'ਚੋਂ ਇਕ ਹੋਵੇ, ਜਿਨ੍ਹਾਂ ਨੂੰ ਗੁੰਮ ਹੋਈਆਂ ਜਾਂ ਮਰ ਗਈਆਂ ਕਹਿ ਕੇ ਇਕ ਕਮਿਸ਼ਨ ਬਣਿਆ ਸੀ ਤੇ ਜਿਸ ਦੀਆਂ ਸਿਫਾਰਿਸ਼ਾਂ 'ਤੇ ਅਜੇ ਤੱਕ ਕੋਈ ਅਮਲ ਨਹੀਂ ਹੋਇਆ।

"ਹੋਰ ਕੋਈ ਹੈ ਤੇਰੇ ਪਰਿਵਾਰ ਵਿਚ?" ਮੈਂ ਕਿਹਾ।

ਉਹ ਹੋਰ ਭਾਵੁਕ ਹੋ ਗਿਆ। ਨਿਕਲਦੀ ਭੁੱਬ ਨੂੰ ਰੋਕ ਕੇ ਬੋਲਿਆ, "ਮੇਰੀ ਗਰਲ ਫਰੈਂਡ ਗਰਮੀਆਂ 'ਚ ਮੈਮੋਰੀਅਲ ਡਰਾਈਵ ਵਾਲੇ ਪੁਲ ਹੇਠ ਰਾਤ ਨੂੰ ਸੁੱਤੀ ਪਈ ਮਰ ਗਈ।"



ਉਹ ਸਿਸਕੀਆਂ ਭਰਨ ਲੱਗਾ ਪਰ ਆਸਾ-ਪਾਸਾ ਦੇਖ ਸੰਭਲ ਗਿਆ।

ਦਿਨ ਬੀਤਦੇ ਗਏ। ਉਸ ਦਾ ਸਿਟੀ ਹਾਲ ਆਉਣਾ-ਜਾਣਾ ਘਟ ਗਿਆ। ਮੈਂ ਅਕਸਰ ਹੀ ਉਸ ਬਾਰੇ ਸੋਚਦੀ ਰਹਿੰਦੀ। ਮੈਨੂੰ ਇਸ ਗੱਲ ਦਾ ਧਰਵਾਸ ਸੀ ਕਿ ਉਸ ਕੋਲ ਗਰਮ ਜੈਕਟ, ਦਸਤਾਨੇ, ਗਰਮ ਸਕਾਰਫ ਤੇ ਟੋਪੀ ਹੈ। ਜੇ ਕਿਤੇ ਬਾਹਰ ਪੁਲ ਹੇਠਾਂ ਵੀ ਸੌਂਵੇਂਗਾ ਤਾਂ ਠੰਡ ਤੋਂ ਸਾਰਾ ਨਹੀਂ ਤਾਂ ਕੁਝ ਤਾਂ ਬਚਾ ਹੋਵੇਗਾ ਹੀ ਹੋਵੇਗਾ।

ਇਕ ਦਿਨ ਉਹ ਫਿਰ ਦਿਖਾਈ ਦਿੱਤਾ। ਸਿਕਿਉਰਿਟੀ ਗਾਰਡ ਉਸ ਨੂੰ ਦਬਕੇ ਮਾਰ ਰਿਹਾ ਸੀ ਕਿ ਬਾਹਰ ਜਾ ਕੇ ਬੈਠੇ ਤੇ ਉਹ ਆਪਣੀ ਸੋਟੀ ਦੇ ਸਹਾਰੇ ਬਾਹਰ ਵੱਲ ਜਾ ਰਿਹਾ ਸੀ। ਉਸ ਨੇ ਮੇਰੀ ਦਿੱਤੀ ਜੈਕਟ ਪਾਈ ਹੋਈ ਸੀ। ਗਲੇ ਦੁਆਲੇ ਸਕਾਰਫ ਵੀ ਲਪੇਟਿਆ ਹੋਇਆ ਸੀ, ਹੱਥਾਂ 'ਤੇ ਦਸਤਾਨੇ ਅਤੇ ਸਿਰ ਉਪਰ ਟੋਪੀ ਵੀ ਲਈ ਹੋਈ ਸੀ। ਇਹ ਸਭ ਦੇਖ ਕੇ ਮੇਰਾ ਮਨ ਬਾਗੋ ਬਾਗ ਹੋ ਗਿਆ ਕਿ ਮੇਰੀ ਮਾੜੀ ਮੋਟੀ ਸਹਾਇਤਾ ਉਸ ਦੇ ਕਿੰਨਾ ਕੰਮ ਆ ਰਹੀ ਹੈ।

ਜਦੋਂ ਕਿਤੇ ਲੰਚ ਵੇਲੇ ਉਹ ਮੈਨੂੰ ਦਿਖਾਈ ਦੇ ਦਿੰਦਾ ਤਾਂ ਮੈਂ ਛੋਟੀ ਜਿਹੀ ਸੈਂਡਵਿਚ ਉਸ ਲਈ ਖਰੀਦ ਲੈਂਦੀ ਤੇ ਚੁੱਪ-ਚੁਪੀਤੇ ਛੇਤੀ ਨਾਲ ਉਸ ਨੂੰ ਫੜਾ ਦਿੰਦੀ। ਮੇਰੀਆਂ ਇਕ-ਦੋ ਸਹੇਲੀਆਂ, ਜੋ ਮੈਨੂੰ ਪਹਿਲਾਂ ਪਹਿਲ ਮਖੌਲ ਕਰਿਆ ਕਰਦੀਆਂ ਸਨ, ਹੁਣ ਚੁੱਪ ਹੀ ਰਹਿੰਦੀਆਂ। ਮੇਰੇ ਤੋਂ ਉਸ ਦੀ ਕਹਾਣੀ ਸੁਣ ਕੇ ਉਨ੍ਹਾਂ ਦੇ ਦਿਲ ਵਿਚ ਵੀ ਉਸ ਲਈ ਹਮਦਰਦੀ ਜਾਗ ਪਈ ਸੀ।

ਮੈਨੂੰ ਆਦਤ ਹੈ ਕਿ ਮੈਂ ਜਦੋਂ ਵੀ ਕਿਸੇ ਦੁਕਾਨ ਤੋਂ ਕੁਝ ਖਰੀਦਦੀ ਹਾਂ, ਕੈਸ਼ੀਅਰ ਵਲੋਂ ਬਾਕੀ ਦੇ ਮੋੜੇ ਪੈਸੇ ਪਰਸ ਵਿਚ ਪਾਉਣ ਦੀ ਥਾਂ ਕਾਹਲੀ ਨਾਲ ਆਪਣੇ ਕੋਟ ਦੀ ਜੇਬ ਵਿਚ ਹੀ ਪਾ ਲੈਂਦੀ ਹਾਂ।

ਤੇ ਹਾਂ ਇਕ ਦਿਨ ਮੈਨੂੰ ਛੇਵੀਂ ਮੰਜ਼ਿਲ ਤੋਂ ਕਿਸੇ ਕੰਮ ਹੇਠਾਂ ਲਾਬੀ ਵਿਚ ਜਾਣਾ ਪਿਆ। ਸ਼ਾਇਦ ਮੇਲ ਰੂਮ 'ਚ ਮੇਲ ਚੈਕ ਕਰਨ ਗਈ ਸਾਂ। ਜਦੋਂ ਮੈਂ ਗਈ ਸਾਂ ਤਾਂ ਉਹ ਮੈਨੂੰ ਕਿਤੇ ਵੀ ਨਹੀਂ ਦਿਸਿਆ। ਪਰ ਜਦੋਂ ਮੇਲ ਰੂਮ 'ਚੋਂ ਵਾਪਿਸ ਆ ਰਹੀ ਸਾਂ ਤਾਂ ਮੈਂ ਦੇਖਿਆ ਕਿ ਉਹ ਇਕ ਕੁਰਸੀ 'ਤੇ ਬੈਠਾ ਸੀ। ਪਹਿਲਾਂ ਨਾਲੋਂ ਕਾਫੀ ਕਮਜ਼ੋਰ ਲੱਗਦਾ ਸੀ। ਕਾਹਲੀ ਵਿਚ ਹੋਣ ਕਰਕੇ ਹੈਲੋ ਕਹਿ ਕੇ ਉਸ ਕੋਲੋਂ ਲੰਘ ਗਈ।

ਥੋੜ੍ਹੇ ਹੀ ਕਦਮ ਅੱਗੇ ਗਈ ਤਾਂ ਇਕ ਆਵਾਜ਼ ਸੁਣਾਈ ਦਿੱਤੀ।

"ਡਾਟਰ ਠਹਿਰੋ!"

ਤੇ ਮੈਂ ਖਲੋ ਗਈ, ਪਿਛਾਂਹ ਮੁੜ ਕੇ ਤੱਕਿਆ ਤਾਂ ਦੇਖਦੀ ਹਾਂ ਕਿ ਉਹ ਮੈਨੂੰ ਬੁਲਾ ਰਿਹਾ ਸੀ।

ਮੈਂ ਉਸ ਵੱਲ ਵੱਧੀ ਤਾਂ ਉਸ ਨੇ ਇਹ ਕਹਿ ਕੇ ਕਿ ਇਹ ਦਸ ਦਾ ਨੋਟ ਤੇਰੀ ਜੇਬ 'ਚੋਂ ਡਿੱਗਿਆ ਹੈ, ਮੈਨੂੰ ਫੜਾ ਦਿੱਤਾ।

ਮੈਂ ਆਪਣੀ ਜੇਬ ਵਿਚ ਹੱਥ ਮਾਰਿਆ ਤਾਂ ਦੇਖਿਆ ਕਿ ਸੱਚਮੁੱਚ ਹੀ ਇਹ ਦਸ ਡਾਲਰ ਦਾ ਨੋਟ ਮੇਰੇ ਹੱਥ ਨਾਲ ਮੇਰੀ ਜੇਬ 'ਚੋਂ ਬਾਹਰ ਨਿਕਲ ਫਰਸ਼ 'ਤੇ ਡਿੱਗ ਪਿਆ ਸੀ।

ਉਸ ਦਾ 'ਡਾਟਰ' ਕਹਿ ਕੇ ਸੰਬੋਧਨ ਕਰਨਾ ਮੇਰੇ ਲਈ ਬੇਹੱਦ ਅਚੰਭੇ ਵਾਲੀ ਗੱਲ ਸੀ। ਮੇਰੀਆਂ ਅੱਖਾਂ ਭਰ ਆਈਆਂ। ਮੈਂ ਉਹ ਦਸ ਦਾ ਨੋਟ ਉਸ ਨੂੰ ਦੇਣਾ ਚਾਹਿਆ, ਪਰ ਉਸ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਕਿਸੇ ਦਿਨ ਬਰੇਕਫਾਸਟ ਖਰੀਦ ਦੇਣਾ, ਜਿਸ ਦਿਨ ਮੈਨੂੰ ਭੁੱਖ ਹੋਈ; ਤੇ ਇਕ ਮੁਸਕਾਨ ਉਸ ਦੇ ਚਿਹਰੇ 'ਤੇ ਫੈਲ ਗਈ।

ਮੈਂ ਉਹ ਦਸ ਡਾਲਰ ਦਾ ਨੋਟ ਪਰਸ ਦੀ ਇਕ ਡੂੰਘੀ ਜੇਬ ਵਿਚ ਸਾਂਭ ਲਿਆ ਤਾਂ ਜੋ ਕਿਸੇ ਦਿਨ ਉਸ ਨੂੰ ਬਰੇਕਫਾਸਟ ਖਵਾ ਸਕਾਂ।

ਉਸ ਤੋਂ ਬਾਅਦ ਮੈਂ ਉਸ ਨੂੰ ਕਦੇ ਨਹੀਂ ਦੇਖਿਆ। ਇਕ ਦਿਨ ਮੈਂ ਉਸ ਦੇ ਇਕ ਸਾਥੀ ਤੋਂ ਪੁੱਛ ਹੀ ਲਿਆ ਕਿ ਕੀ ਉਹ ਕਿਤੇ ਚਲਾ ਗਿਆ ਹੈ?

ਉਸ ਨੇ ਦੱਸਿਆ ਕਿ ਉਹ ਮਹੀਨਾ ਕੁ ਪਹਿਲਾਂ ਮਰ ਗਿਆ ਹੈ। ਹੋਮਲੈਸ ਸ਼ੈਲਟਰ ਵਿਚ ਰਾਤ ਨੂੰ ਸੁੱਤਾ ਤੇ ਸਵੇਰੇ ਨਹੀਂ ਜਾਗਿਆ। ਕੁਝ ਦਿਨਾਂ ਤੋਂ ਬੀਮਾਰ ਜਿਹਾ ਰਹਿੰਦਾ ਸੀ। ਉਹ ਏਧਰ ਸਿਟੀ ਹਾਲ ਵੱਲ ਘੱਟ ਹੀ ਆਉਂਦਾ ਸੀ। ਤੁਰਨਾ ਫਿਰਨਾ ਮੁਸ਼ਕਿਲ ਸੀ।

ਮੇਰੀਆਂ ਅੱਖਾਂ ਨਮ ਹੋ ਗਈਆਂ।

"ਕੀ ਉਸ ਦੀ ਭੈਣ, ਜਿਸ ਨੂੰ ਉਹ ਲੱਭ ਰਿਹਾ ਸੀ, ਮਿਲ ਗਈ ਸੀ ਕਿ ਨਹੀਂ?" ਮੈਂ ਪੁੱਛਿਆ।

ਉਸ ਨੇ ਭਰੀਆਂ ਅੱਖਾਂ ਤੇ ਭਾਰੀ ਆਵਾਜ਼ ਵਿਚ ਕਿਹਾ, "ਹਾਂ! ਹਾਂ! ਉਸ ਦੇ ਮਰਨ ਤੋਂ ਕੁਝ ਦਿਨ ਪਹਿਲਾਂ ਹੀ ਮਿਲੀ ਸੀ। ਦੋਨੋਂ ਭੈਣ-ਭਰਾ ਬਹੁਤ ਖੁਸ਼ ਸਨ।

ਚਲੋ ਕੁਝ ਖੁਸ਼ੀ ਤਾਂ ਮਿਲੀ ਭਾਵੇਂ ਥੋੜ੍ਹੇ ਚਿਰ ਲਈ ਹੀ ਸਹੀ।

ਉਹ ਦਸ ਦਾ ਨੋਟ ਮੈਨੂੰ ਟਿਕਣ ਨਹੀਂ ਸੀ ਦਿੰਦਾ। ਮੈਂ ਰੋਜ਼ ਉਸ ਨੋਟ ਨੂੰ ਦੇਖ ਲੈਂਦੀ ਤੇ ਵਾਪਿਸ ਪਰਸ ਵਿਚ ਪਾ ਲੈਂਦੀ।

ਇਕ ਦਿਨ ਸਵੇਰੇ ਹੀ ਜਦੋਂ ਮੈਂ ਕੈਫੇਟੇਰੀਏ 'ਚੋਂ ਕਾਫੀ ਲੈ ਕੇ ਨਿਕਲੀ ਤਾਂ ਉਸ ਦਾ ਸਾਥੀ ਮੈਨੂੰ ਤੁਰਿਆ ਆਉਂਦਾ ਦਿਖਾਈ ਦਿੱਤਾ।

ਮੈਂ ਉਸ ਕੋਲ ਰੁਕ ਗਈ ਤੇ ਕਿਹਾ, "ਬਰੇਕਫਾਸਟ ਲੈਣਾ ਹੈ!"

ਉਸ ਨੇ ਹਾਂ ਵਿਚ ਸਿਰ ਹਿਲਾਇਆ ਤੇ ਮੈਂ ਉਨ੍ਹਾਂ ਦਸਾਂ ਡਾਲਰਾਂ ਦਾ ਸਿਟੀ ਹਾਲ ਦੇ ਕੈਫੇ 'ਚੋਂ ਬਰੇਕਫਾਸਟ ਖਰੀਦ ਕੇ ਉਸ ਨੂੰ ਫੜਾ ਦਿੱਤਾ। ਮੈਨੂੰ ਮਹਿਸੂਸ ਹੋਇਆ ਜਿਵੇਂ ਮਾਈਕਲ ਫੋਨਟੈਨ ਦਾ ਕਰਜ਼ ਚੁਕਾ ਦਿੱਤਾ ਹੋਵੇ।

ਮੈਂ ਅੱਜ ਵੀ ਜਦੋਂ ਕਿਸੇ ਨੇਟਿਵ ਇੰਡੀਅਨ ਨੂੰ ਦੇਖਦੀ ਹਾਂ ਤਾਂ ਮਨ ਹੀ ਮਨ ਆਖਦੀ ਹਾਂ ਕਿ ਇਹ 'ਤਾਏ ਕੇ' ਚੋਰ-ਉਚੱਕੇ ਨਹੀਂ ਹਨ। ਇਹ ਹਾਲਾਤ ਦੇ ਝੰਬੇ, ਤੋੜੇ-ਕੁੱਟੇ ਤੇ ਮਾਰੇ ਇਨਸਾਨ ਹਨ। ਇਹ ਸਾਡੇ ਪਿਆਰ ਅਤੇ ਹਮਦਰਦੀ ਦੇ ਪਾਤਰ ਹਨ।

# ਕਬਰਾਂ ਕਿਸ ਕੋਲ ਰੋਣ?

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ ਕਿ ਕੋਈ ਵੀ ਜ਼ਿੰਦਗੀ ਕਦੇ ਵੀ ਸੰਪੂਰਨ ਨਹੀਂ ਹੁੰਦੀ। ਜ਼ਿੰਦਗੀ ਵਿਚ ਕਸ਼ਟਾਂ, ਕਠਿਨਾਈਆਂ ਅਤੇ ਵਿਰਲਾਂ ਨੇ ਤਾਂ ਜਰੂਰ ਆਉਣਾ। ਇਨ੍ਹਾਂ ਦੀ ਭਰਪਾਈ ਕਰਨਾ, ਮਨੁੱਖ ਦਾ ਕੰਮ। ਇਸ ਨੂੰ ਪਿੱਠ ਦਿਖਾਉਣ ਵਾਲੇ ਕਦੇ ਵੀ ਗੈਰਤਮੰਦ ਨਹੀਂ ਹੁੰਦੇ। ਨਾਬਰੀ ਵਿਚੋਂ ਹੀ ਜ਼ਿੰਦਗੀ ਦੀ ਨਿਸ਼ਾਨਦੇਹੀ ਹੁੰਦੀ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਬਰਾਂ ਦਾ ਕਿੱਸਾ ਛੋਹਿਆ ਹੈ ਅਤੇ ਵੱਡਾ ਸੱਚ ਬਿਆਨਿਆ ਹੈ, "ਆਪਣੇ ਅਸਤਿਤਵ ਤੋਂ ਅਣਜਾਣ ਲੋਕ ਕਿਵੇਂ ਜਾਣ ਸਕਦੇ ਨੇ ਕਬਰਾਂ ਦਾ ਦਰਦ ਕਿ ਉਹ ਕਿਵੇਂ ਲਾਸ਼ਾਂ ਨੂੰ ਆਪਣੇ ਵਿਚ ਸਮਾਉਣ ਤੋਂ ਬਾਅਦ ਵੀ ਹਰ ਇਕ ਨਵੀਂ ਲੋਥ ਲਈ ਨਵੀਂ ਥਾਂ ਪੈਦਾ ਕਰ ਲੈਂਦੀਆਂ?" ਉਹ ਆਖਦੇ ਹਨ, "ਕਬਰਾਂ ਵਿਚ ਹੀ ਦਫਨ ਨੇ ਦੁਨੀਆਂ ਨੂੰ ਸਰ ਕਰਨ ਵਾਲੇ ਯੋਧੇ। ਪੀਰ-ਪੈਗੰਬਰ, ਗੁਰੂ, ਔਲੀਏ, ਸ਼ਹਿਨਸ਼ਾਹ, ਦੁਨੀਆਂ ਤੇ ਰਾਜ ਕਰਨ ਵਾਲੇ ਸ਼ਾਸ਼ਕ, ਜੁਲਮ ਕਮਾਉਣ ਵਾਲੇ ਜਾਬਰ ਅਤੇ ਸਿਰਾਂ ਦੀ ਗਿਣਤੀ ਕਰਨ ਵਾਲੇ ਅਧਰਮੀ। ਲੋਕ ਸਿਰਫ ਉਨ੍ਹਾਂ ਨੂੰ ਹੀ ਯਾਦ ਕਰਦੇ, ਜਿਨ੍ਹਾਂ ਨੇ ਇਨਸਾਨੀਅਤ ਨੂੰ ਜਿਉਂਦਾ ਰੱਖਣ ਅਤੇ ਆਦਮੀਅਤ ਦੀ ਬੁਲੰਦਗੀ ਲਈ ਪ੍ਰਮੁੱਖ ਯੋਗਦਾਨ ਪਾਇਆ ਹੁੰਦਾ। ਕਬਰ ਨਾਲੋਂ ਕਬਰ ਵਿਚ ਪਿਆ ਇਨਸਾਨ ਮਹਾਨ ਹੋਣਾ ਚਾਹੀਦਾ।"***

ਕਬਰਾਂ, ਸਿਵੇ, ਮੜੀਆਂ, ਮਸਾਣਾਂ, ਮਕਬਰੇ, ਮਜ਼ਾਰ ਆਦਿ ਸਮ-ਅਰਥੀ। ਮੌਤ ਦਾ ਘਰ, ਬੰਦੇ ਦੀ ਆਖਰੀ ਠਹਿਰ। ਮ੍ਰਿਤਕ ਦਾ ਅਸਲੀ ਟਿਕਾਣਾ, ਜਿਥੇ ਹਰੇਕ ਨੇ ਜਾਣਾ। ਪਰ ਹਰ ਕੋਈ ਜਿਉਂਦੇ ਜੀਅ ਇਸ ਤੋਂ ਨਾਬਰ।

ਬੰਦਾ ਕਿਸੇ ਦੀ ਅਰਥੀ ਵਿਚ ਸ਼ਾਮਲ ਹੁੰਦਿਆਂ ਵੀ ਖੁਦ ਨੂੰ ਸਦਾ ਲਈ ਜਿਉਂਦੇ ਰਹਿਣ ਦਾ ਭਰਮ ਪਾਲਦਾ ਅਤੇ ਇਸ ਅਖੌਤੀ ਭਰਮ ਵਿਚ ਹੀ ਉਹ ਹੌਲੀ ਹੌਲੀ ਸਿਵਿਆਂ ਦਾ ਸਫਰ ਤੈਅ ਕਰਦਾ।

ਕਬਰਾਂ ਸਭ ਦੀਆਂ ਸਾਂਝੀਆਂ। ਹਰੇਕ ਨੂੰ ਆਪਣੀ ਕੁੱਖ ਵਿਚ ਸਮਾਉਂਦੀਆਂ ਅਤੇ ਮ੍ਰਿਤਕਾਂ ਦੀ ਰਸਾਤਲੀ ਸੋਚ ਜਾਂ ਅੰਬਰੀ ਉਚਾਣ ਨੂੰ ਵਕਤ ਦੇ ਵਰਕਿਆਂ ਦੇ ਨਾਮ ਲਾਉਂਦੀਆਂ।

ਕਬਰਾਂ ਸਿਰਫ ਧਰਤੀ 'ਤੇ ਹੀ ਨਹੀਂ ਹੁੰਦੀਆਂ। ਕਈ ਵਾਰ ਇਹ ਕਬਰਾਂ ਧਰਤੀ ਤੋਂ ਮਨੁੱਖ ਵੱਲ ਅਹੁਲਦੀਆਂ ਅਤੇ ਅੰਤਰੀਵ ਵਿਚ ਘਰ ਪਾ ਬਹਿੰਦੀਆਂ। ਇਨ੍ਹਾਂ ਹੀ ਕਬਰਾਂ ਵਿਚ ਦਫਨ ਹੁੰਦੀ ਹੈ ਮਰ-ਮਿਟੀਆਂ ਆਸਾਂ ਦੀ ਰਾਖ ਤੇ ਆਪਣਿਆਂ ਵਲੋਂ ਕੀਤੀ ਬੇਇਜ਼ਤੀ, ਬੇਈਮਾਨੀ ਤੇ ਧੋਖਾਧੜੀ। ਇਨ੍ਹਾਂ ਹੀ ਕਬਰਾਂ ਵਿਚ ਜੀਂਦੇ ਜੀਅ ਦਫਨ ਹੁੰਦੇ ਨੇ ਬਹੁਤ ਲੋਕ। ਕੁਝ ਤਾਂ ਬਾਹਰੋਂ ਜਿਉਂਦਿਆਂ ਵੀ ਅੰਦਰੋਂ ਆਪਣੀ ਅਰਥੀ ਨੂੰ ਕਬਰਾਂ ਵਿਚ ਦੱਬ ਰਹੇ ਹੁੰਦੇ।

ਕਬਰਾਂ ਕਦੇ ਭੁੱਖ ਲਈ ਠਾਹਰ, ਕਦੇ ਬੇਰੁਜ਼ਗਾਰੀ ਦੀ ਮਾਰ, ਕਦੇ ਆਪਣਿਆਂ ਦੀ ਦੁਰਕਾਰ, ਕਦੇ ਬਜੁਰਗਾਂ ਦੀ ਦੁਰਗਤ ਅਤੇ ਕਦੇ ਆਪਣਿਆਂ ਵਲੋਂ ਲੁੱਟੀ ਪੱਤ ਬਣ ਕੇ ਵੀ ਮਨ ਵਿਚ ਆਪਣੀ ਥਾਂ ਬਣਾਉਂਦੀਆਂ।

ਪਰ ਸਭ ਤੋਂ ਖਤਰਨਾਕ ਉਹ ਕਬਰਾਂ ਹੁੰਦੀਆਂ, ਜਿਨ੍ਹਾਂ ਵਿਚ ਦਫਨਾਏ ਜਾਂਦੇ ਨੇ ਬਚਪਨੇ ਦੇ ਉਹ ਸੁਪਨੇ, ਜਿਨ੍ਹਾਂ ਨੇ ਦੁਨੀਆਂ ਵਿਚ ਕੀਰਤੀਮਾਨ ਸਥਾਪਤ ਕਰਨੇ ਹੁੰਦੇ। ਇਨ੍ਹਾਂ ਸੁਪਨਿਆਂ ਦੀ ਚੀਸ ਕਬਰਾਂ ਨੂੰ ਵੀ ਸਿਸਕਣ ਲਾਉਂਦੀ।

ਕਬਰਾਂ ਨੂੰ ਧਰਮ, ਜਾਤ, ਨਸਲਾਂ, ਫਿਰਕੇ ਜਾਂ ਖਿੱਤਿਆਂ ਵਿਚ ਨਹੀਂ ਵੰਡਿਆ ਜਾ ਸਕਦਾ, ਕਿਉਂਕਿ ਇਹ ਹਰ ਮਨੁੱਖ ਦਾ ਆਖਰੀ ਠਿਕਾਣਾ; ਪਰ ਸਮੇਂ ਦੀ ਕੇਹੀ ਤ੍ਰਾਸਦੀ ਹੈ ਕਿ ਅਸੀਂ ਇਨ੍ਹਾਂ ਨੂੰ ਕਬਰਾਂ, ਸਿਵਿਆਂ, ਮੜੀਆਂ, ਮਸਾਣਾਂ, ਮਕਬਰਿਆਂ ਆਦਿ ਵਿਚ ਵੰਡ ਕੇ ਮੌਤ ਦੀ ਹੀ ਤੌਹੀਨ ਕਰਨ ਲੱਗੇ ਹਾਂ। ਆਪਣੇ ਅਸਤਿਤਵ ਤੋਂ ਅਣਜਾਣ ਲੋਕ ਕਿਵੇਂ ਜਾਣ ਸਕਦੇ ਨੇ ਕਬਰਾਂ ਦਾ ਦਰਦ ਕਿ ਉਹ ਕਿਵੇਂ ਲਾਸ਼ਾਂ ਨੂੰ ਆਪਣੇ ਵਿਚ ਸਮਾਉਣ ਤੋਂ ਬਾਅਦ ਵੀ ਹਰ ਇਕ ਨਵੀਂ ਲੋਥ ਲਈ ਨਵੀਂ ਥਾਂ ਪੈਦਾ ਕਰ ਲੈਂਦੀਆਂ?

ਕਬਰਾਂ ਦਾ ਸਫਰ ਵੀ ਅਨੋਖਾ, ਡਰਾਉਣਾ ਅਤੇ ਘਿਨਾਉਣਾ। ਇਨ੍ਹਾਂ ਦੀ ਅਉਧ ਅਤੇ ਔਕਾਤ ਦੇ ਰੂਬਰੂ ਹੋਣਾ, ਅਸਾਨ ਨਹੀਂ; ਪਰ ਇਨ੍ਹਾਂ ਦੀ ਦਿੱਖ ਨੂੰ ਸੰਵਾਰਨ ਅਤੇ ਮ੍ਰਿਤਕ ਲਈ ਜੀ-ਆਇਆਂ ਦਾ ਸੁਨੇਹਾ ਉਪਜਾਉਣ ਵੱਲ ਜਦ ਕੁਝ ਦੇਵਤਾ-ਨੁਮਾ ਲੋਕ ਪ੍ਰੇਰਤ ਹੁੰਦੇ ਤਾਂ ਚੰਗਾ ਲੱਗਦਾ ਹੈ ਇਨ੍ਹਾਂ ਨੂੰ ਕਿ ਕੁਝ ਲੋਕ ਤਾਂ ਇੰਨੇ ਸੰਵੇਦਨਸ਼ੀਲ ਨੇ ਜੋ ਕਬਰਾਂ ਦੇ ਬਹਾਨੇ ਤੁਰ ਗਏ ਪਿਆਰਿਆਂ ਨੂੰ ਅਕਸਰ ਹੀ ਆ ਕੇ ਮਿਲਦੇ ਨੇ। ਜਦ ਅਸੀਂ ਆਪਣੇ ਬਜੁਰਗਾਂ ਦੀਆਂ ਮੜੀਆਂ, ਮੱਟੀਆਂ, ਮਕਬਰਿਆਂ ਜਾਂ ਸਿਵਿਆਂ 'ਤੇ ਕਿਸੇ ਤਿੱਥ, ਤਿਓਹਾਰ 'ਤੇ ਦੀਵਾ ਜਗਾਉਂਦੇ, ਫੁੱਲ ਭੇਟ ਕਰਦੇ ਅਤੇ ਮਨ ਵਿਚ ਉਮੜੀ ਉਦਾਸੀ ਨੂੰ ਘਟਾਉਣ ਲਈ ਨਤਮਸਤਕ ਹੁੰਦੇ ਤਾਂ ਅਸੀਂ ਇਨ੍ਹਾਂ ਪਲਾਂ ਵਿਚ ਕਬਰਾਂ ਰਾਹੀਂ ਹੀ ਆਪਣੇ ਪਿਆਰਿਆਂ ਦੇ ਦੀਦਾਰ ਕਰਦੇ। ਤਾਂ ਹੀ ਅੰਗਰੇਜ਼ਾਂ ਦੀਆਂ ਕਬਰਾਂ ਸਦਾ ਫੁੱਲਾਂ ਅਤੇ ਗੁਲਦਸਤਿਆਂ ਨਾਲ ਸਜੀਆਂ ਹੁੰਦੀਆਂ। ਮਜ਼ਾਰਾਂ 'ਤੇ ਅਕਸਰ ਹੀ ਦੀਵਾ ਜਗਦਾ ਤੇ ਸੱਜਦਾ ਕਰਦਿਆਂ ਨੂੰ ਦੇਖਦੇ ਹਾਂ। ਹੁਣ ਤਾਂ ਪੰਜਾਬ ਵਿਚ ਵੀ ਸਿਵਿਆਂ ਦੀ ਸੁੰਦਰਤਾ ਵਧਾਉਣ ਲਈ ਉਪਰਾਲੇ ਕੀਤੇ ਜਾ ਰਹੇ ਨੇ, ਜੋ ਮਨੁੱਖ ਵਲੋਂ ਮੌਤ ਦੀ ਸੱਚਾਈ ਨੂੰ ਕਬੂਲ ਕਰਨਾ ਅਤੇ ਇਸ ਨੂੰ ਖੁਸ਼-ਆਮਦੀਦ ਕਹਿਣ ਦਾ ਸ਼ੁਭ ਸੰਕੇਤ ਹੈ।

ਕਬਰਾਂ ਨੂੰ ਕਮਾਈ ਦਾ ਸਾਧਨ ਬਣਾਉਣ ਵਾਲੇ ਕੁਕਰਮੀ ਲੋਕ। ਉਨ੍ਹਾਂ ਦੀ ਹੈਵਾਨੀਅਤ, ਉਨ੍ਹਾਂ ਦਾ ਹਾਸਲ। ਉਨ੍ਹਾਂ ਦੇ ਕੁਕਰਮਾਂ, ਕੁਹਜਾਂ ਅਤੇ ਖੁਨਾਮੀਆਂ ਦਾ ਖਮਿਆਜ਼ਾ ਭੁਗਤਣ ਲਈ ਕਈ ਵਾਰ ਜਨਮ ਲੈਣਾ ਪੈਣਾ। ਦਰਅਸਲ ਜਦ ਬੰਦੇ ਨੂੰ ਆਪਣੀ ਮੌਤ ਯਾਦ ਨਾ ਰਹੇ ਤਾਂ ਉਹ ਕਬਰਾਂ ਵਿਚੋਂ ਕਮਾਈ ਦੇ ਰਾਹ ਤੁਰਦਾ।

ਜਦ ਕਬਰਾਂ ਦੇ ਰਾਹਾਂ ਨੂੰ ਲਾਮਡੋਰੀਆਂ ਦਾ ਸਰਾਪ ਮਿਲਦਾ, ਸਿਵੇ ਨੂੰ ਠੰਢਾ ਹੋਣ ਦਾ ਵਕਤ ਵੀ ਨਾ ਮਿਲੇ ਅਤੇ ਜਿੰਦ ਤੋਂ ਵੀ ਪਿਆਰਿਆਂ ਨੂੰ ਸਦੀਵੀ ਅਲਵਿਦਾ ਕਹਿਣ ਲਈ ਇੰਤਜ਼ਾਰ ਕਰਨਾ ਪਵੇ ਤਾਂ ਕਬਰਾਂ, ਪੀੜਾ ਵਿਚ ਪਸੀਜ ਜਾਂਦੀਆਂ। ਇਹ ਕੇਹੀ ਤ੍ਰਾਸਦੀ ਕਿ ਕਬਰਾਂ ਵੀ ਫੈਲਣ ਦੇ ਰਾਹ ਤੁਰ ਪੈਣ, ਸਿਵਿਆਂ ਦੀ ਥਾਂ ਛੋਟੀ ਪੈ ਜਾਵੇ ਅਤੇ ਖਾਰੇ ਹੰਝੂਆਂ ਨੂੰ ਸੁਕਾਉਣ ਲਈ ਵੀ ਉਡੀਕ ਕਰਨੀ ਪਵੇ।

ਜਦ ਇਕ ਸਿਵੇ ਦੇ ਠੰਢਾ ਹੋਣ ਦੀ ਝਾਕ ਵਿਚ ਬਹੁਤ ਸਾਰੀਆਂ ਅਰਥੀਆਂ ਸਿਵੇ ਵਿਚ ਜਾਣ ਲਈ ਕਾਹਲੀਆਂ ਪੈ ਜਾਣ ਅਤੇ ਬੰਦੇ ਦੀ ਵਪਾਰਕ ਬਿਰਤੀ ਕੁਝ ਲਾਭ ਖੱਟਣ ਦੀ ਝਾਕ ਰੱਖੇ ਤਾਂ ਕਦੇ ਬਲਦੇ ਸਿਵੇ ਕੋਲ ਬੈਠੈ ਕੇ ਤੁਰ ਗਿਆਂ ਨੂੰ ਚਿੱਤਵਣਾ, ਸ਼ਾਇਦ ਮਨ ਵਿਚ ਤਰਸ ਤੇ ਰਹਿਮ ਦੀ ਭਾਵਨਾ ਪੈਦਾ ਹੋਵੇ। ਫਿਰ ਬੰਦਾ ਉਹ ਕੁਝ ਕਰੇ, ਜੋ ਕੁਝ ਕੁ ਧਰਮੀ ਲੋਕ ਲਾਵਾਰਸ ਲਾਸ਼ਾਂ ਦਾ ਸਸਕਾਰ ਕਰਨ ਜਾਂ ਕਰੋਨਾ ਤੋਂ ਪੀੜਤ ਮ੍ਰਿਤਕਾਂ ਨੂੰ ਦਫਨਾਉਣ ਜਾਂ ਜਲਾਉਣ ਲਈ ਅੱਗੇ ਆਉਂਦੇ, ਜਦ ਕਿ ਉਨ੍ਹਾਂ ਦੇ ਆਪਣੇ, ਉਨ੍ਹਾਂ ਨੂੰ ਨਕਾਰ, ਉਨ੍ਹਾਂ ਦੀ ਮੌਤ ਨੂੰ ਜਲੀਲ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ।

ਕਦੇ ਉਸ ਕਬਰ ਦੇ ਦੁੱਖ ਨੂੰ ਮਹਿਸੂਸਣਾ, ਜਿਸ ਨੂੰ ਆਪਣੀ ਹੋਂਦ ਲਈ ਕੋਈ ਥਾਂ ਦੇਣ ਨੂੰ ਵੀ ਤਿਆਰ ਨਹੀਂ। ਕਿੰਨੀ ਬੇਕਦਰੀ, ਬੇਕਿਰਕੀ, ਬੇਅਦਬੀ ਅਤੇ ਬੇਹੁਰਮਤੀ ਹੁੰਦੀ ਏ ਲਾਸ਼ ਦੀ, ਜਦ ਉਸ ਦੇ ਸਸਕਾਰ ਲਈ ਦਰ-ਬ-ਦਰ ਭਟਕਣ ਦੀ ਨੌਬਤ ਆ ਜਾਵੇ।

ਕਦੇ ਪਥਰਾਈਆਂ ਅੱਖਾਂ ਵਿਚ ਉਗ ਰਹੀਆਂ ਕਬਰਾਂ ਅਤੇ ਇਨ੍ਹਾਂ ਵਿਚੋਂ ਪੈਦਾ ਹੋ ਰਹੇ ਮੂਕ ਵਿਰਲਾਪ ਨੂੰ ਸੁਣਨ ਦੀ ਹਿੰਮਤ ਪੈਦਾ ਕਰੋ ਤਾਂ ਪਤਾ ਲਗੇਗਾ ਕਿੰਝ ਦੀਦੇ ਸਿਰਫ ਕਬਰਾਂ ਬਣ ਕੇ ਹੀ ਸਦਾ ਲਈ ਬੰਦ ਹੋ ਜਾਂਦੇ ਨੇ।

ਘਰ ਜਦ ਕਬਰ ਬਣਨ ਦੇ ਰਾਹ ਪੈ ਜਾਵੇ ਤਾਂ ਇਸ ਵਿਚੋਂ ਵੱਸਦੇ ਘਰਾਂ ਨੂੰ ਕਿਵੇਂ ਕਿਆਸ ਸਕੋਗੇ? ਅਜਿਹੀ ਮਾਨਸਿਕਤਾ ਨੂੰ ਕਿੰਨਾ ਔਖਾ ਹੈ ਸਮਝਣਾ ਜਦ ਕੋਈ ਘਰ ਨੂੰ ਅੱਗ ਲਾ, ਇਸ ਨੂੰ ਬਲਦਾ ਸਿਵਾ ਬਣਾ, ਆਪਣਿਆਂ ਨੂੰ ਸਦਾ ਦੀ ਨੀਂਦ ਸੁਆ ਦਿੰਦਾ। ਅਜਿਹੀ ਖੌਫਨਾਕ ਮਾਨਸਿਕਤਾ ਸਿਰਫ ਮਰਨ-ਮਿੱਟੀ ਢੋਣ ਜੋਗੀ ਹੀ ਹੁੰਦੀ।

ਕਬਰਾਂ ਦੀ ਤਵਾਰੀਖ, ਬੰਦੇ ਦੇ ਜਨਮ ਤੋਂ ਸ਼ੁਰੂ ਅਤੇ ਬੰਦੇ ਦੇ ਤੁਰ ਜਾਣ ਤੀਕ ਜਾਰੀ ਰਹਿਣੀ। ਕਬਰਾਂ ਦੀ ਤਾਸੀਰ ਤੇ ਤਵਾਰੀਖ ਮਰਨ ਵਾਲੇ ਦੀ ਕੀਰਤੀ, ਕਰਨੀ ਅਤੇ ਕਰਮ-ਯੋਗਤਾ ਜਾਂ ਕੁਲਹਿਣੇ ਵਰਤਾਰਿਆਂ 'ਤੇ ਨਿਰਭਰ। ਕੁਝ ਕਬਰਾਂ ਧਿਰਕਾਰੀਆਂ ਜਾਂਦੀਆਂ, ਕੁਝ ਸਤਿਕਾਰੀਆਂ ਜਾਂਦੀਆਂ, ਕੁਝ ਉਸਾਰੀਆਂ ਜਾਂਦੀਆਂ, ਕੁਝ ਪਿਆਰੀਆਂ ਜਾਂਦੀਆਂ, ਕੁਝ ਸ਼ਿੰਗਾਰੀਆਂ ਜਾਂਦੀਆਂ ਤੇ ਕੁਝ ਰੌਸ਼ਨ ਮੀਨਾਰ ਬਣ ਕੇ ਆਉਣ ਵਾਲੀਆਂ ਪੀੜੀਆਂ ਦਾ ਮਾਰਗ-ਦਰਸ਼ਨ ਕਰਦੀਆਂ।

ਤਾਜ ਮਹਿਲ ਵੀ ਮੁਮਤਾਜ ਦੀ ਪਿਆਰੀ ਯਾਦ ਵਿਚ ਸ਼ਹਿਨਸ਼ਾਹ ਵਲੋਂ ਉਸਾਰਿਆ ਮਕਬਰਾ ਹੈ, ਜਿਨ੍ਹਾਂ ਨੂੰ ਦੁਨੀਆਂ ਭਰ ਤੋਂ ਕਲਾ ਪ੍ਰੇਮੀ ਅਤੇ ਪਿਆਰ ਦੀਵਾਨੇ ਮਸਤਕ ਹੋਣ ਲਈ ਵਹੀਰਾਂ ਘੱਤ ਕੇ ਪਹੁੰਚਦੇ। ਪਰ ਸ਼ਾਹਜਹਾਨ ਦੇ ਮਨ ਵਿਚ ਕੇਹੋ ਜਿਹੀ ਚੀਸ ਪੈਦਾ ਹੋਈ ਹੋਵੇਗੀ, ਜਦ ਉਹ ਆਗਰੇ ਦੇ ਕਿਲੇ ਵਿਚ ਕੈਦ, ਤਾਜ ਮਹਿਲ ਵੰਨੀਂ ਝਾਕਦਾ ਹੋਵੇਗਾ।

ਚਾਂਦਨੀ ਚੌਕ ਨੂੰ ਹੁਣ ਤੀਕ ਵੀ ਯਾਦ ਹੈ ਕਿ ਕਿਵੇਂ ਗੁਰੂ ਤੇਗ ਬਹਾਦਰ ਜੀ ਨੂੰ ਕਤਲ ਕੀਤਾ ਗਿਆ ਸੀ? ਕਿਵੇਂ ਭਾਈ ਮਤੀ ਦਾਸ, ਸਤੀ ਦਾਸ ਅਤੇ ਦਿਆਲਾ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ? ਅਜਿਹੇ ਅਸਥਾਨ ਹੀ ਪੂਜਣ ਯੋਗ ਬਣ ਕੇ, ਅਮੀਰ ਵਿਰਾਸਤ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੋਰਦੇ, ਭਵਿੱਖੀ ਨਸਲਾਂ ਨੂੰ ਪੁਰਖਿਆਂ ਦੀ ਵਿਰਾਸਤ ਨਾਲ ਲੋੜਦੇ।

ਸਰਹਿੰਦ ਦੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਨੂੰ ਨਤਮਸਤਕ ਹੁੰਦਿਆਂ, ਕਦੇ ਛੋਟੇ ਸਾਹਿਬਜ਼ਾਦਿਆਂ ਜਾਂ ਮਾਤਾ ਗੁਜਰੀ ਦੀਆਂ ਬਲਦੀਆਂ ਚਿਤਾਵਾਂ ਨੂੰ ਕਿਆਸ ਕਰਨਾ ਤਾਂ ਪਤਾ ਲੱਗੇਗਾ ਕਿ ਇਨ੍ਹਾਂ ਮਾਸੂਮਾਂ ਦੀ ਸ਼ਹਾਦਤ ਨੇ ਕਿਵੇਂ ਇਤਿਹਾਸ ਸਿਰਜਿਆ ਸੀ? ਸਸਕਾਰ ਲਈ ਖਰੀਦੀ ਗਈ ਇਹ ਜਗਾ ਦੁਨੀਆਂ ਦੀ ਹੁਣ ਤੀਕ ਦੀ ਸਭ ਤੋਂ ਮਹਿੰਗੀ ਜਗਾ ਹੈ, ਜਿਸ ਨੂੰ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਨੂੰ ਖੜ੍ਹੀਆਂ ਕਰਕੇ ਖਰੀਦਿਆ ਸੀ।

ਕਬਰਾਂ ਕਦੇ ਵੀ ਕਾਹਲੀ ਨਹੀਂ ਕਰਦੀਆਂ ਅਤੇ ਨਾ ਹੀ ਸਿਵੇ ਤਲਬਗਾਰ ਹੁੰਦੇ ਕਿ ਇਹ ਕਦੇ ਵੀ ਸਾਹ ਨਾ ਲੈਣ। ਇਹ ਤਾਂ ਮਨੁੱਖੀ ਵਰਤਾਰਿਆਂ ਵਿਚੋਂ ਪੈਦਾ ਹੋਈ ਮੌਤ ਦਾ ਕਹਿਰ ਹੈ ਕਿ ਹੁਣ ਸਿਵੇ ਵੀ ਸਾਹ ਨਹੀਂ ਲੈਂਦੇ ਅਤੇ ਕਬਰਾਂ ਦੀ ਖੁਦਾਈ ਵੀ ਜਾਰੀ ਆ। ਜਦ ਹਰ ਵਿਹਲੀ ਥਾਂ ਵਿਚ ਸਿਵੇ ਬਲਣ ਲੱਗ ਪੈਣ ਤਾਂ ਤ੍ਰਾਸਦੀ ਦੀ ਭਿਆਨਕਤਾ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ। ਜਦ ਹਾਕਮ ਬੇਰੁਖੀ ਅਤੇ ਬੇਰਹਿਮੀ ਦਾ ਬੁਰਕਾ ਪਾ ਲਵੇ ਤਾਂ ਮੌਤਾਂ ਦੀ ਗਿਣਤੀ ਕਰਨਾ ਵੀ ਮੁਹਾਲ ਹੋ ਜਾਂਦਾ। ਫਿਰ ਕਬਰਾਂ ਵਿਚਾਰੀਆਂ ਵੀ ਕੀ ਕਰਨ? ਸਿਵਿਆਂ ਨੂੰ ਸਾਹ ਕਿੰਜ ਆਵੇ? ਕਿੰਨਾ ਕੁ ਚਿਰ ਲੋਕ ਸਿਵਿਆਂ ਨੂੰ ਅਗਨੀ ਦਿੰਦੇ, ਆਤਮਿਕਤਾ ਨੂੰ ਕੋਂਹਦੇ ਰਹਿਣਗੇ?

ਕਬਰਾਂ ਨੂੰ ਕੀਰਨੇ, ਕੁਰਲਾਹਟ, ਵੈਣ, ਵਿਰਲਾਪ, ਸਿਸਕੀਆਂ, ਹੰਝੂ, ਹਾਵਿਆਂ ਅਤੇ ਹਟਕੋਰਿਆਂ ਨੂੰ ਸੁਣਨ ਦੀ ਆਦਤ ਪੈ ਜਾਂਦੀ। ਇਸ ਕਾਰਨ ਚੌਗਿਰਦਾ ਲਪੇਟ ਵਿਚ ਆਉਂਦਾ, ਮਸੋਸ ਦਾ ਵਿਰਾਟ ਰੂਪ ਧਾਰ, ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਤ ਕਰਦਾ ਅਤੇ ਹਰ ਮਨੁੱਖ ਆਪਣੀ ਕਬਰ ਖੋਦਣ ਵਿਚ ਮਸ਼ਰੂਫ ਹੋ ਜਾਂਦਾ।

ਜਦ ਕੋਈ ਹੈਵਾਨ ਕਿਸੇ ਸਕੂਲ, ਹਸਪਤਾਲ, ਧਾਰਮਿਕ ਅਦਾਰੇ ਨੂੰ ਸ਼ਮਸ਼ਾਨ ਘਾਟ ਬਣਾਉਣ ਲਈ ਬੰਬਾਂ, ਗੋਲਿਆਂ ਜਾਂ ਆਤਮਘਾਤੀ ਹਮਲਿਆਂ ਦਾ ਨਿਸ਼ਾਨਾ ਬਣਾ ਲਵੇ ਤਾਂ ਸਮਝ ਲਵੋ ਕਿ ਮਨੁੱਖ ਦੇ ਮਨ ਵਿਚ ਬਲਦੇ ਸਿਵੇ ਹੀ ਅਜਿਹਾ ਅਣਮਨੁੱਖੀ ਕਾਰਾ ਕਰਦੇ। ਲੋੜ ਹੈ ਕਿ ਅਜਿਹੀ ਭਿਆਨਕਤਾ ਤੋਂ ਪਹਿਲਾਂ ਬੰਦੇ ਦੀ ਮਾਨਸਿਕਤਾ ਨੂੰ ਸਮਝ ਕੇ ਉਸ ਦੀਆਂ ਤਰਜ਼ੀਹਾਂ ਤੇ ਤਰਤੀਬਾਂ ਨੂੰ ਸਹੀ ਤਰੀਕੇ ਨਾਲ ਸਹੀ ਦਿਸ਼ਾ ਦਿਤੀ ਜਾਵੇ।

ਕਬਰਾਂ ਦੀ ਅੱਖ ਵਿਚ ਉਗੀ ਉਸ ਵੇਦਨਾ ਨੂੰ ਪੜ੍ਹਨਾ, ਜਦ ਕੋਈ ਘਰ ਦੇ ਜੀਅ ਨੂੰ ਮੋਢਾ ਦਿੰਦਾ। ਖੁਦ ਹੀ ਅੱਗ ਲਾ, ਜੀਅ ਨਾਲੋਂ ਬਾਹਰਮੁਖੀ ਰਿਸ਼ਤਾ ਤੋੜਨ ਦਾ ਐਲਾਨ ਕਰਦੇ। ਪਰ ਕੋਈ ਨਹੀਂ ਤੋੜ ਸਕਦਾ ਰੂਹ ਵਿਚ ਪੈਦਾ ਹੋਈਆਂ ਉਨ੍ਹਾਂ ਸਾਂਝਾਂ, ਸਬੰਧਾਂ ਅਤੇ ਸੂਖਨਤਾ ਭਰੇ ਅਹਿਸਾਸਾਂ ਨੂੰ, ਜਿਨ੍ਹਾਂ ਦੀ ਸਾਂਝ ਵਿਚ ਜੀੜਨ ਨੂੰ ਨਵੀਆਂ ਸੰਭਾਵਨਾਵਾਂ, ਸਮਰੱਥਾਵਾਂ ਅਤੇ ਸ਼ਿਲਾਲੇਖਾਂ ਦਾ ਸਿਰਨਾਵਾਂ ਮਿਲਿਆ ਹੁੰਦਾ।

ਧਾਰਮਿਕ ਗ੍ਰੰਥਾਂ, ਵੇਦਾਂ ਅਤੇ ਪੁਸਤਕਾਂ ਵਿਚ ਮੌਤ ਨੂੰ ਸਭ ਤੋਂ ਜ਼ਿਆਦਾ ਅਹਿਮੀਅਤ ਦਿੱਤੀ ਗਈ ਹੈ ਤਾਂ ਕਿ ਮਨੁੱਖ, ਮੌਤ ਦੇ ਡਰ ਤੋਂ ਕੁਕਰਮਾਂ ਦਾ ਰਾਹ ਨਾ ਮੱਲੇ। ਉਸ ਦੇ ਸੁਪਨਿਆਂ ਵਿਚ ਸਬਰ, ਸੰਤੋਖ ਅਤੇ ਸਹਿਜ ਹੋਵੇ। ਉਹ ਕਿਸੇ ਦੇ ਸੁਪਨਿਆਂ ਨੂੰ ਲੀਰਾਂ ਕਰਨ, ਰੀਝਾਂ ਨੂੰ ਰਿੜਕਣ, ਆਸਾਂ ਦੀ ਬੇਕਦਰੀ ਅਤੇ ਉਮੀਦ ਨੂੰ ਤੋੜਨ ਤੋਂ ਖੁਦ ਨੂੰ ਰੋਕੇ। ਆਪਣੇ ਜੀਵਨ ਨੂੰ ਅਰਥ-ਭਰਪੂਰ, ਲਾਹਾ ਲੈਣ ਵਾਲਾ ਅਤੇ ਬੰਦਗੀ, ਬੰਦਿਆਈ ਅਤੇ ਬਰਖੁਰਦਾਰੀ ਵਾਲਾ ਬਣਾਵੇ।

ਦਰਅਸਲ ਮਨੁੱਖ ਦੀ ਇਹ ਕੇਹੀ ਫਿਤਰਤ ਹੈ ਕਿ ਉਸ ਨੇ ਆਪਣੀ ਸਿਆਣਪ ਅਤੇ ਖੁਦਦਾਰੀ ਨੂੰ ਸਿਰਫ ਕਬਰਾਂ ਦੀ ਗਿਣਤੀ ਵਧਾਉਣ ਵੱਲ ਹੀ ਸੇਧਤ ਕਰ ਰੱਖਿਆ ਹੈ। ਭਾਵੇਂ ਇਹ ਵਾਤਵਾਰਣ ਵਿਚ ਪੈਦਾ ਹੋਇਆ ਵਿਗਾੜ ਹੋਵੇ, ਧਰਤੀ, ਪਾਣੀ ਤੇ ਹਵਾ ਵਿਚ ਪੈਦਾ ਹੋਇਆ ਪ੍ਰਦੂਸ਼ਣ ਹੋਵੇ, ਮਨੁੱਖ ਮਾਰੂ ਬਿਰਤੀਆਂ ਦਾ ਵਿਸਥਾਰ ਹੋਵੇ ਜਾਂ ਜੰਗਾਂ ਵਿਚ ਉਲਝਿਆ ਸੰਸਾਰ ਹੋਵੇ। ਇਹ ਸਭ ਮੌਤ ਦਾ ਸਮਾਨ, ਉਸਰ ਰਹੇ ਸ਼ਮਸ਼ਾਨ, ਘਰਾਂ ਨੂੰ ਤੁਰ ਪਏ ਮਸਾਣ ਅਤੇ ਤਾਂ ਹੀ ਗਾਇਬ ਹੋ ਰਿਹਾ ਇਨਸਾਨ।

ਮੌਤ ਨਿਸ਼ਚਿਤ ਹੈ, ਕਬਰ ਵੀ ਬਣਨੀ ਅਤੇ ਮਨੁੱਖ ਨੇ ਸਿਵੇ ਦੀ ਅਗਨੀ ਵੀ ਸੇਕਣੀ ਹੈ, ਪਰ ਕਬਰ ਨੂੰ ਸਭ ਤੋਂ ਵੱਧ ਦੁੱਖ ਉਸ ਸਮੇਂ ਹੁੰਦਾ, ਜਦ ਧੀ ਨੂੰ ਕੁੱਖ ਵਿਚ ਮਾਰਿਆ ਜਾਂਦਾ, ਨੂੰਹ ਨੂੰ ਤੇਲ ਪਾ ਕੇ ਸਾੜਿਆ ਜਾਂਦਾ, ਕੋਈ ਬੇਰੁਜ਼ਗਾਰ ਨਹਿਰ ਵਿਚ ਛਾਲ ਮਾਰਦਾ, ਕਰਜ਼ੇ ਤੋਂ ਪ੍ਰੇਸ਼ਾਨ ਕਿਰਸਾਨ ਟਾਹਲੀ 'ਤੇ ਫਾਹਾ ਲੈਂਦਾ, ਬਜੁਰਗ ਮਾਪੇ ਘਰ ਵਿਚ ਹੀ ਲਾਸ਼ ਬਣ ਜਾਂਦੇ ਜਾਂ ਦੁਰਘਟਨਾ ਸੰਦਲੀ ਸੁਪਨਿਆਂ ਦਾ ਸੰਤਾਪ ਬਣਦੀ ਜਾਂ ਕਿਸੇ ਹਵਾਈ ਜਹਾਜ਼, ਬੱਸ ਜਾਂ ਕਾਰ ਨੂੰ ਬੰਬਾਂ ਨਾਲ ਉਡਾਇਆ ਜਾਂਦਾ। ਅਜਿਹੀਆਂ ਬੇਵਕਤ, ਬੇਰਹਿਮ ਅਤੇ ਬਦਇਖਲਾਕੀ ਵਰਤਾਰਿਆਂ ਕਾਰਨ ਪੈਦਾ ਹੋਈਆਂ ਲਾਸ਼ਾਂ ਨੂੰ ਦਫਨਾਉਣ ਲੱਗਿਆਂ ਕਬਰਾਂ ਵਿਚੋਂ ਹੂਕਾਂ ਤੇ ਹਾਵਿਆਂ ਨੂੰ ਸੁਣਿਆ ਜਾ ਸਕਦਾ।

ਕਬਰਾਂ, ਸਮਾਰਕਾਂ, ਮਕਬਰਿਆਂ ਜਾਂ ਮੜੀਆਂ 'ਤੇ ਉਕਰੇ ਹੋਏ ਨਾਮ ਉਨ੍ਹਾਂ ਪਿਆਰਿਆਂ ਦੀ ਸਨੇਹਪੂਰਨ ਯਾਦ ਨੂੰ ਅਰਪਿੱਤ ਹੁੰਦੇ, ਜਿਹੜੇ ਕਬਰਾਂ ਵਿਚ ਬੈਠੇ ਵੀ ਆਪਣਿਆਂ ਨੂੰ ਉਡੀਕਦੇ ਨੇ। ਤਾਂ ਹੀ ਲੋਕ ਆਪਣੇ ਪਿਆਰਿਆਂ ਨੂੰ ਮਿਲਣ ਲਈ ਕਬਰਸਤਾਨ ਦੀ ਯਾਤਰਾ ਕਰਦੇ।

ਕਬਰ ਵਿਚ ਦਫਨਾਉਂਦੇ ਸਾਰ ਹੀ ਟੁੱਟ ਜਾਂਦੇ ਰਿਸ਼ਤੇ। ਆਪਣਿਆਂ ਨੂੰ ਭੁੱਲ ਜਾਂਦੇ ਆਪਣੇ। ਕੌਣ ਰੋਂਦਾ ਏ ਸਾਰੀ ਉਮਰ। ਵਕਤ ਨਾਲ ਤਾਂ ਅੱਖਾਂ ਵਿਚਲੇ ਹੰਝੂ ਵੀ ਸੁੱਕ ਜਾਂਦੇ।

ਸੰਗਮਰਮਰੀ ਕਬਰ ਦੇ ਨਾਲ ਜੁੜ ਕੇ ਬੈਠੀ, ਮਿੱਟੀ ਦੀ ਕਬਰ ਇਸ ਗੱਲ ਦੀ ਗਵਾਹ ਹੈ ਲੋਕ ਅਮੀਰੀ-ਗਰੀਬੀ ਨੂੰ ਕਬਰਾਂ ਤੀਕ ਵੀ ਲੈ ਆਉਂਦੇ। ਕਬਰ ਕਿੰਨੀ ਵੀ ਕੀਮਤੀ ਹੋਵੇ ਮੌਤ ਤਾਂ ਮੌਤ ਹੀ ਹੁੰਦੀ ਏ। ਕਬਰ ਨਾਲੋਂ ਕਬਰ ਵਿਚ ਪਿਆ ਇਨਸਾਨ ਮਹਾਨ ਹੋਣਾ ਚਾਹੀਦਾ।

ਜੋ ਜ਼ਿੰਦਗੀ ਦੀਆਂ ਦੁਸ਼ਵਾਰੀਆਂ, ਕਸ਼ਟਾਂ ਅਤੇ ਕਮੀਆਂ ਵਿਚੋਂ ਸਾਹਾਂ ਨੂੰ ਭਾਲਣ ਵਿਚ ਉਲਝੇ ਰਹੇ, ਉਨ੍ਹਾਂ ਲਈ ਕਬਰ ਦਾ ਸਮਾਂ ਹੀ ਸ਼ਾਂਤੀ ਨਾਲ ਭਰਪੂਰ ਹੁੰਦਾ। ਪਤਾ ਨਹੀਂ ਕਿਉਂ ਲੋਕ ਰੋ ਕੇ, ਸੁੱਤਿਆਂ ਨੂੰ ਜਗਾਉਣ ਤੋਂ ਬਾਜ਼ ਨਹੀਂ ਆਉਂਦੇ। ਕਬਰ ਵਿਚ ਪਇਆਂ ਨੂੰ ਚੈਨ ਦੀ ਨੀਂਦ ਸੋਣ ਦਿਓ।

ਕਬਰ ਦਾ ਇਹ ਕੇਹਾ ਸਫਰ। ਆਪਣਿਆਂ ਦਾ ਹੀ ਜਬਰ। ਪੁੱਟਦੇ ਰਹੇ ਮੇਰੀ ਕਬਰ। ਜਿਉਂਦੇ ਜੀਅ ਨਾ ਕੋਈ ਟੱਬਰ। ਨਾ ਹੀ ਕੋਈ ਕਦਰ। ਸਿਰਫ ਸਾਹਾਂ ਨੂੰ ਦਿੰਦੇ ਰਹੇ ਸਬਰ। ਤਾਂ ਹੀ ਮਰਨ ਤੋਂ ਬਾਅਦ ਹੋਇਆ ਇਹ ਹਸ਼ਰ।

ਸੰਵੇਦਨਸ਼ੀਲ ਵਿਅਕਤੀ ਠੰਢੇ ਸਿਵੇ ਕੋਲ ਬੈਠਾ ਹੈ। ਮ੍ਰਿਤਕ ਦੇ ਫੁੱਲ ਚੁਗਦਿਆਂ ਸੋਚ ਰਿਹਾ ਕਿ ਮਰਨ ਵਾਲੇ ਦਾ ਗਰੂਰ ਤੇ ਫਤੂਰ ਰਾਖ ਵਿਚੋਂ ਨਜ਼ਰ ਨਹੀਂ ਆ ਰਿਹਾ। ਨਾ ਹੀ ਬੇਈਮਾਨੀ ਤੇ ਠੱਗੀ ਨਾਲ ਲਾਏ ਦੌਲਤ ਦੇ ਅੰਬਾਰ ਦਿਸਦੇ ਨੇ। ਪਤਾ ਨਹੀਂ ਸਾਰੀ ਉਮਰ ਕਿਹੜੇ ਭੁਲੇਖੇ ਵਿਚ ਰਿਹਾ?

ਕਬਰ, ਕੱਫਣ, ਜਨਾਜਾ ਜਾਂ ਮਕਬਰਾ ਤਾਂ ਬੇਮਾਅਨੀਆਂ ਗੱਲਾਂ। ਬੰਦਾ ਤਾਂ ਉਸ ਦਿਨ ਹੀ ਮਰ ਜਾਂਦਾ, ਜਦ ਉਸ ਨੂੰ ਕੋਈ ਵੀ ਯਾਦ ਨਹੀਂ ਕਰਦਾ। ਅੰਦਰੋਂ ਮਰਨ ਵਾਲਿਆਂ ਦੀ ਮੌਤ ਸਭ ਤੋਂ ਮਾੜੀ ਤੇ ਤਰਸਮਈ ਹੁੰਦੀ।

ਕਬਰਾਂ ਵਿਚ ਹੀ ਦਫਨ ਨੇ ਦੁਨੀਆਂ ਨੂੰ ਸਰ ਕਰਨ ਵਾਲੇ ਯੋਧੇ। ਪੀਰ-ਪੈਗੰਬਰ, ਗੁਰੂ, ਔਲੀਏ, ਸ਼ਹਿਨਸ਼ਾਹ, ਦੁਨੀਆਂ ਤੇ ਰਾਜ ਕਰਨ ਵਾਲੇ ਸ਼ਾਸ਼ਕ, ਜੁਲਮ ਕਮਾਉਣ ਵਾਲੇ ਜਾਬਰ ਅਤੇ ਸਿਰਾਂ ਦੀ ਗਿਣਤੀ ਕਰਨ ਵਾਲੇ ਅਧਰਮੀ। ਲੋਕ ਸਿਰਫ ਉਨ੍ਹਾਂ ਨੂੰ ਹੀ ਯਾਦ ਕਰਦੇ, ਜਿਨ੍ਹਾਂ ਨੇ ਇਨਸਾਨੀਅਤ ਨੂੰ ਜਿਉਂਦਾ ਰੱਖਣ ਅਤੇ ਆਦਮੀਅਤ ਦੀ ਬੁਲੰਦਗੀ ਲਈ ਪ੍ਰਮੁੱਖ ਯੋਗਦਾਨ ਪਾਇਆ ਹੁੰਦਾ।

ਕਬਰਾਂ ਦੀ ਦੁਆ ਹੈ ਕਿ ਮੌਤ ਨੂੰ ਆਪਣੀ ਮੌਤੇ ਸਫਰ ਕਰਨ ਦਿਓ। ਮੌਤ ਲਈ ਕਾਹਲੇ ਨਾ ਪਓ। ਨਾ ਹੀ ਮਰਨਹਾਰੀਆਂ ਰੁੱਤਾਂ ਨੂੰ ਆਪਣੇ ਗਰਾਂ, ਦਰਾਂ ਅਤੇ ਘਰਾਂ ਦੇ ਨੇੜੇ ਫੱਟਕਣ ਦਿਓ। ਚਿੰਤਨ, ਚਾਹਨਾ ਅਤੇ ਚੰਗਿਆਈ ਨਾਲ ਸੁਖਨਮਈ ਮੌਤ ਨੂੰ ਹਾਸਲ ਕੀਤਾ ਜਾ ਸਕਦਾ।

ਕਬਰਾਂ ਨੂੰ ਕਦੇ ਵੀ ਦੋਸ਼ ਨਾ ਦਿਓ ਅਤੇ ਨਾ ਹੀ ਇਨ੍ਹਾਂ ਨੂੰ ਬਦਅਸੀਸ ਦਿਓ, ਕਿਉਂਕਿ ਕਬਰ ਅਤੇ ਮਨੁੱਖ ਦਾ ਰਿਸ਼ਤਾ, ਮਨੁੱਖੀ ਸਭਿਅਤਾ ਦੇ ਆਰੰਭ ਤੋਂ ਹੀ ਹੈ ਅਤੇ ਇਸ ਨੇ ਮਨੁੱਖ ਨਾਲ ਸਾਰੀ ਉਮਰ ਨਿਭਣਾ ਹੈ।

ਕਬਰਾਂ ਦਾ ਦਰਦ ਜਰੂਰ ਸੁਣੋ। ਕਦੇ ਵੀ ਰੂਹ, ਮਨ, ਸੋਚ, ਸੁਪਨੇ, ਸੰਭਾਵਨਾਵਾਂ, ਕਰਮਯੋਗਤਾ ਅਤੇ ਕੀਰਤੀ ਨੂੰ ਕਬਰਾਂ ਨਾ ਬਣਨ ਦਿਓ। ਜੇ ਇਹ ਹੀ ਕਬਰਾਂ ਬਣ ਗਈਆਂ ਤਾਂ ਮਨੁੱਖ ਦੇ ਜਿਉਣ ਦਾ ਕੋਈ ਧਰਮ ਨਹੀਂ ਰਹਿ ਜਾਣਾ। ਜ਼ਿੰਦਗੀ ਖੂਬਸੂਰਤ ਹੈ, ਇਸ ਨੂੰ ਹੋਰ ਖੂਬਸੂਰਤ ਬਣਾ ਅਤੇ ਇਸ ਦੇ ਮਾਣਮੱਤੇ ਅੰਤ ਤੋਂ ਬਾਅਦ, ਮੌਤ ਦੇ ਆਗੋਸ਼ ਵਿਚ ਸਮਾ, ਕਬਰਾਂ ਦੇ ਰਾਹ ਪੈ, ਬੰਦੇ ਦਾ ਲਾਸ਼ ਬਣ ਕੇ ਕਬਰਾਂ ਦੇ ਹਵਾਲੇ ਕਰਨਾ ਹੀ ਕਬਰਾਂ ਨੂੰ ਚੰਗਾ ਲੱਗਦਾ ਹੈ।

## ਬਚ ਕੇ ਪਟਾਕਿਆਂ ਤੋਂ ਰਹਿਣਾ ਬੱਚਿਓ

ਆ ਗਈ ਦੀਵਾਲੀ ਤੇ ਪਟਾਕੇ ਵੀ ਨੇ ਆ ਗਏ
ਬੱਚਿਆਂ ਦੇ ਮਨਾ 'ਚ ਉਬਾਲ ਜਿਹੇ ਛਾਅ ਗਏ
ਪਰ ਮੰਨ ਲਿਉ ਵੱਡਿਆਂ ਦਾ ਕਹਿਣਾ ਬੱਚਿਓ
ਤੁਸੀਂ ਬਚ ਕੇ ਪਟਾਕਿਆਂ ਤੋਂ ਰਹਿਣਾ ਬੱਚਿਓ।

ਕਦੇ ਭੁੱਲ ਕੇ ਖਰੀਦ ਕੇ ਨਾ ਲਿਆਇਓ ਹਵਾਈ
ਉਨ੍ਹਾਂ ਪੈਸਿਆਂ ਦੀ ਘਰੇ ਲਿਆਇਓ ਮਠਿਆਈ
ਜਾਣ-ਬੁਝ ਕੇ ਨਾ ਅੱਗ ਨਾਲ ਖਹਿਣਾ ਬੱਚਿਓ
ਤੁਸੀਂ ਬਚ ਕੇ ਪਟਾਕਿਆਂ ਤੋਂ ਰਹਿਣਾ ਬੱਚਿਓ।

ਕਦੇ ਵੀ ਖਰੀਦ ਕੇ ਨਾ ਲਿਆਇਓ ਅਨਾਰ
ਗੰਦਾ ਛੱਡਦਾ ਏ ਧੂੰਆਂ, ਉਹ ਕਰਦਾ ਬਿਮਾਰ
ਵੱਡੇ ਬੰਬਾਂ ਤਾਈ ਭੁੱਲ ਕੇ ਨਾ ਲੈਣਾ ਬੱਚਿਓ
ਤੁਸੀਂ ਬਚ ਕੇ ਪਟਾਕਿਆਂ ਤੋਂ ਰਹਿਣਾ ਬੱਚਿਓ।


ਤੌਬਾ ਕਰ ਲਵੋ ਸਾਰੇ ਨਹੀਂ ਖਰੀਦਣੇ ਪਟਾਕੇ
ਬੜੇ ਹੱਸਣ ਤੇ ਖੇਡਣ ਦੇ ਹੋਰ ਨੇ ਤਮਾਸ਼ੇ
ਮੰਮੀ-ਡੈਡੀ ਨਾਲ ਰੁੱਸ ਕੇ ਨਾ ਬਹਿਣਾ ਬੱਚਿਓ
ਤੁਸੀਂ ਬਚ ਕੇ ਪਟਾਕਿਆਂ ਤੋਂ ਰਹਿਣਾ ਬੱਚਿਓ।

ਜਿਹੜੇ ਬੱਚੇ ਵੱਡਿਆਂ ਦਾ ਕਹਿਣਾ ਮੰਨ ਜਾਣਗੇ
ਗੁਲਾਮੀ ਵਾਲੇ ਸੁੱਖ ਉਹੀ ਜ਼ਿੰਦਗੀ 'ਚੋਂ ਪਾਣਗੇ
ਬੜਾ ਜ਼ਿੰਦਗੀ ਅਣਮੋਲ ਜਿਹਾ ਗਹਿਣਾ ਬੱਚਿਓ
ਤੁਸੀਂ ਬਚ ਕੇ ਪਟਾਕਿਆਂ ਤੋ ਰਹਿਣਾ ਬੱਚਿਓ।

*-ਬਟਾ ਗੁਲਾਮੀ ਵਾਲਾ, ਮੋਗਾ*
*ਫੋਨ: 91-94171-97395*

# ਉਜੜੇ ਸ਼ਹਿਰ ਜੇਜੋਂ ਦੀ ਦਾਸਤਾਨ

***ਅੱਜ ਦਾ ਉਜੜਿਆ ਸ਼ਹਿਰ ਜੇਜੋਂ ਕਿਸੇ ਵਕਤ ਪੱਥਰਾਂਆਲੀ ਕਹਾਉਂਦਾ ਸੀ ਅਤੇ ਏਸ਼ੀਆ ਦੀਆਂ ਵੱਡੀਆਂ ਮੰਡੀਆਂ ਵਿਚ ਸ਼ੁਮਾਰ ਹੁੰਦਾ ਸੀ। ਇਸ ਸ਼ਹਿਰ ਦੀ ਚੜ੍ਹਤ ਦੀਆਂ ਬਹੁਤ ਸਾਰੀਆਂ ਕਹਾਣੀਆਂ ਹਨ ਪਰ ਹੁਣ ਇਹ ਸ਼ਹਿਰ ਬੀਤੇ ਦੀ ਬਾਤ ਬਣ ਕੇ ਰਹਿ ਗਿਆ ਹੈ। ਵੱਡੀਆਂ ਹਵੇਲੀਆਂ ਉਜਾੜ ਪਈਆਂ ਦਿਸਦੀਆਂ ਹਨ। ਉਘੇ ਕਹਾਣੀਕਾਰ ਅਜਮੇਰ ਸਿੱਧੂ ਨੇ ਇਸ ਸ਼ਹਿਰ ਦੇ ਪਿਛੋਕੜ ਅਤੇ ਇਸ ਨਾਲ ਜੁੜੀਆਂ ਮਿਥਾਂ ਆਪਣੇ ਇਸ ਲੇਖ ਵਿਚ ਬਿਨਾ ਕਿਸੇ ਲੱਗ-ਲਪੇਟ ਦੇ, ਹੂਬਹੂ ਦਰਜ ਕੀਤੀਆਂ ਹਨ।***



**ਅਜਮੇਰ ਸਿੱਧੂ**
**ਫੋਨ: +91-94630-63990**

ਜੇਜੋਂ ਦੁਆਬਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦਾ ਅਜਿਹਾ ਸ਼ਹਿਰ ਹੈ ਜਿਹੜਾ ਅਨੇਕਾਂ ਯਾਦਾਂ ਆਪਣੇ ਸੀਨੇ ਅੰਦਰ ਸਮੋਈ ਖੜ੍ਹਾ ਹੈ। ਬੀਤੇ ਸਮੇਂ ਦੀ ਦਾਸਤਾਨ ਲੁਕਾਈ ਬੈਠਾ ਹੈ। ਇਹ ਸ਼ਹਿਰ ਗੜ੍ਹਸ਼ੰਕਰ ਤੋਂ ਲਗਭਗ ਵੀਹ ਕਿਲੋਮੀਟਰ ਦੀ ਦੂਰੀ 'ਤੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚਕਾਰ ਵਸਿਆ ਹੋਇਆ ਹੈ। ਇਹ ਪੰਜਾਬ ਦੀ ਸਰਹੱਦ 'ਤੇ ਆਖਰੀ ਸਟੇਸ਼ਨ ਹੈ। ਮਾਹਿਲਪੁਰ ਤੋਂ ਚੜ੍ਹਦੇ ਪਾਸੇ ਵੱਲ ਜਾਈਏ ਤਾਂ ਹਿਮਾਚਲ ਪ੍ਰਦੇਸ਼ ਦੀ ਸਰਹੱਦ ਨਾਲ ਇਹ ਲੱਗਦਾ ਹੈ। ਜੇਜੋਂ ਖਤਮ ਹੁੰਦਿਆਂ ਹੀ ਹਿਮਾਚਲ ਪ੍ਰਦੇਸ਼ ਸ਼ੁਰੂ ਹੋ ਜਾਂਦਾ ਹੈ।

ਇਸ ਸ਼ਹਿਰ ਦੇ ਵਸਣ ਦੀ ਕਹਾਣੀ ਸਦੀਆਂ ਪੁਰਾਣੀ ਹੈ। ਜਦੋਂ ਭਾਰਤ ਵਿਚ ਮੁਗਲ ਆਏ, ਉਨ੍ਹਾਂ ਤੋਂ ਵੀ ਪਹਿਲਾਂ ਦਾ ਇਹ ਸ਼ਹਿਰ ਵਸਿਆ ਹੋਇਆ ਹੈ। ਇਥੇ ਹਿੰਦੂ ਤੇ ਮੁਸਲਮਾਨੀ ਕਲਚਰ ਦੋਨਾਂ ਦੇ ਹੀ ਚਿੰਨ੍ਹ ਮੌਜੂਦ ਹਨ। ਇਹ ਰਾਜਿਆਂ-ਮਹਾਰਾਜਿਆ ਅਤੇ ਵਪਾਰੀਆਂ ਵਲੋਂ ਆਪਣੀ ਐਸ਼ੋ-ਆਰਾਮ ਲਈ ਬਣਾਈ ਗਈ ਰਿਹਾਇਸ਼ਗਾਹ ਸੀ। ਇਥੇ ਬਣੇ ਮਹਿਲ, ਕੋਠੀਆਂ ਅਤੇ ਹੋਰ ਇਮਾਰਤਾਂ ਦੀ ਮੀਨਾਕਾਰੀ ਤੋਂ ਇਸ ਗੱਲ ਦੀ ਪੁਸ਼ਟੀ ਹੋ ਜਾਂਦੀ ਹੈ। ਗੜ੍ਹਸ਼ੰਕਰ ਦੇ ਲਾਗਲਾ ਪਿੰਡ ਬਿਲੜੋਂ ਲੰਘ ਕੇ ਹੀ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਇਸ ਨੂੰ ਕੰਢੀ ਖੇਤਰ ਕਿਹਾ ਜਾਂਦਾ ਹੈ। ਉੱਚੀਆਂ-ਉੱਚੀਆਂ ਪਹਾੜੀਆਂ ਮਨ ਮੋਹ ਲੈਂਦੀਆਂ ਹਨ। ਦੂਰ ਦੂਰ ਤੱਕ ਫੈਲੀਆਂ ਪਹਾੜੀਆਂ ਉੱਤੇ ਹਰਿਆਵਲ ਅਤੇ ਛੋਟੇ-ਵੱਡੇ ਦਰੱਖਤ ਵਾਤਾਵਰਨ ਨੂੰ ਸੁਹਾਵਣਾ ਬਣਾਉਂਦੇ ਹਨ। ਜਦੋਂ ਇਨ੍ਹਾਂ ਘਾਟੀਆਂ ਵਿਚ ਬੰਦਾ ਦਾਖਲ ਹੋ ਜਾਂਦਾ ਹੈ ਤਾਂ ਪ੍ਰਦੂਸ਼ਣ ਦੀ ਸਮੱਸਿਆ ਨਹੀਂ ਰਹਿੰਦੀ। ਡੂੰਘੇ-ਡੂੰਘੇ ਸਾਹ ਲੈਣ ਨੂੰ ਚਿੱਤ ਕਰਦਾ ਹੈ। ਮਨ ਨੂੰ ਸਕੂਨ ਮਿਲਦਾ ਹੈ। ਮੱਲੋ-ਮੱਲੀ ਬੰਦੇ ਦਾ ਸਾਧ ਹੋਣ ਨੂੰ ਚਿੱਤ ਕਰਦਾ ਹੈ। ਸੜਕ ਦੇ ਕਿਨਾਰੇ ਮਲ੍ਹੇ-ਝਾੜੀਆਂ ਹਨ। ਨਾਲੇ ਕੰਡੇ ਲੁਆਓ, ਨਾਲੇ ਬੇਰ ਖਾਓ। ਜੰਗਲੀ ਜੀਵ-ਜੰਤੂਆਂ ਨੂੰ ਮਿਲੋ। ਜੇਜੋਂ ਦੇ ਆਸ-ਪਾਸ ਵਿਸ਼ਾਲ ਵਣ (ਬੇਲਾ) ਹੈ।

ਜੇਜੋਂ ਨੂੰ ਲੋਕ ਮੁਸਲਮਾਨ ਫਕੀਰ ਜੀਜੂ ਸ਼ਾਹ ਨਾਲ ਜੋੜਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਪਹਾੜੀਆਂ ਵਿਚ ਵਸਿਆ ਹੋਣ ਕਰਕੇ ਪਹਿਲਾਂ ਇਸ ਸ਼ਹਿਰ ਦਾ ਨਾਂ ਪੱਥਰਾਂਆਲੀ ਹੁੰਦਾ ਸੀ। ਕੁਝ ਲੋਕਾਂ ਦਾ ਵਿਚਾਰ ਹੈ ਕਿ ਪਹਿਲਾਂ ਇਸ ਸ਼ਹਿਰ ਦਾ ਨਾਂ ਫਲੇਆਲੀ ਹੁੰਦਾ ਸੀ। ਬਜ਼ੁਰਗ ਇਸ ਨੂੰ ਅਜੇ ਵੀ ਫਲੇਆਲੀ ਨਾਂ ਨਾਲ ਪੁਕਾਰਦੇ ਹਨ। ਇਹ ਨਾਂ ਦੱਸਣ ਵਾਲੇ ਦੱਸਦੇ ਹਨ ਕਿ ਇਸ ਸ਼ਹਿਰ ਨੂੰ ਖੱਡ ਵਿਚੋਂ ਕੇਵਲ ਇੱਕ ਹੀ ਰਾਹ ਜਾਂਦਾ ਸੀ ਜਿਸ ਨੂੰ ਰਾਤ ਸਮੇਂ ਫਲਾ, ਭਾਵ ਲੱਕੜੀ ਦਾ ਫਾਟਕ ਲਾ ਕੇ ਬੰਦ ਕਰ ਦਿੱਤਾ ਜਾਂਦਾ ਸੀ। ਇਸ ਕਰਕੇ ਇਸ ਨੂੰ ਫਲੇਆਲੀ ਕਹਿੰਦੇ ਸਨ। ਜਦੋਂ ਸਾਈਂ ਜੀਜੂ ਸ਼ਾਹ ਨੇ 'ਕਰਾਮਾਤ' ਦਿਖਾਈ ਤਾਂ ਇਹਦਾ ਨਾਂ ਬਦਲ ਕੇ ਜੇਜੋਂ ਰੱਖ ਦਿੱਤਾ ਗਿਆ ਪਰ ਕੁਝ ਹਿੰਦੂ ਲੋਕ ਇਸ ਕਥਨ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਅਨੁਸਾਰ ਇਹ ਜੀਜੂ ਸ਼ਾਹ ਦੇ ਸ਼ਰਧਾਲੂਆਂ ਦੀ ਕਾਢ ਹੈ। ਉਨ੍ਹਾਂ ਅਨੁਸਾਰ ਇਸ ਦਾ ਪਹਿਲਾਂ ਤੋਂ ਹੀ ਨਾਮ ਜੇਜੋਂ ਹੈ। ਇਹ ਤਾਂ ਕੁਦਰਤੀ ਸਾਈਂ ਦਾ ਨਾਮ ਜੇਜੋਂ ਨਾਲ ਮੇਲ ਖਾ ਗਿਆ।

ਧਾਰਮਿਕ ਲੋਕਾਂ ਲਈ ਇਹ ਪੰਜ ਪੀਰਾਂ ਦੀ ਨਗਰੀ ਹੈ। ਇੱਥੇ ਸਾਈਂ ਜੀਜੂ ਸ਼ਾਹ ਦਾ ਮਜ਼ਾਰ, ਬਾਬਾ ਮਨੋਹਰਦਾਸ ਦਾ ਡੇਰਾ, ਬਾਬਾ ਔਗੁੜ ਦਾ ਮੰਦਿਰ, ਖਾਕੀ ਸ਼ਾਹ ਮਲੰਗ ਦੀ ਕਬਰ ਅਤੇ ਡੇਰਾ ਜਵਾਲਾਪੁਰੀ ਹੈ। ਇਨ੍ਹਾਂ ਸੰਤਾਂ ਅਤੇ ਪੀਰਾਂ ਦੀਆਂ ਵੱਖ-ਵੱਖ ਲੋਕਾਂ ਵਿਚ ਵੱਖ-ਵੱਖ ਮਨੌਤਾਂ ਹਨ। ਇਨ੍ਹਾਂ ਬਾਰੇ ਵੱਖ-ਵੱਖ ਦੰਦ ਕਥਾਵਾਂ ਪ੍ਰਚੱਲਤ ਹਨ। ਸਾਈਂ ਜੀਜੂ ਸ਼ਾਹ ਬਾਰੇ ਇੱਕ ਮਿੱਥ ਮਸ਼ਹੂਰ ਹੈ ਕਿ ਅੰਗਰੇਜ਼ਾਂ ਨੇ ਸਮਾਜ ਸੁਧਾਰ ਵਜੋਂ ਭੀਖ ਮੰਗਣ 'ਤੇ ਪਾਬੰਦੀ ਲਾ ਦਿੱਤੀ ਸੀ। ਜਿਹੜਾ ਭੀਖ ਮੰਗਦਾ ਫੜਿਆ ਜਾਂਦਾ, ਉਸ ਨੂੰ ਪੁਲਿਸ ਹਵਾਲਾਤ ਵਿਚ ਬੰਦ ਕਰ ਦਿੰਦੀ। ਲਾਹੌਰ ਸ਼ਹਿਰ ਵਿਚ ਅਨੇਕਾਂ ਭੀਖ ਮੰਗਣ ਵਾਲੇ ਫੜੇ ਗਏ। ਸਾਈਂ ਜੀਜੂ ਸ਼ਾਹ ਆਪਣੇ ਚੇਲਿਆਂ ਬਾਲਕਿਆਂ ਨਾਲ ਲਾਹੌਰ ਗਏ। ਉਥੇ ਅੰਗਰੇਜ਼ ਵਾਇਸਰਾਏ ਦੀ ਕੋਠੀ ਮੋਹਰੇ ਖੜ੍ਹ ਕੇ ਭੀਖ ਮੰਗਣੀ ਸ਼ੁਰੂ ਕਰ ਦਿੱਤੀ। ਸਾਈਂ ਅਤੇ ਉਹਦੇ ਸੇਵਕਾਂ ਨੂੰ ਫੜ ਕੇ ਪੁਲਿਸ ਨੇ ਜੇਲ੍ਹ ਵਿਚ ਡੱਕ ਦਿੱਤਾ। ਸਾਈਂ ਦੇ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਪੁਲਿਸ ਨੇ ਉਨ੍ਹਾਂ ਨੂੰ ਜੇਲ੍ਹ ਵਿਚ ਬੰਦ ਕੀਤਾ ਪਰ ਉਹ ਬਾਹਰ ਫਿਰਦੇ ਦਿਖਾਈ ਦੇਣ। ਜਦੋਂ ਭੀਖ ਮੰਗਣ ਵਾਲਿਆਂ ਨਾਲ ਜੇਲ੍ਹਾਂ ਭਰ ਗਈਆਂ ਤਾਂ ਵਾਇਸਰਾਏ ਨੇ ਐਲਾਨ ਕੀਤਾ ਕਿ ਜਿਹੜਾ ਕਰਾਮਾਤ ਦਿਖਾਏਗਾ ਜਾਂ ਅੱਗ ਵਿਚੋਂ ਲੰਘ ਕੇ ਦਿਖਾਏਗਾ, ਉਸ ਨੂੰ ਛੱਡ ਦਿੱਤਾ ਜਾਏਗਾ। ਅੱਗ ਦਾ ਆਵਾ ਤਿਆਰ ਕੀਤਾ ਗਿਆ। ਜਦੋਂ ਸਾਈਂ ਜੀਜੂ ਸ਼ਾਹ ਅੱਗ ਦੇ ਆਵੇ ਵਿਚੋਂ ਲੰਘਣ ਲੱਗੇ ਤਾਂ ਬਾਕੀ ਸਾਈਂ ਤੇ ਸਾਧ ਸੰਤ ਉਨ੍ਹਾਂ ਅੱਗੇ ਹੱਥ ਜੋੜ ਕੇ ਖੜ੍ਹ ਗਏ। ਉਨ੍ਹਾਂ ਦੀ ਬੇਵਸੀ ਤੇ ਲਾਚਾਰੀ ਦੇਖ ਕੇ ਸਾਈਂ ਨੇ ਉਨ੍ਹਾਂ ਨੂੰ ਹੁਕਮ ਚਾੜ੍ਹਿਆ ਕਿ ਉਹ ਵੀ ਮਗਰੇ ਛਾਲਾਂ ਮਾਰ ਦੇਣ। ਕਹਿੰਦੇ ਨੇ, ਜਦੋਂ ਸਾਈਂ ਨੇ ਅੱਗ ਵਿਚ ਛਾਲ ਮਾਰੀ ਤਾਂ ਆਵਾ ਠੰਢਾ ਹੋ ਗਿਆ। ਅੰਗਰੇਜ਼ ਵਾਇਸਰਾਏ ਨੇ ਖੁਸ਼ ਹੋ ਕੇ ਸਾਈਂ ਜੀਜੂ ਸ਼ਾਹ ਅਤੇ ਨਾਲਦਿਆਂ ਨੂੰ ਛੱਡ ਦਿੱਤਾ। ਇਸ ਗੱਲ ਦੀ ਦੂਰ-ਦੂਰ ਤੱਕ ਚਰਚਾ ਹੋਈ। ਇਸ ਨਾਲ ਸਾਈਂ ਜੀਜੂ ਸ਼ਾਹ ਦੀ ਮਾਨਤਾ ਹੋਰ ਵਧ ਗਈ। ਇਸ ਕਰਾਮਾਤ ਵੇਲੇ ਲੋਕਾਂ ਨੇ ਫਲੇਆਲੀ ਦਾ ਨਾਂ ਬਦਲ ਕੇ ਜੇਜੋਂ ਰੱਖ ਦਿੱਤਾ।

ਕੱਝ ਲੋਕਾਂ ਦਾ ਵਿਚਾਰ ਹੈ ਕਿ ਜੇਜੋਂ ਤਾਂ ਰਾਜਪੂਤ ਰਾਜਿਆਂ ਦੀ ਸਦੀਆਂ ਪੁਰਾਣੀ ਜਗ੍ਹਾ ਹੈ। ਅਜਿਹੀਆਂ ਦੰਦ ਕਥਾਵਾਂ ਹਰ ਮੁਸਲਮਾਨ ਫਕੀਰ ਨਾਲ ਜੋੜ ਲਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਆਧਾਰ ਚਮਤਕਾਰਾਂ ਦਾ ਪ੍ਰਚਾਰ ਕਰਕੇ ਸ਼ਰਧਾਲੂਆਂ ਦੀ ਗਿਣਤੀ ਵਧਾਉਣਾ ਹੁੰਦਾ ਹੈ। ਜੀਜੂ ਸ਼ਾਹ ਦਾ ਇਥੇ ਮਜ਼ਾਰ ਬਣਿਆ ਹੋਇਆ ਹੈ। ਸੰਤਾਲੀ ਤੋਂ ਪਹਿਲਾਂ ਇਸ ਮਜ਼ਾਰ 'ਤੇ ਰੌਸ਼ਨੀ ਦਾ ਮੇਲਾ ਲੱਗਦਾ ਹੁੰਦਾ ਸੀ। ਲਾਹੌਰ ਤੋ ਕੱਵਾਲ ਆਉਂਦੇ ਹੁੰਦੇ ਸਨ। ਸੰਤਾਲੀ ਦੀ ਵੱਢ-ਟੁੱਕ ਤੋਂ ਬਾਅਦ ਇਹ ਮੇਲਾ ਖਤਮ ਹੋ ਗਿਆ। ਜਦੋਂ ਨਵਾਂ-ਨਵਾਂ ਪਾਕਿਸਤਾਨ ਬਣਿਆ ਸੀ, ਉਦੋਂ ਉਸ ਪਾਸੇ ਤੋਂ ਮੇਲੇ ਸਬੰਧੀ ਚਿੱਠੀਆਂ ਆਉਂਦੀਆਂ ਰਹੀਆਂ। ਪਾਕਿਸਤਾਨ ਤੋਂ ਲੋਕ ਮੇਲੇ 'ਤੇ ਆਉਣਾ ਚਾਹੁੰਦੇ ਸਨ ਪਰ ਇਧਰ ਦੇ ਲੋਕਾਂ ਨੇ ਸਾਫ ਜੁਆਬ ਦੇ ਦਿੱਤਾ ਕਿ ਇੱਥੇ ਕੋਈ ਮੇਲਾ ਨਹੀਂ ਲੱਗਦਾ। ਸਾਈਂ ਜੀਜੂ ਸ਼ਾਹ ਦੇ ਸ਼ਰਧਾਲੂਆਂ ਦਾ ਕਹਿਣਾ ਹੈ ਕਿ ਸਾਈਂ ਅੱਜ ਤੋਂ 3-4 ਸੌ ਸਾਲ ਪਹਿਲਾਂ ਹੋਏ ਹਨ ਪਰ ਉਨ੍ਹਾਂ ਦੀ 18ਵੀਂ ਸਦੀ ਦੇ ਅੰਤ ਅਤੇ 19ਵੀਂ ਸਦੀ ਦੇ ਸ਼ੁਰੂ ਵਿਚ ਹੋਣ ਦੀ ਪੁਸ਼ਟੀ ਹੁੰਦੀ ਹੈ।

ਜੈਨੀਆਂ ਵਾਲੇ ਬਾਜ਼ਾਰ ਦੇ ਸ਼ੁਰੂ ਹੋਣ ਤੋਂ ਪਹਿਲਾਂ ਬਾਬਾ ਮਨੋਹਰ ਦਾਸ ਦਾ ਡੇਰਾ ਆਉਂਦਾ ਹੈ। ਉਹਦੇ ਬਾਰੇ ਲੋਕਾਂ ਦਾ ਵਿਚਾਰ ਹੈ ਕਿ ਉਹ 'ਪਹੁੰਚਿਆ' ਹੋਇਆ ਸੰਤ ਸੀ। ਉਸ ਨੇ ਕਿਹਾ ਸੀ ਕਿ ਕਦੇ ਵੀ ਇਸ ਧਰਤੀ 'ਤੇ ਪਲੇਗ ਨਹੀਂ ਫੈਲੇਗੀ।

ਸੂਦਾਂ ਵਾਲੇ ਪਾਸੇ ਬਾਬਾ ਔਗੁੜ ਦਾ ਮੰਦਰ ਹੈ। ਦੁਆਬੇ ਵਿਚ ਰਾਹੋਂ ਬਾਰੇ ਇੱਕ ਲੋਕ ਗੀਤ ਸੁਣਦੇ ਹੁੰਦੇ ਸੀ। ਉਸ ਵਿਚ ਬਾਬੇ ਔਗੁੜ ਦਾ ਜ਼ਿਕਰ ਆਉਂਦਾ ਹੈ:

ਔਗੁੜ ਜਿੱਡਾ ਸੰਤ ਨਾ ਕੋਈ।

ਬਾਬਾ ਔਗੁੜ ਦਾ ਪੂਰਾ ਨਾਂ ਫਤਹਿ ਨਾਥ ਹੈ। ਇਹ ਜੇਜੋਂ ਦੇ ਰਹਿਣ ਵਾਲੇ ਨਹੀਂ ਸਨ। ਬਲਖ ਬੁਖਾਰੇ ਤੋਂ ਆ ਕੇ ਵਸੇ ਸਨ। ਇਹ ਅੱਜ ਤੋਂ 130 ਸਾਲ ਪਹਿਲਾਂ ਹੋਏ ਹਨ। ਇਨ੍ਹਾਂ ਬਾਰੇ ਮਸ਼ਹੂਰ ਹੈ ਕਿ ਜਿਊਂਦੇ ਜੀਅ ਸੁੱਖ ਲੈਂਦੇ ਹੁੰਦੇ ਸੀ। ਜਿਹੜਾ ਸ਼ਰਧਾਲੂ ਇਨ੍ਹਾਂ ਕੋਲ ਆਪਣਾ ਕੰਮ ਕਰਵਾਉਣ ਲਈ ਸੁੱਖ ਸੁੱਖਦਾ ਸੀ, ਉਸ ਤੋਂ ਸੁੱਖ ਆਪ ਲੈਂਦੇ ਹੁੰਦੇ ਸੀ।

"ਪਹਿਲਾਂ ਸਾਲੇ ਸੁੱਖਾਂ ਸੁਖਦੇ ਨੇ। ਫੇ' ਭੁੱਲ ਜਾਂਦੇ ਨੇ। ਜਦੋਂ ਮੈਂ ਡੰਡਾ ਚਾੜ੍ਹਿਆ, ਫੇ' ਆਪੇ ਭੱਜੇ ਆਉਣਗੇ।" ਇਹ ਗੱਲ ਸੁੱਖ ਸੁੱਖਣ ਵਾਲੇ ਸ਼ਰਧਾਲੂ ਨੂੰ ਕਹਿੰਦੇ। ਇੱਥੇ ਸੁੱਖਾਂ ਸੁੱਖੀਆਂ ਜਾਂਦੀਆਂ ਸਨ। ਚੜ੍ਹਾਵੇ ਵਜੋਂ ਸ਼ਰਾਬ ਦੀਆਂ ਬੋਤਲਾਂ ਚੜ੍ਹਦੀਆਂ ਸਨ। ਪਿਆਕੜਾਂ ਲਈ ਬੜੀ ਮੌਜ ਸੀ। ਸ਼ਰਾਬ ਦੇ ਦੌਰ ਚਲਦੇ ਰਹਿੰਦੇ ਸਨ। ਇਕੱਲੀ ਸ਼ਰਾਬ ਹੀ ਨਹੀਂ, ਹੋਰ ਕਈ ਤਰਾਂ ਦੇ ਚੜ੍ਹਾਵੇ ਚੜ੍ਹਦੇ ਸਨ। ਲੋਕਾਂ ਵਿਚ ਪਹਿਲਾਂ ਵਾਂਗ ਅੱਜ ਵੀ ਭਰਮ ਬਣਿਆ ਹੋਇਆ ਹੈ ਕਿ ਜਿਹੜੀ ਸੁੱਖ ਸੁੱਖਣੀ ਹੈ, ਉਹ ਦੇਣੀ ਹੀ ਪੈਣੀ ਹੈ। ਨਹੀਂ ਤਾਂ ਬਾਬੇ ਨੇ ਤੰਗ ਕਰਕੇ ਲੈ ਲੈਣੀ ਹੈ।

ਬਾਬੇ ਔਗੁੜ ਦਾ ਇਕ ਚੇਲਾ ਰੋਟੀ ਰਾਮ ਹੁੰਦਾ ਸੀ। ਉਹ ਇੱਕ ਵਾਰ ਪਿੱਪਲ ਥੱਲੇ ਬੈਠਾ ਕੂੰਡੇ ਵਿਚ ਸ਼ਰਦਾਈ ਰਗੜ ਰਿਹਾ ਸੀ। ਪਿੱਪਲ ਤੋਂ ਸੱਪਣੀ ਦਾ ਬੱਚਾ ਕੂੰਡੇ ਵਿਚ ਡਿੱਗ ਪਿਆ। ਉਹ ਵੀ ਉਹਨੇ ਵਿਚੇ ਰਗੜ ਦਿੱਤਾ। ਬਾਬੇ ਔਗੁੜ ਨੇ ਉਹ ਸ਼ਰਦਾਈ ਪੀਣ ਤੋਂ ਨਾਂਹ ਕਰ ਦਿੱਤੀ ਤਾਂ ਰੋਟੀ ਰਾਮ ਆਪ ਪੀ ਗਿਆ। ਬਾਬਾ ਔਗੁੜ ਦੰਗ ਰਹਿ ਗਿਆ।

"ਚੰਗਾ ਬਈ ਰੋਟੀ ਰਾਮ। ਹੁਣ ਤੂੰ ਇਥੋਂ ਚਲਾ ਜਾਹ। ਜਿਸ ਤਰ੍ਹਾਂ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ, ਇਸੇ ਤਰ੍ਹਾਂ ਆਪਾਂ ਹੁਣ ਇਕੱਠੇ ਨਹੀਂ ਰਹਿ ਸਕਦੇ। ਜਿੰਨੀ ਮੇਰੇ ਕੋਲ ਸ਼ਕਤੀ ਹੈ, ਓਨੀ ਤੇਰੇ ਕੋਲ ਵੀ ਆ ਗਈ ਹੈ।" ਇਹ ਸੁਣ ਕੇ ਰੋਟੀ ਰਾਮ ਨੇ ਬਾਬੇ ਔਗੁੜ ਦਾ ਡੇਰਾ ਛੱਡ ਦਿੱਤਾ ਅਤੇ ਜੇਜੋਂ ਤੋਂ 5-6 ਕਿਲੋਮੀਟਰ ਦੀ ਦੂਰੀ 'ਤੇ (ਹੁਣ ਹਿਮਾਚਲ ਵਿਚ) ਆਪਣਾ ਡੇਰਾ ਜਮਾ ਲਿਆ।

ਇੱਥੇ ਬਾਬਾ ਜਵਾਲਾਪੁਰੀ ਦਾ ਡੇਰਾ ਹੈ। ਇਨ੍ਹਾਂ ਬਾਰੇ ਲੋਕਾਂ ਵਿਚ ਮਿੱਥ ਹੈ ਕਿ ਉਨ੍ਹਾਂ ਭਵਿੱਖ ਬਾਣੀ ਕੀਤੀ ਸੀ ਕਿ ਜੇਜੋਂ ਨੇ ਉੱਜੜ ਜਾਣਾ ਹੈ। ਅੱਜ ਦੇ ਉਜਾੜ ਪਏ ਜੇਜੋਂ ਨੂੰ ਲੋਕ ਉਨ੍ਹਾਂ ਦਾ ਹੀ ਸਰਾਪ ਸਮਝਦੇ ਨੇ। ਇੱਥੇ ਸਾਈਂ ਖਾਕੀ ਸ਼ਾਹ ਦੀ ਕਬਰ ਵੀ ਹੈ। ਕਹਿੰਦੇ ਨੇ, ਉਹ ਮਸਤ ਮਲੰਗ ਬੰਦਾ ਸੀ। 'ਮਰ ਜੋ ਚਿੜੀਓ, ਉੱਡ ਜੋ ਚਿੜੀਓ' ਵਾਲੀ ਮਿੱਥ ਨਾਲ ਲੋਕ ਉਨ੍ਹਾਂ ਨੂੰ ਜੋੜਦੇ ਹਨ। ਉਨ੍ਹਾਂ ਦੀ ਯਾਦ ਵਿਚ ਨੌਗੱਜੇ ਵਾਲੀ ਕਬਰ ਬਣਾਈ ਹੋਈ ਹੈ।

ਉਪਰੋਕਤ ਪੀਰਾਂ ਜਾਂ ਸੰਤਾਂ ਦੀਆਂ ਕਰਾਮਾਤਾਂ ਜਾਂ ਸ਼ਕਤੀਆਂ ਦੀਆਂ ਜਿਹੜੀਆਂ ਗੱਲਾਂ ਹੋਈਆਂ ਨੇ, ਕਈ ਲੋਕ ਇਨ੍ਹਾਂ ਨੂੰ ਰੱਦ ਕਰਦੇ ਹਨ। ਉਹ ਇਨ੍ਹਾਂ ਨੂੰ ਮਹਿਜ਼ ਪ੍ਰਚਾਰ ਵਜੋਂ ਲੈਂਦੇ ਹਨ। ਇਨ੍ਹਾਂ ਤੋਂ ਇਲਾਵਾ ਡੇਰਾ ਰਤਨਪੁਰੀ, ਦੋ ਸ਼ਿਵ ਮੰਦਰ, ਠਾਕੁਰ ਦੁਆਰਾ, ਜੈਨੀਆਂ ਦੇ ਸ਼ਵੇਤਾਂਬਰ, ਦਗੰਬਰ ਪਾਂਸ਼ਟੇ, ਕਾਲੀ ਮਾਤਾ ਦਾ ਮੰਦਰ ਆਦਿ ਧਾਰਮਿਕ ਸਥਾਨ ਹਨ। ਚੜ੍ਹਦੇ ਪਾਸੇ ਤੋਂ ਰਾਹ ਬੇਈਂ ਹਾਰੇ ਨੂੰ ਜਾਂਦਾ ਹੈ। ਇਹ ਰਾਹ ਵਾਲੇ ਪਾਸੇ ਸਾਧੂਆਂ ਦੇ ਕੱਚੇ, ਪੱਕੇ ਭੋਰੇ ਹੁੰਦੇ ਸਨ। ਕਈ ਲੋਕਾਂ ਦਾ ਵਿਚਾਰ ਹੈ ਕਿ ਇਹ ਵਪਾਰ ਦਾ ਕੇਂਦਰ ਹੋਣ ਕਰਕੇ ਸਾਧੂ ਸੰਤ, ਫਕੀਰ ਰੋਟੀ ਦੀ ਭਾਲ ਵਿਚ ਇੱਥੇ ਡੇਰੇ ਬਣਾ ਲੈਂਦੇ ਸਨ।

ਇੱਥੇ 17ਵੀ ਅਤੇ 18ਵੀਂ ਸਦੀ ਵਿਚ ਰਾਜਪੂਤ ਰਜਵਾੜਿਆਂ ਦੇ ਰਾਜ ਕਰਨ ਦੇ ਵੀ ਪ੍ਰਮਾਣ ਮਿਲਦੇ ਹਨ। 1815 ਤੱਕ ਰਾਜਪੂਤ (ਉੱਪ ਜਾਤੀ ਜਸਵਾਲ) ਰਾਜਿਆਂ ਦਾ ਰਾਜ ਰਿਹਾ। ਉਨ੍ਹਾਂ ਵਲੋਂ 1701 ਵਿਚ ਕਿਲ੍ਹਾ ਬਣਾਇਆ ਗਿਆ ਜਿਹੜਾ ਬਾਅਦ ਵਿਚ ਥੇਹ ਹੋ ਗਿਆ ਸੀ। ਇੱਥੇ ਕਿਲ੍ਹੇ ਦਾ ਕੁਝ ਵੀ ਬਚਿਆ ਨਹੀਂ। ਅੱਜ ਤੋਂ ਦਸ ਸਾਲ ਪਹਿਲਾਂ ਕਿਲ੍ਹੇ ਦੀਆਂ ਕੰਧਾਂ ਦੇ ਨਿਸ਼ਾਨ ਹੁੰਦੇ ਸਨ। ਹੁਣ ਉਹ ਵੀ ਗਾਇਬ ਨੇ। ਦੱਖਣ ਵਾਲੇ ਪਾਸੇ ਖੱਡੋਂ ਪਾਰ ਖੂਹ ਹੈ। ਲੋਕ ਇਸ ਖੂਹ ਤੋਂ ਬੜੇ ਡਰਦੇ ਨੇ। ਲੋਕਾਂ ਦਾ ਭਰਮ ਹੈ ਕਿ ਇਸ ਖੂਹ ਕੋਲ ਜਾਣ 'ਤੇ ਇਹ ਜੇਠੇ ਪੁੱਤ ਦੀ ਬਲੀ ਮੰਗਦਾ ਹੈ। ਦੂਜਾ ਇਹਦੇ ਬਾਰੇ ਡਰ ਹੈ ਕਿ ਇੱਥੇ ਇੱਛਾਧਾਰੀ (ਮਣੀ ਵਾਲਾ ਸੱਪ) ਰਹਿੰਦਾ ਹੈ। ਚੜ੍ਹਦੇ ਪਾਸੇ ਵੱਖਰੀ ਪਹਾੜੀ 'ਤੇ ਰਾਜ ਮਹਿਲ ਦੇ ਨਿਸ਼ਾਨ ਮਿਲਦੇ ਹਨ। ਇਸ ਦਾ ਨਾਂ ਮਹਿਲਾਂ ਵਾਲੀ ਹੈ। ਹੁਣ ਭਾਵੇਂ ਇੱਥੇ ਮਹਿਲ ਦੀ ਕੋਈ ਇਮਾਰਤ ਨਹੀਂ ਹੈ ਪਰ ਅਕਬਰ ਸ਼ਾਹੀ ਇੱਟਾਂ ਖਿਲਰੀਆਂ ਪਈਆਂ ਹਨ।

ਜਸਵਾਲ ਰਾਜਿਆਂ ਵਲੋਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਬਣਾਇਆ ਕਿਲ੍ਹਾ ਖੂਨੀ ਟਿੱਲਾ ਜਾਂ ਸੂਲੀ ਟਿੱਲਾ ਕਹਾਉਂਦਾ ਸੀ। ਜੇਜੋਂ ਸ਼ਹਿਰ ਅਸਲ ਵਿਚ ਵਪਾਰੀਆਂ ਅਤੇ ਆਰਾਮਪ੍ਰਸਤ ਲੋਕਾਂ ਦਾ ਸ਼ਹਿਰ ਸੀ। ਇਸ ਕਰਕੇ ਜਿੰਨੀਆਂ ਵੀ ਸਿਆਸੀ ਲਹਿਰਾਂ ਉੱਠੀਆਂ, ਉਨ੍ਹਾਂ ਦਾ ਇੱਥੇ ਨਾਂ ਨਿਸ਼ਾਨ ਨਹੀਂ ਹੈ। ਇੱਥੇ ਬਾਗੀ ਪੈਦਾ ਨਹੀਂ ਹੋਏ। ਬਾਣੀਏ ਲੋਕਾਂ ਦੀ ਬਹੁਤਾਤ ਸੀ। ਬਹੁਤ ਹੀ ਘੱਟ ਗਿਣਤੀ ਵਿਚ ਵਿਰੋਧੀ ਹੋਏ ਨੇ। ਇਨ੍ਹਾਂ ਵਿਰੋਧੀਆਂ ਲਈ ਹੀ ਕਿਲ੍ਹੇ ਵਿਚ ਖੂਨੀ ਟਿੱਲਾ ਬਣਾਇਆ ਗਿਆ ਸੀ। ਜਿਹੜਾ ਵੀ ਰਾਜਿਆਂ ਵਿਰੁਧ ਬਗਾਵਤ ਦੇ ਝੰਡੇ ਗੱਡਦਾ, ਉਸ ਨੂੰ ਇਸ ਖੂਨੀ ਟਿੱਲੇ ਵਿਚ ਸਜ਼ਾ ਦਿੱਤੀ ਜਾਂਦੀ। ਹਾਕਮ ਮੁਸ਼ਕਾਂ ਬੰਨ੍ਹ ਕੇ ਯੋਧਿਆਂ ਨੂੰ ਜਾਂ ਦੋਸ਼ੀਆਂ ਨੂੰ ਕਿਲ੍ਹੇ ਤੋਂ ਰੋੜ੍ਹ ਦਿੰਦੇ ਸਨ। ਵਣ ਵੱਲ ਡਿੱਗੀਆਂ ਲਾਸ਼ਾਂ ਜਾਨਵਰ ਖਾ ਜਾਂਦੇ ਸਨ; ਜਾਂ ਸੂਲੀ ਟਿੱਲੇ ਤੇ ਸੂਲੀ ਚਾੜ੍ਹੇ ਜਾਂਦੇ ਸਨ। ਮਾਹਿਲਪੁਰ ਦੇ ਚੌਧਰੀ ਰਾਮ ਰਾਏ ਨੂੰ ਵੀ ਇਸੇ ਤਰ੍ਹਾਂ ਮਾਰਿਆ ਗਿਆ ਸੀ। ਉਸ ਨੂੰ ਟਿੱਲੇ ਤੋਂ ਰੋੜ੍ਹ ਦਿੱਤਾ ਗਿਆ ਸੀ। ਉਸ ਦੀ ਮੌਤ ਤੋਂ ਬਾਅਦ ਰਾਗੀ ਢਾਡੀ ਵਾਰਾਂ ਗਾਉਂਦੇ ਸਨ:

ਮਾਹਿਲਪੁਰ ਮਾਰੂ ਵੱਜਿਆ
ਤੇ ਜੇਜੋਂ ਵੱਜੀ ਡੱਫ,
ਰਾਜਪੁਰੇ ਦੀਆਂ ਰੋਣ ਰਾਣੀਆਂ,
ਚੜ੍ਹਿਆ ਰਾਮ ਰਾਏ ਜੱਟ।

1815 ਤੱਕ ਰਾਜਪੂਤ ਰਾਜਾ ਰਾਮ ਰਾਏ ਜਸਵਾਲ ਰਾਜ ਕਰਦਾ ਸੀ। ਜੇਜੋਂ ਕੋਲ ਆਪਣੀ ਜ਼ਮੀਨ ਜਾਂ ਇਲਾਕਾ ਨਹੀਂ ਹੈ। ਨਾ ਹੀ ਇਹਦਾ ਆਪਣਾ ਕੋਈ ਵਣ ਹੈ। ਜੇਜੋਂ ਦੇ ਸਕੂਲ ਤੇ ਰੇਲਵੇ ਸਟੇਸ਼ਨ ਪਿੰਡ ਹਰਜੀਆਣੇ ਦੀ ਜ਼ਮੀਨ ਵਿਚ ਪੈਂਦੇ ਹਨ ਪਰ ਕੁੱਕੜਾਂ, ਹੇਲਰਾਂ, ਬਰਿਆਣਾ, ਹਿਆਤਪੁਰ, ਲਸਾੜਾ, ਹਰਜੀਆਣਾ ਅਦਿ ਪਿੰਡ ਜਸਵਾਲ ਰਾਜੇ ਦੇ ਮਰੂਸੀ ਸਨ। ਇਨ੍ਹਾਂ ਪਿੰਡਾਂ ਦੇ ਲੋਕ ਜੇਜੋਂ ਆ ਕੇ ਮਰੂਸ ਭਰਦੇ ਸਨ। ਜਸਵਾਲ ਰਾਜਿਆਂ ਨੇ ਪਹਾੜੀ ਇਲਾਕੇ ਵਿਚ ਪਾਣੀ ਦੀ ਕਿੱਲਤ ਨੂੰ ਦੂਰ ਕਰਨ ਲਈ 108 ਦੇ ਨੇੜੇ ਖੂਹ ਲਵਾਏ ਸਨ। ਇਨ੍ਹਾਂ ਵਿਚੋਂ ਕਈ ਤਾਂ ਹੁਣ ਵੀ ਚਲਦੇ ਹਨ। ਕਈ ਨਾ ਵਰਤੋਂ ਵਿਚ ਆਉਣ ਕਰਕੇ ਸੁੱਕ ਗਏ ਹਨ।

1767 ਤੋਂ ਲੈ ਕੇ 1799 ਤੱਕ ਸਿੱਖ ਮਿਸਲਾਂ ਤਹਿਤ ਡੱਲੇਵਾਲੀ ਮਿਸਲ ਜਿਸ ਦੇ (ਸੰਸਥਾਪਕ ਗੁਲਾਬ ਸਿੰਘ) ਤਾਰਾ ਸਿੰਘ ਗੇਬਾ ਮੁੱਖੀ ਸਨ, ਦੇ ਅਧੀਨ ਜੇਜੋਂ ਆਉਂਦਾ ਸੀ। ਇਹ ਜਸਵਾਲ ਰਾਜੇ ਉਨ੍ਹਾਂ ਦੀ ਰਹਿਨੁਮਾਈ ਹੇਠ ਰਾਜ ਕਰਦੇ ਸਨ। ਤਾਰਾ ਸਿੰਘ ਗੇਬਾ ਮਹਾਰਾਜਾ ਰਣਜੀਤ ਸਿੰਘ ਦਾ ਨਜ਼ਦੀਕੀ ਦੋਸਤ ਸੀ ਪਰ ਜਦੋਂ ਉਸ ਦੀ ਮੌਤ ਹੋਈ ਤਾਂ ਅਜੇ ਉਸ ਦੇ ਅੰਤਿਮ ਸੰਸਕਾਰ ਅਤੇ ਹੋਰ ਰਸਮੋ-ਰਿਵਾਜ਼ ਵੀ ਪੂਰੇ ਨਹੀਂ ਹੋਏ ਸਨ, ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨੇ ਡੱਲੇਵਾਲੀ ਮਿਸਲ ਦੀ ਰਾਜਧਾਨੀ ਰਾਹੋਂ 'ਤੇ ਹੱਲਾ ਬੋਲ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਫੌਜ ਨੇ ਬੜੀ ਆਸਾਨੀ ਨਾਲ ਆਪਣੇ ਮਿੱਤਰ ਦੇ ਰਾਜ ਭਾਗ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਸੀ।

1815 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਲੋਂ ਜੇਜੋਂ 'ਤੇ ਹਮਲਾ ਕੀਤਾ ਗਿਆ। ਰਾਜਾ ਰਾਮ ਰਾਏ ਦੀ ਫੌਜ ਬੁਰੀ ਤਰ੍ਹਾਂ ਹਾਰ ਗਈ ਸੀ। ਮਹਾਰਾਜਾ ਰਣਜੀਤ ਸਿੰਘ ਨੇ ਜੇਜੋਂ ਨੂੰ ਆਪਣੇ ਅਧੀਨ ਕਰ ਲਿਆ। ਰਾਜਾ ਰਾਮ ਰਾਏ ਨੇ ਜਦੋਂ ਉਨ੍ਹਾਂ ਦੀ ਅਧੀਨਗੀ ਸਵੀਕਾਰ ਕਰ ਲਈ ਤਾਂ ਰਾਜੇ ਨੂੰ ਕਸਬਾ ਅੰਬ (ਅੱਜ ਕੱਲ੍ਹ ਹਿਮਾਚਲ ਪ੍ਰਦੇਸ਼ ਵਿਚ) ਜਗੀਰ ਦੇ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਦੌਰਾਨ ਵੀ ਇਸ ਸ਼ਹਿਰ ਨੂੰ ਵਪਾਰ ਅਤੇ ਆਰਾਮਗਾਹ ਲਈ ਵਰਤਿਆ ਗਿਆ। ਉਨ੍ਹਾਂ ਨੇ ਇੱਥੇ ਬਾਰਾਂਦਰੀ ਬਣਵਾਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਖਾਸ-ਖਾਸ ਥਾਵਾਂ 'ਤੇ ਬਾਰਾਂਦਰੀਆਂ ਬਣਵਾਈਆਂ ਗਈਆਂ ਸਨ। ਇਹ ਬਾਰਾਂਦਰੀਆਂ ਉਸ ਸਮੇਂ ਦੇ ਰੈਸਟ ਹਾਊਸ ਹੁੰਦੇ ਸਨ ਪਰ ਹੁਣ ਇੱਥੇ ਬਾਰਾਂਦਰੀ ਦਾ ਨਾਂ ਨਿਸ਼ਾਨ ਵੀ ਨਹੀਂ ਮਿਲਦਾ ਹੈ।

19ਵੀਂ ਸਦੀ ਵਿਚ ਜੇਜੋਂ ਪੂਰੇ ਜੋਬਨ 'ਤੇ ਸੀ। ਇਹ ਭਾਵੇਂ ਛੋਟਾ ਜਿਹਾ ਸ਼ਹਿਰ ਹੈ ਪਰ ਇਸ ਦੀਆਂ ਲੱਤਾਂ ਬਾਹਾਂ ਇੰਨੀਆਂ ਵੱਡੀਆਂ ਸਨ ਕਿ ਇਸ ਦੇ ਬਨੇਰੇ ਬਜਵਾੜੇ ਸ਼ਹਿਰ ਨਾਲ ਜਾ ਜੁੜਦੇ ਸਨ। ਇੱਥੇ ਕੱਪੜੇ ਦਾ ਵਪਾਰ ਵੱਡੀ ਪੱਧਰ 'ਤੇ ਹੁੰਦਾ ਸੀ। ਲੋਕ ਵੱਡੀ ਪੱਧਰ 'ਤੇ ਚੌਂਸੀਆਂ ਬੁਣਦੇ ਸੀ। ਲਲਾਰੀ ਵੀ ਵੱਡੀ ਗਿਣਤੀ ਵਿਚ ਸਨ। ਉਨ੍ਹਾਂ ਦੇ ਸਿਰ 'ਤੇ ਕੱਪੜੇ ਦੀ ਰੰਗਾਈ ਦਾ ਕੰਮ ਚਲਦਾ ਸੀ। ਇੱਥੇ ਕੱਪੜੇ ਦੇ ਥੋਕ ਦੇ ਵਪਾਰੀ ਹੁੰਦੇ ਸਨ। ਏਸ਼ੀਆ ਦੀਆਂ ਮੰਡੀਆਂ ਵਿਚ ਇਸ ਦਾ ਨਾਂ ਆਉਂਦਾ ਸੀ। ਸਾਰਾ ਵਪਾਰ ਊਠਾਂ ਤੇ ਖੱਚਰਾਂ ਨਾਲ ਹੁੰਦਾ ਸੀ। ਰੋਜ਼ਾਨਾ ਦੋ-ਤਿੰਨ ਸੌ ਦੇ ਕਰੀਬ ਊਠ ਤੇ ਖੱਚਰਾਂ ਰਾਹੀਂ ਦੂਸਰੇ ਰਾਜਾਂ ਨੂੰ ਮਾਲ ਸਪਲਾਈ ਕੀਤਾ ਜਾਂਦਾ ਸੀ। ਇੱਥੋਂ ਅਫਗਾਨਿਸਤਾਨ, ਸਮਰਕੋਟ, ਸ਼ਾਹਕੋਟ, ਊਨਾ, ਕਾਂਗੜਾ, ਮੰਡੀ, ਨੰਗਲ ਅਤੇ ਹੋਰ ਥਾਵਾਂ ਨੂੰ ਵਪਾਰ ਹੁੰਦਾ ਸੀ। ਇਸ ਦਾ ਵੱਡਾ ਕਾਰਨ ਕਾਂਗੜਾ, ਮੰਡੀ ਤੇ ਨੰਗਲ ਨੂੰ ਕੋਈ ਹੋਰ ਰਾਹ ਨਹੀਂ ਜਾਂਦਾ ਸੀ। ਜੇਜੋਂ ਤੋਂ ਵਣ ਰਾਹੀਂ ਕੱਚਾ ਰਾਹ ਹੁੰਦਾ ਸੀ। ਇਸ ਰਾਹ ਰਾਹੀਂ ਹੀ ਸਾਰਾ ਵਪਾਰ ਊਠਾਂ ਤੇ ਖੱਚਰਾਂ ਤੇ ਹੁੰਦਾ ਸੀ। ਜੇਜੋਂ ਤੋਂ ਊਨੇ ਜਾਣ ਵਾਲਾ ਰਾਹ ਵੀ ਹਮੇਸ਼ਾ ਭਰਿਆ ਰਹਿੰਦਾ ਸੀ। ਦਿਨ ਰਾਤ ਵਪਾਰੀ ਲੋਕ ਆਪਣੇ ਮਾਲ ਨਾਲ ਤੁਰੇ ਰਹਿੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਰਾਜ ਖਿੰਡ-ਪੁੰਡ ਗਿਆ। ਸਿੱਖ ਜਗੀਰਦਾਰ ਆਪਸੀ ਲੜਾਈ ਵਿਚ ਉਲਝ ਗਏ। 1845-46 ਵਿਚ ਪਹਿਲਾ ਅੰਗਰੇਜ਼-ਸਿੱਖ ਯੁੱਧ ਹੋਇਆ ਜਿਸ ਵਿਚ ਸਿੱਖ ਹਾਰ ਗਏ। ਅੰਗਰੇਜ਼ਾਂ ਨੇ ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਤੇ ਕਬਜ਼ਾ ਕਰ ਲਿਆ। 11 ਮਾਰਚ, 1846 ਨੂੰ ਲਾਹੌਰ ਦੀ ਦੂਜੀ ਸੰਧੀ ਹੋਈ ਜਿਸ ਅਨੁਸਾਰ ਬਿਸਤ ਦੁਆਬ ਦਾ ਮੈਦਾਨੀ ਤੇ ਪਹਾੜੀ ਇਲਾਕਾ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਗਿਆ। ਜੇਜੋਂ ਉਨ੍ਹਾਂ ਲਈ ਸੈਰ ਸਪਾਟੇ ਦਾ ਕੇਂਦਰ ਬਣ ਗਿਆ। ਉਨ੍ਹਾਂ ਨੇ ਇੱਥੇ ਮਿਉਂਸਪਲ ਕਮੇਟੀ ਵੀ ਬਣਾਈ। ਇੱਥੇ ਰੈਸਟ ਹਾਊਸ ਹੁੰਦਾ ਸੀ। ਅੰਗਰੇਜ਼ ਹਾਕਮ ਅਤੇ ਅਫਸਰ ਇੱਥੇ ਆ ਕੇ ਠਹਿਰਦੇ ਸਨ। ਹੁਸ਼ਿਆਰਪੁਰ ਦਾ

***(ਬਾਕੀ ਅਗਲੇ ਸਫੇ 'ਤੇ)***





***ਜੇਜੋਂ ਦਾ ਰੇਲਵੇ ਸਟੇਸ਼ਨ ਅਤੇ (ਸੱਜੇ) ਜੇਜੋਂ ਵਿਚੋਂ ਲੰਘਦੀ ਯਾਤਰੂ ਗੱਡੀ ਦਾ ਇਕ ਡੱਬਾ।***

# ਉਜੜੇ ਸ਼ਹਿਰ ਜੇਜੋਂ ਦੀ ਦਾਸਤਾਨ

*(ਪਿਛਲੇ ਸਫੇ ਦੀ ਬਾਕੀ)*

ਡਿਪਟੀ ਕਮਿਸ਼ਨਰ ਸਰ ਜਿੰਨ ਕਿੰਗ ਤਾਂ ਅਕਸਰ ਆਪਣਾ ਸਰਕਾਰੀ ਦੌਰਾ ਇੱਥੇ ਹੀ ਰੱਖਦਾ ਹੁੰਦਾ ਸੀ। ਅੰਗਰੇਜ਼ ਸ਼ਾਸਕਾਂ ਨੇ ਇਸ ਵਪਾਰਕ ਕੇਂਦਰ ਨੂੰ ਹੋਰ ਵਧਾਉਣ ਲਈ ਜੇਜੋਂ ਨੂੰ 1916 ਵਿਚ ਨਵਾਂਸ਼ਹਿਰ-ਫਗਵਾੜਾ ਰੇਲਵੇ ਲਾਈਨ (ਵਾਇਆ ਗੜ੍ਹਸ਼ੰਕਰ) ਨਾਲ ਜੋੜਿਆ। ਉਦੋਂ ਰਾਹੋਂ ਅਤੇ ਨਵਾਂਸ਼ਹਿਰ ਵੀ ਵੱਡੀਆਂ ਮੰਡੀਆਂ ਹੁੰਦੀਆਂ ਸਨ। ਰਾਹੋਂ ਤੋਂ ਗੱਡੀ ਨਵਾਂਸ਼ਹਿਰ ਤੇ ਗੜ੍ਹਸ਼ੰਕਰ ਰਾਹੀਂ ਸਿੱਧੀ ਜੇਜੋਂ ਨੂੰ ਜਾਂਦੀ ਹੁੰਦੀ ਸੀ।

1947 ਦੀ ਵੰਡ ਤੋਂ ਪਹਿਲਾਂ ਇੱਥੇ ਮਹਾਜਨ, ਖੱਤਰੀ, ਬ੍ਰਾਹਮਣ, ਸੂਦ, ਜੈਨ, ਮੁਸਲਮਾਨ-ਸੱਯਦ, ਸ਼ੇਖ, ਜੁਲਾਹੇ, ਪੇਂਜੇ, ਧੋਬੀ ਅਤੇ ਹੋਰ ਦਲਿਤ ਲੋਕ ਰਹਿੰਦੇ ਸਨ। ਇੱਥੇ ਮੁੱਖ ਜਮਾਤ ਵਪਾਰ ਕਰਨ ਵਾਲੀ ਹੀ ਸੀ। ਜਦੋਂ ਅਸੀਂ ਜੈਨ ਧਰਮ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਧਰਮ ਬਹੁਤਾ ਵਪਾਰੀ ਤਬਕੇ ਵਿਚ ਹੀ ਪ੍ਰਚਲਿਤ ਸੀ। ਇਸ ਕਰਕੇ ਇਹ ਧਰਮ ਇੱਥੇ ਵੀ ਵਪਾਰੀਆਂ ਵਿਚ ਫੈਲਿਆ। ਵਪਾਰ ਵਿਚ ਸਹਾਇਕ ਹੋਰ ਜਾਤਾਂ ਨੂੰ ਵੀ ਇੱਥੇ ਵਸਾਇਆ ਗਿਆ। ਦਲਿਤਾਂ ਨੂੰ ਮਜ਼ਦੂਰੀ ਕਰਾਉਣ ਜਾਂ ਵਗਾਰ ਲੈਣ ਲਈ ਰੱਖਿਆ ਹੋਇਆ ਸੀ। ਉਨ੍ਹਾਂ ਵਿਚੋਂ ਜਿਹੜਾ ਔਖਾ ਫਿੱਕਾ ਹੁੰਦਾ ਸੀ, ਉਹਨੂੰ ਖੂਨੀ ਟਿੱਲੇ 'ਤੇ ਭੇਜ ਦਿੱਤਾ ਜਾਂਦਾ ਸੀ।

ਇੱਥੇ ਪਹਿਲਾਂ ਡਾਕਖਾਨੇ ਵਾਲਾ ਬਾਜ਼ਾਰ, ਮੇਨ ਬਾਜ਼ਾਰ, ਪੌੜ ਸਾਂਗ ਬਾਜ਼ਾਰ, ਬਾਬਾ ਔਗੜ ਚੌਂਕ, ਲਲਾਰੀ ਬਾਜ਼ਾਰ, ਕੰਜਰੀ ਬਾਜ਼ਾਰ, ਸੁਨਿਆਰਾ ਬਾਜ਼ਾਰ ਆਦਿ ਹੁੰਦੇ ਸਨ। ਕੰਜਰਾਂ ਦੇ ਮੁਹੱਲੇ ਕੰਜਰੀਆਂ ਕੋਲ ਹਾਕਮ, ਅਫ਼ਸਰ ਤੇ ਵਪਾਰੀ ਲੋਕ ਮਨ ਬਹਿਲਾਉਣ ਲਈ ਜਾਂਦੇ ਸਨ। ਇਨ੍ਹਾਂ ਬਾਰੇ ਲੋਕਾਂ ਦਾ ਵਿਚਾਰ ਹੈ ਕਿ ਇਹ ਲੋਕ ਆਪਣੇ ਅਸੂਲਾਂ ਦੇ ਪੱਕੇ ਹੁੰਦੇ ਸੀ। ਇਨ੍ਹਾਂ ਦੀਆਂ ਔਰਤਾਂ ਨੂੰ ਗੀਤ ਸੰਗੀਤ ਦੀ ਚੰਗੀ ਜਾਣਕਾਰੀ ਹੁੰਦੀ ਸੀ। ਆਏ ਗਾਹਕਾਂ ਦਾ ਮਨ ਪ੍ਰਚਾਵਾ ਕਰਦੀਆਂ ਸਨ।

ਜੇਜੋਂ ਵਿਚ ਪੱਤੀਆਂ ਨਹੀਂ ਸਨ। ਘਰਾਂ ਦੀ ਬਣਤਰ ਜਾਤਾਂ ਅਨੁਸਾਰ ਸੀ। ਖੰਨੇ ਖੱਤਰੀਆਂ ਦੀ ਆਬਾਦੀ ਅਲੱਗ ਹੁੰਦੀ ਸੀ। ਸੂਦ ਆਪਣੀ ਵੱਖਰੀ ਆਬਾਦੀ ਵਿਚ ਰਹਿੰਦੇ ਸਨ। ਇਸੇ ਤਰ੍ਹਾਂ ਬ੍ਰਾਹਮਣ, ਮਰਾਸੀ ਅਤੇ ਗੁੱਜਰਾਂ ਦੇ ਆਪੋ-ਆਪਣੇ ਮੁਹੱਲੇ ਸਨ। ਮੁਸਲਮਾਨਾਂ ਵਿਚ ਵੀ ਜਿੰਨੀਆਂ ਜਾਤਾਂ ਸਨ, ਉਹ ਵੀ ਆਪਣੇ ਵੱਖਰੇ-ਵੱਖਰੇ ਮੁਹੱਲਿਆਂ ਵਿਚ ਰਹਿੰਦੇ ਸਨ। ਇੱਥੇ ਸੱਯਦ ਮੁਸਲਮਾਨ, ਮਹਾਜਨ ਤੇ ਰਾਜਪੂਤ ਭਾਰੂ ਸਨ। ਜੇ ਤੁਸੀਂ ਪਹਾੜੀ ਇਲਾਕੇ ਵਿਚ ਜਾਓ, ਜਿਵੇਂ ਜ਼ਿਲ੍ਹਾ ਕਾਂਗੜਾ(ਹਿਮਾਚਲ ਪ੍ਰਦੇਸ਼) ਦੇ ਕਿਸੇ ਪਿੰਡ ਵਿਚ ਜਾਓ, ਇੱਕ ਪਹਾੜੀ 'ਤੇ ਇਕ ਜਾਤੀ ਅਤੇ ਦੂਜੀ ਪਹਾੜੀ 'ਤੇ ਦੂਜੀ ਜਾਤੀ ਦੇ ਲੋਕ ਰਹਿੰਦੇ ਹਨ। ਇਸੇ ਤਰ੍ਹਾਂ ਜੇਜੋਂ ਦਾ ਰੈਣ ਵਸੇਰਾ ਹੈ ਪਰ ਇੱਥੇ ਵਸੋਂ ਵਾਲੀ ਥਾਂ ਤੇ ਵੱਖਰੀਆਂ-ਵੱਖਰੀਆਂ ਪਹਾੜੀਆਂ ਨਹੀਂ ਸਨ। ਉਨ੍ਹਾਂ ਵਿਚਕਾਰ ਦੀ ਦੂਰੀ ਦੂਰ ਕਰ ਲਈ ਗਈ ਸੀ। ਸ਼ਹਿਰ ਉੱਚਾ ਨੀਵਾਂ ਜ਼ਰੂਰ ਸੀ ਪਰ ਕਾਂਗੜੇ ਦੇ ਪਿੰਡਾਂ ਵਰਗਾ ਨਹੀਂ ਸੀ।

ਅੰਗਰੇਜ਼ ਹਕੂਮਤ ਨੇ ਪੰਜਾਬ ਵਿਚ ਸੜਕਾਂ ਅਤੇ ਰੇਲਵੇ ਲਾਈਨਾਂ ਦਾ ਨਿਰਮਾਣ ਕਰਨਾ ਸ਼ੁਰੂ ਕੀਤਾ ਤਾਂ ਇਹਦਾ ਅਸਰ ਜੇਜੋਂ 'ਤੇ ਵੀ ਹੋਇਆ। ਇਥੋਂ ਦਾ ਵਪਾਰ ਵਧਣ ਦੀ ਥਾਂ ਰੁਕ ਗਿਆ। 1932 ਵਿਚ ਜੋਗਿੰਦਰ ਨਗਰ ਵੈਲੀ ਬਣੀ। ਅੰਮ੍ਰਿਤਸਰ-ਨਗਰੋਟਾ ਲਾਈਨ ਨਿਕਲੀ। ਨਾਲ ਹੀ ਸੜਕ ਵੀ ਬਣ ਗਈ। ਮੰਡੀ (ਹਿਮਾਚਲ ਪ੍ਰਦੇਸ਼) ਦਾ ਸਾਰਾ ਵਪਾਰ ਅੰਮ੍ਰਿਤਸਰ ਰਾਹੀਂ ਹੋਣ ਲੱਗਾ। ਉਠਾਂ ਤੇ ਖੱਚਰਾਂ ਦੀ ਜਗ੍ਹਾ ਟਰੱਕਾਂ ਅਤੇ ਗੱਡੀਆਂ ਨੇ ਲੈ ਲਈ। ਨੰਗਲ ਵਿਖੇ ਭਾਖੜਾ ਡੈਮ ਬਣਨ ਨਾਲ ਇਹਦਾ ਨੰਗਲ ਨਾਲੋਂ ਸਬੰਧ ਟੁੱਟ ਗਿਆ। ਨਵਾਂਸ਼ਹਿਰ-ਸੰਤੋਖਗੜ੍ਹ, ਨੰਗਲ ਸੜਕ ਬਣੀ। ਇਹਦੇ ਬਣਨ ਨਾਲ ਜੇਜੋਂ ਨਾਲੋਂ ਊਨਾ ਤੇ ਮੰਡੀ ਟੁੱਟੇ। ਕਾਂਗੜਾ ਦਾ ਸਬੰਧ ਵੀ ਟੁੱਟਿਆ। ਜੇਜੋਂ ਦਾ ਵਪਾਰ ਸੜਕਾਂ ਅਤੇ ਲਾਈਨਾਂ ਕਾਰਨ ਪ੍ਰਭਾਵਿਤ ਹੋਣਾ ਸ਼ੁਰੂ ਹੋਇਆ ਹੀ ਸੀ, ਫਿਰ 1947 ਦੀ ਵੰਡ ਦੀ ਹੋਣੀ ਵੀ ਵਾਪਰ ਗਈ। ਮੁਸਲਮਾਨ ਵਪਾਰੀ ਉੱਜੜ ਗਏ। ਭਰੀਆਂ-ਭਰਾਈਆਂ ਕੋਠੀਆਂ ਛੱਡ ਕੇ ਤੁਰ ਗਏ। ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਆਏ। ਮਾਲ ਲੁੱਟ ਕੇ ਲੈ ਗਏ। ਮਾਸੂਮ ਜਿੰਦਾਂ ਵੱਢੀਆਂ ਗਈਆਂ। ਪਿੱਛੇ ਛੱਡ ਗਏ ਮਹਿਲਨੁਮਾ ਕੋਠੀਆਂ। ਵਿਰਾਨ ਖੜ੍ਹੀਆਂ ਕੋਠੀਆਂ ਅੱਜ ਵੀ ਉਨ੍ਹਾਂ ਦੀ ਉਡੀਕ ਵਿਚ ਹਨ। ਇਧਰੋਂ ਪਾਕਿਸਤਾਨ ਚਲੇ ਗਏ ਪਰ ਮੁਸਲਮਾਨਾਂ ਦੀ ਜਗ੍ਹਾ ਕੋਈ ਵੀ ਜੇਜੋਂ ਨਾ ਆਇਆ। ਉਜਾੜ ਪੈ ਗਿਆ। ਅੱਜ ਜੇਜੋਂ ਆਰਥਿਕ ਤੌਰ 'ਤੇ ਟੁੱਟਿਆ ਪਿਆ ਹੈ। ਦਲਿਤ ਲੋਕ ਵਣ ਵਿਚ ਲੱਕੜੀ ਕੱਟਣ ਦੀ ਮਜ਼ਦੂਰੀ ਕਰਦੇ ਹਨ। ਉਨ੍ਹਾਂ ਦਾ ਮਸਾਂ ਗੁਜ਼ਾਰਾ ਚੱਲਦਾ ਹੈ। ਬਜ਼ੁਰਗ ਪੁਰਾਣਾ ਸਮਾਂ ਯਾਦ ਕਰਕੇ ਰੋਂਦੇ ਹਨ। ਦਿਨ ਰਾਤ ਗੱਡੀ ਚਲਦੀ ਸੀ। ਸਵਾਰੀਆਂ ਅਤੇ ਵਪਾਰੀ ਆਉਂਦੇ ਜਾਂਦੇ ਰਹਿੰਦੇ ਸਨ। ਲੋਕਾਂ ਨੂੰ ਕੰਮ ਮਿਲਦਾ ਸੀ। ਹੁਣ ਕੰਮ ਨਹੀਂ ਮਿਲਦਾ। ਕੋਠੀਆਂ ਦੀ ਹਾਲਤ ਬੜੀ ਖਸਤਾ ਹੈ। ਕੋਈ ਸੰਭਾਲ ਨਹੀਂ। ਪਹਿਲਾਂ ਮਿਊਂਸਪਲ ਕਮੇਟੀ ਹੁੰਦੀ ਸੀ। ਹੁਣ ਪੰਚਾਇਤ ਹੈ। ਕਾਫੀ ਮਕਾਨ ਪੰਚਾਇਤ ਦੇ ਅਧੀਨ ਹਨ। ਕਈ ਮਕਾਨ ਲੋਕਾਂ ਨੇ ਵੰਡ ਤੋਂ ਬਾਅਦ ਆਪਣੇ ਨਾਂ ਕਰਾ ਲਏ ਸਨ। ਇੱਥੇ ਇੱਕ ਮੂਰਖ ਮੰਡਲ ਬਣਿਆ ਹੋਇਆ ਹੈ ਜਿਸ ਦੇ ਪ੍ਰਧਾਨ ਵਲੋਂ ਸ਼ਿਅਰ ਲਿਖਾ ਕੇ ਇਮਾਰਤਾਂ ਉੱਤੇ ਤਖ਼ਤੀਆਂ ਟੰਗੀਆਂ ਹੋਈਆਂ ਹਨ। ਬੰਦ ਪਈਆਂ ਤੇ ਉਜੜੀਆਂ ਹੋਈਆਂ ਇਮਾਰਤਾਂ ਦੇ ਉੱਤੇ ਲਿਖੇ ਸ਼ਿਅਰ ਇਸ ਸ਼ਹਿਰ ਦੀ ਤਸਵੀਰ ਰੂਪਮਾਨ ਕਰਦੇ ਹਨ:

ਪੇੜੋਂ ਕੋ ਛੋੜ ਕਰ ਜਾ ਉਡੇ  
ਉਨ ਕਾ ਜ਼ਿਕਰ ਕਿਆ,  
ਪਾਲੇ ਹੁਏ ਭੀ ਗੈਰੋਂ ਕੀ  
ਛੱਤ ਪਰ ਚਲੇ ਗਏ।

---

ਫਿਰ ਮੇਰੇ ਜੁਰਮ ਕੀ  
ਜੋ ਸਜ਼ਾ ਹੋ ਮੁਝ ਕੋ,  
ਕੌਨ ਮੁਜਰਿਮ ਹੈ  
ਪਹਿਲੇ ਯਹ ਤੋ ਬਤਾ ਦੋ ਮੁਝ ਕੋ।

---

ਕਿਆ ਯਾਦ ਮਿਲ ਸਕੇਗੀ  
ਯੇ ਤੋ ਗੂੰਗੋਂ ਕਾ ਸ਼ਹਿਰ ਹੈ,  
ਅਫਸਾਨਾ-ਏ-ਹਿਆਤ  
ਯਹਾਂ ਮਤ ਸੁਨਾਈਏ।

ਸੰਤਾਲੀ ਦੀ ਖੂਨੀ ਹਨੇਰੀ ਇੱਥੇ ਵੀ ਝੁੱਲੀ ਸੀ। ਧੀਆਂ-ਭੈਣਾਂ ਦੀਆਂ ਇੱਜ਼ਤਾਂ ਲੁੱਟੀਆਂ ਗਈਆਂ ਸਨ। ਮਨੁੱਖਤਾ ਦਾ ਘਾਣ ਹੋਇਆ ਸੀ। ਚਾਵਾਂ ਨਾਲ ਭਰੇ ਘਰ ਲੁੱਟ ਲਏ ਗਏ ਸਨ। ਇੱਥੇ ਇੱਕ ਰਾਜ ਮਿਸਤਰੀ ਦਸੌਂਧੀ ਸ਼ਾਹ ਹੁੰਦਾ ਸੀ। ਬੜਾ ਅੱਛਾ ਕਾਰੀਗਰ ਸੀ। ਉਹਦੀਆਂ ਬਣਾਈਆਂ ਇਮਾਰਤਾਂ ਅਜੇ ਵੀ ਖੜ੍ਹੀਆਂ ਹਨ। ਉਹਨੂੰ ਦੰਗਾਕਾਰੀਆਂ ਨੇ ਮਾਰ ਮੁਕਾਇਆ। ਇਕ ਗੁੱਜਰ ਮੁੰਡੇ ਦਾ ਕਤਲ ਹੋਇਆ ਸੀ। ਉਸ ਨੂੰ ਸ਼ਰੇਆਮ ਬਾਜ਼ਾਰ ਵਿਚ ਵੱਢ ਦਿੱਤਾ ਗਿਆ ਸੀ। 35-40 ਸਾਲ ਦਾ ਵੈਦ ਮੁਹੰਮਦ ਅਲੀ ਹੁੰਦਾ ਸੀ। ਉਹਨੂੰ ਜੋਕਾਂ ਵਾਲਾ ਮੁਹੰਮਦ ਅਲੀ ਕਹਿੰਦੇ ਸਨ। ਉਹ ਜੋਕਾਂ ਨਾਲ ਫੋੜੇ ਫਿਨਸੀਆਂ ਦਾ ਇਲਾਜ ਕਰਦਾ ਹੁੰਦਾ ਸੀ। ਜਿਹੜੇ ਫੋੜੇ ਫਿਨਸੀਆਂ ਖਰਾਬ ਹੋ ਜਾਂਦੇ, ਉਹ ਉਨ੍ਹਾਂ ਉੱਤੇ ਜੋਕਾਂ ਲਾਉਂਦਾ ਹੁੰਦਾ ਸੀ। ਜੋਕ ਗੰਦ ਚੂਸ ਲੈਂਦੀ ਹੁੰਦੀ ਸੀ। ਫਿਰ ਉਹ ਕੋਈ ਦਵਾਈ ਲਾਉਂਦਾ ਸੀ। ਮੁਹੰਮਦ ਅਲੀ ਨੂੰ ਭਰੋਸੇ ਵਿਚ ਲੈ ਕੇ ਜੇਜੋਂ ਵਾਲਿਆਂ ਰੱਖ ਲਿਆ ਸੀ। ਬਾਅਦ ਵਿਚ ਹਮਲਾਵਰਾਂ ਨੇ ਪਿੰਡ ਕੁੱਕੜਾਂ ਵਿਚ ਲਿਜਾ ਕੇ ਬੜੀ ਬੇਰਹਿਮੀ ਨਾਲ ਵੱਢਿਆ ਸੀ।

ਇਸ ਰੌਲੇ ਰੱਪੇ ਵਿਚ ਡਰਦੇ ਲੋਕ ਵਣ ਵਿਚ ਜਾ ਛੁਪੇ ਸਨ। ਜਦੋਂ ਪਾਕਿਸਤਾਨ ਤੋਂ ਮਿਲਟਰੀ ਆਈ, ਕਾਫਲਾ ਉਨ੍ਹਾਂ ਨਾਲ ਚਲੇ ਗਿਆ। ਧੋਬੀਆਂ ਦੇ ਨਬੀ ਬਖਸ਼ ਦਾ ਪਰਿਵਾਰ ਪਹਿਲਾਂ ਕਿਤੇ ਚਲਾ ਗਿਆ ਸੀ। ਪਿਛੋਂ ਵਾਪਸ ਆ ਗਏ ਸਨ। ਇਸੇ ਤਰ੍ਹਾਂ ਗੁੱਜਰਾਂ ਦੇ ਕਈ ਘਰ ਵਣ ਵਿਚ ਜਾ ਲੁਕੇ ਸਨ। ਇਨ੍ਹਾਂ ਵਿਚੋਂ ਸਫੀ, ਰੁਕਮਦੀਨ, ਨਜਾਮ ਦਾ ਪਰਿਵਾਰ, ਬੁੱਘੇ ਦੇ ਮੁੰਡੇ ਤੇ ਸ਼ੇਰੇ ਦੇ ਮੁੰਡੇ ਰਹਿ ਗਏ ਸਨ। ਲੋਕਾਂ ਨੇ ਘਰ ਲੁੱਟ ਕੇ ਸਾੜ ਦਿੱਤੇ ਸਨ। ਇਸ ਉਜਾੜੇ ਪਿੱਛੋਂ ਬਹੁਤ ਸਾਰੇ ਲੋਕ ਪਾਕਿਸਤਾਨ ਤੋਂ ਜੇਜੋਂ ਆਏ ਸਨ। ਲੋਕਾਂ ਦਾ ਕਹਿਣਾ ਹੈ ਕਿ ਉਹ ਦੱਬਿਆ ਹੋਇਆ ਧਨ ਤੇ ਗਹਿਣੇ ਲੈ ਕੇ ਗਏ ਹੋਣਗੇ। ਮੁਸਲਮਾਨ ਪਰਿਵਾਰਾਂ ਨਾਲ ਸਾਂਝ ਦੀਆਂ ਯਾਦਾਂ ਅੱਜ ਵੀ ਲੋਕ ਚੇਤਿਆਂ ਵਿਚ ਵਸੀਆਂ ਹੋਈਆਂ ਹਨ। ਪੰਡਤ ਹਰੀ ਦੱਤ ਵੈਦ (ਉਮਰ 78 ਸਾਲ) ਨੂੰ ਇਸ ਸਬੰਧੀ ਪੁੱਛਿਆ ਗਿਆ।

“ਬਜ਼ੁਰਗੋ ਕੋਈ ਇਹੋ ਜਿਹੀ ਯਾਦ ਸਾਂਝੀ ਕਰੋ ਜਾਂ ਕਿਸੇ ਬੰਦੇ ਬਾਰੇ ਦੱਸੋ ਜਿਹੜਾ ਤੁਹਾਨੂੰ ਕਦੇ ਭੁੱਲਿਆ ਨਾ ਹੋਵੇ।”

“ਇਕ ਸੱਯਦ ਅਲੀ ਮੁਹੰਮਦ ਸ਼ਾਹ ਹੁੰਦਾ ਸੀ। ਉਹ ਡਰਾਮੇ ਵਿਚ ਸੀਨਰੀ ਬਣਾਉਂਦਾ ਹੁੰਦਾ ਸੀ। ਬੜਾ ਤਕੜਾ ਕਾਰੀਗਰ ਸੀ। ਕਮਾਲ ਦਾ ਕਲਾਕਾਰ ਸੀ। ਮੁਹੱਰਮ ਦੇ ਦਿਨਾਂ ਵਿਚ ਤਾਜੀਏ ਨਿਕਲਦੇ ਹੁੰਦੇ ਸਨ। ਹੁਸ਼ਿਆਰਪੁਰ ਤੋਂ ਸੁਲਤਾਨ ਆਉਂਦੇ ਸਨ। ਸੀਨਰੀਆਂ ਬਣਾਉਣ, ਬੁੱਤ ਬਣਾਉਣ ਅਤੇ ਹੋਰ ਕਈ ਤਰ੍ਹਾਂ ਦੇ ਮੁਕਾਬਲੇ ਕਰਾਏ ਜਾਂਦੇ ਸਨ। ਹੋਰ ਕਲਾਕਾਰ ਵੀ ਦੂਰੋਂ-ਦੂਰੋਂ ਆਉਂਦੇ ਸਨ। ਸ਼ਾਹ ਨੂੰ ਹਮੇਸ਼ਾ ਇਨਾਮ ਮਿਲਦਾ ਸੀ। ਉਹ ਪਹਿਲੇ ਨੰਬਰ 'ਤੇ ਆਉਂਦਾ ਹੁੰਦਾ ਸੀ। ਉਹ ਮੈਨੂੰ ਕਦੇ ਨਹੀਂ ਭੁੱਲਿਆ।”

ਵੰਡ ਤੋਂ ਪਹਿਲਾਂ ਇੱਥੇ ਪੰਜ ਹਜ਼ਾਰ ਦੇ ਕਰੀਬ ਜਨਸੰਖਿਆ ਸੀ, ਹੁਣ ਡੇਢ ਹਜ਼ਾਰ ਮਸਾਂ ਹੋਣੀ ਹੈ। ਜੇਜੋਂ ਦਾ ਖੇਤਰਫਲ ਬੜਾ ਘੱਟ ਹੈ। ਪਹਿਲਾਂ ਸੁਨਿਆਰਿਆਂ ਦਾ ਪੂਰਾ ਬਾਜ਼ਾਰ ਹੁੰਦਾ ਸੀ ਜਿੱਥੇ ਵੱਖ-ਵੱਖ ਤਰ੍ਹਾਂ ਦੇ ਗਹਿਣੇ ਬਣਦੇ ਸਨ। ਹੁਣ ਦੋ-ਤਿੰਨ ਦੁਕਾਨਾਂ ਹੀ ਗਹਿਣਿਆਂ ਦੀਆਂ ਰਹਿ ਗਈਆਂ ਹਨ। ਇੱਥੇ ਖੰਡਰਾਤ ਬਣੀਆਂ ਕੋਠੀਆਂ ਦੀ ਸੰਖਿਆ ਜ਼ਿਆਦਾ ਹੈ। ਇਕ ਮਹਿਲਨੁਮਾ ਪੁਰਾਣੀ ਕੋਠੀ ਹੈ। ਇਹ ਸੂਦਾਂ ਦੀ ਹੈ। ਇਸ ਦੇ 40 ਕਮਰੇ ਹਨ। ਸੂਦਾਂ ਦੇ ਮੁਹੱਲੇ ਵਿਚ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਛੋਟੀਆਂ-ਵੱਡੀਆਂ ਕੋਠੀਆਂ ਹਨ। ਜੈਨੀਆਂ ਦੇ ਬਾਜ਼ਾਰ ਵਿਚ ਵੀ ਅਜਿਹੀਆਂ ਕੋਠੀਆਂ ਦੀ ਬਹੁਤਾਤ ਹੈ। ਕੰਧਾਂ ਉੱਤੇ ਚਿੱਤਰਕਾਰੀ ਦੇਖਣਯੋਗ ਹੈ। ਕੋਠੀਆਂ ਦੀ ਫਰੰਟ ਸਾਈਡ 'ਤੇ ਵਾਧੇ ਕੱਢੇ ਹੋਏ ਹਨ। ਉਨ੍ਹਾਂ ਥੱਲੇ ਮੂਰਤੀਆਂ ਬਣੀਆਂ ਹੋਈਆਂ ਹਨ। ਪੁਰਾਣੀ ਮੂਰਤੀ ਕਲਾ ਦਾ ਵੀ ਇੱਥੇ ਅਨੰਦ ਮਿਲਦਾ ਹੈ। ਲੱਕੜ ਦੇ ਬੜੇ-ਬੜੇ ਦਰਵਾਜ਼ੇ ਹਨ। ਇਨ੍ਹਾਂ ਦਰਵਾਜ਼ਿਆਂ ਉੱਤੇ ਵੀ ਮੀਨਾਕਾਰੀ ਕੀਤੀ ਹੋਈ ਹੈ।

ਇੱਥੋਂ ਦੇ ਬਣਾਏ ਖੋਏ ਦੇ ਪੇੜੇ ਅੱਜ ਵੀ ਮਸ਼ਹੂਰ ਹਨ। ਇਹ ਬੜੇ ਸੁਆਦੀ ਬਣਾਏ ਜਾਂਦੇ ਹਨ। ਸੁਆਦੀ ਲੱਗਣ ਦਾ ਕਾਰਨ ਸ਼ੁੱਧ ਖੋਏ ਦੀ ਵਰਤੋਂ ਹੈ। ਇੱਕ ਤਾਂ ਇੱਧਰ ਰਸਾਇਣਕ ਵਰਤੋਂ ਵਾਲੇ ਪੱਠੇ ਨਹੀਂ ਹਨ, ਦੂਜਾ ਦੁੱਧ ਵਿਚ ਹੋਰ ਕੋਈ ਮਿਲਾਵਟ ਨਹੀਂ ਕੀਤੀ ਜਾਂਦੀ। ਇਸੇ ਕਰਕੇ ਸੁਆਦ ਹੁੰਦੇ ਹਨ। ਇੱਥੇ ਪਹਿਲਾਂ ਪੰਜ ਬੈਂਕ ਹੁੰਦੇ ਸਨ, ਹੁਣ ਸਿਰਫ਼ ਇੱਕ ਰਹਿ ਗਿਆ ਹੈ। ਇੱਥੇ ਬਾਂਦਰਾਂ ਦੀ ਭਰਮਾਰ ਹੈ। ਜਿਹੜੀ ਚੀਜ਼ ਇਨ੍ਹਾਂ ਦੇ ਹੱਥ ਆ ਜਾਂਦੀ ਹੈ, ਖੋਹ ਕੇ ਲੈ ਜਾਂਦੇ ਹਨ। ਰੋਟੀ-ਕੱਪੜਾ ਤੱਕ ਨਹੀਂ ਛੱਡਦੇ। ਹਰ ਚੀਜ਼ ਲੁਕਾ ਕੇ ਰੱਖਣੀ ਪੈਂਦੀ ਹੈ। ਕੋਈ ਹੱਥ ਵਿਚ ਫੜ ਕੇ ਖਾਣ ਵਾਲੀ ਚੀਜ਼ ਨਹੀਂ ਲਿਜਾ ਸਕਦਾ। ਇਹ ਝਪਟ ਮਾਰ ਕੇ ਖੋਹ ਲੈਂਦੇ ਹਨ। ਇਸ ਕਰਕੇ ਝੋਲੇ ਆਦਿ ਵਿਚ ਮਠਿਆਈ, ਫਲ ਫਰੂਟ ਜਾਂ ਹੋਰ ਚੀਜ਼ਾਂ ਲਿਜਾਣੀਆਂ ਪੈਂਦੀਆਂ ਹਨ। ਵਣ ਵਿਚੋਂ ਵੀ ਜੰਗਲੀ ਜੀਵ ਜੰਤੂ ਆ ਜਾਂਦੇ ਹਨ। ਕੁੱਤੇ, ਬਿੱਲੀਆਂ, ਬੱਕਰੀਆਂ ਵਗੈਰਾ ਚੁੱਕ ਕੇ ਲੈ ਜਾਂਦੇ ਹਨ। ਉਹ ਪਾਣੀ ਪੀਣ ਵੀ ਆਉਂਦੇ ਹਨ। ਪਾਣੀ ਪੀ ਕੇ ਚਲੇ ਜਾਂਦੇ ਹਨ।




ਕਿਸੇ ਵੇਲੇ ਵਸਦੇ-ਰਸਦੇ ਸ਼ਹਿਰ ਜੇਜੋਂ ਦੀਆਂ ਦੋ ਹਾਲੀਆ ਤਸਵੀਰਾਂ।

# ਔਰਤ ਦੇ ਸਵੈਮਾਨ ਦੀ ਬਾਤ ਪਾਉਣ ਵਾਲੀ ਸਰਘੀ

ਸਰਘੀ ਨੂੰ ਕਹਾਣੀ ਗੁੜ੍ਹਤੀ ਵਿਚ ਮਿਲੀ ਹੈ ਤੇ ਉਸ ਦੀਆਂ ਰਗਾਂ ਵਿਚ ਲਹੂ ਬਣ ਕੇ ਵਹਿੰਦੀ ਹੈ। ਨਾਮਵਰ ਕਹਾਣੀਕਾਰ ਦਲਬੀਰ ਚੇਤਨ ਹੁਰਾਂ ਦੀ ਕਹਾਣੀ ਦੀ ਵਿਰਾਸਤ ਨੂੰ ਬੜੇ ਮਾਣ ਨਾਲ ਅੱਗੇ ਲੈ ਤੁਰੀ ਕਹਾਣੀਕਾਰਾ ਸਰਘੀ ਅੱਜ ਕਿਸੇ ਦੀ ਜਾਣ-ਪਛਾਣ ਦੀ ਮੁਥਾਜ ਨਹੀਂ ਹੈ। ਉਸ ਦਾ ਪਹਿਲਾ ਕਹਾਣੀ-ਸੰਗ੍ਰਹਿ 'ਆਪਣੇ-ਆਪਣੇ ਮਰਸੀਏ' ਅੱਜ-ਕੱਲ੍ਹ ਚਰਚਾ ਵਿਚ ਹੈ। ਇਸ ਵਿਚ ਸ਼ਾਮਲ ਕਹਾਣੀਆਂ ਪਹਿਲਾਂ ਹੀ ਵੱਖ-ਵੱਖ ਪਰਚਿਆਂ ਵਿਚ ਛਪ ਕੇ ਸਮੇਂ-ਸਮੇਂ 'ਤੇ ਪਾਠਕਾਂ ਵਿਚ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਉਸ ਦਾ ਸਥਾਨ ਉਸ ਦੇ ਪਾਠਕ ਤੈਅ ਕਰਦੇ ਹਨ।



ਤ੍ਰਿਪਤਾ ਕੇ. ਸਿੰਘ

ਸਰਘੀ ਦੀਆਂ ਕਹਾਣੀਆਂ ਪਾਠਕਾਂ ਦੇ ਨਾਲ-ਨਾਲ ਆਲੋਚਕਾਂ ਵਿਚ ਵੀ ਖੂਬ ਚਰਚਿਤ ਰਹੀਆਂ ਹਨ।

ਇਕ ਕਹਾਣੀਕਾਰ ਵਜੋਂ ਮੈਂ ਸਰਘੀ ਨੂੰ ਨਿੱਜੀ ਤੌਰ 'ਤੇ 2010 ਤੋਂ ਜਾਣਦੀ ਹਾਂ। 'ਡਲਹੌਜ਼ੀ ਕਹਾਣੀ ਗੋਸ਼ਟੀ' ਵਿਚ ਅਸੀਂ ਪਹਿਲੀ ਵਾਰ ਮਿਲੀਆਂ ਸਾਂ। ਉਸ ਗੋਸ਼ਟੀ ਵਿਚ ਸਰਘੀ ਨੇ ਆਪਣੇ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਮਰਸੀਏ' ਦੀ ਟਾਈਟਲ ਕਹਾਣੀ ਪੜ੍ਹੀ ਸੀ। ਉਦੋਂ ਤੋਂ ਹੀ ਅਸੀਂ ਇਕ ਦੂਜੇ ਦੀਆਂ ਕਹਾਣੀਆਂ ਦੀਆਂ ਪਾਠਕ ਹਾਂ। ਕਹਾਣੀ ਪ੍ਰਤੀ ਉਸ ਦੀ ਸਮਝ ਸੂਝ ਬਹੁਤ ਗਹਿਰੀ ਤੇ ਸੰਵੇਦਨਸ਼ੀਲ ਹੈ। ਔਰਤ ਮਨ ਦੀਆਂ ਪਰਤਾਂ ਨੂੰ ਅੰਤਰੀਵ ਤੋਂ ਸਮਝ ਕੇ ਉਹ ਆਪਣੀ ਕਹਾਣੀ ਵਿਚ ਉਤਾਰਦੀ ਹੈ।

ਉਸ ਦੀਆਂ ਕਹਾਣੀਆਂ ਦੇ ਵਿਸ਼ੇ ਵੰਨ-ਸੁਵੰਨੇ ਹਨ। ਕੋਈ ਵੀ ਲੇਖਕ ਸਮਾਜ ਵਿਚ ਵਾਪਰ ਰਹੇ ਵਰਤਾਰਿਆਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ। ਉਸ ਦੀ ਸੰਵੇਦਨਸ਼ੀਲਤਾ ਉਸ ਨੂੰ ਅਜਿਹਾ ਕਰਨ ਤੋਂ ਰੋਕਦੀ ਹੈ। ਸਰਘੀ ਦੀਆਂ ਕਹਾਣੀਆਂ ਵਿਚ ਉਸ ਦੀ ਇਹੀ ਸੰਵੇਦਨਸ਼ੀਲਤਾ ਬਹੁਤ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ।

ਜਦੋਂ ਉਹ 'ਰਾਡ' ਕਹਾਣੀ ਲਿਖਦੀ ਹੈ ਤਾਂ ਦੁਨੀਆ ਦੀ ਹਰ ਮਾਂ ਦਾ ਡਰ ਉਸ ਦੀ ਕਹਾਣੀ ਦੀ ਨਾਇਕਾ ਅੰਦਰ ਸਮਾ ਜਾਂਦਾ ਹੈ। 'ਨਿਰਭਯਾ ਕਾਂਡ' ਜਿਸ ਨੇ ਸਾਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ, ਵਰਗੇ ਸੰਵੇਦਨਸ਼ੀਲ ਮੁੱਦੇ ਨੂੰ ਉਭਾਰਦੀ ਇਹ ਕਹਾਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਮ.ਏ. ਦੇ ਸਿਲੇਬਸ ਦਾ ਹਿੱਸਾ ਬਣੀ ਹੈ।

ਸਰਘੀ ਸਮਾਜ ਵਿਚ ਵਾਪਰਦੀਆਂ ਘਟਨਾਵਾਂ ਨੂੰ ਬਹੁਤ ਪੈਨੀ ਨਜ਼ਰ ਨਾਲ ਵੇਖਦੀ ਹੈ। ਉਸ ਦੀ ਕਹਾਣੀ 'ਰਬਾਬੀ' ਦਾ ਖਾਸ ਤੌਰ 'ਤੇ ਜ਼ਿਕਰ ਕਰਨਾ ਚਾਹਾਂਗੀ। ਇਸ ਕਹਾਣੀ ਰਾਹੀਂ ਉਸ ਨੇ ਵਿੱਦਿਅਕ ਸੰਸਥਾਵਾਂ ਵਿਚ ਫੈਲੇ ਭ੍ਰਿਸ਼ਟਤੰਤਰ ਨੂੰ ਬਹੁਤ ਹੀ ਗੂੜ੍ਹੀ ਰਮਜ਼ ਵਾਲੀ ਸ਼ੈਲੀ ਵਿਚ ਉਜਾਗਰ ਕੀਤਾ ਹੈ। ਗੁਰੂਆਂ ਦੇ ਨਾਂ 'ਤੇ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵਿਚ ਗੁਰੂਆਂ ਦੇ ਕਥਨਾਂ ਨੂੰ ਅੱਖੋਂ ਪਰੋਖੇ ਕਰ ਕੇ ਮਨਮਤੀਆਂ ਕੀਤੀਆਂ ਜਾਂਦੀਆਂ ਹਨ, ਜਿੱਥੇ ਅਸਲੀ ਹੀਰਿਆਂ ਨੂੰ ਪੱਥਰ ਸਮਝ ਕੇ ਬਾਹਰ ਦਾ ਰਸਤਾ ਵਿਖਾ ਦਿੱਤਾ ਜਾਂਦਾ ਹੈ।

ਉਸ ਦੀ ਬਹੁ-ਚਰਚਿਤ ਕਹਾਣੀ 'ਹਾਲਿਡੇ-ਵਾਇਫ' ਦੀ ਮੁੱਖ ਪਾਤਰ ਅਜਿਹੇ ਸ਼ਸ਼ਕਤ ਪਾਤਰ ਦੇ ਰੂਪ ਵਿਚ ਪੇਸ਼ ਹੁੰਦੀ ਹੈ, ਜਿਸ ਵਿਚ ਭਵਿੱਖ



'ਚ ਔਰਤ ਦੀ ਸਵੈ-ਹੋਂਦ ਦੇ ਮਸਲੇ ਵਿੱਚੋਂ ਰੁਦਨ ਤੇ ਹਉਕਿਆਂ ਦੀ ਥਾਂ 'ਤੇ ਮਨ-ਮਰਜ਼ੀ ਦੀ ਖੁੱਲ੍ਹ ਨੂੰ ਸੈਲੀਬਰੇਟ ਕਰਨ ਦੀ ਕਨਸੋਅ ਮਿਲਦੀ ਹੈ। ਇਹ ਮੁੱਖ ਪਾਤਰ ਆਪਣੇ ਆਲੇ-ਦੁਆਲੇ ਲਿਪਟੇ ਪਿੱਤਰੀ ਸੱਤਾ ਦੇ ਜੂੜ ਨੂੰ ਲਾਹ ਕੇ ਪਰ੍ਹੇ ਵਗਾਹ ਮਾਰਦੀ ਹੈ ਤੇ ਜ਼ਿੰਦਗੀ ਨੂੰ ਆਪਣੀਆਂ ਸ਼ਰਤਾਂ 'ਤੇ ਜਿਊਣ ਵੱਲ ਨੂੰ ਅਹੁਲਦੀ ਹੈ। ਉਸ ਨੂੰ ਤਰਸ ਦੀ ਪਾਤਰ ਬਣ ਕੇ ਜਿਊਣਾ ਹੁਣ ਮਨਜ਼ੂਰ ਨਹੀਂ। ਵਿਆਹ ਸੰਸਥਾ ਤੋਂ ਉਪਜੇ ਸੰਕਟ ਨੂੰ ਉਹ ਆਪਣੇ ਢੰਗ ਨਾਲ ਹੱਲ ਕਰਦੀ ਹੋਈ ਆਖਦੀ ਹੈ, 'ਜ਼ਮੀਨ ਵੀ ਨਹੀਂ ਛੱਡਾਂਗੀ, ਪੁੱਤ ਵੀ ਪਾਲਾਂਗੀ ਤੇ ਆਪਣੀ ਮਰਜ਼ੀ ਨਾਲ ਆਪਣੀ ਪਸੰਦ ਨਾਲ ਆਪਣੀਆਂ ਦੈਹਿਕ ਅਤੇ ਮਾਨਸਿਕ ਲੋੜਾਂ ਦੀ ਪੂਰਤੀ ਕਰਾਂਗੀ।' ਬਕੌਲ ਦੇਸ ਰਾਜ ਕਾਲੀ ਸਰਘੀ ਆਪਣੇ ਸਾਹਿਤ ਵਿਚ ਬਹੁਤ ਸੰਘਣੀ ਬੁਣਤੀ ਬੁਣਦੀ ਹੈ। ਕੁਝ ਵੀ ਇਕਹਿਰਾ ਨਹੀਂ। ਸਰਘੀ ਜਦੋਂ ਮਸਲਿਆਂ ਨਾਲ ਜੂਝਦੇ ਬੰਦੇ ਦੀ ਗੱਲ ਕਰਦੀ ਹੈ ਤਾਂ ਉਸ ਦੀ ਸੰਵੇਦਨਾ ਮਾਨਵੀ ਸਰੋਕਾਰਾਂ ਨਾਲ ਲਬਰੇਜ਼ ਨਜ਼ਰ ਆਉਂਦੀ ਹੈ।

ਸਰਘੀ ਦੀਆਂ ਕਹਾਣੀਆਂ ਔਰਤ ਮਨ ਦੇ ਵਲਵਲਿਆਂ ਨੂੰ ਬਾਖੂਬੀ ਪੇਸ਼ ਕਰਦੀਆਂ ਹਨ। 'ਬਰਸੈ ਮੇਘ' 'ਕੁੜੀਆਂ', 'ਹਾਂਟੇਡ ਹਾਊਸ' ਵਰਗੀਆਂ ਕਹਾਣੀਆਂ ਇਸ ਦੀ ਉਦਾਹਰਨ ਹਨ। ਉਸ ਦੀਆਂ ਕਹਾਣੀਆਂ ਅੰਦਰ ਲੋਕਧਾਰਾਈ ਅੰਸ਼, ਕੁਦਰਤ ਅਤੇ ਗੁਰਬਾਣੀ ਸੁਮੇਲ ਉਸ ਦੀ ਰਚਨਾ ਨੂੰ ਹੋਰ ਸੰਘਣੇ ਕਰ ਦਿੰਦਾ ਹੈ।

ਸਾਹਿਤ ਵਿਚ ਔਰਤ ਲੇਖਕਾਵਾਂ ਦੀ ਭਾਗੀਦਾਰੀ ਵੈਸੇ ਹੀ ਬਹੁਤ ਘੱਟ ਹੈ। ਔਰਤਾਂ ਲਈ ਸਾਹਿਤ ਸਿਰਜਣ ਕਰਨਾ ਦੋਧਾਰੀ ਤਲਵਾਰ ਉੱਤੇ ਤੁਰਨ ਬਰਾਬਰ ਹੁੰਦਾ ਹੈ। ਇਨ੍ਹਾਂ ਸਿਰਜਣਹਾਰੀਆਂ ਲਈ ਘਰ ਤੋਂ ਅਕਸਰ ਨਾਂਹ-ਪੱਖੀ ਹੁੰਗਾਰਾ ਹੀ ਵੇਖਣ ਨੂੰ ਮਿਲਦਾ ਹੈ ਪਰ ਇਸ ਮਾਮਲੇ ਵਿਚ ਸਰਘੀ ਖੁਸ਼ਕਿਸਮਤ ਹੈ। ਉਸ ਦਾ ਜੀਵਨ ਸਾਥੀ ਬਲਕਾਰ ਸਿੰਘ ਜੋ ਖੁਦ ਉੱਚ ਅਹੁਦੇ 'ਤੇ ਤਾਇਨਾਤ ਹੈ, ਉਸ ਦਾ ਪੂਰਾ ਸਾਥ ਦਿੰਦਾ ਹੈ ਤੇ ਕਦੀ ਵੀ ਉਸ ਦੀ ਰਚਨਾਤਮਿਕਤਾ ਵਿਚ ਰੁਕਾਵਟ ਨਹੀਂ ਬਣਦਾ। ਸਰਘੀ ਆਪਣੀ ਪ੍ਰੋਫੈਸਰੀ ਦੀ ਨੌਕਰੀ ਦੇ ਨਾਲ-ਨਾਲ ਦੋ ਪਿਆਰੇ ਬੱਚਿਆਂ ਦੀ ਮਾਂ ਹੈ। ਬੇਟੀ ਇੰਜਨੀਅਰਿੰਗ ਦੀ ਪੜ੍ਹਾਈ ਕਰ ਰਹੀ ਹੈ ਤੇ ਬੇਟਾ ਅਜੇ ਸਕੂਲ ਵਿਚ ਹੈ। ਭਰਾ ਨਵਚੇਤਨ ਸਰਘੀ ਦੀਆਂ ਪ੍ਰਾਪਤੀਆਂ 'ਤੇ ਮਾਣਮੱਤਾ ਮਹਿਸੂਸ ਕਰਦਾ ਹੈ। ਪਿਤਾ ਦਲਬੀਰ ਚੇਤਨ ਚੰਨ-ਤਾਰਿਆਂ 'ਚ ਬੈਠ ਕੇ ਆਪਣੀ ਧੀ ਨੂੰ, ਆਪਣੀ ਕਹਾਣੀ ਦੀ ਵਿਰਾਸਤ ਨੂੰ ਅੱਗੇ ਲੈ ਕੇ ਜਾਂਦਿਆਂ ਵੇਖ ਮੁਸਕਰਾ ਕੇ ਅਸ਼ੀਰਵਾਦ ਜ਼ਰੂਰ ਦਿੰਦਾ ਹੋਵੇਗਾ।

ਮੈਨੂੰ ਮਾਣ ਹੈ ਕਿ ਸਰਘੀ ਵਰਗੀ ਸਾਹਿਤਕਾਰ ਮੇਰੀ ਨਿੱਘੀ ਤੇ ਪਿਆਰੀ ਦੋਸਤ ਹੈ। ਆਪਣੇ ਪਿਤਾ ਦੇ ਨਾਂ 'ਤੇ ਉਸ ਵੱਲੋਂ ਸ਼ੁਰੂ ਕੀਤਾ ਗਿਆ 'ਦਲਬੀਰ ਚੇਤਨ ਯਾਦਗਾਰੀ ਐਵਾਰਡ' 2020 ਵਿਚ ਮੇਰੀ ਕਿਤਾਬ 'ਇਕ ਦਿਨ' ਨੂੰ ਮਿਲਿਆ ਸੀ। 2021 ਦਾ ਇਹ ਇਨਾਮ ਗੁਰਮੀਤ ਕੜਿਆਲਵੀ ਅਤੇ ਸੁਖਪਾਲ ਥਿੰਦ ਨੂੰ ਪ੍ਰਦਾਨ ਕੀਤਾ ਜਾਣਾ ਹੈ।

ਕਹਾਣੀਕਾਰਾਂ ਨੂੰ ਸਨਮਾਨਣ ਦੀ ਇਹ ਭਾਵਨਾ ਅਤੇ ਉਸ ਦੀ ਆਪਣੀ ਕਹਾਣੀ ਦੀ ਪੁਖਤਗੀ ਹੈ ਕਿ ਉਸ ਨੂੰ ਪੰਜਾਬੀ ਦਾ ਨੋਬਲ ਇਨਾਮ ਕਹੇ ਜਾਣ ਵਾਲੇ 'ਢਾਹਾਂ ਐਵਾਰਡ' (2021) ਨਾਲ ਨਵਾਜ਼ਿਆ ਗਿਆ ਹੈ। ਇਹ ਐਵਾਰਡ ਸਾਡੇ ਸਾਰੇ ਹੀ ਕਹਾਣੀਕਾਰਾਂ ਦਾ ਸਨਮਾਨ ਹੈ। ਸਰਘੀ ਦੀ ਇਸ ਪ੍ਰਾਪਤੀ 'ਤੇ ਮੈਂ ਉਸ ਨੂੰ ਦਿਲੀ ਮੁਬਾਰਕਬਾਦ ਕਹਿੰਦੀ ਹਾਂ। ਸ਼ਾਲਾ! ਉਸ ਦੀ ਕਲਮ ਅਰੁਕ ਚੱਲਦੀ ਰਹੇ।

# ਪਰਵਾਸ ਅਤੇ ਪਰਵਾਸੀ ਪੰਜਾਬੀ ਸਾਹਿਤ

ਸਾਹਿਤ ਦੀ ਦੁਨੀਆ



ਰਵਿੰਦਰ ਸਿੰਘ ਸੋਢੀ
ਫੋਨ: 604-369-2371

## ਪਰਵਾਸੀ ਪੰਜਾਬੀ ਸਾਹਿਤ ਕੇਂਦਰ ਦੀਆਂ ਪ੍ਰਾਪਤੀਆਂ

'ਪਰਵਾਸ' ਸ਼ਬਦ ਆਪਣੇ ਆਪ ਵਿਚ ਡੂੰਘੇ ਅਰਥ ਸਮੋਈ ਬੈਠਾ ਹੈ। ਇਸ ਦੇ ਸਤਹੀ ਭਾਵ ਭਾਵੇਂ ਆਪਣੇ 'ਜੱਦੀ' ਸਥਾਨ ਨੂੰ ਛੱਡ ਕੇ ਕਿਤੇ 'ਪਰਾਈ' ਥਾਂ 'ਤੇ ਜਾ ਕੇ ਵਾਸ ਕਰਨ ਦੇ ਹਨ, ਪਰ ਇਸ ਪਿੱਛੇ ਲੁਕੀ ਹੋਈ ਪੀੜ ਨੂੰ ਪਛਾਣਨਾ ਬਹੁਤ ਮੁਸ਼ਕਿਲ ਹੈ। ਇਹ ਸਿਰਫ ਸਥਾਨ ਬਦਲੀ ਨਾ ਹੋ ਕੇ ਆਪਣੇ ਪਰਿਵਾਰ, ਸਭਿਆਚਾਰ, ਆਲੇ-ਦੁਆਲੇ ਤੋਂ ਟੁੱਟਣ ਦੀ ਪੀੜ ਜਰਨਾ ਵੀ ਹੈ। ਨਵੇਂ ਧਰਾਤਲ, ਓਪਰੇ ਮਾਹੌਲ, ਅਣਜਾਣ ਲੋਕਾਂ ਵਿਚ ਵਿਚਰਨਾ ਆਪਣੇ-ਆਪ ਵਿਚ ਵੱਡਾ ਦੁਖਾਂਤ ਹੈ। ਇਹ ਦੁਖਾਂਤ ਹੋਰ ਵੀ ਪੀੜਦਾਇਕ ਹੁੰਦਾ ਹੈ, ਜਦੋਂ ਸਥਾਨਕ ਲੋਕਾਂ ਦੀਆਂ ਨਫਰਤ ਭਰੀਆਂ ਨਿਗਾਹਾਂ ਦਾ ਸਾਹਮਣਾ ਕਰਨ ਦੇ ਨਾਲ ਨਸਲੀ ਵਿਤਕਰੇ ਦਾ ਵੀ ਸ਼ਿਕਾਰ ਹੋਣਾ ਪੈਂਦਾ ਹੈ। ਖ਼ੈਰ, ਇਹ ਸਾਡੇ ਚਰਚਾ ਅਧੀਨ ਵਿਸ਼ੇ ਤੋਂ ਬਾਹਰਲੀ ਗੱਲ ਹੈ।

ਪੰਜਾਬੀ ਖੁੱਲ੍ਹੇ ਸੁਭਾਅ ਅਤੇ ਨਵੀਆਂ ਮੁਸ਼ਕਿਲਾਂ ਨਾਲ ਹੱਸ ਕੇ ਟਾਕਰਾ ਕਰਨ ਲਈ ਪ੍ਰਸਿੱਧ ਹਨ, ਇਸੇ ਲਈ ਉਨ੍ਹਾਂ ਨੇ ਪਰਵਾਸ ਵਰਗੇ ਦੁਖਦ ਵਰਤਾਰੇ ਦਾ ਸਾਹਮਣਾ ਹੀ ਨਹੀਂ ਕੀਤਾ, ਸਗੋਂ ਨਵੀਆਂ ਧਰਤੀਆਂ 'ਤੇ ਜਾ ਕੇ ਆਪਣੀ ਪੈਂਠ ਵੀ ਬਣਾਈ। ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਹੀ ਪੰਜਾਬੀਆਂ ਨੇ ਬਰਤਾਨੀਆ ਵੱਲ ਚਾਲੇ ਪਾਉਣੇ ਸ਼ੁਰੂ ਕਰ ਦਿੱਤੇ ਸਨ। ਉਥੇ ਜਾ ਕੇ ਹੱਡ-ਭੰਨਵੀਂ ਮਿਹਨਤ ਕਰਕੇ ਪੰਜਾਬ ਰਹਿੰਦੇ ਆਪਣੇ ਪਰਿਵਾਰਾਂ ਦੀ ਗਰੀਬੀ ਹੀ ਦੂਰ ਨਹੀਂ ਕੀਤੀ, ਸਗੋਂ ਗੋਰਿਆਂ ਦੇ ਬਰਾਬਰ ਦੇ ਮਹਿਲਾਂ ਵਰਗੇ ਘਰ ਵੀ ਖੜ੍ਹੇ ਕਰ ਲਏ। ਰੋਜ਼ੀ-ਰੋਟੀ ਦੇ ਫਿਕਰ ਤੋਂ ਦੂਰ ਹੋ ਕੇ ਉਨ੍ਹਾਂ ਵਿਚ 'ਹੀਰ ਦੀਆਂ ਕਲੀਆਂ' ਲਾਉਣ ਦੀ ਬਿਰਤੀ ਨੇ ਮੁੜ ਅੰਗੜਾਈ ਹੀ ਨਹੀਂ ਲਈ, ਸਗੋਂ ਦਿਲ ਦੇ ਵਲਵਲਿਆਂ ਨੂੰ ਆਪਣੀ ਮਾਂ ਬੋਲੀ ਵਿਚ ਪ੍ਰਗਟਾਉਣ ਦਾ ਹੇਜ ਵੀ ਜਾਗਿਆ ਅਤੇ ਇਸੇ ਹੇਜ ਨੇ 'ਪਰਵਾਸੀ ਸਾਹਿਤ' ਵਿਧਾ ਨੂੰ ਜਨਮ ਦਿੱਤਾ।

ਪੰਜਾਬੀਆਂ ਦੇ ਪਰਵਾਸ ਦੇ ਮੁਢਲੇ ਦੌਰ ਵਿਚ ਅਨਪੜ੍ਹ ਜਾਂ ਬਹੁਤ ਘੱਟ ਪੜ੍ਹੇ-ਲਿਖੇ ਲੋਕ ਸਨ। ਲੇਖਕ ਬਿਰਤੀ ਵਾਲੇ ਤਾਂ ਆਟੇ ਵਿਚ ਲੂਣ ਸਮਾਨ ਹੀ ਸਨ, ਪਰ ਹਾਲਾਤ ਅਨਪੜ੍ਹਾਂ ਵਿਚ ਵੀ ਲੇਖਣੀ ਦੀ ਰੁਚੀ ਪੈਦਾ ਕਰ ਦਿੰਦੇ ਹਨ। ਸੋ ਨਵੇਂ ਹਾਲਾਤ ਨੇ ਕਈ ਪਰਵਾਸੀਆਂ ਨੂੰ ਲੇਖਕ ਬਣਾ ਦਿੱਤਾ। ਹਰ ਲੇਖਕ ਦੀ ਇਹ ਦਿਲੀ ਇੱਛਾ ਹੁੰਦੀ ਹੈ ਕਿ ਉਸ ਨੇ ਆਪਣੇ ਵਿਚਾਰਾਂ ਨੂੰ ਜੋ ਸ਼ਬਦੀ ਜਾਮਾ ਦਿੱਤਾ ਹੈ, ਉਹ ਦੂਸਰੇ ਵੀ ਪੜ੍ਹਨ। ਇਸ ਲਈ ਜਾਂ ਤਾਂ ਉਹ ਆਪਣੇ ਕੁਝ ਮਿੱਤਰਾਂ ਨੂੰ ਆਪਣੇ ਸਰੋਤੇ ਬਣਾਉਂਦਾ ਹੈ ਜਾਂ ਆਪਣੇ ਵਰਗੀਆਂ ਰੁਚੀਆਂ ਰੱਖਣ ਵਾਲਿਆਂ ਦੀ ਸਭਾ ਵਿਚ ਆਪਣੀਆਂ ਰਚਨਾਵਾਂ ਸਾਂਝੀਆਂ ਕਰਦਾ ਹੈ ਅਤੇ ਅਖਬਾਰਾਂ ਜਾਂ ਪੁਸਤਕਾਂ ਦਾ ਸਹਾਰਾ ਲੈਂਦਾ ਹੈ। ਅਖਬਾਰੀ ਸਾਹਿਤ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ, ਇਸ ਲਈ ਪੁਸਤਕ ਰੂਪ ਵਿਚ ਛਪਣ ਦੀ ਇੱਛਾ ਜ਼ਿਆਦਾ ਪ੍ਰਬਲ ਹੁੰਦੀ ਹੈ, ਪਰ ਪੰਜਾਬੀ ਭਾਸ਼ਾ ਦਾ ਇਹ ਦੁਖਾਂਤ ਹੈ ਕਿ ਪੰਜਾਬੀਆਂ ਵਿਚ ਆਪਣੀ ਮਾਤ ਭਾਸ਼ਾ ਦੀਆਂ ਪੁਸਤਕਾਂ ਪ੍ਰਤੀ ਪਿਆਰ ਬਹੁਤ ਘੱਟ ਹੈ। ਪੰਜਾਬੀ ਪ੍ਰਕਾਸ਼ਕ ਪੱਲਿਉਂ ਪੈਸੇ ਲਾ ਕੇ ਕਿਤਾਬਾਂ ਛਾਪਣ ਤੋਂ ਕੰਨੀ ਕਤਰਾਉਂਦੇ ਹਨ।

ਸ਼ੁਰੂ-ਸ਼ੁਰੂ ਵਿਚ ਪਰਵਾਸੀ ਲੇਖਕਾਂ ਦੀਆਂ ਰਚਨਾਵਾਂ ਆਮ ਤੌਰ 'ਤੇ ਸਾਹਿਤਕ ਮਿਆਰ ਤੋਂ ਊਣੀਆਂ ਹੁੰਦੀਆਂ ਸਨ, ਇਸ ਕਰਕੇ ਵੀ ਪ੍ਰਕਾਸ਼ਕ ਅਜਿਹੇ ਲੇਖਕਾਂ ਦੀਆਂ ਪੁਸਤਕਾਂ ਤੋਂ ਦੂਰ ਹੀ ਰਹਿੰਦੇ, ਪਰ ਉਸ ਸਮੇਂ ਵੀ ਕਈ ਪਰਵਾਸੀ ਲੇਖਕਾਂ ਨੇ ਮਿਆਰੀ ਸਾਹਿਤਕ ਕਿਰਤਾਂ ਦੀ ਰਚਨਾ ਕੀਤੀ। ਉਨ੍ਹਾਂ ਵਿਚੋਂ ਕੁਝ ਪ੍ਰਮੁੱਖ ਨਾਂ ਹਨ-ਸ੍ਰੀਮਤੀ ਕੈਲਾਸ਼ ਪੁਰੀ (ਜਿਨ੍ਹਾਂ ਨੇ ਪਹਿਲੀ ਵਾਰ ਪੰਜਾਬੀ ਭਾਸ਼ਾ ਵਿਚ ਔਰਤਾਂ ਦੀਆਂ ਕਾਮ-ਸਮੱਸਿਆਵਾਂ ਸੰਬੰਧੀ ਖੁੱਲ੍ਹ ਕੇ ਲਿਖਿਆ), ਅਵਤਾਰ ਜੰਡਿਆਲਵੀ, ਅਮਰਜੀਤ ਚੰਦਨ, ਹਰਜੀਤ ਅਟਵਾਲ, ਦਰਸ਼ਨ ਧੀਰ, ਸੁਰਜੀਤ ਸਿੰਘ ਕਾਲੜਾ, ਕਹਾਣੀਕਾਰ ਵਿਰਦੀ ਅਤੇ ਕੁਝ ਹੋਰ, ਜਿੰਨਾਂ ਨੇ ਉੱਚ ਪਾਏ ਦੇ ਸਾਹਿਤ ਦੀ ਰਚਨਾ ਕੀਤੀ। ਜਿੱਥੋਂ ਤੱਕ ਮੈਨੂੰ ਯਾਦ ਹੈ, ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਦੌਰਾਨ ਕੁਝ ਪਰਵਾਸੀ ਲੇਖਕਾਂ ਨੇ ਪ੍ਰਕਾਸ਼ਕਾਂ ਨੂੰ ਆਪ ਪੈਸੇ ਦੇ ਕੇ ਆਪਣੀਆਂ ਕਿਤਾਬਾਂ ਛਪਵਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੌਰ ਵਿਚ ਬਹੁਤਾ ਪਰਵਾਸ ਬਰਤਾਨੀਆ ਵਿਚ ਹੀ ਹੁੰਦਾ ਸੀ, ਇਸ ਲਈ ਉੱਥੋਂ ਦੇ ਪੰਜਾਬੀ ਲੇਖਕਾਂ ਦੀਆਂ ਕਿਤਾਬਾਂ ਸਾਹਮਣੇ ਆਉਣ ਲੱਗੀਆਂ ਅਤੇ ਅਜਿਹੇ ਲੇਖਕਾਂ ਨੂੰ 'ਪੌਂਡਾ ਵਾਲੇ ਲੇਖਕ' ਕਿਹਾ ਜਾਂਦਾ ਸੀ।

20ਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਮੁੱਢ ਵਿਚ ਹੀ ਜਾਂ ਉਸ ਤੋਂ ਇਕ-ਦੋ ਸਾਲ ਪਹਿਲਾਂ ਡਾ. ਐਸ. ਪੀ. ਸਿੰਘ (ਜੋ ਉਸ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਸਨ) ਦੀ ਪਹਿਲ ਕਦਮੀ ਤੇ ਬਰਤਾਨੀਆ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੇ ਵੱਖੋ-ਵੱਖ ਰੂਪਾਂ 'ਤੇ ਐਮ.ਫਿਲ ਪੱਧਰ ਦੇ ਵਿਦਿਆਰਥੀਆਂ ਤੋਂ ਸ਼ੋਧ ਪ੍ਰਬੰਧ ਲਿਖਾਉਣ ਦਾ ਸਿਲਸਲਾ ਸ਼ੁਰੂ ਹੋਇਆ। ਮੈਨੂੰ ਇਸ ਦਾ ਜਾਤੀ ਤਜਰਬਾ ਹੈ, ਕਿਉਂਕਿ ਜਦੋਂ ਮੈਂ 1980 ਵਿਚ ਐਮ.ਫਿਲ ਵਿਚ ਦਾਖਲਾ ਲਿਆ ਤਾਂ ਮੈਨੂੰ 'ਬਰਤਾਨਵੀ ਪੰਜਾਬੀ ਕਹਾਣੀ' ਦੇ ਵਿਸ਼ੇ 'ਤੇ ਸ਼ੋਧ ਪ੍ਰਬੰਧ ਲਿਖਣ ਦਾ ਵਿਸ਼ਾ ਮਿਲਿਆ ਸੀ ਅਤੇ ਮੇਰੇ ਤੋਂ ਪਹਿਲਾ ਇਕ ਵਿਦਿਆਰਥੀ 'ਬਰਤਾਨਵੀ ਪੰਜਾਬੀ ਨਾਵਲ' ਦੇ ਵਿਸ਼ੇ 'ਤੇ ਆਪਣਾ ਸ਼ੋਧ ਪ੍ਰਬੰਧ ਲਿਖ ਰਿਹਾ ਸੀ। 1981 ਵਿਚ ਵੀ ਇਕ ਵਿਦਿਆਰਥੀ ਨੂੰ 'ਬਰਤਾਨਵੀ ਪੰਜਾਬੀ ਕਵਿਤਾ' ਦਾ ਵਿਸ਼ਾ ਮਿਲਿਆ ਸੀ। ਉਸ ਤੋਂ ਬਾਅਦ ਡਾ. ਐਸ. ਪੀ. ਸਿੰਘ ਦੇ ਉੱਦਮ ਸਦਕਾ ਇਕ ਖੋਜਾਰਥੀ ਨੇ ਬਰਤਾਨਵੀ ਪੰਜਾਬੀ ਸਾਹਿਤ ਸੰਬੰਧੀ ਵਿਸ਼ੇ 'ਤੇ ਪੀਐਚ. ਡੀ ਕੀਤੀ ਸੀ।

ਜਦੋਂ ਬਰਤਾਨੀਆ ਨੇ ਇੰਮੀਗ੍ਰੇਸ਼ਨ ਸੰਬੰਧੀ ਕਾਨੂੰਨ ਕੁਝ ਸਖਤ ਕਰ ਦਿੱਤੇ ਤਾਂ ਪੰਜਾਬੀਆਂ ਨੇ ਅਮਰੀਕਾ ਅਤੇ ਕੁਝ ਹੋਰ ਮੁਲਕਾਂ ਵੱਲ ਜਾਣਾ ਸ਼ੁਰੂ ਕਰ ਦਿੱਤਾ, ਪਰ ਇਨ੍ਹਾਂ ਮੁਲਕਾਂ ਵਿਚ ਨਿਰੋਲ ਮਜ਼ਦੂਰੀ ਕਰਨ ਵਾਲਿਆਂ ਦੀ ਲੋੜ ਨਹੀਂ ਸੀ। ਇਸ ਕਰਕੇ ਪੜ੍ਹੇ-ਲਿਖੇ ਅਤੇ ਤਕਨੀਕੀ ਮਾਹਿਰਾਂ ਵਿਚ ਵੀ ਬਾਹਰਲੇ ਮੁਲਕਾਂ ਵੱਲ ਜਾਣ ਦਾ ਰੁਝਾਨ ਵਧਿਆ। ਕਈ ਸਾਹਿਤਕ ਮੱਸ ਰੱਖਣ ਵਾਲੇ ਵੀ ਵਿਦੇਸ਼ਾਂ ਵੱਲ ਉਡਾਰੀਆਂ ਮਾਰਨ ਲੱਗੇ। ਜਦ ਤੋਂ ਕੈਨੇਡਾ ਨੇ ਆਪਣੇ ਮੁਲਕ ਦੇ ਦਰਵਾਜੇ ਦੂਜੇ ਦੇਸ਼ਾਂ ਦੇ ਹੁਨਰਮੰਦ ਅਤੇ ਗੈਰ-ਹੁਨਰਮੰਦਾਂ ਲਈ ਖੋਲ੍ਹੇ ਹਨ, ਪੰਜਾਬੀਆਂ ਦੀਆਂ ਮੌਜਾਂ ਹੀ ਲੱਗ ਗਈਆਂ। ਕਦੇ ਬਰਤਾਨੀਆ ਪਰਵਾਸੀ ਪੰਜਾਬੀ ਸਾਹਿਤਕਾਰਾਂ ਦਾ ਕੇਂਦਰ ਹੁੰਦਾ ਸੀ, ਪਰ ਹੁਣ ਇਹ ਮਾਣ ਕੈਨੇਡਾ ਦੀ ਝੋਲੀ ਆ ਪਿਆ ਹੈ।

ਕੈਨੇਡਾ ਦੇ ਨਾਲ-ਨਾਲ ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਜਪਾਨ... ਯਾਨਿ ਕਰੀਬ ਹਰ ਦੇਸ਼ ਵਿਚ ਹੀ ਪੰਜਾਬੀ ਸਾਹਿਤਕਾਰ ਮਿਲ ਜਾਂਦੇ ਹਨ। ਇਨ੍ਹਾਂ ਸਾਹਿਤਕਾਰਾਂ ਦੁਆਰਾ ਰਚਿਤ ਪੰਜਾਬੀ ਸਾਹਿਤ, ਮੁੱਖ ਧਾਰਾ ਭਾਵ ਪੰਜਾਬ, ਦਿੱਲੀ, ਹਰਿਆਣਾ ਅਤੇ ਭਾਰਤ ਦੇ ਹੋਰ ਸੂਬਿਆਂ ਵਿਚ ਵਸੇ ਪੰਜਾਬੀ ਸਾਹਿਤਕਾਰਾਂ ਦੇ ਸਾਹਿਤ ਨਾਲ ਮੋਢੇ ਨਾਲ ਮੋਢਾ ਮੇਚ ਕੇ ਚੱਲਣ ਵਾਲਾ ਹੈ ਅਤੇ ਕਈ ਵਾਰੀ ਉਨ੍ਹਾਂ ਨਾਲੋਂ ਵੀ ਦੋ ਗਿੱਠ ਉੱਚਾ। ਇਹ ਗੱਲ ਸਾਹਿਤ ਦੀ ਕਿਸੇ ਇਕ ਵਿਧਾ ਦੀ ਨਹੀਂ ਸਗੋਂ ਕਵਿਤਾ, ਕਹਾਣੀ, ਨਾਟਕ, ਕਾਵਿ-ਨਾਟਕ, ਆਲੋਚਨਾ, ਗੁਰਬਾਣੀ ਅਧਿਐਨ, ਰੰਗ-ਮੰਚ, ਕਵਿਸ਼ਰੀ ਆਦਿ ਸਾਰੇ ਖੇਤਰਾਂ 'ਤੇ ਢੁਕਦੀ ਹੈ। ਪੱਤਰਕਾਰੀ ਦੇ ਖੇਤਰ ਵਿਚ ਵੀ ਭਰਪੂਰ ਵਾਧਾ ਹੋਇਆ ਹੈ। ਇਸ ਗੱਲ ਦਾ ਪੰਜਾਬੀ ਸਾਹਿਤ ਪ੍ਰਤੀ ਰੁਚੀ ਰੱਖਣ ਵਾਲਿਆਂ ਨੂੰ ਉਦੋਂ ਪਤਾ ਲੱਗਿਆ, ਜਦੋਂ ਮਾਰਚ 2020 ਵਿਚ ਕਰੋਨਾ ਮਹਾਂਮਾਰੀ ਦੇ ਫੈਲਾਅ ਕਾਰਨ ਸਾਰੀ ਦੁਨੀਆਂ ਵਿਚ ਹੀ ਲਾਕਡਾਊਨ ਸ਼ੁਰੂ ਹੋਣ ਕਰਕੇ ਸਾਹਿਤਕ ਵੈਬੀਨਾਰਾਂ ਦਾ ਚਲਨ ਪ੍ਰਚਲਿਤ ਹੋਇਆ ਅਤੇ ਦੂਰ-ਦੁਰਾਡੇ ਬੈਠੇ ਸਾਹਿਤਕਾਰਾਂ, ਰੰਗ ਕਰਮੀਆਂ ਨੇ 'ਜ਼ੂਮ ਕਲਾਊਡ' ਤਕਨੀਕ ਰਾਹੀਂ ਆਪਣੇ-ਆਪਣੇ ਵਿਚਾਰ ਅਤੇ ਤਜਰਬੇ ਸਾਂਝੇ ਕਰਨੇ ਸ਼ੁਰੂ ਕੀਤੇ।

ਇਸ ਤੋਂ ਪਹਿਲਾਂ ਹੀ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਸਾਹਿਤਕਾਰਾਂ ਦੀਆਂ ਸਾਹਿਤਕ ਪ੍ਰਾਪਤੀਆਂ ਨੂੰ ਦੇਖਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ. ਪੀ. ਸਿੰਘ ਦੇ ਉੱਦਮ ਸਦਕਾ 2011 ਵਿਚ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਵਿਖੇ ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ ਦੀ ਸਥਾਪਨਾ ਕੀਤੀ ਗਈ ਸੀ। ਕਿਸੇ ਸੰਸਥਾ ਲਈ ਦਸ ਸਾਲ ਦਾ ਸਮਾਂ ਕੋਈ ਜ਼ਿਆਦਾ ਨਹੀਂ ਹੁੰਦਾ। ਪਿਛਲੇ ਇਕ ਦਹਾਕੇ ਦੌਰਾਨ ਇਸ ਕੇਂਦਰ ਦੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਬਹੁਤ ਹੀ ਸਲਾਹੁਣਯੋਗ ਹਨ। ਕੇਂਦਰ ਵੱਲੋਂ ਵੱਖ-ਵੱਖ ਵਿਦਵਾਨਾਂ ਨਾਲ ਰੂਬਰੂ ਕਰਵਾਏ ਗਏ ਹਨ, ਪਰਵਾਸੀ ਸਾਹਿਤ ਸੰਬੰਧੀ ਉੱਚ ਪਾਏ ਦੀਆਂ ਆਲੋਚਨਾਤਮਕ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ, ਵਿਸ਼ਵ ਪੱਧਰ ਦੀਆਂ ਕਾਨਫਰੰਸਾਂ ਦਾ ਆਯੋਜਨ ਕੀਤਾ, ਤਿਮਾਹੀ ਸਾਹਿਤਕ ਮੈਗਜ਼ੀਨ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਕੋਵਿਡ ਮਹਾਂਮਾਰੀ ਦੌਰਾਨ ਆਨ ਲਾਈਨ ਕਵੀ ਸੰਮੇਲਨ ਕਰਵਾਏ ਗਏ ਹਨ।




ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ ਵੱਲੋਂ ਪ੍ਰਕਾਸ਼ਿਤ ਪੁਸਤਕਾਂ

ਕੇਂਦਰ ਦੇ ਆਯੋਜਕਾਂ ਨੂੰ ਪਤਾ ਹੈ ਕਿ ਮੌਜੂਦਾ ਸਮੇਂ ਵਿਚ ਪਰਵਾਸੀ ਪੰਜਾਬੀ ਸਾਹਿਤ ਦਾ ਮੁੱਖ ਧੁਰਾ ਕੈਨੇਡਾ ਬਣ ਚੁਕਾ ਹੈ ਅਤੇ ਇਸ ਮੁਲਕ ਦੇ ਬੀ. ਸੀ. ਪ੍ਰਾਂਤ ਦਾ ਸ਼ਹਿਰ ਸਰੀ ਮਿੰਨੀ ਪੰਜਾਬ ਵਜੋਂ ਪ੍ਰਸਿੱਧ ਹੈ। ਸਰੀ ਦੀ ਮੰਨੀ-ਪ੍ਰਮੰਨੀ ਸ਼ਖ਼ਸੀਅਤ ਸੁੱਖੀ ਬਾਠ ਵੱਲੋਂ ਪੰਜਾਬੀ ਲੇਖਕਾਂ ਅਤੇ ਕਲਾਕਾਰਾਂ ਨੂੰ ਇਕ ਮੰਚ ਪ੍ਰਦਾਨ ਕਰਨ ਲਈ 'ਪੰਜਾਬੀ ਭਵਨ' ਦੀ ਉਸਾਰੀ ਹੀ ਨਹੀਂ ਕੀਤੀ ਗਈ, ਸਗੋਂ ਉਹ ਪੰਜਾਬੀਅਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਸਾਹਿਤ ਦੀ ਪ੍ਰਫੁਲਤਾ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਉਨ੍ਹਾਂ ਨਾਲ ਵੀ ਮਿਲ ਕੇ ਚੱਲਣ ਦਾ ਇਕਰਾਰ ਕੀਤਾ, ਤਾਂ ਜੋ ਇਹ ਦੋਵੇਂ ਸੰਸਥਾਵਾਂ ਆਪਸੀ ਸਹਿਯੋਗ ਅਤੇ ਮਿਲਵਰਤਣ ਨਾਲ ਸਾਂਝੇ ਮਕਸਦ ਵਿਚ ਕਾਮਯਾਬ ਹੋਣ।




ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ ਦੇ ਨੀਂਹ ਪੱਥਰ ਦੀ ਯਾਦਗਾਰ


ਰੂ-ਬ-ਰੂ ਪ੍ਰੋਗਰਾਮ: ਇਸ ਪ੍ਰੋਗਰਾਮ ਅਧੀਨ ਹੁਣ ਤੱਕ ਸੁੱਖੀ ਬਾਠ, ਨਕਸ਼ਦੀਪ ਪੰਜਕੋਹਾ, ਜਸਤੇਜ ਸਿੱਧੂ, ਪਰਵੇਜ਼ ਸੰਧੂ ਆਦਿ ਨਾਲ ਰੂ-ਬ-ਰੂ ਕਰਵਾਏ ਗਏ।

ਪੁਸਤਕ ਪ੍ਰਕਾਸ਼ਨ: ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ ਦੀ ਇਹ ਵਿਸ਼ੇਸ਼ ਪ੍ਰਾਪਤੀ ਕਹੀ ਜਾ ਸਕਦੀ ਹੈ ਕਿ ਉਨ੍ਹਾਂ ਵੱਲੋਂ ਦਸ ਸਾਲਾਂ ਦੌਰਾਨ ਸੱਤ ਉੱਚ ਕੋਟੀ ਦੀਆਂ ਪਰਵਾਸੀ ਸਾਹਿਤ ਸੰਬੰਧੀ ਆਲੋਚਨਾਤਮਕ ਪੁਸਤਕਾਂ ਲਿਖਵਾ ਕੇ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਹ ਪੁਸਤਕਾਂ ਹਨ: ਯੁੱਗ ਬੋਧਪਰਵਾਸੀ ਪੰਜਾਬੀ ਸਾਹਿਤ (ਸਰਬਜੀਤ ਸਿੰਘ), ਪਰਵਾਸੀ ਪੰਜਾਬੀ ਸਾਹਿਤ: ਅਜੋਕੇ ਸੰਦਰਭ ਵਿਚ (ਹਰਪ੍ਰੀਤ ਸਿੰਘ ਦੂਆ), ਪਰਵਾਸੀ ਪੰਜਾਬੀ ਗਲਪ ਸਾਹਿਤ ਬਦਲਦੇ ਪਰਿਪੇਖ (ਡਾ. ਗੁਰਪ੍ਰੀਤ ਸਿੰਘ, ਡਾ. ਤੇਜਿੰਦਰ ਕੌਰ), ਪਰਵਾਸੀ ਪੰਜਾਬੀ ਸਾਹਿਤ: ਸਿਧਾਂਤਕ ਪਰਿਪੇਖ (ਡਾ. ਭੁਪਿੰਦਰ, ਡਾ. ਮੁਨੀਸ਼ ਕੁਮਾਰ), ਪਰਵਾਸੀ ਪੰਜਾਬੀ ਸਾਹਿਤ: ਵਿਭਿੰਨ ਸਰੋਕਾਰ ਕਾਵਿ-ਨਾਟਕ ਦੇ ਵਿਸ਼ੇਸ਼ ਸੰਦਰਭ ਵਿਚ (ਪ੍ਰੋ. ਸ਼ਰਨਜੀਤ ਕੌਰ ਅਤੇ ਪ੍ਰੋ. ਹਰਪ੍ਰੀਤ ਸਿੰਘ ਦੂਆ), Immigrant Literature By The Writers of Punjabi Origin (Dr. Sushminderjeet Kaur and Dr. Hargunjot Kaur) ਅਤੇ ਹਿੰਦੀ ਵਿਚ ਪਰਵਾਸੀ ਪੰਜਾਬੀ ਸਾਹਿਤ-ਏਕ ਨਜ਼ਰ (ਪ੍ਰੋ. ਰਾਜਿੰਦਰ ਕੌਰ, ਡਾ. ਦਲੀਪ ਸਿੰਘ)।

ਇਨ੍ਹਾਂ ਆਲੋਚਨਾਤਮਕ ਪੁਸਤਕਾਂ ਦੀ ਸਭ ਤੋਂ ਪ੍ਰਮੁੱਖ ਗੱਲ ਇਹ ਹੈ ਕਿ ਇਸ ਆਲੋਚਨਾਤਮਕ ਕਾਰਜ ਲਈ ਪੰਜਾਬੀ ਦੇ ਕੁਝ ਸਿਰਕੱਢ ਆਲੋਚਕਾਂ ਦੇ ਆਪਣੇ ਸਥਾਪਿਤ ਕੀਤੇ ਮਿਆਰਾਂ ਨੂੰ ਹੀ ਦੁਹਰਾਉਣ ਲਈ ਇਹ ਕਾਰਜ ਉਨ੍ਹਾਂ ਨੂੰ ਸੌਂਪਣ ਨਾਲੋਂ, ਨਵੇਂ ਉਭਰ ਰਹੇ ਪੰਜਾਬੀ ਆਲੋਚਕਾਂ ਦੇ ਸਪੁਰਦ ਕੀਤੇ ਗਏ। ਇਸ ਦਾ ਫਾਇਦਾ ਇਹ ਹੋਇਆ ਕਿ ਇੱਕ ਤਾਂ ਪੰਜਾਬੀ ਆਲੋਚਨਾ ਪੁਰਾਣੇ ਮਾਪਦੰਡ ਦੀ ਕੈਦ ਵਿਚੋਂ ਆਜ਼ਾਦ ਹੋਈ ਅਤੇ ਦੂਜਾ ਨਵੇਂ ਆਲੋਚਕਾਂ ਨੇ ਪੰਜਾਬੀ ਆਲੋਚਨਾ ਦਾ ਪਿੜ ਮੋਕਲਾ ਕੀਤਾ। ਇਸ ਦਾ ਪ੍ਰਮਾਣ ਇਨ੍ਹਾਂ ਪੁਸਤਕਾਂ ਵਿਚ ਪ੍ਰਕਾਸ਼ਿਤ ਕੁਝ ਆਲੋਚਨਾਤਮਕ ਲੇਖਾਂ ਦੇ ਸਿਰਲੇਖਾਂ ਤੋਂ ਹੀ ਪਤਾ ਲੱਗ ਜਾਂਦਾ ਹੈ:

ਪਰਵਾਸੀ ਪੰਜਾਬੀ ਸਾਹਿਤ ਆਲੋਚਨਾਪੁਨਰ ਸੰਵਾਦ (ਪ੍ਰੋ. ਹਰਭਜਨ ਸਿੰਘ ਭਾਟੀਆ), ਪਰਵਾਸੀ ਪੰਜਾਬੀ ਸਾਹਿਤ ਵਿਚ ਪੇਸ਼ ਔਰਤ ਦੀ ਮਨੋਦਸ਼ਾ (ਡਾ. ਹਰਬਿੰਦਰ ਕੌਰ), ਪਰਵਾਸੀ ਪੰਜਾਬੀ ਸਾਹਿਤ ਵਿਚ ਜ਼ਿਕਰਯੋਗ ਮੁੱਦੇ ਤੇ ਮਸਲੇ (ਪ੍ਰੋ. ਅਮਨਦੀਪ ਕੌਰ), ਪਰਵਾਸੀ ਪੰਜਾਬੀ ਨਾਵਲ ਵਿਚ ਪੀੜ੍ਹੀ-ਦਰ-ਪੀੜ੍ਹੀ ਰਿਸ਼ਤਿਆਂ ਦਾ ਯਥਾਰਥ (ਡਾ. ਰਵਿੰਦਰ ਕੌਰ), ਪਰਵਾਸੀ ਪੰਜਾਬੀ ਗਲਪ ਤੇ ਨਸਲੀ ਵਿਤਕਰਾ (ਡਾ. ਹਰਚੰਦ ਸਿੰਘ ਬੇਦੀ), ਬਰੇਨ ਡਰੇਨ ਅਤੇ ਪੰਜਾਬੀ ਮੀਡੀਆ (ਡਾ. ਨਰਿੰਦਰ ਪਾਲ ਸਿੰਘ), ਪਰਵਾਸੀ ਰੰਗਮੰਚ ਦੀ ਪਛਾਣ ਕੈਨੇਡਾ ਦੇ ਸੰਦਰਭ ਵਿਚ (ਪ੍ਰੋ . ਬਲਜਿੰਦਰ ਕੌਰ), ਪਰਵਾਸੀ ਪੰਜਾਬੀ ਕਾਵਿ: ਔਰਤ ਦਾ ਪਰਦੇਸ ਪ੍ਰਤੀ ਨਜ਼ਰੀਆ/ਦ੍ਰਿਸ਼ਟੀਕੋਣ (ਪ੍ਰੋ. ਸ਼ਰਨਜੀਤ ਕੌਰ) ਆਦਿ ਤੋਂ ਸਹਿਜੇ ਹੀ ਪਤਾ ਲੱਗਦਾ ਹੈ ਕਿ ਆਲੋਚਕਾਂ ਨੇ ਪਰਵਾਸੀ ਸਾਹਿਤ ਦੇ ਵਿਸਤ੍ਰਿਤ ਵਰਤਾਰਿਆਂ 'ਤੇ ਚਰਚਾ ਕੀਤੀ ਹੈ। ਕੁਝ ਆਲੋਚਕਾਂ ਨੇ ਪਰਵਾਸੀ ਲੇਖਕਾਂ ਦੀਆਂ ਕੁਝ ਚਰਚਿਤ ਪੁਸਤਕਾਂ ਸੰਬੰਧੀ ਵੀ ਵਿਸਥਾਰ ਵਿਚ ਲਿਖਿਆ ਹੈ। ਅੰਗਰੇਜ਼ੀ ਭਾਸ਼ਾ ਦੀਆਂ ਕਿਤਾਬਾਂ ਵਿਚ ਵੀ ਬਹੁਤ ਹੀ ਵਧੀਆ ਵਿਸ਼ਿਆਂ 'ਤੇ ਚਰਚਾ ਕੀਤੀ ਗਈ ਹੈ, ਜਿਵੇਂ: The Immigrant's Buds: A Study of Dietary Habits of Punjabi Immigrants (Jaspreet Kaur), A Marginalised Identity Struggling For Survival: A Refugee it an Ambassador (Rupinder Kaur Bhullar), Question of Immigrant's Authenticity in the Works of Punjab Origin Female Writers(Suchitra) etc.

(ਬਾਕੀ ਅਗਲੇ ਸਫੇ 'ਤੇ)




ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ ਵੱਲੋਂ ਪ੍ਰਕਾਸ਼ਿਤ ਮੈਗਜ਼ੀਨ 'ਪਰਵਾਸ'

# ਇਕੱਲ ਤੇ ਉਦਾਸੀ ਨਾਲ ਸਵੈ-ਸੰਵਾਦ ਰਚਾਉਂਦੇ ਪਾਤਰਾਂ ਦੀਆਂ ਕਹਾਣੀਆਂ 'ਤੁਮ ਉਦਾਸ ਕਿਉਂ ਹੋ'

ਕੁਲਬੀਰ ਬਡੇਸਰੋਂ ਦੀ ਕਹਾਣੀ ਲਿਖਣ ਦੀ ਰਫਤਾਰ ਭਾਵੇਂ ਧੀਮੀ ਹੈ, ਪਰ ਉਸ ਦੀਆਂ ਕਹਾਣੀਆਂ ਦੀ ਸੰਵਾਦੀ ਸਮਰੱਥਾ ਬਹੁਤ ਤੇਜ ਤਰਾਰ ਹੈ। ਆਪਣੇ ਕਹਾਣੀ ਸੰਗ੍ਰਹਿ 'ਤੁਮ ਉਦਾਸ ਕਿਉਂ ਹੋ' ਦੇ ਪ੍ਰਕਾਸ਼ਨ ਤੋਂ ਪਹਿਲਾਂ ਉਸ ਦੇ ਤਿੰਨ ਕਹਾਣੀ ਸੰਗ੍ਰਹਿ 'ਇੱਕ ਖਤ ਪਾਪਾ ਦੇ ਨਾਂ', 'ਪਲੀਜ਼ ਮੈਨੂੰ ਪਿਆਰ ਦਿਉ' ਤੇ 'ਕਦੋਂ ਆਏਂਗੀ?' ਆਪਣੇ ਹਿੱਸੇ ਦੀ ਸਾਹਿਤਕ ਚਰਚਾ ਹਾਸਿਲ ਕਰ ਚੁਕੇ ਹਨ। ਇਸ ਤੋਂ ਇਲਾਵਾ ਉਸ ਨੇ ਬਾਲਾਂ ਲਈ ਵੀ ਕਹਾਣੀਆਂ ਦੀਆਂ ਦੋ ਪੁਸਤਕਾਂ ਲਿਖੀਆਂ ਹਨ ਤੇ ਇੱਕ ਕਾਵਿ ਸੰਗ੍ਰਹਿ ਵੀ ਪ੍ਰਕਾਸ਼ਿਤ ਕਰਵਾਇਆ ਹੈ। ਮੁੰਬਈ ਦੀ ਫਿਲਮ ਨਗਰੀ ਦੇ ਬਾਹਰੀ ਜਲੌਅ ਤੇ ਗਲੈਮਰ ਦੇ ਅੰਦਰਲੇ ਕੋਝੇਪਣ ਬਾਰੇ ਗੰਭੀਰ ਅਨੁਭਵ ਰੱਖਣ ਵਾਲੀ ਉਹ ਪੰਜਾਬੀ ਭਾਸ਼ਾ ਦੀ ਇਕੋ ਇੱਕ ਕਹਾਣੀਕਾਰਾ ਹੈ। ਇਸ ਵਿਸ਼ੇ 'ਤੇ ਬੇਬਾਕ



**ਨਿਰੰਜਣ ਬੋਹਾ, ਮਾਨਸਾ**
ਫੋਨ: 91-89682-82700

ਸੁਰ ਦੀਆਂ ਕਹਾਣੀਆਂ ਲਿਖ ਕੇ ਉਸ ਨੇ ਵਿਸ਼ਿਆਂ ਦੀ ਮੌਲਿਕਤਾ ਤੇ ਵਿਭਿੰਨਤਾ ਪੱਖੋਂ ਪੰਜਾਬੀ ਕਹਾਣੀ ਨੂੰ ਨਵਾਂ ਵਿਸਥਾਰ ਦਿੱਤਾ ਹੈ ਤੇ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਵੀ ਬਣਾਈ ਹੈ। ਜਦੋਂ ਉਸ ਦੀਆਂ ਕਹਾਣੀਆਂ ਫਿਲਮ ਨਗਰੀ ਦੇ ਹਾਸ਼ਿਆਂ ਪਿੱਛੇ ਛੁਪੇ ਰੁਦਨ ਨੂੰ ਆਪਣੀ ਅਭਿਵਿਅਕਤੀ ਦਾ ਮਾਧਿਅਮ ਬਣਾਉਂਦੀਆਂ ਹਨ ਤਾਂ ਇਸ ਦੁਨੀਆਂ ਦੀ ਚਮਕ ਵੀ ਪਾਠਕਾਂ ਨੂੰ ਚੁਭਣ ਲੱਗ ਪੈਂਦੀ ਹੈ। ਉਸ ਦੀਆਂ ਕਹਾਣੀਆਂ ਦੇ ਪਾਤਰ ਵੇਖਣ ਨੂੰ ਭੀੜ ਦਾ ਹਿੱਸਾ ਜਾਪਦੇ ਹਨ, ਪਰ ਅਸਲ ਵਿਚ ਉਹ ਆਪਣੇ ਇਕੱਲ ਨਾਲ ਸੰਵਾਦ ਰਚਾਉਂਦਿਆਂ ਆਪਣੀ ਬਿਖਰੀ ਮਾਨਸਿਤਾ ਨੂੰ ਪਰਤ-ਦਰ-ਪਰਤ ਉਘੇੜ ਰਹੇ ਹੁੰਦੇ ਹਨ।

ਉਸ ਦੀ ਕਹਾਣੀ 'ਆਕ੍ਰੋਸ਼' ਦੇ ਪਾਠ ਰਾਹੀਂ ਜਦੋਂ ਅਸੀਂ ਇਸ ਕਹਾਣੀ ਦੀ ਮੁੱਖ ਪਾਤਰ ਜਸਬੀਰ ਅੰਦਰਲੇ ਮਾਨਸਿਕ ਕੁਹਰਾਮ ਤੇ ਆਕ੍ਰੋਸ਼ ਦੇ ਜੀਵੰਤ ਵੇਗ ਨਾਲ ਜੁੜਦੇ ਹਾਂ ਤਾਂ ਅਹਿਸਾਸ ਹੁੰਦਾ ਹੈ ਕਿ ਇਸ ਨਗਰੀ ਦਾ ਸਾਰਾ ਸਮਾਜਿਕ-ਸਭਿਆਚਾਰ ਹੀ ਅਜਿਹੇ ਆਕ੍ਰੋਸ਼ ਤੇ ਸਦੀਵੀ ਤਣਾਓ ਵਿਚ ਜਕੜਿਆ ਹੋਇਆ ਹੈ। ਫਿਲਮੀ ਕਹਾਣੀਆਂ ਵਾਂਗ ਇਸ ਦੁਨੀਆਂ ਨਾਲ ਜੁੜੇ ਐਕਟਰਾਂ, ਡਾਇਰੈਕਟਰਾਂ ਤੇ ਨਿਰਮਾਤਾਵਾਂ ਦੀ ਨਿੱਜੀ ਜ਼ਿੰਦਗੀ ਵਿਚ ਵੀ ਫਿਲਮੀ ਤਰਜ਼ 'ਤੇ ਅਜਿਹਾ ਬਹੁਤ ਕੁਝ ਵਾਪਰਦਾ ਹੈ, ਜੋ ਉਨ੍ਹਾਂ ਦੀ ਸਹਿਜ ਤੋਰ ਤੁਰਦੀ ਜ਼ਿੰਦਗੀ ਨੂੰ ਲੀਹ ਤੋਂ ਲਾਹ ਦਿੰਦਾ ਹੈ।

ਛੋਟੇ ਪਰਦੇ ਦੀ ਕਲਾਕਾਰ ਜਸਵੀਰ ਦਾ ਪਤੀ ਮਿਸ ਲਖਨਊ ਬਣੀ ਕਾਮਨਾ ਦੇ ਬਾਹਰੀ ਆਕਰਸ਼ਨ ਵੱਲ ਖਿੱਚਿਆ ਜਾਂਦਾ ਹੈ, ਜਿਸ ਕਾਰਨ ਦੋਹਾਂ ਪਤੀ-ਪਤਨੀ ਦੇ ਸਬੰਧਾਂ ਵਿਚ ਵੱਡਾ ਪਾੜਾ ਪੈ ਜਾਂਦਾ ਹੈ। ਪਤੀ ਤੋਂ ਵੱਖ ਰਹਿੰਦਿਆਂ ਬਾਰਾਂ ਸਾਲ ਬਾਅਦ ਜਦੋਂ ਇਕ ਲੰਬੇ ਟੀ. ਵੀ. ਸੀਰੀਅਲ ਵਿਚ ਉਸ ਤੇ ਕਾਮਨਾ ਦੇ ਇਕੱਠੇ ਕੰਮ ਕਰਨ ਦੀ ਸਥਿਤੀ ਪੈਦਾ ਹੋ ਜਾਂਦੀ ਹੈ ਤਾਂ ਉਸ ਨੂੰ ਕਾਮਨਾ ਨਾਲ ਕੰਮ ਕਰਨ ਜਾਂ ਸੀਰੀਅਲ ਛੱਡਣ ਵਿਚੋਂ ਇਕ ਦੀ ਚੋਣ ਸਬੰਧੀ ਜਿਸ ਮਾਨਸਿਕ ਪੀੜ ਵਿਚੋਂ



ਕੁਲਬੀਰ ਬਡੇਸਰੋਂ

ਲੰਘਣਾ ਪੈਂਦਾ ਹੈ, ਉਸ ਨੂੰ ਬਡੇਸਰੋਂ ਵਰਗੀ ਉਹ ਕਹਾਣੀਕਾਰਾ ਹੀ ਸਜੀਵਤਾ ਪ੍ਰਦਾਨ ਕਰ ਸਕਦੀ ਹੈ, ਜਿਸ ਨੇ ਇਸ ਦੁਨੀਆਂ ਦੀ ਅੰਤਰੀਵਤਾ ਨੂੰ ਨੇੜਿਓਂ ਜਾਣਿਆ ਹੋਵੇ।

ਉਸ ਦੀ ਕਹਾਣੀ 'ਦੋ ਔਰਤਾਂ' ਉਪਰਲੀ ਕਹਾਣੀ ਦੇ ਵਿਸ਼ਾ ਵਸਤੂ ਦਾ ਹੀ ਨਵਾਂ ਵਿਸਥਾਰ ਤਲਾਸ਼ਦੀ ਹੈ। ਕਹਾਣੀ ਦੀ ਮੁੱਖ ਪਾਤਰ ਸੁਖਬੀਰ ਪਹਿਲੇ ਪਤੀ ਤੋਂ ਧੋਖਾ ਖਾਣ ਬਾਅਦ ਇਕ ਫਿਲਮ ਨਿਰਦੇਸ਼ਕ ਨਾਲ ਦੂਜਾ ਵਿਆਹ ਕਰਵਾਉਂਦੀ ਹੈ, ਪਰ ਇਹ ਨਵਾਂ ਜੋੜਿਆ ਰਿਸ਼ਤਾ ਵੀ ਉਸ ਨੂੰ ਉਸ ਦੇ ਮਨੁੱਖੀ ਹੱਕਾਂ ਦਾ ਨਿੱਘ ਦੇਣ ਤੋਂ ਅਸਮਰੱਥ ਸਾਬਿਤ ਹੁੰਦਾ ਹੈ ਤਾਂ ਉਹ ਆਪਣੇ ਦਮ 'ਤੇ ਜਿਉਣ ਅਤੇ ਆਪਣੀਆਂ ਧੀਆਂ ਦਾ ਪਾਲਣ ਪੋਸ਼ਣ ਕਰਨ ਦਾ ਫੈਸਲਾ ਕਰ ਲੈਂਦੀ ਹੈ। ਇਹ ਕਹਾਣੀ ਔਰਤ ਹੀ ਔਰਤ ਦੀ ਦੁਸ਼ਮਣ ਹੋਣ ਦੀ ਮਿਥਿਤ ਧਾਰਨਾ ਦੇ ਮੁਕਾਬਲੇ ਵਿਚ 'ਔਰਤ ਹੀ ਔਰਤ ਦਾ ਦਰਦ ਸਮਝਦੀ ਹੈ' ਦੀ ਧਾਰਨਾ ਨੂੰ ਸਥਾਪਿਤ ਕਰਕੇ ਭਾਰਤੀ ਔਰਤ ਦਾ ਸਾਰਥਿਕ ਬਿੰਬ ਵੀ ਉਭਰਦੀ ਹੈ ਤੇ ਉਸ ਨਾਲ ਪੂਰਾ ਨਿਆਂ ਵੀ ਕਰਦੀ ਹੈ। ਹਰਲੀਨ ਰਿਸ਼ਤੇ ਵਿਚ ਸੁਖਬੀਰ ਦੇ ਪਤੀ ਦੀ ਸੱਕੀ ਭੈਣ ਹੈ, ਇਸ ਲਈ ਸੁਭਾਵਿਕਤਾ ਦੀ ਮੰਗ ਅਨੁਸਾਰ ਤਾਂ ਉਸ ਨੂੰ ਆਪਣੇ ਭਰਾ ਦਾ ਹੀ ਪੱਖ ਪੂਰਨਾ ਚਾਹੀਦਾ ਸੀ, ਪਰ ਉਸ ਅੰਦਰਲੀ ਨਿਆਂਕਾਰੀ ਔਰਤ ਆਪਣੇ ਭਰਾ ਤੋਂ ਵੱਖ ਹੋਣ 'ਤੇ ਵੀ ਸੁਖਬੀਰ ਦਾ ਪੱਖ ਹੀ ਨਹੀਂ ਲੈਂਦੀ, ਸਗੋਂ ਉਸ ਦੇ ਸਿਰ ਉੱਚਾ ਕਰਕੇ ਜਿਉਣ ਵਾਲੀ ਜੀਵਨ ਜਾਚ ਦੀ ਖੁੱਲ੍ਹੇ ਮਨ ਨਾਲ ਪ੍ਰਸ਼ੰਸਾ ਵੀ ਕਰਦੀ ਹੈ।

ਉਸ ਦੀ ਕਹਾਣੀ 'ਮਜਬੂਰੀ' ਫਿਲਮਾਂ ਤੇ ਸੀਰੀਅਲ ਨਿਰਦੇਸ਼ਕਾਂ ਵੱਲੋਂ ਛੋਟੇ ਜਾਂ ਵੱਡੇ ਪਰਦੇ 'ਤੇ ਕੰਮ ਕਰਦੇ ਕਲਾਕਾਰਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕੀਤੇ ਜਾਣ ਦੀ ਗੱਲ ਨੂੰ ਅਧਾਰ ਬਣਾ ਕੇ ਆਪਣਾ ਕਥਾ ਬਿਰਤਾਂਤ ਸਿਰਜਦੀ ਹੈ। ਕਲਾਕਾਰਾਂ ਤੇ ਫਿਲਮ ਨਿਰਮਾਤਾਵਾਂ ਦੇ ਆਪਸੀ ਰਿਸ਼ਤੇ ਵਿਚਲੇ ਦਵੰਦ ਦੀਆਂ ਮਹੀਨ ਤੰਦਾਂ ਦੀ ਪੇਸ਼ਕਾਰੀ ਇਸ ਕਹਾਣੀ ਦੀ ਕਲਾਤਮਿਕ ਪ੍ਰਖਤਗੀ ਦਾ ਆਧਾਰ ਹੈ।

ਕਹਾਣੀ 'ਤੁਮ ਉਦਾਸ ਕਿਉਂ ਹੋ?' ਅਨੁਸਾਰ ਫਿਲਮੀ ਦੁਨੀਆਂ ਵੱਲੋਂ ਗਰੀਬਾਂ/ਮਜ਼ਦੂਰਾਂ ਦੀ ਮਜਬੂਰੀਆਂ ਤੇ ਬੇ-ਵਸੀਆਂ ਨੂੰ ਫਿਲਮਾਂ ਵਿਚ ਦਰਸਾ ਕੇ ਸਿਰਫ ਪੈਸੇ ਹੀ ਕਮਾਏ ਜਾਂਦੇ ਹਨ, ਪਰ ਇਹ ਦੁਨੀਆਂ ਉਨ੍ਹਾਂ ਦੀ ਆਰਥਿਕ ਅਤੇ ਸਮਾਜਿਕ ਦਿਸ਼ਾ ਤੇ ਦਸ਼ਾ ਨੂੰ ਤਬਦੀਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਰੱਖਦੀ। ਧੀਕਾ ਜੀ ਮਠਿਆਈ ਫੈਕਟਰੀ ਵਿਚ ਹੋਈ ਮਜ਼ਦੂਰਾਂ ਦੀ ਜ਼ਿੰਦਗੀ 'ਤੇ ਬਣ ਰਹੀ ਫਿਲਮ ਦੀ ਸ਼ੂਟਿੰਗ ਦੌਰਾਨ ਫਿਲਮੀ ਕਹਾਣੀ ਦੀ ਮੰਗ ਮੁਤਾਬਿਕ ਇੱਕ ਬਾਲ ਕਲਾਕਾਰ ਵੱਲੋਂ ਆਪਣੇ ਹਮ ਬਾਲ ਮਜ਼ਦੂਰ ਤੋਂ ਉਸ ਦੀ ਉਦਾਸੀ ਦਾ ਕਾਰਨ ਤਾਂ ਪੁੱਛਿਆ ਜਾਂਦਾ ਹੈ, ਪਰ ਇਸ ਉਦਾਸੀ ਨੂੰ ਦੂਰ ਕਰਨ ਵਿਚ ਕੋਈ ਵੀ ਦਿਲਚਸਪੀ ਨਹੀਂ ਲੈਂਦਾ।

ਉਸ ਦੀਆਂ ਕਹਾਣੀਆਂ ਦੇ ਪਾਤਰਾਂ ਅੰਦਰਲੇ ਇਕੱਲ ਦੇ ਅਹਿਸਾਸ ਸੂਖਮ ਭਾਵੀ ਹੋਣ ਦੇ ਨਾਲ ਸਵੈ-ਸੰਵਾਦੀ ਵੀ ਹਨ। ਉਸ ਦੀ ਕਹਾਣੀ 'ਮਾਂ ਨੀ!' ਵਿਚਲੀ ਵਿਧਵਾ ਮਾਂ ਦੀ ਚੁੱਪ ਤੇ ਖਾਮੋਸ਼ੀ ਵੱਲੋਂ ਆਪਣੇ ਸਵੈ ਨਾਲ ਰਚਾਇਆ ਸੰਵਾਦ ਚਾਹੇ ਉਸ ਦੇ ਦੁੱਖ-ਸੁਖ ਤੋਂ ਨਿਰਲੇਪ ਭੈਣ-ਭਰਾਵਾਂ ਨੂੰ ਸੁਣਾਈ ਨਾ ਦੇਵੇ, ਪਰ ਉਸ ਦੀ ਧੀ ਨੂੰ ਉਸ ਦੀ ਸੰਵਾਦੀ ਚੁੱਪ ਦੇ ਬੋਲ ਸੁਣਦੇ ਵੀ ਹਨ ਤੇ ਉਹ ਇਨ੍ਹਾਂ ਦਾ ਭਾਸ਼ਾਈ ਅਨੁਵਾਦ ਵੀ ਕਰਦੀ ਹੈ। ਇਸੇ ਲਈ ਆਪਣੀ ਮਾਂ ਅੰਦਰ ਦੱਬੀਆਂ ਜ਼ਿੰਦਗੀ ਨੂੰ ਮਨੁੱਖੀ ਢੰਗ ਨਾਲ ਜਿਊਣ ਦੀਆਂ ਇੱਛਾਵਾਂ ਦੀ ਤਰਜਮਾਨੀ ਕਰਦਿਆਂ ਉਹ ਆਖਦੀ ਹੈ, "ਆਪਣੇ ਤੋਂ ਪਹਿਲਾਂ ਮੈਂ ਆਪਣੀ ਮਾਂ ਦਾ ਵਿਆਹ ਕਰਨਾ ਹੈ, ਉਸ ਦਾ ਇਕਲਾਪਾ ਦੂਰ ਕਰਨਾ ਹੈ, ਉਹ ਵੀ ਇਨਸਾਨ ਹੈ ਤੇ ਜ਼ਿੰਦਗੀ ਦੀ ਹਰ ਖੁਸ਼ੀ ਅਤੇ ਸੁੱਖ 'ਤੇ ਉਸ ਦਾ ਵੀ ਹੱਕ ਹੈ।"

ਕਹਾਣੀ 'ਸਕੂਲ ਟ੍ਰਿੱਪ' ਵਿਚਲੀ ਅੰਜਲੀ ਦੀ ਚੁੱਪ ਅਤੇ ਇਕੱਲ ਮਾਨਵੀ ਧਰਾਤਲ 'ਤੇ ਡਾ. ਕਰਨਜੀਤ ਸਿੰਘ ਇਕ ਨਵਾਂ ਰਿਸ਼ਤਾ ਜੋੜਦੀ ਹੈ। ਉਸ ਦੀ ਸਕੂਲ ਪੜ੍ਹਦੀ ਛੋਟੀ ਬੇਟੀ ਆਪਣੀ




ਗਰੀਬ ਤੇ ਲਚਾਰ ਮਾਂ ਦੀ ਮਜਬੂਰੀ ਨੂੰ ਸਮਝਦਿਆਂ ਸਕੂਲ ਟ੍ਰਿੱਪ 'ਤੇ ਜਾਣ ਦੀ ਇੱਛਾ ਨੂੰ ਮਾਰ ਲੈਂਦੀ ਹੈ, ਪਰ ਜਦੋਂ ਉਸ ਦਾ ਕਰਨਜੀਤ ਅੰਕਲ ਉਸ ਦੇ ਪ੍ਰੀਖਿਆ ਵਿਚੋਂ ਪਾਸ ਹੋਣ 'ਤੇ ਹਜ਼ਾਰ ਰੁਪਏ ਇਨਾਮ ਵਜੋਂ ਭੇਜਦਾ ਹੈ ਤਾਂ ਉਸ ਅੰਦਰ ਸਕੂਲ ਟ੍ਰਿੱਪ 'ਤੇ ਜਾਣ ਦੀ ਇੱਛਾ ਫਿਰ ਤੋਂ ਸੁਰਜੀਤ ਹੋ ਜਾਂਦੀ ਹੈ।

ਕਹਾਣੀ 'ਨੂੰਹ-ਸੱਸ' ਅਮੀਰ ਪਰਿਵਾਰਾਂ ਵਿਚ ਕਾਮ ਰਿਸ਼ਤਿਆਂ ਦੇ ਅਸੰਤੁਲਿਤ ਵਿਹਾਰ ਨੂੰ ਬਿਆਨਦੀ ਵਿਅੰਗਾਤਮਕ ਕਹਾਣੀ ਹੈ। ਕਹਾਣੀ ਵਿਚਲਾ ਤਹਿਸੀਲਦਾਰ ਗੁਰਨਾਮ ਸਿੰਘ ਆਪਣੀ ਕਾਮ ਇੱਛਾਵਾਂ ਪ੍ਰਤੀ ਜਿੰਨਾ ਉਲਾਰ ਹੈ, ਉਸ ਦਾ ਨੌਜਵਾਨ ਕਾਕਾ ਉਨਾ ਹੀ ਠੰਡਾ ਤੇ ਉਦਾਸੀਨ ਹੈ। ਕਾਕਾ ਜੀ ਦੀ ਉਦਾਸੀਨਤਾ ਉਸ ਦੀ ਪਤਨੀ ਬਲਵੀਰ ਕੌਰ ਨੂੰ ਮਾਨਸਿਕ ਤੌਰ 'ਤੇ ਬੇ-ਚੈਨ ਕਰਦੀ ਹੈ ਤਾਂ ਉਹ ਸੁਭਾਵਿਕ ਤੌਰ 'ਤੇ ਹੀ ਉਲਾਰ ਬਿਰਤੀ ਵਾਲੇ ਆਪਣੇ ਸਹੁਰੇ ਵੱਲ ਖਿੱਚੀ ਜਾਂਦੀ ਹੈ। ਨੂੰਹ-ਸੱਸ ਦਾ ਇਕ ਸਮੇਂ ਗਰਭਵਤੀ ਹੋਣਾ ਆਪਣੇ ਆਪ ਵਿਚ ਧਨਾਢ ਸਮਾਜਿਕ ਰਿਸ਼ਤਿਆਂ ਦੇ ਸਰੂਪ 'ਤੇ ਸੰਜੀਦਾ ਵਿਅੰਗ ਹੈ। ਕਹਾਣੀ 'ਫੇਰ' ਅਤੇ 'ਤੂੰ ਵੀ ਖਾ ਲੈ' ਵੀ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਦੀ ਉਧੇੜ-ਬੁਣ ਨੂੰ ਰੂਪਮਾਨ ਕਰਨ ਵਾਲੀਆਂ ਖੂਬਸੂਰਤ ਕਹਾਣੀਆਂ ਹਨ।

ਕਹਾਣੀ 'ਬਕ ਬਕ' ਇਕ ਗਰੀਬ ਬੰਦੇ ਅੰਦਰਲੀ ਮਾਨਵੀ ਸੰਵੇਦਨਾ ਬਾਰੇ ਭਾਵਪੂਰਤ ਸੰਵਾਦ ਸਿਰਜਦੀ ਹੈ। ਕਹਾਣੀ ਵਿਚਲੀ ਛੋਟੇ ਪਰਦੇ ਦੀ ਅਦਾਕਾਰ ਨੂੰ ਆਪਣੇ ਡਰਾਇਵਰ ਚੌਬੇ ਜੀ ਦੀਆਂ ਹੋਰ ਸਾਰੀਆਂ ਆਦਤਾਂ ਤਾਂ ਪਸੰਦ ਹਨ, ਪਰ ਉਸ ਦਾ ਵੱਧ ਬੋਲਣਾ ਉਸ ਨੂੰ ਬਹੁਤ ਅੱਖਰਦਾ ਹੈ। ਉਹ ਉਸ ਦੀ ਬਕ ਬਕ ਤੋਂ ਤੰਗ ਆ ਕੇ ਹੋਰ ਡਰਾਇਵਰ ਦੀ ਭਾਲ ਵਿਚ ਹੈ, ਪਰ ਜਦੋਂ ਕਰੋਨਾ ਕਰਫਿਊ ਦੌਰਾਨ ਲੱਗੇ ਲੰਬੇ ਕਰਫਿਊ ਸਮੇਂ ਇਹ ਡਰਾਇਵਰ ਉਸ ਨੂੰ ਭੈਣ ਦਾ ਦਰਜਾ ਦਿੰਦਿਆਂ ਉਸ ਤੇ ਉਸ ਦੀਆਂ ਧੀਆਂ ਨੂੰ ਸਹਾਰਾ ਦੇਣ ਦੀ ਗੱਲ ਕਰਦਾ ਹੈ, ਉਸ ਦੀ ਬਕ ਬਕ ਵੀ ਮਨ ਨੂੰ ਰਾਹਤ ਪਹੁੰਚਾਉਣ ਵਾਲਾ ਸੰਵਾਦਕ ਨਜ਼ਰੀਆ ਬਣ ਜਾਂਦੀ ਹੈ। ਇਸ ਸਮੇਂ ਉਸ ਦਾ ਮਨ ਕਰਦਾ ਹੈ ਕਿ ਉਸ ਦੇ ਕੰਨ ਇਸ ਮੋਹ ਭਰਪੂਰ ਬਕ ਬਕ ਨੂੰ ਨਿਰੰਤਰ ਸੁਣਦੇ ਰਹਿਣ।

ਕਹਾਣੀਆਂ ਦੇ ਵਿਸ਼ਿਆਂ ਵਿਚ ਵਿਭਿੰਨਤਾ ਤੇ ਤਾਜ਼ਗੀ ਹੋਣ ਦੇ ਬਾਵਜੂਦ ਜਦੋਂ ਦੋ ਧੀਆਂ ਦੀ ਮਾਂ ਵੱਲੋਂ ਇਕੱਲ ਦਾ ਸੰਤਾਪ ਭੋਗੇ ਜਾਣ ਦਾ ਬਿਰਤਾਂਤ ਵਾਰ ਵਾਰ ਸਾਹਮਣੇ ਆਉਂਦਾ ਹੈ ਤਾਂ ਪਾਠਕ ਇਹ ਅਨੁਮਾਨ ਲਾਉਣ ਲੱਗਦਾ ਹੈ ਕਿ ਲੇਖਿਕਾ ਦੀ ਇਸ ਮਾਂ ਰੂਪੀ ਪਾਤਰ ਨਾਲ ਕੋਈ ਭਾਵੁਕ ਸਾਂਝ ਜਾਂ ਰਿਸ਼ਤਾ ਜ਼ਰੂਰ ਹੈ। ਭਾਵੇਂ ਸਾਰੀਆਂ ਕਹਾਣੀਆਂ ਦੇ ਪਾਤਰਾਂ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਵੱਖੋ ਵੱਖਰੀਆਂ ਹਨ ਤੇ ਇਨ੍ਹਾਂ ਦੇ ਹੱਲ ਵੀ ਉਨ੍ਹਾਂ ਆਪਣੀ ਬੁੱਧੀ ਵਿਵੇਕ ਨਾਲ ਸਫਲ ਢੰਗ ਨਾਲ ਕੀਤਾ ਹੈ, ਪਰ ਫਿਰ ਕਹਾਣੀਆਂ ਦੇ ਪਾਤਰਾਂ ਦੀ ਮਨੋ-ਵਿਸ਼ਲੇਸ਼ਣੀ ਜੁਗਤਾਂ ਕੁਝ ਦੁਹਰਾਉ ਦਾ ਪ੍ਰਭਾਵ ਸਿਰਜਣ ਵਾਲੀਆਂ ਹਨ। ਕਹਾਣੀਆਂ ਦੇ ਪਾਤਰਾਂ ਦਾ ਆਪਸੀ ਸੰਵਾਦ ਉਨ੍ਹਾਂ ਦੇ ਗਹਿਰੇ ਅਰਥਾਂ ਤੱਕ ਲੈ ਕੇ ਜਾਣ ਵਿਚ ਪਾਠਕਾਂ ਦੀ ਪੂਰੀ ਮਦਦ ਕਰਦਾ ਹੈ। ਇਨ੍ਹਾਂ ਕਹਾਣੀਆਂ ਦੇ ਪਾਠ ਰਾਹੀਂ ਨਵੀਂ ਪੰਜਾਬੀ ਕਹਾਣੀ ਦੀਆਂ ਵਿਸ਼ੇਸ਼ ਪ੍ਰਵਿਰਤੀਆਂ ਤੇ ਝੁਕਾਵਾਂ ਬਾਰੇ ਭਲੀਭਾਂਤ ਜਾਣਿਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਦੀ ਇਸ ਸਮਰੱਥ ਕਹਾਣੀਕਾਰਾ ਦੇ ਨਵੇਂ ਸੰਗ੍ਰਹਿ ਦਾ ਹਾਰਦਿਕ ਸਵਾਗਤ ਹੈ। ਆਰਸੀ ਪਬਲਿਸਰਜ਼, ਨਵੀਂ ਦਿੱਲੀ ਵਲੋਂ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਤੁਮ ਉਦਾਸ ਕਿਉਂ ਹੋ' ਦੇ ਕੁੱਲ ਪੰਨੇ 138 ਹਨ ਤੇ ਮੁੱਲ 295 ਰੁਪਏ ਹੈ।

# ਪਰਵਾਸ ਅਤੇ ਪਰਵਾਸੀ ਪੰਜਾਬੀ ਸਾਹਿਤ

(ਪਿਛਲੇ ਸਫੇ ਦੀ ਬਾਕੀ)

'ਪਰਵਾਸ' ਮੈਗਜ਼ੀਨ: ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ ਵੱਲੋਂ ਤਿਮਾਹੀ ਮੈਗਜ਼ੀਨ 'ਪਰਵਾਸ' ਜੁਲਾਈ 2019 ਵਿਚ ਸ਼ੁਰੂ ਕੀਤਾ ਗਿਆ ਅਤੇ ਹੁਣ ਤੱਕ ਇਸ ਦੇ 12 ਅੰਕ ਪ੍ਰਕਾਸ਼ਿਤ ਹੋ ਚੁਕੇ ਹਨ। ਇਨ੍ਹਾਂ ਵਿਚੋਂ ਕੁਝ ਵਿਸ਼ੇਸ਼ ਅੰਕ ਵੀ ਹਨ: ਗੁਰੂ ਨਾਨਕ ਵਿਸ਼ੇਸ਼ ਅੰਕ, ਕਰੋਨਾ ਵਿਸ਼ੇਸ਼ ਅੰਕ, ਕਿਸਾਨੀ ਸੰਘਰਸ਼ ਵਿਸ਼ੇਸ਼ ਅੰਕ, ਕਿਸਾਨੀ ਸੰਘਰਸ਼ ਕਾਵਿ ਵਿਸ਼ੇਸ਼ ਅੰਕ। ਇਸ ਮੈਗਜ਼ੀਨ ਦੀ ਰੂਪ-ਰੇਖਾ ਬੜੇ ਸੁਚੱਜੇ ਢੰਗ ਨਾਲ ਉਲੀਕੀ ਗਈ ਹੈ। ਪਰਵਾਸੀ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਨਾਲ ਨਾਲ ਪੁਸਤਕ ਚਰਚਾ ਵੀ ਹੁੰਦੀ ਹੈ। ਇਹ ਮੈਗਜ਼ੀਨ ਪੰਜਾਬੀ ਦੇ ਮੋਹਰੀ ਮੈਗਜ਼ੀਨਾਂ ਵਿਚ ਸ਼ੁਮਾਰ ਹੁੰਦਾ ਹੈ।

ਇਸ ਤੋਂ ਇਲਾਵਾ ਪ੍ਰਸਿੱਧ ਸਾਹਿਤਕਾਰਾਂ ਵੱਲੋਂ ਐਕਸਟੈਂਸ਼ਨ ਲੈਕਚਰਾਂ ਦਾ ਆਯੋਜਨ ਵੀ ਕਰਵਾਇਆ ਜਾਂਦਾ ਹੈ। ਇਸ ਲੜੀ ਵਿਚ ਮਿੱਤਰ ਸੈਨ ਮੀਤ, ਡਾ. ਸੁਰਜੀਤ ਸਿੰਘ ਭੱਟੀ, ਡਾ. ਹਰਿਭਜਨ ਸਿੰਘ ਭਾਟੀਆ, ਡਾ. ਗੁਰਇਕਬਾਲ ਸਿੰਘ ਦੀਆਂ ਸੇਵਾਵਾਂ ਲਈਆਂ ਗਈਆਂ।


ਅੰਤਰਰਾਸ਼ਟਰੀ ਕਾਨਫਰੰਸਾਂ ਦਾ ਆਯੋਜਨ: ਇਸ ਕੇਂਦਰ ਵੱਲੋਂ ਵਿਸ਼ਵ ਭਰ ਵਿਚ ਸਰਗਰਮ ਪੰਜਾਬੀ ਸਾਹਿਤਕਾਰਾਂ ਨੂੰ ਨੇੜੇ ਲਿਆਉਣ ਲਈ ਅਤੇ ਉਨ੍ਹਾਂ ਦੁਆਰਾ ਰਚਿਤ ਸਾਹਿਤ ਨੂੰ ਨਵੀਂ ਸੇਧ ਦੇਣ ਲਈ ਅੰਤਰਰਾਸ਼ਟਰੀ ਪੱਧਰ ਦੇ ਸੈਮੀਨਾਰ ਅਤੇ ਕਾਨਫਰੰਸਾਂ ਦਾ ਆਯੋਜਨ ਕੀਤਾ ਜਾਂਦਾ ਹੈ। 18-19 ਫਰਵਰੀ 2014 ਨੂੰ ਪਰਵਾਸੀ ਪੰਜਾਬੀ ਸਾਹਿਤ-ਅਜੋਕੇ ਸੰਦਰਭ ਵਿਸ਼ੇ 'ਤੇ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ, ਜਿਸ ਅਧੀਨ ਤਿੰਨ ਅਕਾਦਮਿਕ ਸ਼ੈਸ਼ਨ ਕਰਵਾਏ ਗਏ। ਇਸ ਸੈਮੀਨਾਰ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਡਾ. ਜੇ. ਐਸ. ਪੁਆਰ ਨੇ ਕੀਤੀ ਅਤੇ ਕੁੰਜੀਵਤ ਭਾਸ਼ਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਡਾ. ਹਰਚੰਦ ਸਿੰਘ ਬੇਦੀ ਨੇ ਦਿੱਤਾ।

ਇਸ ਕੇਂਦਰ ਵੱਲੋਂ 16-17 ਜਨਵਰੀ 2018 ਵਿਚ ਪਹਿਲੀ ਅੰਤਰਰਾਸ਼ਟਰੀ ਸਾਲਾਨਾ ਕਾਨਫਰੰਸ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਪੰਜ ਅਕਾਦਮਿਕ ਸ਼ੈਸ਼ਨ ਕਰਵਾਏ ਗਏ। ਇਸ ਕਾਨਫਰੰਸ ਵਿਚ ਕਈ ਮੁਲਕਾਂ ਦੇ ਪੰਜਾਬੀ ਸਾਹਿਤਕਾਰਾਂ ਨੇ ਸ਼ਿਰਕਤ ਕੀਤੀ।

ਦੂਜੀ ਅੰਤਰਰਾਸ਼ਟਰੀ ਸਾਲਾਨਾ ਕਾਨਫਰੰਸ 21-22 ਜਨਵਰੀ 2019 ਨੂੰ ਕਰਵਾਈ ਗਈ। ਇਹ ਕਾਨਫਰੰਸ ਪੰਜਾਬ ਭਵਨ ਸਰੀ (ਕੈਨੇਡਾ), ਸ਼ਾਸਤਰੀ ਇੰਡੋ ਕੈਨੇਡੀਅਨ ਇੰਸਟੀਚਿਊਟ ਦਿੱਲੀ, ਇੰਡੋਜ਼ ਪੰਜਾਬੀ ਸਾਹਿਤ ਅਕੈਡਮੀ, ਸਾਹਿਤ ਸੁਰ ਸੰਗਮ ਸਭਾ ਇਟਲੀ ਅਤੇ ਪ੍ਰਾਈਮ ਏਸ਼ੀਆ ਮੀਡੀਆ ਕੈਨੇਡਾ ਦੇ ਸਹਿਯੋਗ ਨਾਲ ਪਰਵਾਸੀ ਪੰਜਾਬੀ ਸਾਹਿਤ: ਗਲੋਬਲੀ ਪਰਿਪੇਖ ਵਿਸ਼ੇ 'ਤੇ ਕਰਵਾਈ ਗਈ। ਇਸ ਕਾਨਫਰੰਸ ਵਿਚ ਚਾਰ ਅਕਾਦਮਿਕ ਸ਼ੈਸ਼ਨ ਕਰਵਾਏ ਗਏ। ਵੱਖ-ਵੱਖ ਮੁਲਕਾਂ ਦੇ ਪੰਜਾਬੀ ਸਾਹਿਤਕਾਰਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ।

ਤੀਸਰੀ ਅੰਤਰਰਾਸ਼ਟਰੀ ਸਾਲਾਨਾ ਕਾਨਫਰੰਸ 23-24 ਜਨਵਰੀ 2020 ਨੂੰ ਕਰਵਾਈ ਗਈ। ਇਸ ਕਾਨਫਰੰਸ ਦਾ ਮੁੱਖ ਵਿਸ਼ਾ 'ਪਰਵਾਸੀ ਪੰਜਾਬੀ ਸਾਹਿਤ: ਅਜੋਕੇ ਪਰਿਪੇਖ' ਸੀ। ਇਸ ਕਾਨਫਰੰਸ ਵਿਚ ਵੀ ਚਾਰ ਅਕਾਦਮਿਕ ਸ਼ੈਸ਼ਨ ਕਰਵਾਏ ਗਏ।

ਇਸ ਤੋਂ ਇਲਾਵਾ ਇਹ ਕੇਂਦਰ ਲਗਾਤਾਰ ਸਾਹਿਤਕ ਗਤੀਵਿਧੀਆਂ ਕਰਵਾਉਂਦਾ ਰਹਿੰਦਾ ਹੈ, ਜਿਵੇਂ: ਮਾਤ ਭਾਸ਼ਾ ਦਿਵਸ (ਵਿਸ਼ਵ ਪੰਜਾਬੀ ਲੋਕ ਵਿਰਾਸਤ ਦੇ ਸਹਿਯੋਗ ਨਾਲ), ਸੰਤ ਸਿੰਘ ਸੇਖੋਂ



ਸੁੱਖੀ ਬਾਠ

ਅਤੇ ਭਾਈ ਵੀਰ ਸਿੰਘ ਦੇ ਜਨਮ ਦਿਵਸ ਦੇ ਸੰਬੰਧ ਵਿਚ ਦੋ ਸਮਾਗਮ, ਗਿਆਨੀ ਲਾਲ ਸਿੰਘ ਇੰਟਰ ਕਾਲਜ ਕਾਵਿ ਉਚਾਰਨ ਮੁਕਾਬਲਾ, ਕਰੋਨਾ ਸੰਕਟ: ਸੰਵਾਦ ਤੇ ਕਵੀ ਦਰਬਾਰ (ਅੰਤਰਰਾਸ਼ਟਰੀ), ਪੰਜ ਰੋਜ਼ਾ ਕਵੀ ਦਰਬਾਰ ਸਿਰਜਣ ਪ੍ਰਕਿਰਿਆ ਤੇ ਕਵੀ ਦਰਬਾਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਅੰਤਰਰਾਸ਼ਟਰੀ ਕਵੀ ਦਰਬਾਰ, ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ ਤੇ ਸਿਖਿਆਵਾਂ ਅੰਤਰਰਾਸ਼ਟਰੀ ਵੈਬੀਨਾਰ ਆਦਿ। ਇਸ ਕੇਂਦਰ ਨੇ ਇਕ ਹੋਰ ਸਲਾਹੁਣਯੋਗ ਕਾਰਜ ਕੀਤਾ ਹੈ ਕਿ ਵੱਖ-ਵੱਖ ਦੁਨਿਆਵੀ ਖਿੱਤਿਆਂ (Continents) ਦੇ ਕਵੀ ਦਰਬਾਰ ਕਰਵਾਏ ਹਨ, ਜਿਸ ਸਦਕਾ ਪਰਵਾਸੀ ਸਾਹਿਤ ਅਧਿਐਨ ਕੇਂਦਰ ਨੇ ਆਪਣੀ ਹੋਂਦ ਨੂੰ ਗਲੋਬਲੀ ਪੱਧਰ 'ਤੇ ਸਥਾਪਿਤ ਕਰ ਲਿਆ ਹੈ।

ਡਾ. ਐਸ. ਪੀ. ਸਿੰਘ ਦਾ ਵਿਚਾਰ ਹੈ ਕਿ ਜੇ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਝਣਾ ਹੈ ਤਾਂ ਉਸ ਨੂੰ ਵੱਖ ਵੱਖ ਭੂਗੋਲਿਕ ਖੰਡਾਂ ਵਿਚ ਰੱਖ ਕੇ ਵਿਚਾਰਨਾ ਪਵੇਗਾ, ਕਿਉਂਕਿ ਹਰ ਖਿੱਤੇ ਦੀਆਂ ਆਪਣੀਆਂ ਭੂਗੋਲਿਕ, ਸਮਾਜਿਕ, ਸੱਭਿਆਚਾਰਕ ਬਣਤਰਾਂ ਹਨ। ਡਾ. ਲਖਵਿੰਦਰ ਸਿੰਘ ਜੌਹਲ ਅਨੁਸਾਰ ਪਰਵਾਸ ਅਤੇ ਪਰਵਾਸੀ ਸਾਹਿਤ ਵਿਚ ਵਿਸ਼ਵ ਪੱਧਰ 'ਤੇ ਬਦਲਾਅ ਹੋ ਰਹੇ ਹਨ ਤੇ ਪਰਵਾਸੀ ਪੰਜਾਬੀ ਸਾਹਿਤ ਨੂੰ ਵੀ ਇਨ੍ਹਾਂ ਬਦਲੀਆਂ ਹੋਈਆਂ ਪ੍ਰਸਥਿਤੀਆਂ ਅਨੁਸਾਰ ਹੀ ਸਮਝਣਾ ਪਵੇਗਾ।

ਇਹ ਕੇਂਦਰ ਦੁਨੀਆਂ ਦੇ ਹੋਰ ਮੁਲਕਾਂ ਵਿਚ ਸਰਗਰਮ ਪੰਜਾਬੀ ਸਾਹਿਤਕ ਸੰਸਥਾਵਾਂ ਨਾਲ ਮਿਲ ਕੇ ਸਾਂਝੇ ਪ੍ਰੋਗਰਾਮ ਉਲੀਕ ਰਿਹਾ ਹੈ। ਜੁਲਾਈ-ਅਗਸਤ 2021 ਵਿਚ ਪੰਜਾਬੀ ਕਲਮਾਂ ਦਾ ਕਾਫਲਾ ਟੋਰਾਂਟੋ ਸਾਹਿਤ ਦੇ ਸਹਿਯੋਗ ਨਾਲ ਦੋ ਕੈਨੇਡੀਅਨ ਅਮਰੀਕਨ ਕਵੀ ਦਰਬਾਰਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਇਨ੍ਹਾਂ ਦੋਹਾਂ ਮੁਲਕਾਂ ਵਿਚ ਰਹਿੰਦੇ ਸਥਾਪਿਤ ਅਤੇ ਨਵੇਂ ਕਵੀਆਂ ਨੇ ਸ਼ਿਰਕਤ ਕੀਤੀ। ਪੰਜਾਬੀ ਸਾਹਿਤ ਕਲਾ ਕੇਂਦਰ ਯੂ. ਕੇ. ਨਾਲ ਮਿਲਵਰਤਣ ਕਰਕੇ ਮਹਿੰਦਰ ਪਾਲ ਸਿੰਘ (ਬਰਤਾਨੀਆ) ਦੇ ਨਾਵਲ 'ਸੋਫੀਆ' ਅਤੇ ਪ੍ਰਕਾਸ਼ ਮੋਹਲ (ਬਰਤਾਨੀਆ) ਦੇ ਨਾਵਲ 'ਚਹੁੰ ਪੈਰਾਂ ਦਾ ਸਫਰ' ਉਤੇ ਚਰਚਾ ਕੀਤੀ ਗਈ।

ਇਸ ਦੇ ਸੰਸਥਾਪਕ ਡਾ. ਐਸ. ਪੀ. ਸਿੰਘ ਕੋਲ ਅਧਿਆਪਨ ਅਤੇ ਬਤੌਰ ਵਾਈਸ ਚਾਂਸਲਰ ਲੰਬਾ ਪ੍ਰਸ਼ਾਸਕੀ ਤਜ਼ਰਬਾ ਹੈ। ਉਨ੍ਹਾਂ ਦੀ ਜਾਣ-ਪਛਾਣ ਦਾ ਘੇਰਾ ਵਿਸ਼ਾਲ ਹੈ, ਉਨ੍ਹਾਂ ਨੇ ਆਪਣੇ ਨਾਲ ਸੁਹਿਰਦ ਸਾਹਿਤਕਾਰਾਂ ਦੀ ਟੀਮ ਨੂੰ ਜੋੜਿਆ ਹੈ, ਜੋ ਨਿਰਸਵਾਰਥ ਸਾਹਿਤ ਪ੍ਰਤੀ ਆਪਣੀਆਂ ਜ਼ਿੰਮੇਦਾਰੀਆਂ ਨਿਭਾਅ ਰਹੇ ਹਨ। ਇਸ ਸਮੇਂ ਸ੍ਰੀ ਸੁੱਖੀ ਬਾਠ (ਕੈਨੇਡਾ), ਪ੍ਰੋ. ਸਰਬਜੀਤ ਸਿੰਘ (ਕੈਨੇਡਾ), ਸਰਬਜੀਤ ਸਿੰਘ ਸੋਹੀ (ਆਸਟਰੇਲੀਆ), ਕੁਲਵਿੰਦਰ ਸਿੰਘ (ਅਮਰੀਕਾ), ਮੋਹਨ ਗਿੱਲ (ਕੈਨੇਡਾ), ਨਕਸ਼ਦੀਪ ਪੰਜਕੋਹਾ (ਅਮਰੀਕਾ) ਤੇ ਬਲਵਿੰਦਰ ਸਿੰਘ ਚਾਹਲ (ਯੂ. ਕੇ.) ਅਤੇ ਭਾਰਤ ਤੋਂ ਪ੍ਰੋ. ਗੁਰਭਜਨ ਗਿੱਲ, ਪ੍ਰੋ. ਮਨਜੀਤ ਸਿੰਘ ਛਾਬੜਾ, ਡਾ. ਅੰਮ੍ਰਿਤਪਾਲ ਕੌਰ, ਡਾ. ਲਖਵਿੰਦਰ ਜੌਹਲ ਤੇ ਮੁਨੀਸ਼ ਕੁਮਾਰ ਵਰਗੇ ਸੁਚੱਜੇ ਅਤੇ ਪੰਜਾਬੀ ਸਾਹਿਤ, ਸੱਭਿਆਚਾਰ ਲਈ ਹੱਸ ਕੇ ਆਪਣਾ ਯੋਗਦਾਨ ਪਾਉਣ ਵਾਲੇ ਸੁਹਿਰਦ ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ ਨਾਲ ਜੁੜੇ ਹੋਏ ਹਨ। ਵਿਦੇਸ਼ਾਂ ਵਿਚ ਸਰਗਰਮ ਕੁਝ ਸਾਹਿਤਕ ਸੰਸਥਾਵਾਂ-ਪੰਜਾਬੀ ਭਵਨ ਕੈਨੇਡਾ, ਸਾਹਿਤ ਸੁਰ ਸੰਗਮ ਸਭਾ ਇਟਲੀ, ਇੰਡੋਜ਼ ਪੰਜਾਬੀ ਸਾਹਿਤ ਸਭਾ ਅਕਾਦਮੀ ਆਸਟਰੇਲੀਆ ਵੀ ਇਸ ਕੇਂਦਰ ਨਾਲ ਜੁੜੀਆਂ ਹੋਈਆਂ ਹਨ। ਇਸੇ ਲਈ ਸਿਰਮੌਰ ਪੰਜਾਬੀ ਸਾਹਿਤਕਾਰ ਡਾ. ਸੁਰਜੀਤ ਪਾਤਰ (ਪਦਮ ਸ੍ਰੀ) ਨੇ ਕੈਨੇਡੀਅਨ ਅਮਰੀਕਨ ਪੰਜਾਬੀ ਕਵੀ ਦਰਬਾਰ ਦੀ ਪ੍ਰਧਾਨਗੀ ਕਰਦਿਆਂ ਕਿਹਾ ਸੀ, "ਪਰਵਾਸੀ ਪੰਜਾਬੀ ਸਾਹਿਤ ਅਧਿਐਨ ਕੇਂਦਰ, ਪੰਜਾਬੀ ਵਿਸ਼ਵ ਸਾਹਿਤ ਦਾ ਧੁਰਾ ਬਣ ਗਿਆ ਹੈ।"

---

*(ਵਿਸ਼ੇਸ਼ ਨੋਟ: ਇਸ ਲੇਖ ਲਈ ਜ਼ਰੂਰੀ ਜਾਣਕਾਰੀ ਪ੍ਰੋ. ਸ਼ਰਨਜੀਤ ਕੌਰ, ਗੁਜਰਾਂਵਾਲਾ ਗੁਰੂ ਨਾਨਕ ਕਾਲਜ, ਲੁਧਿਆਣਾ ਵੱਲੋਂ ਮੁਹੱਈਆ ਕਰਵਾਈ ਗਈ।)*

## ਸੁਰਜੀਤ ਪਾਤਰ ਦੀ ਰਚਨਾ ਵਿਚ ਦਸਤਾਰ-ਚੇਤਨਾ

# ਦੇਸ਼ ਦੇਸ਼ਾਂਤਰ ਜਿੱਥੇ ਜਾਵੋ, ਦਿਸ ਹੀ ਪੈਂਦੀਆਂ ਨੇ ਦਸਤਾਰਾਂ

**ਡਾ: ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਫੋਨ: 91-97798-53245



ਸਾਹਿਤਕਾਰ ਸਾਡੇ ਸਮਾਜ ਦੇ ਉਹ ਵਿਅਕਤੀ ਹੁੰਦੇ ਹਨ, ਜੋ ਬਹੁਤ ਸੰਵੇਦਨਸ਼ੀਲ ਸੁਪਨਸਾਜ਼ ਹੋਣ ਦੇ ਨਾਲ ਨਾਲ ਬੜੇ ਸੁਹਜ, ਸਹਿਜ ਅਤੇ ਸੂਝ-ਬੂਝ ਦੇ ਮਾਲਕ ਹੁੰਦੇ ਹਨ। ਉਨ੍ਹਾਂ ਅੰਦਰ ਇੱਕ ਐਸਾ ਸਮਾਜ ਸਿਰਜਣ ਦੀ ਤਮੰਨਾ ਹੁੰਦੀ ਹੈ, ਜਿੱਥੇ ਹਰ ਵਿਅਕਤੀ ਆਪਣੀਆਂ ਭਰਪੂਰ ਸੰਭਾਵਨਾਵਾਂ ਦੀ ਪ੍ਰਾਪਤੀ ਕਰ ਸਕੇ ਅਤੇ ਖੁਦ ਦੂਜਿਆਂ ਦੇ ਖੁਸ਼ਹਾਲੀ ਮਾਰਗ ਵਿਚ ਕੋਈ ਅੜਿਕਾ ਨਾ ਬਣੇ। ਅਜਿਹਾ ਸਮਾਜ, ਜਿਸ ਵਿਚ ਨਾ ਸਿਰਫ ਆਰਥਿਕ ਬਰਾਬਰੀ ਹੀ ਹੋਵੇ, ਸਗੋਂ ਹਰ ਵਿਅਕਤੀ ਨੂੰ ਸਵੈ-ਮਾਨ ਭਰਪੂਰ ਸਮਾਜਿਕ ਅਤੇ ਸਭਿਆਚਾਰਕ ਜੀਵਨ ਬਤੀਤ ਕਰਨ ਦਾ ਸੰਪੂਰਨ ਹੱਕ-ਹਕੂਕ ਹੋਵੇ। ਜਿੱਥੇ ਆਪਣੇ ਅਕੀਦਿਆਂ ਨੂੰ ਨਿਭਾਉਣ ਵਿਚ ਅਹਿਸਾਸ-ਏ-ਕਮਤਰੀ ਨਾ ਹੋਵੇ; ਜਿੱਥੇ ਸੱਤਾ ਆਪਣੀ ਧੌਂਸ ਦਾ ਰੋਹਬ ਨਾ ਦਿਖਾਵੇ ਅਤੇ ਹਰੇਕ ਵਿਅਕਤੀ ਨੂੰ ਆਪਣੀ ਸ਼ਖਸੀ ਪ੍ਰਫੁੱਲਤਾ ਦੇ ਨਾਲ ਨਾਲ ਆਪਣੇ ਪਰਿਵਾਰ, ਕੁਨਬੇ, ਆਪਣੀ ਜਮਾਤ, ਆਪਣੇ ਧਰਮ ਦੀ ਅੰਤਰਗਤ ਸ਼ਕਤੀ ਪ੍ਰਾਪਤ ਕਰਨ ਵਿਚ ਕੋਈ ਬੇ-ਵਜ੍ਹਾ ਦੀ ਬਹਿਰੂਨੀ ਸ਼ਕਤੀ ਰੁਕਾਵਟ ਨਾ ਬਣੇ।

ਆਹਲਾ ਸਾਹਿਤਕਾਰ ਸੰਵੇਦਨਸ਼ੀਲ ਹੁੰਦਿਆਂ ਆਪਣੇ ਸਮਾਜ ਵਰਗਾ ਵੀ ਹੁੰਦਾ ਹੈ, ਪਰ ਸਮਾਜ ਵਿਚਲੇ ਬਦ ਅਨਸਰਾਂ ਨਾਲ ਹਰ ਵਕਤ ਜੰਗੀ ਅਵਸਥਾ ਵਿਚ ਵੀ ਰਹਿੰਦਾ ਹੈ। ਇਹ ਵੀ ਬਹੁਤ ਮਹੱਤਵਪੂਰਨ ਹੋ ਨਿਬੜਦਾ ਹੈ ਕਿ ਕੋਈ ਵਿਅਕਤੀ-ਵਿਸ਼ੇਸ਼ ਕਿਸ ਯੁੱਗ ਵਿਚ ਜੀਵਿਆ ਹੈ, ਕਿਉਂਕਿ ਬਾਹਰਲੇ ਹਾਲਾਤ ਦੇ ਘੜਨ-ਉਸਰਨ ਵਿਚ ਬਾਹਰੀ ਤਾਕਤਾਂ ਦਾ ਬਹੁਤ ਯੋਗਦਾਨ ਹੁੰਦਾ ਹੈ। ਸੰਜੀਦਾ ਸਾਹਿਤਕਾਰ ਇੱਕੋ ਸਮੇਂ ਕਈ ਜੰਗਾਂ ਲੜ ਰਿਹਾ ਹੁੰਦਾ ਹੈ। ਜੰਗ ਸਵੈ ਨੂੰ ਆਦਰਸ਼ਕ ਬਣਾਉਣ ਲਈ ਵੀ ਲੜੀ ਜਾ ਰਹੀ ਹੁੰਦੀ ਹੈ ਅਤੇ ਬਾਹਰੀ ਤਾਕਤਾਂ ਨੂੰ ਭਾਂਜ ਦੇਣ ਲਈ ਵੀ। ਇਹ ਜੰਗ "ਇੱਕ ਇੱਕ ਕਤਰੇ ਵਿਚ ਸਨ ਸੌ ਬਦੀਆਂ ਸੌ ਨੇਕੀਆਂ" ਦੇ ਖਿਲਾਫ ਕਤੱਈ ਅਤੇ ਕਦੀਮੀ ਕਸ਼ਮਕਸ਼ ਵੀ ਹੋ ਸਕਦੀ ਹੈ ਅਤੇ ਉਸ ਅਦਲੀ ਰਾਜੇ ਦੇ ਨਿਜ਼ਾਮ ਦੇ ਖਿਲਾਫ ਵੀ, ਜਿਸ ਦੇ ਦਰਵਾਜ਼ੇ ਤੱਕ ਪਹੁੰਚਣਾ ਹੀ ਨਾਮੁਮਕਿਨ ਬਣਿਆ ਹੋਵੇ। ਸਾਹਿਤਕਾਰ ਕੋਲ ਤੇਗ-ਤਲਵਾਰ ਦੇ ਰੂਪ ਵਿਚ ਸ਼ਸਤਰ ਨਹੀਂ ਹੁੰਦੇ, ਪਰ ਉਸ ਕੋਲ ਲਫਜ਼ਾਂ ਦੀ ਸੁਲਘਦੀ ਵਰਣਮਾਲਾ ਤਾਂ ਹੁੰਦੀ ਹੀ ਹੈ, ਜਿਸ ਦੇ ਤੀਰ ਉਹ ਆਪਣੇ ਤਰਕਸ਼ ਵਿਚੋਂ ਕੱਢ ਕੱਸ ਕੱਸ ਚਲਾਈ ਜਾਂਦਾ ਹੈ।

ਸੁਰਜੀਤ ਪਾਤਰ ਪੰਜਾਬ ਦਾ ਹਮੇਸ਼ ਸੁਰਜੀਤ ਰਹਿਣ ਵਾਲਾ ਉਹ ਕਵੀ ਹੈ, ਜਿਸ ਨੇ ਪੰਜਾਬੀ ਸਾਹਿਤ ਅਤੇ ਸਮਾਜ ਵਿਚ ਸਿਰਨਾਂਵੇਂ ਵਾਲਾ ਸਥਾਨ ਪ੍ਰਾਪਤ ਕੀਤਾ ਹੈ। ਉਹ "ਸਵੈ" ਤੋਂ ਉੱਠ ਕੇ "ਸਰਵ" ਤੱਕ ਪਹੁੰਚਦਾ ਹੈ। ਉਹ ਗੀਤ ਤੋਂ ਗਜ਼ਲ ਤੱਕ ਪਹੁੰਚਣ ਦੇ ਸਫਰ ਵਿਚ ਗਜ਼ਲ ਨੂੰ "ਮਹਿਬੂਬ ਨਾਲ ਗੁਫਤਗੂ" ਤੋਂ ਕਿਤੇ ਉੱਪਰਲੇ ਮੁਕਾਮ 'ਤੇ ਲੈ ਜਾਂਦਾ ਹੈ। ਜਿੱਥੇ ਸਾਡਾ ਇਹ ਹਰਦਿਲ ਅਜੀਜ਼ ਸ਼ਾਇਰ ਗੀਤ/ਗਜ਼ਲ/ਕਵਿਤਾ ਨੂੰ ਮਰਦ-ਔਰਤ ਦੇ ਸਦੀਵੀ ਅਤੇ ਸੂਖਮ-ਭਾਵੀ ਸਬੰਧਾਂ ਲਈ ਵਰਤਦਾ ਹੈ, ਉਥੇ ਉਹ ਇਹ ਵਾਹਨ ਸਮ-ਕਾਲੀਨ ਸੰਕਟ ਅਤੇ ਗਮਗੀਨ ਗਹਿਗੱਚਤਾ ਲਈ ਏਨੀ ਖੂਬੀ ਨਾਲ ਵਰਤਦਾ ਹੈ ਕਿ ਪੰਜਾਬੀ ਗਜ਼ਲ ਨੂੰ ਉਹ ਇੱਕ ਵਿਸ਼ੇਸ਼ ਮੁਕਾਮ 'ਤੇ ਪਹੁੰਚਾ ਦਿੰਦਾ ਹੈ। ਮਾਨਵ-ਵਾਦੀ ਸੋਚ ਅਖਤਿਆਰ ਕਰਨ ਦੇ ਨਾਲ ਨਾਲ ਉਸ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਪੰਜਾਬ ਦਾ ਸਪੂਤ ਬਣ ਕੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਦੇ ਜੀਵਨ ਤੇ ਫਲਸਫੇ ਵਿਚੋਂ ਮਾਰਕਸਵਾਦ ਵਿਚਾਰਧਾਰਾ ਦੇ ਅੰਸ਼ ਲੱਭਦਾ ਹੈ। ਉਹ ਮਾਰਕਸਵਾਦੀ ਅਤੇ ਅਗਾਂਹ-ਵਧੂ ਹੋਣ ਦੇ ਅਰਥ ਆਪਣੇ ਸਭਿਆਚਾਰਕ ਪ੍ਰਤੀਕਾਂ ਨੂੰ ਨਸ਼ਟ ਕਰਨ ਵਿਚ ਨਹੀਂ ਸਮਝਦਾ।

ਸੁਰਜੀਤ ਪਾਤਰ ਹੋਰ ਚੇਤੰਨ ਕਵੀਆਂ ਦੀ ਤਰ੍ਹਾਂ ਜਿੱਥੇ ਮਾਨਵਵਾਦੀ ਬੇਇਨਸਾਫੀਆਂ ਅਤੇ ਸਮਾਜਿਕ ਜਟਿਲ ਸਮੱਸਿਆਵਾਂ ਸਬੰਧੀ ਬੁਲੰਦ ਸ਼ਾਇਰੀ ਕਰਦਾ ਹੈ, ਉਥੇ ਉਸ ਅੰਦਰ ਪੰਜਾਬੀ ਪ੍ਰਵਿਰਤੀ ਅਤੇ ਪ੍ਰਕਿਰਤੀ ਪ੍ਰਤੀ ਸੰਜੀਵ ਚੇਤਨਾ ਹੈ। ਉਸ ਅੰਦਰ ਇਹ ਅਹਿਸਾਸ ਕਾਫੀ ਭਾਰੂ ਹੈ ਕਿ ਮਨੁੱਖ ਭਾਵੇਂ ਲੱਖ ਖੁਸ਼ਹਾਲ ਜੀਵਨ ਪਿਆ ਜੀਵੇ ਅਤੇ ਬੇ-ਪਨਾਹ ਪਦਾਰਥ ਪਿਆ ਭੋਗੇ, ਪਰ ਉਸ ਦਾ ਜੀਵਨ ਸੰਪੂਰਨ ਨਹੀਂ-ਜੇ ਧਰਤ ਬਿਗਾਨੀ ਹੈ, ਜ਼ੁਬਾਨ ਓਪਰੀ ਹੈ। ਜੇ ਕਾਰਵਾਂ ਨਿਰਮੋਹਿਆਂ ਦਾ ਹੈ ਅਤੇ ਰਹਿਣੀ ਸਹਿਣੀ ਵਿਚ ਵਡਿੱਕਿਆਂ ਦੇ ਸੰਸਕਾਰਾਂ ਦੀ ਰੰਗਤ ਨਹੀਂ।

ਸੁਰਜੀਤ ਪਾਤਰ ਭਾਵੇਂ ਸਾਹਿਤਕ ਹਲਕਿਆਂ ਵਿਚ ਪਹਿਲਾਂ ਹੀ ਮਕਬੂਲ ਸੀ, ਪਰ ਉਹ ਆਮ ਧਰਾਤਲ 'ਤੇ ਉਦੋਂ ਹੀ ਬੁਲੰਦੀ ਪ੍ਰਾਪਤ ਕਰਦਾ ਹੈ, ਜਦੋਂ 1984 ਦੇ ਦੌਰ ਵਿਚ ਉਸ ਅੰਦਰ ਮਜ਼ਮੂਈ ਚੇਤਨਾ ਦਾ ਹੜ੍ਹ ਤੂਫਾਨ ਬਣ ਕੇ ਉੱਠਦਾ ਹੈ ਅਤੇ ਉਸ ਦੀ ਆਵਾਜ਼ ਵਿਸ਼ੇਸ਼ ਤੌਰ 'ਤੇ ਸਿੱਖ ਪੰਜਾਬੀਆਂ ਦੇ ਘਰ-ਘਰ ਵਿਚ ਗੂੰਜਦੀ ਹੈ:

> ਲੱਗੀ ਨਜ਼ਰ ਪੰਜਾਬ ਨੂੰ
> ਏਦ੍ਹੀ ਨਜ਼ਰ ਉਤਾਰੋ
> ਲੈ ਕੇ ਮਿਰਚਾਂ ਕੌੜੀਆਂ
> ਏਦ੍ਹੇ ਸਿਰ ਤੋਂ ਵਾਰੋ
> ਸਿਰ ਤੋਂ ਵਾਰੋ, ਵਾਰ ਕੇ
> ਅੱਗ ਦੇ ਵਿਚ ਸਾੜੋ
> ਲੱਗੀ ਨਜ਼ਰ ਪੰਜਾਬ ਨੂੰ
> ਏਦ੍ਹੀ ਨਜ਼ਰ ਉਤਾਰੋ।

ਪੰਜਾਬ ਵਿਚ 1980ਵੇਂ ਦੇ ਦਹਾਕੇ ਵਿਚ ਵਾਪਰੀਆਂ ਖੂਨੀ ਘਟਨਾਵਾਂ ਸਦਕਾ ਉਸ ਦਹਾਕੇ ਨੂੰ ਖੂਨੀ ਦਹਾਕਾ ਕਿਹਾ ਜਾ ਸਕਦਾ ਹੈ। ਇਸ ਦਹਾਕੇ ਵਿਚ ਵਾਪਰੀਆਂ ਦਰਦਨਾਕ ਘਟਨਾਵਾਂ ਪੰਜਾਬ ਲਈ ਅਤੇ ਵਿਸ਼ੇਸ਼ ਤੌਰ 'ਤੇ ਸਿੱਖਾਂ ਲਈ ਬਹੁਤ ਮਾਰੂ ਪ੍ਰਭਾਵ ਵਾਲੀਆਂ ਸਨ। ਧਰਮ-ਕੇਂਦਰਿਤ ਮਸਲਾ ਹੋਣ ਕਰਕੇ ਬਹੁਤ ਸਾਰੇ ਸਾਹਿਤਕਾਰ ਤਾਂ ਘੇਸਲ-ਵੱਟੀ ਬੈਠੇ ਰਹੇ ਅਤੇ ਕਈਆਂ ਨੇ ਰਾਸ਼ਟਰਵਾਦੀ ਤੇ ਵਿਸ਼ਾਲ-ਦ੍ਰਿਸ਼ਟੀ ਦੇ ਦੰਭ ਥੱਲੇ ਸਿੱਖ ਸੰਘਰਸ਼ ਦੀਆਂ ਹੱਕੀ ਮੰਗਾਂ ਅਤੇ ਦਾਅਵਿਆਂ ਪ੍ਰਤੀ ਵੀ ਲੂੰਬੜ-ਅੰਦਾਜ਼ ਅਪਨਾਇਆ, ਪਰ ਸੁਰਜੀਤ ਪਾਤਰ ਦੀ ਵਿਚਾਰ ਚੇਤਨਾ ਵਿਅਕਤੀਗਤ ਤੋਂ ਉੱਪਰ ਉੱਠ ਕੇ ਧਾਰਮਿਕ-ਸਮੂਹਿਕ ਚੇਤਨਾ ਤੱਕ ਜਾ ਪਹੁੰਚੀ। ਅਸਲ ਵਿਚ ਸੁਰਜੀਤ ਪਾਤਰ ਦੀ ਸ਼ਾਇਰੀ ਦਾ ਇਹ ਮਹੱਤਵਪੂਰਨ ਦੌਰ ਸੀ। ਇਹ ਉਹ ਸਮਾਂ ਸੀ, ਜਦੋਂ ਉਹ ਸ਼ਬਦ-ਕਲਾ ਦੀ ਤੇਗ ਉਠਾਉਂਦਾ ਹੋਇਆ ਪੰਜਾਬ ਸੰਕਟ ਦੀ ਅਤੇ ਇੱਕ ਵਿਲੱਖਣ ਕੌਮੀ ਕੰਨਸੈਪਟ ਦੀ ਸਮੀਖਿਆ ਛੋਟੀ ਜਿਹੀ ਕਵਿਤਾ ਵਿਚ ਬਾਖੂਬੀ ਕਰ ਦਿੰਦਾ ਹੈ। ਮਿਰਚਾਂ ਦਾ ਮੈਟਾਫਰ ਉਸ ਦਾ ਕਾਰਗਰ ਹਥਿਆਰ ਬਣ ਜਾਂਦਾ ਹੈ:

> ਪਹਿਲੀ ਭਰਵੀਂ ਫਸਲ ਇਨ੍ਹਾਂ ਦੀ ਉਦੋਂ ਲੱਗੀ
> ਜਦ ਅੱਧੇ ਪੰਜਾਬੀਆਂ, ਪੰਜਾਬੀ ਛੱਡੀ
> ਤੇ ਫਿਰ ਅਗਲੀ ਫਸਲ ਦੇ ਬੀ ਗਏ ਖਲਾਰੇ
> ਵੱਢੇ ਗਏ ਨਿਰਦੋਸ਼ ਜਦੋਂ, ਰਾਹ ਜਾਂਦੇ ਮਾਰੇ
> ਵੱਢਣ ਵਾਲੇ ਕੌਣ ਸਨ, ਇਹ ਭੇਤ ਨਾ ਲੱਗਾ
> ਪਰ ਬੇਦੋਸ਼ਾ ਖੂਨ ਤਾਂ ਪੱਗਾਂ ਸਿਰ ਲੱਗਾ।

ਇਨ੍ਹਾਂ ਕਾਵਿ-ਸਤਰਾਂ ਵਿਚ ਸੁਰਜੀਤ ਪਾਤਰ ਦੀ ਉਦੋਂ ਤੱਕ ਕੀਤੀ ਰਚਨਾ ਵਿਚ "ਪੱਗ" ਲਫਜ਼ ਪਹਿਲੀ ਵਾਰ ਆਉਂਦਾ ਹੈ। ਹਾਲਾਤ ਉਸ ਨੂੰ ਚੇਤੰਨ ਕਰਾ ਦਿੰਦੇ ਹਨ ਕਿ ਆਪਣੇ ਹੀ ਪੰਜਾਬ ਵਿਚ ਬੇਗਾਨਾ ਹੈ। "ਪੱਗ" ਵੱਖਰੀ ਕੌਮ ਦਾ ਪਛਾਣ-ਚਿੰਨ ਬਣ ਕੇ ਉੱਭਰਦਾ ਹੈ, ਇੱਕ ਵਿਸ਼ੇਸ਼ ਗੌਰਵਮਈ ਇਤਿਹਾਸ ਸਿਰਜਣਹਾਰੀ ਕੌਮ ਦਾ ਪਰਚਮ ਬਣ ਲਹਿਰਾਉਂਦਾ ਹੈ। ਕਵਿਤਾ ਅੱਗੇ ਤੁਰਦੀ ਹੈ:

> ਵੱਢਣ ਵਾਲੇ ਕੌਣ ਸਨ ਇਹ ਭੇਤ ਨਾ ਲੱਗਾ
> ਪਰ ਬੇਦੋਸ਼ਾ ਖੂਨ ਤਾਂ ਪੱਗਾਂ ਸਿਰ ਲੱਗਾ
> ਓਹੀ ਛਿੱਟੇ ਖੂਨ ਦੇ ਬਣ ਗਏ ਬਹਾਨਾ
> ਸਾਡੀ ਪੱਗ ਨੂੰ ਪੈ ਗਿਆ ਆਪਣਾ ਬੇਗਾਨਾ।

ਇਸ ਧਰਮ-ਯੁੱਧ ਵਿਚ ਪੱਗਾਂ ਦਾ ਕਤਲ ਪੰਜਾਬ ਤੱਕ ਸੀਮਤ ਨਾ ਰਹਿ ਕੇ ਵਿਰਾਟ ਰੂਪ ਅਖਤਿਆਰ ਕਰ ਲੈਂਦਾ ਹੈ ਅਤੇ ਇਹ ਫਸਾਦ ਪੱਗੜੀਧਾਰੀ ਬਨਾਮ ਗੈਰ-ਪਗੜੀਧਾਰੀ ਬਣ ਜਾਂਦਾ ਹੈ। ਪੱਗ/ਪਗੜੀ/ਦਸਤਾਰ ਇੱਕ ਪ੍ਰਤੀਕ ਬਣ ਜਾਂਦੀ ਹੈ, ਜਿਸ ਨੂੰ ਮਧੋਲਣ ਲਈ ਬਹੁ-ਗਿਣਤੀ ਸਮਾਜ ਅਤੇ ਸਮੇਂ ਦੀ ਸਰਕਾਰ ਸਾਜਿਸ਼ਮਈ ਮਾਹੌਲ ਵਿਚ ਇੱਕ ਮੁੱਠ ਹੋ ਜਾਂਦੇ ਹਨ:

> ਜਿੱਥੇ ਤੱਕ ਛਾਂ ਤਖਤ ਦੀ ਅੱਗਾਂ ਹੀ ਅੱਗਾਂ
> ਚੌਂਕ ਚੁਰਾਹੇ ਰੁਲਦੀਆਂ ਪੱਗਾਂ ਹੀ ਪੱਗਾਂ



> ਪੱਤੇ ਬੂਟੇ ਡੋਡੀਆਂ ਫੁੱਲਾਂ ਦੀਆਂ ਲੜੀਆਂ
> ਸਭ ਕੁਝ ਅੱਗ ਵਿਚ ਸੜ ਗਿਆ, ਮਿਰਚਾਂ ਨਾ ਸੜੀਆਂ।

ਕਿਸੇ ਵੀ ਸਮਾਜਕ ਪ੍ਰਾਣੀ ਦੀ ਰਹਿਣੀ-ਬਹਿਣੀ ਦੀ ਅਨਿੱਖੜਵੀਂ ਸੂਖਮ ਜਾਂ ਸਥੂਲ ਵਸਤ ਉਸ ਦੇ ਵਿਅਕਤਿਤਵ ਦਾ ਅਹਿਮ ਹਿੱਸਾ ਬਣ ਜਾਂਦੀ ਹੈ, ਚਾਹੇ ਉਹ ਬਾਣਾ ਹੋਵੇ ਜਾਂ ਅਕੀਦਤ ਦਸਤੂਰ। ਸਿੱਖ ਭਾਈਚਾਰੇ ਕੋਲ ਪੱਗ ਜਾਂ ਪਗੜੀ ਲਈ ਸ਼ਬਦ ਦਸਤਾਰ ਹੈ। ਸੁਰਜੀਤ ਪਾਤਰ ਖੁਦ ਸਿੱਖ ਪਰਿਵਾਰ ਵਿਚੋਂ ਹੈ, ਦਸਤਾਰ ਧਾਰੀ ਹੈ, ਇਸ ਲਈ ਉਹ ਜਦੋਂ ਚੇਤਨਾ ਵਜੋਂ ਸਿਰ-ਵਸਤਰ ਦੀ ਗੱਲ ਕਰਦਾ ਹੈ ਤਾਂ ਪੱਗ ਲਈ ਸ਼ਬਦ ਦਸਤਾਰ ਵਰਤਦਾ ਹੈ। ਇਸੇ ਪੁਸਤਕ "ਬਿਰਖ ਅਰਜ਼ ਕਰੇ" ਵਿਚ ਉਹ ਪੰਜਾਬ-ਦੁਖਾਂਤ ਦੇ ਦੌਰ ਵਿਚ ਦਸਤਾਰ-ਧਾਰੀਆਂ ਨਾਲ ਹੋ ਰਹੇ ਅਤਿਆਚਾਰ ਬਾਰੇ ਲਿਖਦਾ ਹੈ:

> ਕੋਈ ਦਸਤਾਰ ਰੱਤ ਲਿਬੜੀ
> ਕੋਈ ਤਲਵਾਰ ਆਈ ਹੈ,
> ਲਿਆਓ ਸਰਦਲਾਂ ਤੋਂ ਚੁੱਕ ਕੇ
> ਅਖਬਾਰ ਆਈ ਹੈ।

ਸੁਰਜੀਤ ਪਾਤਰ ਦੀ ਕਵਿਤਾ ਉੱਪਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਹਿਰਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਉਸ ਦੇ ਚਿੰਤਨ ਦੀਆਂ ਗਹਿਰਾਈਆਂ ਵਿਚ ਰਬਾਬ ਟੁਣਕਦੀ ਹੈ, ਬਾਣੀਆਂ ਦਾ ਪਾਣੀਆਂ ਉੱਪਰ ਛਲਕਦਾ ਅਹਿਸਾਸ ਤਰੰਗਾਂ ਛੇੜਦਾ ਹੈ। ਉਸ ਨੂੰ ਅਰਦਾਸਾਂ ਦੇ ਸਮਰੱਥ ਹੋਣ ਦਾ ਵੀ ਇਲਮ ਹੈ ਅਤੇ ਸਾਜ਼ਾਂ ਦੇ ਇਲਾਹੀ ਰਾਜ਼ਾਂ ਦਾ ਵੀ। ਉਹ ਦਸਤਾਰ ਅਤੇ ਕਲਗੀ ਦੇ ਗਹਿਰੇ ਰਿਸ਼ਤੇ ਤੋਂ ਵੀ ਵਾਕਫ ਹੈ ਅਤੇ ਰਬਾਬ ਤੋਂ ਤਲਵਾਰ ਤੱਕ ਦੇ ਸਫਰ ਦਾ ਵੀ। ਇਸੇ ਕਾਵਿ-ਸੰਗ੍ਰਹਿ ਵਿਚਲੀ "ਚਾਂਦਨੀ ਚੌਂਕ" ਨਾਮੀ ਕਵਿਤਾ ਵਿਚ ਉਹ ਲਿਖਦਾ ਹੈ:

> ਜਿਸ ਤੇਗ ਦੇ ਘਾਟ ਉਤਰੇ
> ਉਸ ਤੇਗ ਤੋਂ ਖੂਨ ਨਹੀਂ ਸੁਕਦਾ
> ਦਸਤਾਰ ਸਜਾ ਕੇ ਆ ਜਾਵੇ
> ਭਾਵੇਂ ਤਿਲਕ ਲਗਾ ਕੇ ਆ ਜਾਵੇ
> ਸਾਥੋਂ ਔਰੰਗਜ਼ੇਬ ਨਹੀਂ ਲੁਕਦਾ।

ਸ਼ਾਇਰੀ ਦੇ ਮਾਮਲੇ ਵਿਚ ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਸਾਹਿਤਕਾਰ ਅਤੇ ਖਾਸ ਤੌਰ 'ਤੇ ਕਵੀ ਆਪਣੇ ਨਿੱਜੀ ਹਾਵਾਂ-ਭਾਵਾਂ-ਚਾਵਾਂ ਅਤੇ ਜਜ਼ਬਾਤ ਦੀ ਤਰਜਮਾਨੀ ਤੋਂ ਉਤਾਂਹ ਨਹੀਂ ਉੱਠਦਾ, ਪਰ ਸੁਰਜੀਤ ਪਾਤਰ ਨੂੰ ਅਹਿਸਾਸ ਹੈ ਕਿ ਜਮਾਤ-ਚੇਤਨਾ ਅਤੇ ਜਗਤ-ਚੇਤਨਾ ਤੋਂ ਬਿਨਾ ਪੂਰਨ ਸਾਹਿਤਕਾਰ ਨਹੀਂ ਅਖਵਾਇਆ ਜਾ ਸਕਦਾ। ਉਹ ਲਿਖਦਾ ਹੈ:

> "ਮੇਰੀ ਕਵਿਤਾ ਮੇਰੇ ਮਨ ਦੇ
> ਹਰ ਮੌਸਮ ਦੀ ਵਿਥਿਆ ਹੈ,
> ਬਹੁਤ ਮੇਰਾ,
> ਥੋੜ੍ਹਾ ਥੋੜ੍ਹਾ ਸਮਿਆਂ ਦਾ ਇਤਿਹਾਸ ਵੀ ਹੈ।"

ਇਹੀ ਵਜ੍ਹਾ ਹੈ ਕਿ ਪ੍ਰਿੰ. ਅਮਰਜੀਤ ਸਿੰਘ ਪਰਾਗ ਕਹਿੰਦਾ ਹੈ, "ਬਿਰਖ ਅਰਜ਼ ਕਰੇ" ਨੂੰ ਹਿੰਦ-ਪੰਜਾਬ ਦੀ ਦੂਜੀ ਜੰਗ ਦੇ ਜੰਗਨਾਮੇ ਵਾਂਗ ਪੜ੍ਹਿਆ ਜਾ ਸਕਦਾ ਹੈ।"

ਅੰਮ੍ਰਿਤਾ ਪ੍ਰੀਤਮ ਨੇ ਸਹੀ ਲਿਖਿਆ ਹੈ, "ਕੋਈ ਕੌਮ ਕਬੀਲਾ ਜਦੋਂ ਕਿਸੇ ਔਖੇ ਵੇਲੇ ਵਿਚੋਂ ਲੰਘ ਰਿਹਾ ਹੁੰਦਾ ਹੈ, ਉਸ ਵੇਲੇ ਖਾਸ ਤੌਰ 'ਤੇ, ਮਜਮੂਈ ਚੇਤਨਾ ਦਾ ਸੰਸਥਾਈ ਪਹਿਲੂ ਕਈ ਰੰਗਾਂ ਵਿਚ ਸਾਹਮਣੇ ਆਉਂਦਾ ਹੈ। ਉਹਦੇ ਵਿਚ ਦੁੱਖ ਦਾ ਰੰਗ ਵੀ ਹੁੰਦਾ ਹੈ, ਹੋਣਾ ਹੁੰਦਾ ਹੈ, ਪਰ ਨਾਲ ਨਫਰਤ ਤੇ ਬਦਲੇ ਖੋਰੀ ਦੇ ਉਹ ਰੰਗ ਵੀ ਹੁੰਦੇ ਹਨ, ਜਿਨ੍ਹਾਂ ਦੇ ਮੇਚੇ ਔਣ ਵਾਲੀ ਤਖਲੀਕ ਵਿਚ ਇਹ ਸਾਰੇ ਘੁਲ ਜਾਂਦੇ ਹਨ... ਤੇ ਅਜਿਹੇ ਵੇਲੇ ਕਿਸੇ ਕੌਮ ਕਬੀਲੇ ਦਾ ਇਤਿਹਾਸ ਵੀ ਕਈ ਛਾਨਣੀਆਂ ਵਿਚ ਛਣਦਾ ਹੈ, ਜਿਹਦਾ ਕੁਝ ਹਿੱਸਾ ਨਕਾਰ ਕੇ ਕੁਝ ਉਹ ਹਿੱਸਾ ਸਵੀਕਾਰ ਲਿਆ ਜਾਂਦਾ ਹੈ, ਜੋ ਵੇਲੇ ਦੀ ਲੋੜ ਨੂੰ ਸਾਰ ਸਕਦਾ ਹੈ।"

ਕੌਮ ਕਬੀਲੇ ਦੀ ਤਾਕਤ ਦਾ ਇਤਿਹਾਸ ਸੁਰਜੀਤ ਪਾਤਰ ਦੀ ਜ਼ਿਹਨੀਅਤ ਵਿਚ ਅਚੇਤ ਅਤੇ ਸੁਚੇਤ ਰੂਪ ਵਿਚ ਟਿਕਿਆ ਪਿਆ ਸੀ। ਕਬੀਲਾਈ, ਇਲਾਕਾਈ ਅਤੇ ਇਖਲਾਕਾਈ ਗੌਰਵਮਈ ਚੇਤਨਾ ਉਸ ਨੂੰ ਹਾਕਮੀ ਬੇ-ਇਨਸਾਫੀ ਵਿਰੁੱਧ ਪੱਗ-ਪਰਚਮ ਉੱਠਾ ਕੇ ਗਲਤ ਨੂੰ ਸਪਸ਼ਟ ਸ਼ਬਦਾਂ ਵਿਚ ਗਲਤ ਕਰਾਰ ਦੇਣ ਲਈ ਮਜਬੂਰ ਕਰਦੀ ਹੈ। ਉਹਨੂੰ ਪਤਾ ਹੈ, ਹਨੇਰਾ ਨਹੀਂ ਜਰੇਗਾ ਪਰ ਸ਼ਾਇਰ ਲਈ ਚੁੱਪ ਵੱਟ ਜਾਣੀ ਵੀ ਮਰਨ ਬਰਾਬਰ ਹੈ, "ਚੁੱਪ ਰਿਹਾ ਤਾਂ ਸ਼ਮ੍ਹਾਂਦਾਨ ਕੀ ਕਹਿਣਗੇ?"

ਪੱਗ, ਪਗੜੀ, ਦਸਤਾਰ ਅਸਲ ਵਿਚ ਇੱਕ ਪਹਿਨਣ ਹੀ ਨਹੀਂ, ਇਸ ਦੇ ਪੇਚਾਂ ਅੰਦਰ ਬਹੁਤ ਕੁਝ ਇਤਿਹਾਸਕ, ਮਿਥਿਹਾਸਕ ਅਤੇ ਚਿੰਨ੍ਹਾਤਮਿਕ ਹੈ। ਹਿੰਦੁਸਤਾਨ ਦੇ ਇਸ ਖਿੱਤੇ ਵਿਚ ਪੱਗ ਇੱਕ ਵਿਸ਼ੇਸ਼ ਕੌਮੀਅਤ ਦੀ ਪ੍ਰਤੀਕ ਰਹੀ ਹੈ। ਪੱਗ ਗਰੀਬ ਮਜ਼ਦੂਰ ਦਾ ਮੜਾਸਾ ਵੀ ਬਣਦੀ ਰਹੀ ਹੈ ਅਤੇ ਬਾਦਸ਼ਾਹਾਂ ਦੇ ਸਿਰਾਂ ਦਾ ਤਾਜ ਵੀ। ਇਹ ਅਧਿਆਤਮਕ ਉਚਾਈਆਂ-ਸੁਚਾਈਆਂ ਦਾ ਪ੍ਰਤੀਕ ਵੀ ਬਣਦੀ ਰਹੀ ਹੈ ਅਤੇ ਤਾਜਾਂ ਦੇ ਹੰਕਾਰ-ਹਉਮੈ ਦੇ ਅਰਥ ਵੀ ਗ੍ਰਹਿਣ ਕਰਦੀ ਆਈ ਹੈ। ਸਿੱਖ ਜ਼ਹਿਨੀਅਤ ਵਿਚ ਔਰੰਗਜ਼ੇਬ ਦੀ ਪੱਗ ਜ਼ੁਲਮ ਦਾ ਇਤਿਹਾਸਕ ਬਿੰਬ ਬਣ ਜਾਂਦੀ ਹੈ:

> ਜੇ ਸੁਣਤੇ ਹੋਣ ਪੁਨੀਤ
> ਫੇਰ ਤਾਂ ਪੱਥਰਾਂ ਦਾ ਵੀ ਜੀ ਕਰਦਾ ਕੁਝ ਕਹੀਏ
> ਤੇ ਕੰਧਾਂ ਦੇ ਵੀ ਕੰਨ ਚਾਹੁੰਦੇ
> ਅਸੀਂ ਜੀਭ ਦੀ ਜੂਨੇ ਆਈਏ
> ਪਰ ਕੰਧਾਂ ਨੂੰ ਕੰਨ ਰਹਿਣ
> ਤੇ ਜੀਭਾਂ ਨਾ ਹੀ ਲੱਗਣ ਚੰਗਾ
> ਜੇ ਕੰਧ ਲਿਖੇ ਇਤਿਹਾਸ
> ਫੇਰ ਤਾਂ ਬਹੁਤ ਸਿਆਪੇ ਕਰਨੇ ਪੈਣੇ
> ਕਰਨੀ ਪੈਣੀ ਅਦਲਾ-ਬਦਲੀ
> ਸ਼ਰਮਸਾਰ ਸਿਰ ਝੁਕੇ ਕਟਹਿਰੇ ਚੜ੍ਹਨ
> ਸ਼ਹਿਨਸ਼ਾਹ ਰਾਜੇ ਅਦਲੀ
> ਤੇ ਪ੍ਰੇਤ-ਜੂਨ ਵਿਚ ਪੈ ਕੇ ਭਟਕਣ
> ਸੁਰਗ-ਨਿਵਾਸੀ
> ਹਰ ਸ਼ਾਹੀ ਦਸਤਾਰ 'ਤੇ ਲੱਗਿਆ
> ਖੂਨ ਦਿਸੇਗਾ ਰੰਗ ਬਰੰਗਾ
> ਕੰਧਾਂ ਨੂੰ ਕੰਨ ਰਹਿਣ
> ਤੇ ਜੀਭਾਂ ਨਾ ਹੀ ਲੱਗਣ ਚੰਗਾ।

ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ-ਨਿਵਾਜੇ ਖਾਲਸੇ ਦੀ ਮੰਜ਼ਲ ਬਹੁਤ ਵਚਿੱਤਰ ਅਤੇ ਕਠਿਨ ਹੈ: ਸੰਤ ਵੀ ਬਣਨਾ ਹੈ ਅਤੇ ਸਿਪਾਹੀ ਵੀ। ਤਲਵਾਰ ਦੇ ਧਨੀ ਵੀ ਬਣਨਾ ਹੈ ਅਤੇ ਕਲਮ ਦੇ ਵੀ। ਜਾਤ-ਪਾਤ ਦਾ ਵਖਰੇਵਾਂ ਖਤਮ ਵੀ ਕਰਨਾ ਹੈ ਅਤੇ ਆਪਣੀ ਵੱਖਰੀ ਪਛਾਣ ਵੀ ਸਥਾਪਤ ਕਰਨੀ ਹੈ। ਨਵੀਆਂ ਸਿਰਜੀਆਂ-ਉੱਭਰੀਆਂ ਕੌਮਾਂ ਹਮੇਸ਼ਾਂ ਹੀ ਆਪਣੇ ਪਛਾਣ-ਚਿੰਨ੍ਹਾਂ ਨੂੰ ਬਹੁਤ ਸਤਿਕਾਰ ਅਤੇ ਵਡਿਆਈ ਦੇ ਕੇ ਗਲੋਰੀਫਾਈ ਕਰਦੀਆਂ ਹਨ। ਸਿੱਖ-ਧਰਮ ਵਿਚ ਵੀ ਅਜਿਹਾ ਹੀ ਵਰਤਾਰਾ ਵਿਦਮਾਨ ਰਿਹਾ ਹੈ। ਨਵੀਆਂ ਉਭਰੀਆਂ ਕੌਮਾਂ ਨੂੰ ਵੱਡੇ ਚੈਲੰਜ ਦਰਪੇਸ਼ ਹੁੰਦੇ ਹਨ। ਨਿਵੇਕਲੀ ਪਛਾਣ ਜਿੱਥੇ ਇੱਕ ਵੱਖਰੀ ਕਿਸਮ ਦਾ ਸਰੂਰ ਬਖਸ਼ਦੀ ਹੈ, ਉਥੇ ਸਥਾਪਤ ਸੰਸਕਾਰਾਂ ਵੱਲੋਂ ਵੰਗਾਰ ਵੀ ਸਮਝੀ ਜਾਂਦੀ ਹੈ।

ਲੇਖਕ ਵਿਸ਼ਵ ਪੱਧਰ 'ਤੇ ਵਿਚਰਦਿਆਂ ਵੀ ਵੱਖਰੀ ਪਛਾਣ ਦੇ ਰਸਤੇ ਵਿਚ ਆਉਂਦੀਆਂ ਮਨੋਵਿਗਿਆਨਕ ਰੁਕਾਵਟਾਂ ਪ੍ਰਤੀ ਸੰਵੇਦਨਸ਼ੀਲ ਵਿਅਕਤੀਆਂ ਵਾਂਗ ਪੇਸ਼ ਆਉਂਦਾ ਹੈ। ਜਿੱਥੇ ਹਿੰਦੁਸਤਾਨ ਵਿਚ ਪੱਗ ਵੱਖਰੀ ਪਛਾਣ ਦੇ ਸੰਘਰਸ਼ ਵਿਚ ਵੱਖਵਾਦੀ ਅਤੇ ਸਦੀਆਂ ਤੋਂ ਸਥਾਪਤ ਧਰਮ ਨੂੰ ਵੰਗਾਰ ਦੇ ਰੂਪ ਵਿਚ ਸਮਝੀ ਜਾਂਦੀ ਹੈ, ਉਥੇ ਵਿਦੇਸ਼ਾਂ ਵਿਚ ਇਸ ਦੀ ਪਛਾਣ ਮਿਸਟੇਕਨ ਆਈਡੈਂਟਿਟੀ ਦਾ ਸ਼ਿਕਾਰ ਹੋ ਜਾਂਦੀ ਹੈ। ਉਥੇ ਵੀ ਆਪਣੀ ਨਿਵੇਕਲੀ ਸਭਿਆਚਾਰਕ ਰਹਿਤਲ ਕਾਇਮ ਰੱਖਣੀ ਵੱਡਾ ਚੈਲੰਜ ਬਣ ਜਾਂਦੀ ਹੈ:

> ਬੜਾ ਚਿਰ ਹੱਸਿਆ ਸੋਨੇ ਦਾ ਜੰਗਲ
> ਜਦੋਂ ਇਹ ਆਖ ਕੇ ਲੱਗਿਆ ਮੈਂ ਪਰਤਣ
> ਕਿ ਤੇਰੇ ਚਾਂਦੀ ਰੰਗੇ ਕੰਡਿਆਂ ਵਿਚ
> ਮੇਰੀ ਪਗੜੀ ਦਾ ਸ਼ਮਲਾ ਅੜਕਦਾ ਹੈ।

ਜਿੱਥੇ ਪਗੜੀ ਪਛਾਣ-ਪਹਿਰਾਵਾ ਹੈ, ਉਥੇ ਪਗੜੀ ਦਾ ਸ਼ਮਲਾ ਚੌਧਰਪਣ ਦਾ ਪਰਚਮ ਹੈ। ਇਸ ਦੇ ਅਰਥ ਸਿਰਫ ਆਪਣੇ ਸਭਿਆਚਾਰ ਵਿਚ ਸੰਚਾਰੇ/ਸੰਦੇਸ਼ੇ/ਸਮਝੇ ਜਾ ਸਕਦੇ ਹਨ। ਸ਼ਮਲੇ ਦਾ ਬਿੰਬ ਸ਼ਾਇਰ ਦੀਵਾਲੀ ਦੇ ਦੀਵਿਆਂ ਲਈ ਵੀ ਬਾਖੂਬੀ ਵਰਤਦਾ ਹੈ:

> ਹਾਏ ਉਹ ਕਿੱਧਰ ਉੱਡ ਗਏ ਦੀਵੇ
> ਦੀਵਾਲੀ ਦੀ ਰਾਤ ਨੂੰ ਜਿਹੜੇ,
> ਨਿੱਕੇ ਨਿੱਕੇ ਪੰਛੀਆਂ ਵਾਂਗੂੰ
> ਲੰਮੀਆਂ ਲੰਮੀਆਂ ਡਾਰਾਂ ਦੇ ਵਿਚ
> ਹਰ ਇੱਕ ਘਰ ਦੇ ਕੰਧ ਬਨੇਰੇ,
> ਸੋਨ-ਸੁਨਹਿਰੀ ਜੋੜ ਕੇ ਚੁੰਝਾਂ,
> ਕੇਸਰ-ਰੰਗੀ ਬੋਲੀ ਦੇ ਵਿਚ
> ਇੱਕ ਦੂਜੇ ਸੰਗ
> ਨਿੰਘੀਆਂ ਨਿੰਘੀਆਂ ਗੱਲਾਂ ਕਰਦੇ ਹੁੰਦੇ,
> ਨਿੱਕੇ ਨਿੱਕੇ ਪੀਲੇ ਸ਼ਮਲੇ
> ਜਿਉਂ ਮੱਸਿਆ ਦੇ ਪਿੰਡ 'ਚ
> ਇਹ ਪਰਭਾਤ ਵਿਆਹੁਣ ਆਏ
> ਬਾਂਕੇ ਜਿਹੇ ਬਰਾਤੀ।

ਸ਼ਾਇਰ ਦੀ ਦਿਲੀ ਤਮੰਨਾ ਹੈ ਕਿ ਉਸ ਦਾ ਪੰਜਾਬ, ਪੰਜਾਬ ਦੀ ਮਾਂ ਬੋਲੀ ਗੁਰਮੁਖੀ ਅਤੇ ਪੰਜਾਬੀਅਤ ਦਾ ਪਰਚਮ ਪੱਗ-ਪਗੜੀ-ਦਸਤਾਰ ਬੁਲੰਦ ਰਹੇ। ਉਸ ਦੀਆਂ ਵੇਗਮਈ ਰਚਨਾਵਾਂ ਵਿਚ ਬਹੁਤ ਸਾਰੀਆਂ ਸਥਿਤੀਆਂ ਵਿਚ ਪੱਗ, ਪਗੜੀ, ਦਸਤਾਰ ਦਾ ਸ਼ਮਲਾ ਪੰਜਾਬੀਅਤ ਦਾ ਜਾਂ ਖਾਲਸੀਅਤ ਦਾ ਪ੍ਰਤੀਕ ਬਣ ਜਾਂਦਾ ਹੈ। 1984 ਦੀਆਂ ਦਸਤਾਰ ਚੇਤਨਾ ਵਾਲੀਆਂ ਕਵਿਤਾਵਾਂ ਤੋਂ ਬਾਅਦ "ਲਫਜ਼ਾਂ ਦੀ ਦਰਗਾਹ" (1999) ਅਤੇ "ਪਤਝੜ ਦੀ ਪਾਜ਼ੇਬ"(2004) ਵਿਚ "ਬੜਾ ਚਿਰ ਹੱਸਿਆ ਸੋਨੇ ਦਾ ਜੰਗਲ..." ਵਾਲੀ ਕਵਿਤਾ ਤੋਂ ਬਿਨਾ ਦਸਤਾਰ ਚੇਤਨਾ ਜਾਂ ਦਸਤਾਰ ਮਸਲੇ ਦੇ ਕਿਸੇ ਪਹਿਲੂ 'ਤੇ ਕੋਈ ਰਚਨਾ ਨਜ਼ਰ ਨਹੀਂ ਆਉਂਦੀ।

2008 ਵਿਚ ਛਪੀ ਉਸ ਦੀ ਕਿਤਾਬ "ਸਰ ਜ਼ਮੀਨ" ਗਜ਼ਲ-ਸੰਗ੍ਰਹਿ ਵਿਚ ਵੀ ਪੱਗ, ਪਗੜੀ, ਦਸਤਾਰ ਦਾ ਕੋਈ ਜ਼ਿਕਰ ਨਹੀਂ। ਹਾਂ, 2015 ਵਿਚ ਛਪੀ "ਚੰਨ ਸੂਰਜ ਦੀ ਵਹਿੰਗੀ" ਵਿਚ ਫਿਰ ਪੰਜਾਬ ਪ੍ਰਤੀ ਉਦਾਸੀ ਅਤੇ ਬੇ-ਉਮੀਦੀ ਵਾਲੀਆਂ ਕਵਿਤਾਵਾਂ ਮਿਲਦੀਆਂ ਹਨ। ਭਾਵੇਂ ਕਿ "ਬਿਰਖ ਅਰਜ਼ ਕਰੇ" ਵਿਚ ਅਦਲੀ ਰਾਜੇ ਦੀ ਅਤੇ ਕੁਝ ਹੋਰ ਪਾਤਰਾਂ ਦੀ ਨਿਸ਼ਾਨ-ਦੇਹੀ ਹੋ ਚੁਕੀ ਸੀ, ਪਰ "ਚੰਨ ਸੂਰਜ ਦੀ ਵਹਿੰਗੀ" ਵਿਚਲੀਆਂ ਕਵਿਤਾਵਾਂ ਵਿਚ ਦੋਸ਼ੀ ਮਾਹੌਲ ਹੈ, ਜਿਸ ਨੂੰ ਕਚਹਿਰੀ ਚਾੜ੍ਹਨਾ ਔਖਾ ਹੈ। ਇਨ੍ਹਾਂ ਹਾਲਾਤਾਂ ਲਈ ਵਿਸ਼ਵੀਕਰਨ ਵੀ ਜ਼ਿੰਮੇਵਾਰ ਹੈ ਅਤੇ ਹਰ ਪੱਧਰ ਉੱਤੇ ਨਜ਼ਰ ਆਉਂਦੀ ਬਦ-ਇੰਤਜ਼ਾਮੀ ਵੀ।

ਸੁਰਜੀਤ ਪਾਤਰ ਨੂੰ ਇਨ੍ਹਾਂ ਨਾਸਾਜ਼ ਹਾਲਾਤਾਂ ਵਿਚ ਆਪਣੇ ਵਿਰਾਸਤੀ ਪੰਜਾਬ ਦੀ ਬੇਹੱਦ ਚਿੰਤਾ ਅਤੇ ਫਿਕਰ ਹੈ। ਉਹ ਲੋਕ ਜੋ ਮਾਨਵਤਾ ਦੀ ਗੱਲ ਕਰਦੇ ਹਨ, ਸਮੂਹਿਕ ਦੇ ਨਾਂ 'ਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਚਿੰਤਨ ਦੀ ਗੱਲ ਕਰਦੇ ਹਨ, ਉਹ ਇਹ ਭੁੱਲ ਜਾਂਦੇ ਹਨ ਕਿ ਮਾਨਵੀ-ਫਿਕਰ ਵੀ "ਮੈਂ" ਤੋਂ ਹੀ ਸ਼ੁਰੂ ਹੁੰਦਾ ਹੈ: ਵਿਅਕਤੀਗਤ ਹੋਂਦ ਸ਼ੂਨਯ ਵਿਚ ਨਹੀਂ ਪਨਪਦੀ, ਇਹ ਹਰ ਖਿੱਤੇ ਦੀ ਆਪਣੀ ਵਿਲੱਖਣ ਹੁੰਦੀ ਹੈ। ਉਹ ਖਿੱਤਾ ਘਰ-

*(ਬਾਕੀ ਅਗਲੇ ਸਫੇ 'ਤੇ)*

# ਦੇਸ਼ ਦੇਸ਼ਾਂਤਰ ਜਿੱਥੇ ਜਾਵੋਂ, ਦਿਸ ਹੀ ਪੈਂਦੀਆਂ ਨੇ ਦਸਤਾਰਾਂ

*(ਪਿਛਲੇ ਸਫੇ ਦੀ ਬਾਕੀ)*

ਕਬੀਲਾ ਵੀ ਹੁੰਦਾ ਹੈ, ਮਜ਼ਹਬ ਵੀ ਹੁੰਦਾ ਹੈ, ਅਦਬ ਵੀ ਹੁੰਦਾ ਹੈ। ਉਹ ਚੇਤਨਾ ਇਲਾਕਾਈ ਵੀ ਹੁੰਦੀ ਹੈ, ਭਾਸ਼ਾਈ ਵੀ। ਉਹ ਸੰਸਾਰੀ ਵੀ ਹੁੰਦੀ ਹੈ, ਸੰਸਕਾਰੀ ਵੀ; ਪਰ ਜਦੋਂ ਆਪਣੀ ਇਲਾਕਾਈ, ਭਾਸ਼ਾਈ, ਸਦਾਚਾਰਕ, ਸਭਿਆਚਾਰਕ ਵਿਰਾਸਤ ਨਿਰੰਤਰ ਖੁਰਦੀ ਮਹਿਸੂਸ ਹੋਵੇ, ਕੋਈ ਵੱਸ ਨਾ ਚੱਲੇ ਤਾਂ ਫਿਰ ਅੰਦਰੋਂ ਆਪ-ਮੁਹਾਰੇ ਅਕੀਦਤ ਭਰੀ ਅਰਦਾਸ ਹੀ ਕੁਝ ਆਸਰਾ ਦਿੰਦੀ ਹੈ। "ਅਰਦਾਸ" ਇਕਾਈ-ਇਲਾਕਾਈ-ਭਾਸ਼ਾਈ-ਮਜ਼ਹਬੀ-ਅਦਬੀ ਅਤੇ ਫਿਰ ਮਾਨਵੀ ਅਤੇ ਮਜ਼ਮੂਈ ਮੰਜ਼ਲਾਂ ਤੱਕ ਦਾ ਸਫਰ ਤੈਅ ਕਰਦੀ ਹੈ:

ਰਾਜ ਕੁਮਾਰੀ ਸਾਡੇ ਘਰ ਵਿਚ ਝਾੜੂ ਪੋਚਾ ਲਾਵੇ
ਊਸ਼ਾ ਰਾਣੀ ਸਾਡੇ ਮੈਲੇ ਕੱਪੜੇ ਧੋਵਣ ਆਵੇ
ਰਾਜ ਕੁਮਾਰੀ ਸਦਾਨੰਦ ਦੀ ਬੇਟੀ
ਊਸ਼ਾ ਰਾਣੀ ਰਾਮ ਲਖਨ ਦੀ ਬੀਵੀ
ਸਦਾਨੰਦ ਨੇ ਸਾਡੇ ਘਰ ਦੀਆਂ ਕੰਧਾਂ ਚਿਣੀਆਂ
ਲੈਂਟਰ ਪਾਇਆ
ਰਾਮ ਲਖਨ ਨੇ ਫਰਸ਼ਾਂ ਪਾਈਆਂ
ਬਿਰਜੂ, ਰਾਮ ਖਿਲਾਵਨ, ਅੰਗਨੂੰ, ਦੇਵਕੀਨੰਦਨ
ਇੱਟਾਂ ਢੋਈਆਂ
ਰੇਤਾ ਤੇ ਸੀਮਿੰਟ ਰਲਾਇਆ
ਇਹ ਸੀਮਿੰਟ ਜੋ ਛੋਟੇ ਭਾਈ ਦੇਸਾ ਸਿੰਘ ਦੇ ਕੈਨੇਡਾ ਤੋਂ ਘੱਲੇ ਪੈਸਿਆਂ ਨਾਲ ਸੀ ਬੁੱਕ ਕਰਾਇਆ
ਪਿਆ ਪਿਆ ਹੀ ਪੱਥਰ ਹੋ ਜਾਣਾ ਸੀ
ਰਾਜ ਮਿਸਤਰੀ ਤੇਸਾ ਸਿੰਘ ਤਾਂ
ਬੱਸ ਡੀ.ਪੀ.ਸੀ. ਪਾ ਕੇ ਮਸਕਟ ਚਲਾ ਗਿਆ ਸੀ
ਰੁਲੀਆ ਸਿੰਘ ਮਜ਼ਦੂਰ ਵੀ ਇੱਕ ਦਿਨ ਆਇਆ
ਫਿਰ ਨਾ ਆਇਆ
ਕਹਿੰਦੇ ਉਸ ਨੇ ਆਟੋ ਪਾਇਆ

ਸੋਨੂੰ ਤੇ ਮੋਨੂੰ ਨੂੰ ਰਿਕਸ਼ੇ ਵਿਚ ਬਿਠਾ ਕੇ
ਰਾਮ ਭਰੋਸੇ ਰੋਜ਼ ਸਕੂਲ ਲਿਜਾਂਦਾ
ਅਤੇ ਬਥੇਰੇ ਹੋਰ
ਜਿਨ੍ਹਾਂ ਦੇ ਨਾਮ ਨਾ ਜਾਣਾਂ
ਫੈਕਟਰੀਆਂ ਵਿਚ ਕੰਮ ਕਰਦੇ ਨੇ
ਪੈਲੀਆਂ ਵਿਚ ਪਨੀਰੀ ਲਾਉਂਦੇ
ਜੀਰੀ ਲਾਉਂਦੇ
ਫਸਲਾਂ ਵੱਢਦੇ
ਇਹ ਡਾਰਾਂ ਦੀਆਂ ਡਾਰਾਂ
ਕਦੀ ਕਦੀ ਤਾਂ ਡਰ ਲੱਗਦਾ ਹੈ
ਕਿੱਧਰ ਉਡਦੀਆਂ ਜਾਂਦੀਆਂ ਨੇ ਦਸਤਾਰਾਂ

ਕਦੀ ਕਦੀ ਚੰਗਾ ਵੀ ਲੱਗਦਾ
ਦੇਸ਼ ਦੇਸ਼ਾਂਤਰ ਜਿੱਥੇ ਜਾਵੋਂ
ਦਿਸ ਹੀ ਪੈਂਦੀਆਂ ਨੇ ਦਸਤਾਰਾਂ
ਸੱਤ ਸਮੁੰਦਰ ਪਾਰ ਵੀ ਝੁਲਣ ਝੰਡੇ
ਲਿਸ਼ਕਣ ਖੰਡੇ
ਰਿੱਝਣ ਦੇਗਾਂ
ਪੱਕਣ ਮੰਡੇ

ਸੱਤ ਸਮੁੰਦਰੋਂ ਏਧਰ
ਸਾਡੀ ਨਵੀਂ ਵਸੀ ਆਬਾਦੀ
ਸ਼ਾਮ ਪਈ ਭਈਆਂ ਦੇ ਬੱਚੇ
ਸਿਰ 'ਤੇ ਫਟੇ ਪਰੋਲੇ ਧਰ ਕੇ
ਗੁਰੂ ਦੁਆਰੇ ਆ ਬਹਿੰਦੇ ਨੇ
ਨਾਲ ਨਾਲ ਪੜ੍ਹਦੇ ਨੇ ਬਾਣੀ
ਸਤਿਗੁਰ ਸੱਜਣ ਮਿਲਿਆ
ਨਾਨਕ ਨਾਮ ਮਿਲੈ ਤਾਂ ਜੀਵਾਂ
ਤਨ ਮਨ ਥੀਵੈ ਹਰਿਆ

ਬੱਸ ਹੁਣ ਹੋਣੀ ਏਂ ਅਰਦਾਸ
ਨਵੇਂ ਆਏ ਨੂੰ ਕਹਿੰਦਾ
ਇਕ ਪਹਿਲਾਂ ਦਾ ਆਇਆ ਬੱਚਾ
ਪਿੱਛੇ ਪਿੱਛੇ ਆਖੀਂ
ਬੋਲੇ ਸੋ ਨਿਹਾਲ
ਸਤਿ ਸ੍ਰੀ ਅਕਾਲ
ਫਿਰ ਮਿਲਣਾ ਪਰਸ਼ਾਦ

ਆਉਂਦੀ ਏ ਖੁਸ਼ਬੋ
ਹੁੰਦੀ ਏ ਅਰਦਾਸ
ਖੁਆਰ ਹੋਏ ਸਭ ਮਿਲਹਿੰਗੇ
ਬਚੇ ਸ਼ਰਨ ਜੋ ਹੋਇ

ਖੁਆਰ ਹੋਇਆਂ ਤੇ ਸ਼ਰਨ ਪਿਆਂ ਦੇ ਬੱਚੇ
ਕਰਦੇ ਨੇ ਅਰਦਾਸ

ਫਿਰ ਵੀ ਮੈਨੂੰ ਡਰ ਲੱਗਦਾ ਹੈ
ਪਤਾ ਨਹੀਂ ਇਹ ਕਿਹੋ ਜਿਹੇ ਨਿਕਲਣਗੇ
ਵੱਡੇ ਹੋ ਕੇ, ਬਹੁਤੇ ਹੋ ਕੇ

ਆਪਣੇ ਡਰ ਤੋਂ ਡਰ ਕੇ
ਸ਼ਰਮਸਾਰ ਹੋ
ਕਰਦਾ ਹਾਂ ਅਰਦਾਸ:

ਜੋ ਜਿਸ ਧਰਤੀ ਜੰਮੇ ਜਾਏ
ਉਸ ਨੂੰ ਉਥੇ ਈ ਰਿਜ਼ਕ ਥਿਆਏ
ਇਹ ਕਿਉਂ ਕਿਸੇ ਦੇ ਹਿੱਸੇ ਆਏ
ਬੈਸਣ ਬਾਰ ਪਰਾਏ
ਜਿੱਥੇ ਲੋਕੀਂ ਆਖਣ ਸਾਨੂੰ
ਇਹ ਕਿੱਥੋਂ ਦੇ ਜੰਮੇ ਜਾਏ
ਮੈਲ ਕੁਚੈਲੇ ਕਾਲੇ ਪੀਲੇ ਭੂਰੇ ਪਾਕੀ
ਏਥੇ ਆਏ

ਜਾਂ ਫਿਰ ਸਾਰੀ ਧਰਤੀ ਇੱਕ ਹੋ ਜਾਏ
ਕੋਈ ਨ ਕਹੇ ਪਰਾਏ
ਇਹ ਮੇਰੀ ਅਰਦਾਸ

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।

ਬਾਹਰਲੀਆਂ ਧਰਤੀਆਂ 'ਤੇ ਫਿਰਦਿਆਂ ਖਾਸ ਤੌਰ 'ਤੇ ਉਨ੍ਹਾਂ ਦੇਸ਼ਾਂ ਵਿਚ ਜਿੱਥੇ ਦਸਤਾਰਧਾਰੀ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ, ਵੇਖਣ ਵਾਲਿਆਂ ਨੂੰ ਸਿਰ ਲਵੇਟੀ/ਬੱਝੀ/ਸਜਾਈ ਦਸਤਾਰ ਬੜਾ ਅਜੀਬ ਵਰਤਾਰਾ ਲੱਗਦਾ ਹੈ। ਭਾਵੇਂ ਕਿ ਦੂਜਿਆਂ ਵੱਲ ਟਕਾ-ਟੱਕ, ਕੈਰੀ ਅੱਖੇ ਵੇਖਣਾ ਉਨ੍ਹਾਂ ਦੇਸ਼ਾਂ ਵਿਚ ਆਮ ਚਲਨ ਨਹੀਂ, ਪਰ ਦਸਤਾਰ ਸਬੰਧੀ ਅਸਚਰਜਤਾ ਅਤੇ ਅਸਹਿਣਸ਼ੀਲਤਾ ਅਕਸਰ ਵੇਖਣ ਨੂੰ ਮਿਲਦੀ ਹੈ। ਅਜਿਹੇ ਹੀ ਇੱਕ ਵਾਕਿਆ ਦਾ ਜ਼ਿਕਰ ਸੁਰਜੀਤ ਪਾਤਰ ਆਪਣੀ ਇੱਕ ਰਚਨਾ ਵਿਚ ਕਰਦਾ ਹੈ:

ਲਾਤੀਨੀ ਅਮਰੀਕਾ ਦੇ
ਕੋਲੰਬੀਆ ਦੇਸ਼ ਵਿਚ
ਮੈਦੇਯਿਨ ਸ਼ਹਿਰ ਦੀ
ਓਬਰੇਰੋ ਪਾਰਕ ਵਿਚ ਕਵਿਤਾ ਉਤਸਵ ਦੇ ਦਿਨੀਂ
ਇੱਕ ਬੱਚਾ ਸਾਈਕਲ ਚਲਾਉਂਦਾ
ਮੇਰੇ ਕੋਲ ਆਇਆ
ਮੇਰੀ ਪਗੜੀ ਤੇ ਦਾੜ੍ਹੀ ਦੇਖ ਕੇ
ਪੁੱਛਣ ਲੱਗਾ-
ਤੂੰ ਜਾਦੂਗਰ ਏਂ?
ਕਹਿਣ ਲੱਗਾ ਸਾਂ "ਨਹੀਂ"
ਪਰ ਉਸ ਚਾਅ-ਭਰੇ ਬੱਚੇ ਨੂੰ
"ਨਹੀਂ" ਕਹਿਣਾ ਮੈਨੂੰ ਚੰਗਾ ਨਾ ਲੱਗਾ
ਮੈਂ ਕਿਹਾ: ਹਾਂ
ਮੈਂ ਅਸਮਾਨ ਤੋਂ ਤਾਰੇ ਤੋੜ ਕੇ
ਕੁੜੀਆਂ ਲਈ ਹਾਰ ਬਣਾ ਸਕਦਾ ਹਾਂ
ਪੱਤਿਆਂ ਨੂੰ ਸੁਰਾਂ ਬਣਾ ਸਕਦਾਂ
ਤੇ ਹਵਾ ਨੂੰ ਸਾਜ਼ਿੰਦੇ ਦੇ ਪੋਟੇ
ਮੈਂ ਜ਼ਖਮਾਂ ਨੂੰ ਫੁੱਲਾਂ ਵਿਚ ਬਦਲ ਸਕਦਾਂ
ਹਾਂ, ਮੈਂ ਜਾਦੂਗਰ ਹਾਂ।

ਬੱਚੇ ਨੇ ਹੈਰਾਨ ਹੋ ਕੇ ਪੁਛਿਆ-ਅੱਛਾ?
ਤਾਂ ਫਿਰ ਤੂੰ ਮੇਰੇ ਸਾਈਕਲ ਨੂੰ ਘੋੜਾ ਬਣਾ ਦੇ

ਮੈਂ ਇੱਕ ਪਲ ਸੋਚ ਕੇ ਕਿਹਾ
ਮੈਂ ਬੱਚਿਆਂ ਦਾ ਜਾਦੂਗਰ ਨਹੀਂ
ਵੱਡਿਆਂ ਦਾ ਜਾਦੂਗਰ ਹਾਂ
ਅੱਛਾ, ਤਾਂ ਫਿਰ ਤੂੰ ਮੇਰੇ ਮਾਂ ਬਾਪ ਦੇ
ਘਰ ਨੂੰ ਮਹਿਲ ਵਿਚ ਬਦਲ ਦੇ।
ਮੈਂ ਛਿੱਥਾ ਜਿਹਾ ਪੈ ਕੇ ਆਖਿਆ
ਅਸਲ ਵਿਚ ਮੈਂ ਚੀਜ਼ਾਂ ਦਾ ਜਾਦੂਗਰ ਨਹੀਂ
ਲਫਜ਼ਾਂ ਦਾ ਜਾਦੂਗਰ ਆਂ

ਅੱਛਾ ਸਮਝ ਗਿਆ
ਤੂੰ ਪੋਇਟਾ ਏਂ ਪੋਇਟਾ

ਤੇ ਉਹ ਬੱਚਾ ਹੱਸਦਾ ਮੁਸਕਰਾਉਂਦਾ
ਹੱਥ ਹਿਲਾਉਂਦਾ
ਸਾਈਕਲ ਚਲਾਉਂਦਾ
ਪਾਰਕ ਤੋਂ ਬਾਹਰ ਚਲਾ ਗਿਆ
ਤੇ ਦਾਖਲ ਹੋ ਗਿਆ
ਮੇਰੀ ਕਵਿਤਾ ਵਿਚ।



ਹਰ ਸੂਬੇ, ਇਲਾਕੇ ਜਾਂ ਖਿੱਤੇ ਦੀ ਆਬੋ-ਹਵਾ, ਉਹਦੀ ਬੰਜਰਤਾ ਜਾਂ ਜ਼ਰਖੇਜ਼ਤਾ, ਰਹਿਣ-ਸਹਿਣ ਅਤੇ ਪਹਿਨਣ-ਪਚਰਣ ਦੀਆਂ ਜਿਨ੍ਹਾਂ ਜ਼ਰੂਰਤਾਂ ਨੂੰ ਜਨਮ ਦਿੰਦੀ ਹੈ, ਉਹੀ ਜ਼ਰੂਰਤਾਂ ਉਹਦੀਆਂ ਬੁਨਿਆਦੀ ਹਦਾਇਤਾਂ ਬਣ ਜਾਂਦੀਆਂ ਹਨ, ਜੋ ਸਥਾਨਕ ਜਾਂ ਇਲਾਕਾਈ ਤਹਿਜ਼ੀਬ ਨੂੰ ਜਨਮ ਦਿੰਦੀਆਂ ਹਨ। ਵਿਅਕਤੀ ਦੀ ਮੁਢਲੀ ਮਾਨਸਿਕਤਾ ਵਿਚੋਂ ਉਪਜੀ ਇਲਾਕਾਈ ਚੇਤਨਾ ਹੀ ਵਿਸ਼ਾਲ ਹਿਰਦੇ ਵਾਲਿਆਂ ਦੇ ਮਨਾਂ ਅੰਦਰ ਬ੍ਰਹਿਮੰਡੀ ਚੇਤਨਾ ਪੈਦਾ ਕਰਦੀ ਹੈ। ਇਸੇ ਤੱਥ ਨੂੰ ਫਰਾਂਸੀਸੀ ਫਿਲਾਸਫਰ ਮਿਸ਼ੇਲ ਫੂਕੋ ਸਮਾਜ ਵੰਡਣ ਦੇ ਅਭਿਆਸ ਕਹਿੰਦਾ ਹੈ। ਉਸ ਅਨੁਸਾਰ ਮਨੁੱਖੀ ਜੀਵਨ ਦੀਆਂ ਭਰਪੂਰ ਸੰਭਾਵਨਾਵਾਂ ਦੀ ਪ੍ਰਾਪਤੀ ਲਈ ਵਿਸ਼ਵੀ ਪੱਧਰ ਤੇ ਵਿਚਰਦਿਆਂ ਸਥਾਨਕ ਸੰਸਕਾਰਾਂ ਦੀ ਮਹਾਨਤਾ ਨੂੰ ਘਟਾਇਆ ਨਹੀਂ ਜਾ ਸਕਦਾ। ਇਹੀ ਵਜ੍ਹਾ ਹੈ ਕਿ ਹਰ ਚੇਤੰਨ ਪਰਵਾਸੀ ਆਪਣੀ ਪ੍ਰੌੜ ਅਵਸਥਾ 'ਤੇ ਪਹੁੰਚ ਕੇ ਆਪਣੇ ਪਿਤਰੀ ਸਰੋਤਾਂ ਅਤੇ ਸੋਮਿਆਂ ਵੱਲ ਮੁੜਨਾ ਲੋਚਦੈ। ਆਪਣੀ ਮਾਤਰ-ਭੂਮੀ ਦੀਆਂ ਜੂਹਾਂ ਲਈ ਓਦਰਦੈ, ਜੰਡਾਂ ਲਈ ਓਦਰਦੈ, ਹੀਰ ਵਾਰਸ ਦੇ ਬੈਂਤ ਗਾਉਣੇ ਲੋਚਦੈ, ਮਿਰਜ਼ੇ ਦੀਆਂ ਸੱਦਾਂ ਲਾਉਣੀਆਂ ਚਾਹੁੰਦੈ। ਆਪਣਿਆਂ ਦੀਆਂ ਬਾਹਵਾਂ ਵਿਚ ਅੰਤਿਮ ਸਵਾਸ ਲੈਣਾ ਲੋਚਦੈ ਅਤੇ ਆਪਣੀ ਜਨਮ ਭੂਮੀ ਵਿਚ ਸਪੁਰਦ-ਏ-ਖਾਕ ਹੋਣ ਲਈ ਤਰਸਦੈ।

ਸੁਰਜੀਤ ਪਾਤਰ ਦੀ ਲੇਖਣੀ ਵਿਚ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਸੰਦਰਭ ਵਿਚ, ਇਹ ਦਸਤਾਰ-ਚੇਤਨਾ ਪ੍ਰਵਾਹ ਚੱਲਦਾ ਨਜ਼ਰ ਆ ਜਾਂਦਾ ਹੈ। 6-8-2017 ਦੀ ਪੰਜਾਬੀ ਟ੍ਰਿਬਿਊਨ ਦੇ ਸੰਡੇ ਮੈਗਜ਼ੀਨ ਵਿਚ "ਸੂਰਜ ਦੀ ਅੱਖ" ਨਾਵਲ ਬਾਰੇ ਲਿਖਦਿਆਂ ਉਹ ਤਾਜਪੋਸ਼ੀ ਦੇ ਮੌਕੇ ਨੂੰ ਇਉਂ ਸਿਰਜਦਾ ਹੈ:

ਰਹੀ ਮਸ਼ਹੂਰ ਜੱਗ ਉਤੇ ਜਿਨ੍ਹਾਂ ਦੀ ਸਰਫਰੋਸ਼ੀ
ਜਿਨ੍ਹਾਂ ਦੇ ਸੀਸ 'ਤੇ ਚੱਲਦੇ ਰਹੇ ਆਰੇ
ਜਿਨ੍ਹਾਂ ਨੇ ਸੀ ਨਾ ਕੀਤੀ ਦਰਦ ਦੇ ਮਾਰੇ
ਜੋ ਸੁੱਤੇ ਜੰਗਲਾਂ ਵਿਚ ਘੋੜਿਆਂ ਦੀ ਪਿੱਠ ਉਤੇ
ਜਿਨ੍ਹਾਂ ਦੇ ਸਿਰਾਂ 'ਤੇ ਦਸਤਾਰਾਂ ਸਨ
ਜਿਉਂ ਫੁੱਲ ਹੋਵਣ ਔਤ ਦੀ ਰੁੱਤੇ
ਉਨ੍ਹਾਂ ਹੀ ਸਰਫਰੋਸ਼ਾਂ 'ਚੋਂ ਕਿਸੇ ਜਾਏ ਦੀ
ਅੱਜ ਹੈ ਤਾਜਪੋਸ਼ੀ
ਰਹੀ ਜੱਗ ਉਤੇ ਜਿਨ੍ਹਾਂ ਦੀ ਸਰਫਰੋਸ਼ੀ।

ਮਹਿੰਦਰ ਸਿੰਘ ਰੰਧਾਵਾ ਦਾ ਰੇਖਾ-ਚਿੱਤਰ ਖਿੱਚਦਿਆਂ ਸਭ ਤੋਂ ਪਹਿਲਾਂ ਉਸ ਦੇ ਸਿਰ 'ਤੇ ਸ਼ਾਨ ਨਾਲ ਟਿਕੇ ਸਿਰ-ਵਸਤਰ ਦਸਤਾਰ ਦੀ ਗੱਲ ਕਰਦੇ ਹਨ। ਸਿਰ 'ਤੇ ਸਜੇ ਇਸ ਸਿਰ-ਵਸਤਰ ਨੂੰ "ਸਤਰੰਗੀ ਸੂਰਜੀ ਦਸਤਾਰ" ਕਹਿ ਕੇ ਉਹ ਇਸ ਸਿਰ-ਵਸਤਰ ਦੇ ਅਰਥਾਂ ਦਾ ਵਿਸਥਾਰ ਤੇ ਪਾਸਾਰ ਕਰ ਦਿੰਦਾ ਹੈ, ਜੋ ਸ਼ਾਇਦ ਸੁਰਜੀਤ ਪਾਤਰ ਦੇ ਹਿੱਸੇ ਹੀ ਆਇਆ ਹੈ:

ਉਸ ਦੇ ਸਿਰ ਤੇ ਸਤਰੰਗੀ
ਸੂਰਜੀ ਦਸਤਾਰ ਸੀ
ਕਿਰਨਾਂ ਉਹਦੇ ਕੇਸ
ਉਸ ਦੀ ਆਵਾਜ਼ ਵਿਚ ਦਰਿਆਵਾਂ ਦੀਆਂ ਛੱਲਾਂ ਸਨ
ਉਹ ਬੋਦਲਾਂ ਦਾ ਸੋਹਣਾ ਮੁੰਡਾ
ਆਪਣੀ ਤਰ੍ਹਾਂ ਦਾ ਸ਼ਹਿਨਸ਼ਾਹ ਸੀ
ਸਾਹਿਤਕਾਰ, ਸੰਗੀਤਕਾਰ, ਚਿੱਤਰਕਾਰ
ਫੋਟੋਗ੍ਰਾਫਰ, ਬੁੱਤ-ਘਾੜੇ, ਇੰਜੀਨੀਅਰ,
ਇਮਾਰਤਸਾਜ਼, ਖੇਤੀ ਖੋਜੀ, ਰੰਗ-ਕਰਮੀ
ਉਸ ਦੇ ਨੌਂ ਰਤਨ ਸਨ।

ਸੁਰਜੀਤ ਪਾਤਰ ਸ਼ਬਦ "ਦਸਤਾਰ" ਦੇ ਮੂਲ ਸ੍ਰੋਤ ਬਾਰੇ ਵੀ ਸਾਨੂੰ ਜਾਣਕਾਰੀ ਪ੍ਰਦਾਨ ਕਰਦੇ ਹਨ। ਫਾਰਸੀ ਤੋਂ ਆਏ ਇਸ ਸ਼ਬਦ ਬਾਰੇ ਬਹੁਤੇ ਇਨਸਾਈਕਲੋਪੀਡੀਆ ਅਤੇ ਡਿਕਸ਼ਨਰੀਆਂ ਇਸ ਦੇ ਮੁੱਢਲੇ ਅਰਥਾਂ ਨੂੰ ਸਪਸ਼ਟ ਨਹੀਂ ਕਰਦੇ। ਕੁਝ ਦਾ ਖਿਆਲ ਹੈ ਕਿ ਦਸਤਾਰ ਤੋਂ ਭਾਵ ਹੈ, ਉਹ ਵਸਤਰ ਜੋ ਦਸਤੀਂ ਬੰਨਿਆ ਜਾਂਦਾ ਹੈ। ਕੁਝ ਹੋਰ ਦਾ ਖਿਆਲ ਹੈ ਕਿ ਇਹ ਦੁਲਬੰਦ ਦਾ ਵਿਗੜਿਆ ਰੂਪ ਹੈ। ਸੁਰਜੀਤ ਪਾਤਰ ਅਨੁਸਾਰ:

ਬੋਲੇ ਸੰਤ ਕਬੀਰ
ਸੰਸਕ੍ਰਿਤ ਹੈ ਕੂਪ ਜਲ
ਭਾਸ਼ਾ ਬਹਤਾ ਨੀਰ
ਗੱਲ ਕਿੰਨੀ ਸਹੀ ਹੈ
ਜੋ ਸੰਤ ਕਬੀਰ ਨੇ ਕਹੀ ਹੈ
ਸੰਸਕ੍ਰਿਤ ਦੇ ਖੂਹ ਦੇ ਜਲ ਜਿਹੀ ਹੈ
ਮੇਰੀ ਭਾਸ਼ਾ ਦਾ ਵਗਦਾ ਦਰਿਆ ਹੈ
ਜੋ ਪਤਾ ਨਹੀਂ ਆਪਣੇ 'ਚ
ਕੀ ਕੁਝ ਸਮੋ ਕੇ ਵਹਿ ਰਿਹਾ ਹੈ
....
ਪੱਗ ਦੇ ਹੁੰਦਿਆਂ ਸੁੰਦਿਆਂ,
ਫਾਰਸੀ ਤੋਂ ਦਸਤਾਰ ਆਈ
ਨਾ ਸਿਰਫ ਆਈ
ਪੱਗ ਤੋਂ ਜ਼ਿਆਦਾ ਸ਼ਾਨਾਂ ਮੱਤੀ ਬਣ ਗਈ
ਤੇ ਸਿੰਘਾਂ ਨੇ ਉਸ ਵਿਚ
ਆਪਣੀ ਸਿਰਜਣਾ ਵੀ ਰਲਾਈ
ਤੇ ਦਸ ਪੇਚਾਂ ਦੀ ਪੱਗ ਦਸ-ਤਾਰ ਬਣ ਗਈ।

ਆਪਣੀ ਵਾਰਤਕ ਦੀ ਪੁਸਤਕ "ਸੂਰਜ ਮੰਦਰ ਦੀਆਂ ਪੌੜੀਆਂ" (2011) ਵਿਚ ਸਾਡਾ ਇਹ ਹਰਮਨ ਪਿਆਰਾ ਸ਼ਾਇਰ ਦਸਤਾਰ ਦੀ ਬਹੁ-ਪ੍ਰਤੀਕਤਾ ਬਾਰੇ ਲਿਖਦਾ ਹੈ:

"ਵੱਖ ਵੱਖ ਦੇਸ਼ਾਂ ਵਿਚੋਂ ਲੰਘਦਿਆਂ ਪਗੜੀ ਵੱਖ-ਵੱਖ ਅਰਥ ਧਾਰਨ ਕਰਦੀ ਹੈ। ਕਿਤੇ ਇਹ ਤੁਹਾਨੂੰ ਅਰਬ ਦਾ ਮੁਸਲਮਾਨ ਤੇ ਕਿਤੇ ਮਾਗੋ (ਲਫਜ਼ਾਂ ਦਾ ਜਾਦੂਗਰ) ਬਣਾ ਦਿੰਦੀ ਹੈ। ਕਿਤੇ ਕਿਤੇ ਤੁਹਾਨੂੰ ਕੋਈ ਰਾਜਾ ਜਾਂ ਸ਼ਹਿਜ਼ਾਦਾ ਵੀ ਸਮਝ ਲਿਆ ਜਾਂਦਾ ਹੈ। ਮੈਨੂੰ 1986-87 ਵਿਚ ਲਿਖੀ ਇੱਕ ਲੰਬੀ ਕਵਿਤਾ ਦਾ ਹਿੱਸਾ ਯਾਦ ਆਉਂਦਾ ਹੈ:

ਪਤਾ ਨਹੀਂ ਕਿਹੋ ਜਿਹੀ ਲੱਗ ਰਹੀ ਹੋਵੇਗੀ
ਤੁਹਾਨੂੰ ਮੇਰੀ ਪਗੜੀ
ਪਰ ਮਾਂ ਦੀਆਂ ਅੱਖਾਂ ਨੇ ਮੇਰੇ ਵੱਲ ਦੇਖਦਿਆਂ
ਇਸ ਬਾਰੇ
ਕੁਝ ਇਹੋ ਜਿਹਾ ਇਕ ਖਾਮੋਸ਼ ਗੀਤ ਗਾਇਆ ਸੀ
ਰਿਸ਼ਮਾਂ ਦਾ ਤਾਣਾ
ਕਿਰਨਾਂ ਦਾ ਬਾਣਾ
ਰਬਾਬ ਦੀ ਰੰਗਤ
ਸ਼ਮਸ਼ੀਰ ਦਾ ਅਬਰਕ
ਮਮਤਾ ਦੀ ਮਾਇਆ
ਅਸੀਸ ਦੀ ਖੁਸ਼ਬੂ
ਇਹ ਸਭ ਕੁਝ ਸਮੋ ਕੇ
ਮੈਂ ਤੇਰੀ ਦਸਤਾਰ ਬਣਾਈ
ਪਿਤਾ ਨੇ ਤੇਰੇ ਸਿਰ 'ਤੇ ਸਜਾਈ
ਪਿੰਡ ਵਿਚ ਬੈਠੀ ਮਾਂ ਨੂੰ ਕੀ ਪਤਾ
ਦੇਸ਼ ਦੇਸ਼ 'ਚੋਂ, ਕਾਲ ਕਾਲ ਚੋਂ
ਸ਼ਹਿਰ ਸ਼ਹਿਰ 'ਚੋਂ ਲੰਘਦਿਆਂ
ਕੀ ਕੀ ਕੁਝ ਬਣਦੀ ਰਹਿੰਦੀ ਹੈ ਇਹ
ਕਿਤਿਓਂ ਲੰਘਦਿਆਂ ਬਣ ਜਾਂਦੀ ਹੈ
ਮੇਰੇ ਸਿਰ ਮੇਰੀ ਬਹਾਦਰੀ ਦਾ ਤਾਜ ਮੇਰੀ ਪਗੜੀ
ਤੇ ਕਿਤਿਓਂ ਲੰਘਦਿਆਂ
ਇਹ ਬਣ ਜਾਂਦੀ ਹੈ
ਮੇਰੇ ਸਿਰ ਗੁਨਾਹਾਂ ਦੀ ਗਠੜੀ

ਇਕ ਵਾਰ ਭੋਪਾਲ ਵਿਚ
ਮੈਂ ਪੂਰਨ ਸਿੰਘ ਦੇ ਰੰਗ ਵਿਚ ਕਿਹਾ ਸੀ:
ਇਹ ਜੋ ਮੇਰੀ ਦਸਤਾਰ ਹੈ
ਮੇਰੇ ਸਿਰ 'ਤੇ ਮੇਰੇ ਗੁਰੂ ਦਾ ਪਿਆਰ ਹੈ
ਮੇਰੀ ਗੱਲ ਸੁਣ ਕੇ ਰਘੁਵੀਰ ਸਹਾਏ
ਆਪਣੀ ਵਿਅੰਗ ਭਰੀ ਕਵਿਤਾ ਦੇ ਅੰਦਾਜ਼ ਵਿਚ ਮੁਸਕਰਾਏ
ਉਨ੍ਹਾਂ ਨੇ ਕੁਝ ਨਹੀਂ ਕਿਹਾ, ਪਰ ਮੈਨੂੰ ਲੱਗਾ
ਉਹ ਕਹਿ ਰਹੇ ਹਨ:
ਜੇ ਨਹੀਂ ਤੇਰੇ ਮਸਤਕ ਵਿਚ
ਨਿਰਭਇਤਾ, ਸੱਚਾਈ, ਕੁਰਬਾਨੀ ਅਤੇ ਪਿਆਰ
ਤੇਰੇ ਗੁਰੂ ਜਿਹਾ ਬੇਕਿਨਾਰ
ਤਾਂ ਕਿਉਂ ਹੈ ਤੇਰੇ ਸਿਰ 'ਤੇ
ਤੇਰੇ ਗੁਰੂ ਦੀ ਨਿਸ਼ਾਨੀ
ਤੇਰੀ ਦਸਤਾਰ

ਕੁਝ ਇਸ ਤਰ੍ਹਾਂ ਮੁਸਕਰਾਏ
ਰਘੁਵੀਰ ਸਹਾਏ
ਕਿ ਮੇਰੀਆਂ ਅੱਖਾਂ 'ਚੋਂ ਅੱਥਰੂ ਨਿਕਲ ਆਏ
ਉਹ ਹੰਝੂ ਸਿਰਫ ਦੁੱਖ ਦੇ ਹੀ ਨਹੀਂ ਸਨ
ਖੁਸ਼ੀ ਦੇ ਵੀ ਸਨ
ਕਿ ਮੇਰਾ ਪ੍ਰਿਅ ਕਵੀ ਜਾਣਦਾ ਹੈ
ਮੇਰੀ ਦਸਤਾਰ ਤੇ ਮੇਰੇ ਗੁਰੂ ਦਾ ਕੀ ਰਿਸ਼ਤਾ ਹੈ
ਜਦ ਕਿ ਉਹ ਸਾਰੇ ਰਿਸ਼ਤੇ ਭੁੱਲਣ ਦੇ ਦਿਨ ਸਨ
ਜਾਣ ਕੇ ਵੀ ਅਣਜਾਣ ਬਣਨ ਦੇ ਦਿਨ ਸਨ।

"ਜਾਣ ਕੇ ਵੀ ਅਣਜਾਣ ਬਣਨ ਦੇ ਦਿਨ..." 1984 ਦੇ ਦੌਰ ਦੇ ਦੁਖਦਾਈ ਦਿਨਾਂ ਵੱਲ ਇਸ਼ਾਰਾ ਹੈ। ਸ਼ਾਇਰ ਨੂੰ ਉਨ੍ਹਾਂ ਦਿਨਾਂ ਵਿਚ ਦਸਤਾਰ ਨਾਲ ਹੋਈ ਬੇਇਨਸਾਫੀ ਨਿਰੰਤਰ ਪ੍ਰੇਸ਼ਾਨ ਕਰਦੀ ਰਹਿੰਦੀ ਹੈ, ਇਹ ਚੇਤਨਾ ਵਾਰ ਵਾਰ ਉੱਭਰਦੀ ਹੈ। ਉਨ੍ਹਾਂ ਦਿਨਾਂ ਵਿਚ ਕਰਬਾਨੀਆਂ ਕਰਕੇ ਆਜ਼ਾਦੀ ਪ੍ਰਾਪਤ ਕਰਨ ਵਾਲੀ ਕੌਮ ਨੂੰ ਬਿਗਾਨਗੀ ਦੇ ਅਹਿਸਾਸ ਕਰਾ ਦੇਣ ਵਾਲਾ ਉਹ ਦੌਰ ਵਾਰ ਵਾਰ ਰੜਕਦਾ ਹੈ। ਸੁਆਲ ਪੈਦਾ ਹੁੰਦਾ ਹੈ ਕਿ ਵਿਅਕਤੀਗਤ ਆਸਥਾ ਦੀ ਇਲਾਕਾਈ/ਸੂਬਾਈ/ਵਿਰਾਸਤੀ ਚੇਤਨਾ 1984 ਵਾਲੇ ਦਿਨਾਂ ਵਿਚ ਹੀ ਕਿਉਂ ਬੁਲੰਦੀ 'ਤੇ ਪਹੁੰਚਦੀ ਹੈ? ਉਸ ਦਾ ਉੱਤਰ ਸ਼ਾਇਦ ਇਹੀ ਬਣਦਾ ਹੈ ਕਿ ਸਭਿਆਚਾਰਕ/ਸਮਾਜਿਕ/ਸਾਹਿਤਕ ਚੇਤਨਾ ਨਾਲੋਂ ਮਜ਼ਹਬੀ ਅਤੇ ਧਾਰਮਿਕ ਚੇਤਨਾ ਕਿਤੇ ਵੱਧ ਭਾਰੂ ਤੇ ਸ਼ਕਤੀਵਾਨ ਹੁੰਦੀ ਹੈ।

ਸੁਰਜੀਤ ਪਾਤਰ ਦੀ ਮਾਨਸਿਕਤਾ ਵਿਚ ਦਸਤਾਰ ਸਿੱਖੀ ਅਦਬ ਦੀ ਵਿਲੱਖਣਤਾ ਦਾ ਪਛਾਣ ਚਿੰਨ੍ਹ ਹੈ ਤੇ ਜਦੋਂ ਜਦੋਂ ਵੀ ਦਸਤਾਰ ਨਾਲ ਅਨਿਆਂ ਹੁੰਦਾ ਹੈ, ਉਦੋਂ ਉਦੋਂ ਹੀ ਉਸ ਦੀ ਸ਼ਖਸੀ ਮਾਨਸਿਕਤਾ ਵਲੂੰਧਰੀ ਜਾਂਦੀ ਹੈ। ਮਾਂ-ਪਿਉ ਵੱਲੋਂ ਉਸ ਦੀ ਜ਼ਿਹਨੀਅਤ ਵਿਚ ਭਰੀ ਇਹ ਗੌਰਵਮਈ ਚੇਤਨਾ ਪ੍ਰੇਰਨਾ ਦਾ ਸਰੋਤ ਬਣਦੀ ਹੈ। ਦਸਤਾਰ ਨੂੰ ਚੜ੍ਹਦੀ ਕਲਾ ਵਿਚ ਵੇਖਣ ਦੀ ਚਾਹਨਾ ਪਿਛੇ ਪਿਤਰੀ ਅਤੇ ਮਾਤਰੀ ਕਰਜ਼ ਉਤਾਰਨ ਦੀ ਕਦੀਮੀ ਭਾਵਨਾ ਨਿਰੰਤਰ ਸਜੀਵ ਰਹਿੰਦੀ ਹੈ। ਇਹ ਚੇਤਨਾ ਇਲਾਕਾਈ ਪਛਾਣ ਚਿੰਨ੍ਹ ਪੱਗ ਜਾਂ ਪਗੜੀ ਤੋਂ ਤੁਰ ਕੇ ਸਿੱਖੀ-ਚੇਤਨਾ ਦੀ ਪ੍ਰਤੀਕ ਬਣ ਕੇ ਦਸਤਾਰ ਤੱਕ ਜਾ ਪਹੁੰਚਦੀ ਹੈ, ਜੋ ਆਪਣੀ ਤੰਦ ਤੰਦ ਵਿਚ ਵਿਲੱਖਣ ਕੁਰਬਾਨੀਆਂ ਦੀ ਦਾਸਤਾਂ ਦਾ ਮੁਜੱਸਮਾ ਹੈ, ਜਿਸ ਵਿਚ ਉਸ ਦੀ ਮਾਂ ਦੇ ਕਹਿਣ ਮੁਤਾਬਕ ਨੂਰੀ ਰਿਸ਼ਮਾਂ ਦਾ ਤਾਣਾ ਵੀ ਹੈ, ਇਲਾਹੀ ਕਿਰਨਾਂ ਦਾ ਬਾਣਾ ਵੀ ਹੈ, ਗੁਰੂ ਨਾਨਕ ਦੀ ਰਬਾਬ ਦੀ ਰੰਗਤ ਵੀ ਹੈ ਅਤੇ ਗੁਰੂ ਗੋਬਿੰਦ ਸਿੰਘ ਦੀ ਸ਼ਮਸ਼ੀਰ ਦੀ ਸੰਗਤ ਵੀ ਹੈ। ਇਸ ਦੇ ਤਾਣੇ-ਬਾਣੇ ਵਿਚ ਸੌ ਵਾਰ ਸਦਕੜੇ ਜਾਣ ਤੇ ਦੂਰ ਬਲਾਈ ਦੀਆਂ ਸੁੱਖਣਾਂ ਸੁੱਖਣ ਵਾਲੀ ਮਾਂ ਦੀ ਮਮਤਾ ਵੀ ਸ਼ਾਮਲ ਹੈ ਅਤੇ ਦਸਤਾਰ ਦਾ ਸ਼ਮਲਾ ਹਰ ਹਾਲ ਵਿਚ ਬੁਲੰਦ ਰੱਖਣ ਦੀ ਪਿਉ ਦੀ ਕਾਮਨਾ, ਚਾਹਨਾ ਤੇ ਗੁੜਤੀ ਵੀ ਹੈ।

ਆਖਰੀ ਗੱਲ, ਸੁਰਜੀਤ ਪਾਤਰ ਦੀ ਰਚਨਾ ਵਿਚ ਇਹ ਦਸਤਾਰ ਚੇਤਨਾ ਵਿਲੱਖਣ ਵੀ ਹੈ, ਕਿਉਂਕਿ ਪੰਜਾਬੀ ਦੇ ਕਿਸੇ ਵੀ ਹੋਰ ਸ਼ਾਇਰ ਦੀ ਕਾਵਿਕ ਚੇਤਨਾ ਵਿਚ ਦਸਤਾਰ ਇਹ ਮੁਕਾਮ ਹਾਸਲ ਨਹੀਂ ਕਰਦੀ।

# ਬੈਚ ਫੁੱਲ ਦਵਾਈ ਵਿਲੋ: ਦੋਸ਼ ਮੜ੍ਹਨਾ

ਵਿਲੋ (Willow) ਦਾ ਬੋਟੈਨੀਕਲ ਨਾਂ ਸੈਲਿਕਸ ਵੀਟਿਊਨਾ (Salix Veiteuina) ਹੈ। ਇਹ ਬੈਚ ਫੁੱਲ ਦਵਾਈ ਪ੍ਰਣਾਲੀ ਦੀ 38ਵੀਂ ਤੇ ਆਖਰੀ ਦਵਾਈ ਹੈ। ਉਂਜ ਇਸ ਦੀ ਇਕ 39ਵੀਂ ਦਵਾਈ ਵੀ ਹੈ, ਪਰ ਉਹ ਕਿਸੇ ਵੱਖਰੇ ਫੁੱਲ ਤੋਂ ਨਹੀਂ ਬਣਾਈ ਗਈ। ਇਸ ਤਰ੍ਹਾਂ ਵੱਖ ਵੱਖ ਫੁੱਲਾਂ ਤੋਂ ਤਿਆਰ ਕੀਤੀਆਂ ਦਵਾਈਆਂ ਦੀ ਗਿਣਤੀ ਸੈਂਤੀ ਹੀ ਹੈ, ਕਿਉਂਕਿ ਰੌਕ ਵਾਟਰ ਪੌਦੇ ਦੇ ਫੁੱਲ ਤੋਂ ਨਹੀਂ, ਪਾਣੀ ਤੋਂ ਬਣੀ ਹੋਈ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਦਵਾਈਆਂ ਬਸ ਇੰਨੇ ਹੀ ਫੁੱਲਾਂ ਤੋਂ ਬਣ ਸਕਦੀਆਂ ਹਨ, ਹੋਰਾਂ ਤੋਂ ਨਹੀਂ, ਕਿਉਂਕਿ ਡਾ. ਐਡਵਰਡ ਬੈਚ ਨੇ ਹੋਰ ਨਹੀਂ ਬਣਾਈਆਂ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇੰਗਲੈਂਡ ਦੇ ਮਾਉਂਟ ਵਰਨਨ ਵਿਚ ਜਿੱਥੇ ਰਹਿ ਕੇ ਉਸ ਨੇ ਖੋਜ ਕੀਤੀ, ਸਿਰਫ 37 ਪੌਦੇ ਹੀ ਪੈਦਾ ਹੁੰਦੇ ਸਨ, ਜਿਨ੍ਹਾਂ ਨੂੰ ਫੁੱਲ ਲੱਗਦੇ ਸਨ। ਅਜਿਹਾ ਵੀ ਕਿਤੇ ਲਿਖਿਆ ਨਹੀਂ ਮਿਲਦਾ ਕਿ ਉਨ੍ਹਾਂ ਨੇ ਕੁਝ ਅਜਿਹੇ ਫੁੱਲਾਂ ਤੋਂ ਦਵਾਈਆਂ ਬਣਾਉਣ ਵਿਚ ਸਮਾਂ ਖਰਾਬ ਕੀਤਾ ਹੋਵੇ, ਜੋ ਕਿਸੇ ਕੰਮ ਦੀਆਂ ਨਾ ਨਿਕਲੀਆਂ ਹੋਣ ਤੇ ਉਹ ਛੱਡ

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਦਿੱਤੀਆਂ ਗਈਆਂ ਹੋਣ। ਇੱਦਾਂ ਵੀ ਨਹੀਂ ਸੀ ਕਿ ਉਸ ਨੂੰ ਪਹਿਲਾਂ ਹੀ ਪਤਾ ਸੀ ਕਿ ਮਨੁੱਖ ਦੇ ਸੁਭਾਅ ਵਿਚ ਕਿਹੜੇ ਕਿਹੜੇ ਦੋਸ਼ ਹਨ ਤੇ ਉਨ੍ਹਾਂ ਮੁੱਖ ਦੋਸ਼ਾਂ ਨੂੰ ਠੀਕ ਕਰਨ ਲਈ ਹੀ ਦਵਾਈਆਂ ਬਣਾਈਆਂ ਹੋਣ ਤੇ ਫਿਰ ਕੰਮ ਬੰਦ ਕਰ ਦਿੱਤਾ ਹੋਵੇ।

ਇਸ ਦਾ ਅਸਲ ਕਾਰਨ ਇਹ ਜਾਪਦਾ ਹੈ ਕਿ ਡਾ. ਬੈਚ ਪੰਜਾਹ ਸਾਲ ਦੀ ਉਮਰ ਵਿਚ ਹੀ ਸਵਰਗਵਾਸ ਹੋ ਗਏ। ਇਸ ਵਿਚ ਉਨ੍ਹਾਂ ਨੇ ਫੁੱਲ ਦਵਾਈਆਂ ਨੂੰ ਲੱਭਣ ਦਾ ਕੰਮ ਸਿਰਫ ਪਿਛਲੇ ਛੇ-ਸੱਤ ਸਾਲ ਹੀ ਕੀਤਾ, ਜਦੋਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਮਨੁੱਖਤਾ ਨੂੰ ਕਿਸੇ ਅਜਿਹੀ ਦਵਾਈ ਦੀ ਲੋੜ ਹੈ, ਜੋ ਆਮ ਮਰੀਜ਼ਾਂ ਨੂੰ ਫੌਰੀ ਤੌਰ 'ਤੇ ਦਿੱਤੀ ਜਾ ਸਕੇ ਤੇ ਉਨ੍ਹਾਂ ਦੇ ਵਿਅਕਤੀਤਵ ਦੇ ਰਿਣਾਤਮਿਕ ਤੱਤਾਂ ਤੋਂ ਮੁਕਤ ਕਰ ਕੇ ਤੰਦਰੁਸਤੀ ਨਾਲ ਭਰ ਦੇਵੇ। ਖੋਜ ਦਾ ਇਹ ਕਾਰਜ ਸਾਲ ਵਿਚ ਦੋ ਵਾਰ ਹੀ ਹੋ ਸਕਦਾ ਸੀ, ਜਦੋਂ ਪੌਦਿਆਂ 'ਤੇ ਫੁੱਲ ਲੱਗਦੇ ਸਨ। ਇਸ ਲਈ ਉਸ ਕੋਲ ਫੁੱਲ ਦਵਾਈਆਂ ਨੂੰ ਲੱਭਣ ਤੇ ਪਰਖਣ ਲਈ ਬਹੁਤ ਘੱਟ ਸਮਾਂ ਸੀ। ਜੇ ਉਸ ਦੀ ਉਮਰ ਲੰਮੀ ਹੁੰਦੀ ਤਾਂ ਹੋ ਸਕਦਾ ਹੈ ਕਿ ਇਨ੍ਹਾਂ ਦਵਾਈਆਂ ਦੀ ਗਿਣਤੀ ਹੋਰ ਵਧੇਰੇ ਹੁੰਦੀ। ਇਸ ਤੋਂ ਇਹ ਅਨੁਮਾਨ ਨਾ ਲਾਇਆ ਜਾਵੇ ਕਿ ਇਹ ਪ੍ਰਣਾਲੀ ਅਧੂਰੀ ਹੈ। ਇਨ੍ਹਾਂ ਦਵਾਈਆਂ ਨੂੰ ਵਰਤਦਿਆਂ ਕਦੇ ਇਸ ਤਰ੍ਹਾਂ ਮਹਿਸੂਸ ਨਹੀਂ ਹੋਇਆ ਕਿ ਮਨੁੱਖੀ ਸੁਭਾਅ ਦਾ ਕੋਈ ਪੱਖ ਰਹਿ ਗਿਆ ਹੈ, ਜਿਸ ਨੂੰ ਕੋਈ ਵੀ ਦਵਾਈ ਨਹੀਂ ਲਗਦੀ। ਇਸ ਲਈ ਜਨ ਸਾਧਾਰਨ ਇਨ੍ਹਾਂ 39 ਦਵਾਈਆਂ ਨਾਲ ਹੀ ਉੱਤਮ ਮਾਨਸਿਕ ਤੇ ਸਰੀਰਕ ਸਿਹਤ ਪ੍ਰਾਪਤ ਕਰ ਸਕਦੇ ਹਨ।

ਵਿਲੋ ਬੈਚ ਫੁੱਲ ਪ੍ਰਣਾਲੀ ਦੀ ਆਖਰੀ ਦਵਾਈ ਇਸ ਲਈ ਨਹੀਂ ਕਿ ਡਾ. ਬੈਚ ਨੇ ਇਸ ਨੂੰ ਸਭ ਤੋਂ ਬਾਅਦ ਵਿਚ ਈਜ਼ਾਦ ਕੀਤਾ ਸੀ। ਇਹ ਸਗੋਂ ਇਸ ਲਈ ਹੈ ਕਿ ਇਸ ਦਾ ਨਾਂ ਅੰਗਰੇਜ਼ੀ ਦੇ ਛੱਬੀ ਅੱਖਰਾਂ ਵਿਚੋਂ ਸਭ ਤੋਂ ਅਖੀਰਲੇ ਅੱਖਰ ਨਾਲ ਸ਼ੁਰੂ ਹੁੰਦਾ ਹੈ। ਇਹ ਦਵਾਈ ਮਨੁੱਖੀ ਸੁਭਾਅ ਦੀ ਇਕ ਬਦਨੁਮਾ ਕਮਜ਼ੋਰੀ ਨੂੰ ਠੀਕ ਕਰਦੀ ਹੈ, ਜੋ ਗੈਰ-ਕੁਦਰਤੀ, ਅਨੈਤਿਕ ਤੇ ਅਵਿਗਿਆਨਕ ਹੈ। ਜੇ ਡਾ. ਬੈਚ ਨੇ ਇਸ ਦਵਾਈ ਨੂੰ ਨਾ ਬਣਾਇਆ ਹੁੰਦਾ ਤਾਂ ਉਸ ਪ੍ਰਤੀ ਮਰੀਜ਼ਾਂ ਨਾਲੋਂ ਹੋਮਿਓਪੈਥਾਂ ਨੂੰ ਵਧੇਰੇ ਰੰਜਿਸ਼ ਰਹਿਣੀ ਸੀ। ਵਿਲੋ ਦਾ ਸੁਭਾਅ ਹੀ ਐਸਾ ਹੈ ਕਿ ਇਸ ਦੇ ਅੰਸ਼ ਵਧੇਰੇ ਲੋਕਾਂ ਵਿਚ ਪਾਏ ਜਾਂਦੇ ਹਨ।

ਪਦਾਰਥੀ ਦੌੜ ਦੇ ਅਜੋਕੇ ਕਾਲ ਵਿਚ ਤਾਂ ਕੋਈ ਵਿਰਲਾ ਹੀ ਅਜਿਹਾ ਹੋਵੇਗਾ, ਜਿਸ ਨੂੰ ਇਸ ਦੀ ਲੋੜ ਨਾ ਹੋਵੇ। ਇਸ ਦਾ ਮਰੀਜ਼ ਹਮੇਸ਼ਾ ਦੂਜਿਆਂ ਤੋਂ ਸੜਦਾ ਰਹਿੰਦਾ ਹੈ। ਉਹ ਨਹੀਂ ਚਾਹੁੰਦਾ ਕਿ ਦੂਜੇ ਤਰੱਕੀ ਕਰਨ। ਸਾੜਾ ਤੇ ਈਰਖਾ ਤਾਂ ਹਾਉਲੀ ਵਿਚ ਵੀ ਹੈ, ਪਰ ਵਿਲੋ ਦਾ ਸਾੜਾ ਗਿਲੇ ਸ਼ਿਕਵੇ ਵਾਲਾ ਹੁੰਦਾ ਹੈ। ਇਸ ਦੇ ਮਰੀਜ਼ ਨੂੰ ਆਪਣੇ ਤੋਂ ਸਿਵਾਏ ਸਭ ਚੀਜ਼ਾਂ ਤੇ ਸਭ ਵਿਅਕਤੀਆਂ ਪ੍ਰਤੀ ਰੋਸ ਰਹਿੰਦਾ ਹੈ, ਜੋ ਉਸ ਦੇ ਆਪਣੇ ਜੀਵਨ ਲਈ ਵੀ ਰਿਣਾਤਮਿਕ ਤੇ ਘਾਤਕ ਸਾਬਤ ਹੁੰਦਾ ਹੈ। ਉਹ ਆਪਣੇ ਮਨ ਵਿਚ ਦੂਜਿਆਂ ਪ੍ਰਤੀ ਇਸ ਲਈ ਕੁੜੱਤਣ ਪਾਲਦੇ ਹਨ ਕਿ ਉਹ ਉਨ੍ਹਾਂ ਨਾਲੋਂ ਵਧੇਰੇ ਖੁਸ਼ ਤੇ ਖੁਸ਼ਹਾਲ ਹਨ। ਇਹ ਵਿਅਕਤੀ ਵਾਈਲਡ ਰੋਜ਼ ਦੇ ਸੰਤੋਖੀ ਮਰੀਜ਼ਾਂ ਨਾਲੋਂ ਵੀ ਭਿੰਨ ਹੁੰਦੇ ਹਨ ਭਾਵ ਉਨ੍ਹਾਂ ਦੇ ਉਲਟ ਸੁਭਾਵੀ ਹੁੰਦੇ ਹਨ। ਵਾਈਲਡ ਰੋਜ਼ੀ ਕੁਦਰਤ ਦਾ ਦਿੱਤਾ ਧੰਨਵਾਦ ਸਹਿਤ ਸਵੀਕਾਰ ਕਰਦੇ ਹਨ, ਪਰ ਵਿਲੋ ਵਾਲੇ ਕੁਦਰਤ ਨੂੰ ਬਹੁਤਾ ਨਾ ਦੇਣ ਦਾ ਉਲਾਂਭਾ ਦਿੰਦੇ ਰਹਿੰਦੇ ਹਨ।

ਇਸ ਫੁੱਲ ਦਵਾਈ ਦੀਆਂ ਵਿਸ਼ੇਸ਼ਤਾਈਆਂ ਨੂੰ ਵਿਸਥਾਰ ਵਿਚ ਦੱਸਦਿਆਂ ਡਾ. ਬੈਚ ਲਿਖਦੇ ਹਨ, "ਇਹ ਉਨ੍ਹਾਂ ਲਈ ਹੈ, ਜਿਨ੍ਹਾਂ ਦਾ ਆਪਣਾ ਜੀਵਨ ਅਸਫਲ ਤੇ ਅਭਾਗਾ ਰਿਹਾ ਹੁੰਦਾ ਹੈ ਤੇ ਜਿਨ੍ਹਾਂ ਨੂੰ ਆਪਣੀ ਤੰਗੀ ਤੁਰਸ਼ੀ ਨੂੰ ਬਿਨਾ ਸ਼ਿਕਾਇਤ ਤੇ ਬਿਨਾ ਕੁੜੱਤਣ ਦੇ ਸਵੀਕਾਰ ਕਰਨਾ ਔਖਾ ਹੈ, ਕਿਉਂਕਿ ਉਹ ਜ਼ਿੰਦਗੀ ਨੂੰ ਦੁਨਿਆਵੀ ਸਫਲਤਾ ਦੇ ਮਿਆਰ ਤੋਂ ਮਾਪਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਕੁਦਰਤ ਨੇ ਉਨ੍ਹਾਂ ਨੂੰ ਇੰਨੀ ਪ੍ਰੀਖਿਆ ਵਿਚ ਪਾ ਕੇ, ਜਿੰਨੀ ਦੇ ਉਹ ਹੱਕਦਾਰ ਨਹੀਂ ਸਨ, ਉਨ੍ਹਾਂ ਨਾਲ ਬੇਇਨਸਾਫੀ ਕੀਤੀ ਹੈ, ਜਿਸ ਕਾਰਨ ਉਹ ਵਟੇ ਰਹਿੰਦੇ ਹਨ। ਰੋਸੇ ਕਾਰਨ ਉਹ ਜੀਵਨ ਤੇ ਜੀਵਨ ਦੀਆਂ ਗੱਲਾਂ ਵਿਚ ਓਨੀ ਦਿਲਚਸਪੀ ਨਹੀਂ ਰੱਖਦੇ, ਜਿੰਨੀ ਉਨ੍ਹਾਂ ਨੂੰ ਹੋਣੀ ਚਾਹੀਦੀ ਹੈ।" ਡਾ. ਬੈਚ ਦੀ ਇਹ ਵਿਆਖਿਆ ਵਿਲੋ ਪ੍ਰਸਨੈਲਿਟੀ ਬਾਰੇ ਭਰਪੂਰ ਜਾਣਕਾਰੀ ਦਿੰਦੀ ਹੈ।

ਇਸ ਵਿਆਖਿਆ ਦੇ ਮੁੱਖ ਪਹਿਲੂ ਇਸ ਤਰ੍ਹਾਂ ਹਨ: ਪਹਿਲਾ, ਵਿਲੋ ਦੇ ਮਰੀਜ਼ ਦੁਨਿਆਵੀ ਦ੍ਰਿਸ਼ਟੀਕੋਣ ਵਾਲੇ ਹੁੰਦੇ ਹਨ। ਉਨ੍ਹਾਂ ਅਨੁਸਾਰ ਸਫਲ ਮਨੁੱਖ ਉਹ ਹੈ, ਜਿਸ ਨੇ ਧਨ, ਪਦਾਰਥ ਤੇ ਸ਼ੋਹਰਤ ਹਾਸਲ ਕੀਤੀ ਹੋਵੇ। ਜੀਵਨ ਭਰ ਉਹ ਇਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਵਿਚ ਹੀ ਲੱਗੇ ਰਹਿੰਦੇ ਹਨ। ਉਨ੍ਹਾਂ ਵਿਚ ਸਬਰ, ਸੰਤੋਖ, ਸੁਹਜ ਸਵਾਦ ਤੇ ਸਮਾਜ ਸੇਵਾ ਜਿਹੇ ਵਲਵਲੇ ਨਹੀਂ ਹੁੰਦੇ। ਉਹ ਸਿਰਫ ਆਪਣੇ ਪ੍ਰਤੀ ਸੋਚਦੇ ਹਨ ਤੇ ਸਵਾਰਥੀ ਕਿਸਮ ਦੇ ਇਨਸਾਨ ਹੁੰਦੇ ਹਨ। ਦੂਜਾ, ਉਨ੍ਹਾਂ ਦਾ ਮੁਢਲਾ ਜੀਵਨ ਮੁੱਖ ਤੌਰ 'ਤੇ ਸੁਖਾਲਾ ਨਹੀਂ ਰਿਹਾ ਹੁੰਦਾ। ਉਨ੍ਹਾਂ ਨੇ ਖੁਸ਼ਹਾਲੀ ਨਹੀਂ ਦੇਖੀ ਹੁੰਦੀ। ਜਿਨ੍ਹਾਂ ਨੇ ਦੇਖੀ ਵੀ ਹੁੰਦੀ ਹੈ, ਉਨ੍ਹਾਂ ਨੇ ਉਸ ਲਈ ਕਾਫੀ ਸੰਘਰਸ਼ ਕੀਤਾ ਹੁੰਦਾ ਹੈ। ਉਨ੍ਹਾਂ ਦੇ ਇਸ ਸੰਘਰਸ਼ ਨੇ ਉਨ੍ਹਾਂ ਦੇ ਮਨ ਵਿਚ ਆਤਮ ਵਿਸ਼ਵਾਸ ਤੇ ਪ੍ਰਾਪਤੀ ਦਾ ਅਹਿਸਾਸ ਪੈਦਾ ਨਹੀਂ ਕੀਤਾ ਹੁੰਦਾ, ਸਗੋਂ ਉਸ ਉੱਤੇ ਪੀੜਾ ਦਾ ਪ੍ਰਭਾਵ ਛੱਡਿਆ ਹੋਇਆ ਹੁੰਦਾ ਹੈ। ਉਨ੍ਹਾਂ ਦਾ ਮੌਜੂਦਾ ਜੀਵਨ ਵੀ ਧਨ ਪਦਾਰਥ ਦੀ ਦੌੜ ਵਿਚ ਪਿੱਛੇ ਰਿਹਾ ਹੁੰਦਾ ਹੈ ਜਾਂ ਉਨ੍ਹਾਂ ਨੂੰ ਇੱਦਾਂ ਰਿਹਾ ਮਹਿਸੂਸ ਹੁੰਦਾ ਹੈ। ਉਹ ਅੱਗੇ ਵਧਣ ਦੀ ਕੋਸ਼ਿਸ਼ ਜ਼ਰੂਰ ਕਰਦੇ ਹਨ, ਪਰ ਉਨ੍ਹਾਂ ਨੂੰ ਸਫਲਤਾ ਉਨ੍ਹਾਂ ਦੀ ਉਮੀਦ ਨਾਲੋਂ ਘੱਟ ਹੁੰਦੀ ਹੈ ਜਾਂ ਘੱਟ ਹੁੰਦੀ ਪ੍ਰਤੀਤ ਹੁੰਦੀ ਹੈ।

ਤੀਜਾ, ਉਨ੍ਹਾਂ ਦੇ ਉਮਰ ਭਰ ਦੇ ਜਦੋ-ਜਹਿਦ ਦੇ ਤਜਰਬੇ ਨੇ ਉਨ੍ਹਾਂ ਦੇ ਸੁਭਾਅ ਵਿਚ ਰੋਸਾ ਭਰ ਦਿੱਤਾ ਹੁੰਦਾ ਹੈ। ਉਹ ਹਰ ਗੱਲ ਨੂੰ ਕੁੜੱਤਣ ਨਾਲ ਸਵੀਕਾਰ ਕਰਦੇ ਹਨ। ਉਨ੍ਹਾਂ ਦੇ ਮਨ ਵਿਚ ਪੀੜਿਤ ਹੋਣ ਦਾ ਅਹਿਸਾਸ ਭਰਿਆ ਹੁੰਦਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨਾਲ ਭਾਰੀ ਬੇਇਨਸਾਫੀ ਹੋਈ ਹੈ। ਉਹ ਸਮਝਦੇ ਹਨ ਕਿ ਕੁਦਰਤ ਜਾਂ ਸਮਾਜ ਨੇ ਮਿਹਨਤ ਦੇ ਲੇਖੇ ਉਨ੍ਹਾਂ ਨੂੰ ਦੂਜਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਰਗੜਿਆ ਹੈ, ਭਾਵ ਉਹ ਇੰਨੇ ਧੱਕੇ ਦੇ ਹੱਕਦਾਰ ਨਹੀਂ ਸਨ, ਜਿੰਨਾ ਉਨ੍ਹਾਂ ਨਾਲ ਹੋਇਆ ਹੈ। ਉਨ੍ਹਾਂ ਨੂੰ ਸ਼ਿਕਾਇਤ ਰਹਿੰਦੀ ਹੈ ਕਿ ਮਿਹਨਤ ਉਨ੍ਹਾਂ ਨੇ ਦੂਜਿਆਂ ਨਾਲੋਂ ਕਿਤੇ ਵੱਧ ਕੀਤੀ ਹੈ, ਪਰ ਇਸ ਦਾ ਫਲ ਦੂਜਿਆਂ ਨਾਲੋਂ ਘੱਟ ਹੋਇਆ ਹੈ। ਸਫਲ ਹੋ ਕੇ ਵੀ ਉਹ ਸਫਲਤਾ ਨੂੰ ਨਹੀਂ ਮਾਣ ਸਕਦੇ, ਕਿਉਂਕਿ ਉਹ ਸਮਝਦੇ ਹਨ ਕਿ ਉਨ੍ਹਾਂ ਮੁਤਾਬਿਕ ਇਹ ਬਹੁਤ ਘੱਟ ਹੈ।

ਜੇ ਵਿਲੋ ਦੇ ਵਿਦਿਆਰਥੀ ਨੂੰ ਉਸ ਦੇ ਫਸਟ ਡਿਵੀਜ਼ਨ ਵਿਚ ਪਾਸ ਹੋਣ ਦੀ ਵਧਾਈ ਦਿਓ ਤਾਂ ਉਹ ਕਹੇਗਾ, "ਪੜ੍ਹਾਈ ਦੇ ਲੇਖੇ ਤਾਂ ਅੰਕਲ ਮੈਂ ਪੂਰੇ ਪੰਜਾਬ ਵਿਚ ਅੱਵਲ ਆਉਣਾ ਸੀ, ਪਰ ਸਿਫਾਰਸ਼ਾਂ ਵਾਲੇ ਮਿਹਨਤ ਵਾਲਿਆਂ ਨੂੰ ਅੱਗੇ ਨਹੀਂ ਵਧਣ ਦਿੰਦੇ।" ਕਈਆਂ ਵਿਚ ਆਪਣੇ ਪੁਰਾਣੇ ਤਜਰਬੇ ਦੀ ਇੰਨੀ ਕੁੜੱਤਣ ਭਰੀ ਹੁੰਦੀ ਹੈ ਕਿ ਉਹ ਇਹ ਵੀ ਕਹਿੰਦੇ ਹਨ, "ਅੰਕਲ ਜੀ, ਦੇਖ ਲਿਆ ਮਿਹਨਤ ਕਰ ਕੇ ਵੀ, ਇਸ ਨਾਲ ਵੀ ਕੁਝ ਪੱਲੇ ਨਹੀਂ ਪੈਂਦਾ। ਮਲਾਈ ਤਾਂ ਇਹ ਅਪਰੋਚਾਂ ਵਾਲੇ ਛਕ ਜਾਂਦੇ ਹਨ। ਢਾਂਚਾ ਹੀ ਉਖੜਿਆ ਹੋਇਆ ਹੈ।" ਆਪਣੇ ਮਨ ਦੇ ਰੋਸੇ ਕਾਰਨ ਉਹ ਜੀਵਨ ਦੇ ਚਾਅਵਾਂ ਤੋਂ ਬੇਮੁਖ ਹੋ ਜਾਂਦੇ ਹਨ।

ਪੰਜ ਕੁ ਹਫਤੇ ਪਹਿਲਾਂ ਮਾਡੈਸਟੋ ਸ਼ਹਿਰ ਤੋਂ ਮੇਰੇ ਕੋਲ ਅਚਾਨਕ ਇਕ ਪੰਜਾਹ ਕੁ ਸਾਲਾਂ ਦੀ ਬੀਬੀ ਦਾ ਫੋਨ ਆਇਆ। ਉਹ ਦਸ ਸਾਲ ਪਹਿਲਾਂ ਮੇਰੀ ਮਰੀਜ਼ ਹੁੰਦੀ ਸੀ ਤੇ ਉਦੋਂ ਤੋਂ ਹੀ ਮੈਨੂੰ ਅੰਕਲ ਜੀ ਕਹਿੰਦੀ ਹੈ। ਉਸ ਨੇ ਉੱਚ ਸਿੱਖਿਆ ਪ੍ਰਾਪਤ ਕੀਤੀ ਹੋਈ ਹੈ ਤੇ ਉਹ ਪੰਜਾਬ ਤੋਂ ਇਕ ਪ੍ਰਸਿੱਧ ਸਾਹਿਤਕ ਘਰਾਣੇ ਨਾਲ ਸਬੰਧ ਰੱਖਦੀ ਹੈ। ਉਹ ਆਪਣੀ ਸਿਹਤ ਸਬੰਧੀ ਗੱਲ ਕਰਦਿਆਂ ਦੂਜਿਆਂ ਪ੍ਰਤੀ ਇੰਨੇ ਗਿਲੇ-ਸ਼ਿਕਵੇ ਕਰਨ ਲਗਦੀ ਹੈ ਕਿ ਸੁਣਨ ਵਾਲੇ ਨੂੰ ਲਗਦਾ ਹੈ ਕਿ ਜੋ ਬੇਇਨਸਾਫੀ ਇਸ ਨਾਲ ਹੋਈ ਹੈ, ਉਹ ਕਿਸੇ ਹੋਰ ਨਾਲ ਨਹੀਂ ਹੋਈ ਹੋਣੀ। ਇਸ ਵਾਰ ਕਹਿੰਦੀ, "ਅੰਕਲ ਜੀ, ਕਿੱਥੇ ਰਹਿਨੇ ਓਂ? ਫੋਨ ਈ ਨ੍ਹੀਂ ਚੁਕਦੇ, ਮੈਂ ਸੋਚਿਆ ਇੰਡੀਆ ਗਏ ਹੋਏ ਹੋਵੋਂਗੇ।"

ਮੈਂ ਉਸ ਨੂੰ ਕਿਹਾ, "ਇੱਥੇ ਈ ਆਂ ਬੀਬੀ, ਇੰਡੀਆ ਜਾ ਕੇ ਕੀ ਕਰੋਨਾ ਕਰਵਾਉਣਾ ਸੀ?"

ਉਹ ਬੋਲੀ, "ਲੈ ਕਿੱਥੇ ਆਉਂਦਾ ਐ ਕਰੋਨਾ ਉੱਥੇ ਅੰਕਲ ਜੀ, ਜੇ ਇੱਦਾਂ ਆਵੇ ਮੈਂ ਤਾਂ ਅੱਜ ਚਲੀ ਜਾਵਾਂ।"

"ਤੂੰ ਕਿਉਂ ਜਾਵੇਂਗੀ ਕਰੋਨਾ ਕਰਵਾਉਣ, ਇੱਥੇ ਈ ਬਚ ਕੇ ਰਹਿ।"

"ਮੇਰੇ ਵਰਗੀ ਨੂੰ ਨਹੀਂ ਕਰੋਨਾ ਹੁੰਦਾ ਅੰਕਲ ਜੀ, ਇਹ ਵੀ ਮੈਨੂੰ ਦੁਨੀਆਂ ਨਾਲ ਰਲ ਕੇ ਸਤਾਉਣਾ ਚਾਹੁੰਦਾ ਹੈ।"

ਮੈਂ ਉਸ ਨੂੰ ਸਮਝਾਉਂਦਿਆਂ ਕਿਹਾ, "ਕੀ ਕਹਿੰਦੀ ਐਂ ਦੁਨੀਆਂ ਤੈਨੂੰ ਬੀਬੀ, ਆਪਣਾ ਕਮਾਉਨੀ ਐਂ, ਆਪਣਾ ਖਾਨੀ ਐਂ। ਖੁਸ਼ੀ ਨਾਲ ਰਿਹਾ ਕਰ।"

"ਤੁਸੀਂ ਵੀ ਅੰਕਲ ਜੀ ਓਦਾਂ ਦੀਆਂ ਈ ਗੱਲਾਂ ਕਰਨ ਲੱਗ ਪਏ। ਪੰਦਰਾਂ ਸਾਲ ਹੋ ਗਏ ਇੱਥੇ ਆਈ ਨੂੰ, ਮੁੜ ਕੇ ਵਾਪਸ ਵਤਨ ਨ੍ਹੀਂ ਗਈ। ਜਾਂਦੀ ਵੀ ਕਿਵੇਂ, ਕਦੇ ਜਾਣ ਜੋਗਾ ਕਿਰਾਇਆ ਹੀ ਨਹੀਂ ਜੁੜਿਆ। ਪਹਿਲਾਂ ਵਿਆਹੀ ਅਜਿਹੇ ਬੰਦੇ ਨਾਲ ਗਈ, ਜਿਸ ਨੂੰ ਸ਼ਰਾਬ ਪੀਣ ਤੋਂ ਹੀ ਵਿਹਲ ਨਹੀਂ ਸੀ। ਉਸ ਨੇ ਸਿਰ 'ਤੇ ਛੱਤ ਵੀ ਨਾ ਬਣਾ ਕੇ ਦਿੱਤੀ। ਕਿਰਾਏ ਦੇ ਅਪਾਰਟਮੈਂਟ ਵਿਚ ਈ ਛੱਡ ਕੇ ਰੱਬ ਨੂੰ ਪਿਆਰਾ ਹੋ ਗਿਆ। ਇੰਡੀਆ ਜਾਂਦੀ ਤਾਂ ਉੱਥੋਂ ਦਾ ਘਰ ਤੇ ਦੁਕਾਨਾਂ ਰਿਸ਼ਤੇਦਾਰ ਦੱਬ ਕੇ ਬੈਠੇ ਹੋਏ ਹਨ। ਇਕੱਲੀ ਹੁੰਦੀ ਤਾਂ ਹੋਰ ਗੱਲ ਸੀ, ਨਾਲ ਦਸਾਂ ਸਾਲਾਂ ਦੀ ਬੇਟੀ ਸੀ। ਪਹਿਲਾਂ ਰੁਲ-ਖੁਲ ਕੇ ਗੱਡੀ ਸਿੱਖੀ, ਫਿਰ ਸਟੋਰ ਦੀ ਨੌਕਰੀ ਕਰਨੀ ਸ਼ੁਰੂ ਕੀਤੀ। ਸਿੰਗਲ ਪੇਰੈਂਟ ਰਹਿ ਕੇ ਬੇਟੀ ਨੂੰ ਪੜ੍ਹਾਇਆ-ਲਿਖਾਇਆ। ਹੁਣ ਜਦੋਂ ਉਹ ਟ੍ਰੇਨਿੰਗ ਕਰ ਚੁਕੀ ਐ ਤਾਂ ਉਸ ਨੂੰ ਚੰਗੀ ਜਾਬ ਨਹੀਂ ਮਿਲਦੀ। ਉਸ ਦਾ ਵਿਆਹ ਕਰ ਦਿੰਦੀ, ਛੋਟੀ ਜਾਬ 'ਤੇ ਕੰਮ ਕਰਦੀ ਨੂੰ ਕੋਈ ਢੰਗ ਦਾ ਮੁੰਡਾ ਨਹੀਂ ਲੱਭਦਾ। ਮੈਂ ਖੁਸ਼ ਕਿਵੇਂ ਰਹਾਂ?" ਉਹ ਕਈ ਕੁਝ ਇਕੋ ਸਾਹੇ ਗਿਣਾ ਗਈ, ਜਿਵੇਂ ਉਸ ਨੇ ਇਹੀ ਦੱਸਣ ਲਈ ਮੈਨੂੰ ਫੋਨ ਕੀਤਾ ਹੋਵੇ।

ਮੈਂ ਉਸ ਨੂੰ ਕਿਹਾ, "ਬੀਬਾ ਹੌਸਲਾ ਰੱਖ ਤੇ ਚਲੀ ਚੱਲ, ਮਿਹਨਤ ਨਾਲ ਸਭ ਕੁਝ ਠੀਕ ਹੋ ਜਾਂਦਾ ਐ।"

ਉਹ ਬੋਲੀ, "ਹੋ ਤਾਂ ਜਾਂਦਾ ਐ, ਪਰ ਮੇਰੇ ਕੇਸ ਵਿਚ ਕਦੇ ਕੁਝ ਇੰਨਾ ਸੁਖਾਲਾ ਨਹੀਂ ਹੋਇਆ। ਮੇਰੇ ਨਾਲ ਤਾਂ ਰੱਬ ਨੂੰ ਪਤਾ ਨ੍ਹੀਂ ਕੀ ਵੈਰ ਐ, ਹਰ ਕੰਮ ਨੱਕ ਨੂੰ ਜੀਭ ਲਵਾ ਕੇ ਕਰਦਾ ਐ। ਦੁਨੀਆਂ ਰੰਗਾਂ ਵਿਚ ਐ, ਬਸ ਮੈਂ ਈ ਪਤਾ ਨ੍ਹੀਂ ਉਸੇ ਦੇ ਕੀ ਮਾਂਹ ਮਾਰੇ ਨੇ।" ਬੜੇ ਦੁਖ ਸਾਂਝੇ ਕਰਨ ਤੋਂ ਬਾਅਦ ਉਹ ਬੋਲੀ, "ਅੰਕਲ ਜੀ ਮੈਂ ਦਵਾਈ ਲੈਣੀ ਐ। ਮੈਨੂੰ ਕਮਜ਼ੋਰੀ ਬਹੁਤ ਰਹਿੰਦੀ ਹੈ, ਕੰਨ ਭਾਂ ਭਾਂ ਕਰਦੇ ਰਹਿੰਦੇ ਨੇ, ਸਿਰ ਨੂੰ ਘੁਮੇਰ ਆਉਂਦੀ ਹੈ ਤੇ ਰਾਤ ਨੂੰ ਜਾਗ ਖੁਲ੍ਹ ਜਾਵੇ ਤਾਂ ਮੁੜ ਨੀਂਦ ਨਹੀਂ ਆਉਂਦੀ।"

ਉਸ ਦੇ ਸਿੰਪਟਮਸ ਬੜੇ ਸਾਫ ਸਨ। ਮੈਂ ਉਸ ਨੂੰ ਬਿਨਾ ਦੇਰੀ ਕੀਤੇ ਫੁੱਲ ਦਵਾਈ ਵਿਲੋ ਦੋ ਮਹੀਨੇ ਭਰ ਦਿਨ ਵਿਚ ਦੋ ਵਾਰ ਖਾਣ ਦਾ ਸੁਝਾਅ ਦਿੱਤਾ। ਇਕ ਮਹੀਨੇ ਬਾਅਦ ਯਾਨਿ ਹਫਤਾ ਕੁ ਪਹਿਲਾਂ ਹੀ ਉਸ ਦਾ ਫੋਨ ਆਇਆ। ਕਹਿਣ ਲੱਗੀ, "ਅੰਕਲ ਜੀ, ਧੰਨਵਾਦ। ਹੁਣ ਮੈਂ ਪਹਿਲਾਂ ਨਾਲੋਂ ਕਾਫੀ ਠੀਕ ਆਂ। ਨਾਲੇ ਬੇਟੀ ਦਾ ਸਾਕ ਪੱਕਾ ਕਰ ਦਿੱਤਾ ਐ। ਲੜਕਾ ਉਸ ਦੇ ਨਾਲ ਹੀ ਕੰਮ ਕਰਦਾ ਹੈ। ਵਿਆਹ ਅਗਲੇ ਸਾਲ ਛੱਬੀ ਜਨਵਰੀ ਦਾ ਐ। ਪਹਿਲਾਂ ਕਹਿ ਦਿੰਨੀ ਆਂ, ਆਉਣਾ ਜ਼ਰੂਰ। ਆਂਟੀ ਜੀ ਨੂੰ ਵੀ ਨਾਲ ਲੈ ਕੇ ਆਉਣਾ।" ਮੈਨੂੰ ਪਤਾ ਸੀ ਕਿ ਇਹ ਦਵਾਈ ਉਸ ਉੱਤੇ ਜ਼ਰੂਰ ਅਸਰ ਕਰੇਗੀ, ਕਿਉਂਕਿ ਕੋਈ ਫੁੱਲ ਦਵਾਈ ਧੋਖਾ ਨਹੀਂ ਦਿੰਦੀ।

ਵਿਲੋ ਦੇ ਮਰੀਜ਼ ਭੁੱਖੀ ਨੀਅਤ ਦੇ ਤੇ ਨਾਸ਼ੁਕਰੇ ਹੁੰਦੇ ਹਨ। ਉਨ੍ਹਾਂ ਕੋਲ ਭਾਵੇਂ ਸਭ ਕੁਝ ਹੋਵੇ, ਪਰ ਫਿਰ ਵੀ ਉਹ ਆਪਣੀ ਪੂੰਜੀ ਨੂੰ ਦੂਜਿਆਂ ਨਾਲ ਜ਼ਰੂਰ ਤੋਲਣਗੇ। ਉਨ੍ਹਾਂ ਦੀ ਨਜ਼ਰ ਆਪਣੇ ਤੋਂ ਛੋਟਿਆਂ ਵਲ ਨਹੀਂ ਜਾਂਦੀ। ਉਹ ਆਪਣੇ ਤੋਂ ਉੱਚਿਆਂ ਵਲ ਦੇਖ ਕੇ ਹਉਕਾ ਭਰਨਗੇ ਤੇ ਕਹਿਣਗੇ ਕਿ ਉਨ੍ਹਾਂ ਕੋਲ ਓਨਾ ਕੁਝ ਕਿਉਂ ਨਹੀਂ ਹੈ। ਇਹ ਵਿਤਕਰਾ ਉਹ ਕੁਦਰਤ ਤੇ ਸਮਾਜ ਦੇ ਸਿਰ ਮੜ੍ਹਦੇ ਹਨ। ਉਹ ਇਹ ਨਹੀਂ ਸੋਚਦੇ ਕਿ ਦੂਜਿਆਂ ਨੇ ਵੀ ਮਿਹਨਤ ਕੀਤੀ ਹੈ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਉਨ੍ਹਾਂ ਦੇ ਕੰਮਾਂ ਦਾ ਫਲ ਹਨ। ਉਨ੍ਹਾਂ ਦੇ ਇਸ ਸੁਭਾਅ ਦਾ ਅਸਰ ਸਿਰਫ ਉਨ੍ਹਾਂ ਤੀਕ ਹੀ ਮਹਿਦੂਦ ਨਹੀਂ ਰਹਿੰਦਾ, ਸਗੋਂ ਸਾਰਾ ਪਰਿਵਾਰ ਤੇ ਸਾਰਾ ਸਮਾਜ ਇਸ ਦੇ ਪ੍ਰਭਾਵ ਹੇਠ ਆ ਜਾਂਦਾ ਹੈ। ਮਿਸਾਲ ਵਜੋਂ ਭਾਰਤ ਵਿਚ ਜਨਸੰਖਿਆ ਦਾ ਭੰਡਾਰ ਹੈ ਤੇ ਲੋੜ ਤੋਂ ਜ਼ਿਆਦਾ ਉਤਪਾਦੀ ਸਾਧਨ ਹਨ, ਪਰ ਫਿਰ ਵੀ ਉੱਥੋਂ ਦਾ ਉਤਪਾਦਨ ਅੰਕ ਬੜਾ ਨੀਵਾਂ ਹੈ। ਇਸ ਕਾਰਨ ਉੱਥੋਂ ਦੇ ਆਮ ਲੋਕਾਂ ਦਾ ਜੀਵਨ ਖੁਸ਼ਹਾਲ ਤੇ ਸੁਖੀ ਨਹੀਂ ਹੈ। ਇਸ ਦਾ ਇਕ ਕਾਰਨ ਇਹ ਹੈ ਕਿ ਉਨ੍ਹਾਂ ਦਾ ਧਿਆਨ ਕੰਮ ਵੱਲ ਘੱਟ ਤੇ ਫਲ ਦੀ ਵੰਡ ਵਲ ਵਧੇਰੇ ਹੈ। ਉਹ ਆਪਣੇ ਆਪ ਨੂੰ ਕਈ ਜਾਤਾਂ ਸ਼੍ਰੇਣੀਆਂ ਵਿਚ ਵੰਡ ਕੇ ਇਕ ਦੂਜੀ ਵਲ ਵਿਤਕਰੇ ਦੀ ਉਂਗਲ ਚੁੱਕਦੇ ਹਨ। ਉਹ ਸਾਧਨਾਂ ਤੇ ਸਿੱਟਿਆਂ ਵਿਚ ਦੂਜਿਆਂ ਦੇ ਬਰਾਬਰ ਦਾ ਹਿੱਸਾ ਮੰਗਦੇ ਹਨ। ਉੱਥੇ ਬਹੁਤੀ ਰਾਜਨੀਤੀ ਰਾਖਵੇਂਕਰਣ ਉੱਤੇ ਹੁੰਦੀ ਹੈ। ਕੋਈ ਭਰਤੀ ਕਰਨੀ ਹੋਵੇ ਜਾਂ ਪ੍ਰੋਮੋਸ਼ਨ ਕਰਨੀ ਹੋਵੇ, ਕੰਮ ਤੇ ਕਾਬਲੀਅਤ ਦੇ ਸਿਰ 'ਤੇ ਨਹੀਂ, ਰਾਖਵੇਂਕਰਣ ਦੇ ਹਿਸਾਬ ਕੀਤੀ ਜਾਂਦੀ ਹੈ। ਲੋਕ ਬਿਨਾ ਕੰਮ ਤੋਂ ਲੜਦੇ ਰਹਿੰਦੇ ਹਨ ਤੇ ਜਾਤ-ਪਾਤ ਦੇ ਆਧਾਰ 'ਤੇ ਸਮਾਨਤਾ ਦੀ ਰਟ ਲਾਈ ਰੱਖਦੇ ਹਨ। ਉਸ ਸਾਰੇ ਸਮਾਜਿਕ ਤੇ ਰਾਜਨੀਤਕ ਢਾਂਚੇ ਦੀਆਂ ਜੜ੍ਹਾਂ ਵਿਚ ਫੁੱਲ ਦਵਾਈ ਵਿਲੋ ਪਾਉਣ ਵਾਲੀ ਹੈ।

ਵਿਲੋ ਦੇ ਮਰੀਜ਼ ਆਤਮ-ਤਰਸ ਦੇ ਸ਼ਿਕਾਰ ਹੋਏ ਹੁੰਦੇ ਹਨ। ਉਹ ਆਪਣੇ ਆਪ ਨੂੰ ਬੇਸਹਾਰਾ ਸਮਝਦੇ ਹਨ ਤੇ ਕੋਈ ਢਾਰਸ ਭਾਲਦੇ ਰਹਿੰਦੇ ਹਨ। ਉਹ ਹਰ ਵੇਲੇ ਆਪਣੀ ਕਿਸਮਤ ਨੂੰ ਕੋਸਦੇ ਹੋਏ ਆਪਣੀਆਂ ਨਾ-ਕਾਮਯਾਬੀਆਂ ਦੂਜਿਆਂ ਦੇ ਗਲ ਮੜ੍ਹਦੇ ਹਨ। ਉਨ੍ਹਾਂ ਦੀ ਅਜਿਹੀ ਹਾਲਤ ਆਮ ਤੌਰ 'ਤੇ ਅੱਧੀ ਉਮਰ ਤੋਂ ਬਾਅਦ ਹੋਣੀ ਸ਼ੁਰੂ ਹੁੰਦੀ ਹੈ, ਜਦੋਂ ਉਹ ਕਾਫੀ ਸੰਘਰਸ਼ ਕਰ ਚੁਕੇ ਹੁੰਦੇ ਹਨ ਤੇ ਉਨ੍ਹਾਂ ਦੀ ਅਸਫਲਤਾ ਮੂੰਹ ਚੜ੍ਹ ਕੇ ਬੋਲਣ ਲੱਗ ਜਾਂਦੀ ਹੈ। ਉਦੋਂ ਉਨ੍ਹਾਂ ਨੂੰ ਅਫਸੋਸ ਹੁੰਦਾ ਹੈ ਕਿ ਉਹ ਜੀਵਨ ਵਿਚ ਕੁਝ ਵੀ ਨਹੀਂ ਕਰ ਸਕੇ। ਆਪ ਤਾਂ ਆਪਣਾ ਜੀਵਨ ਵਿਹਲੀਆਂ ਖਾ ਕੇ ਬਰਬਾਦ ਕਰ ਹੀ ਚੁਕੇ, ਆਪਣੇ ਧੀਆਂ-ਪੁਤਰਾਂ ਨੂੰ ਵੀ ਚੰਗੀ ਤਰ੍ਹਾਂ ਪੜ੍ਹਾ-ਲਿਖਾ ਕੇ ਸਹੀ ਨੌਕਰੀਆਂ 'ਤੇ ਨਾ ਲਾ ਸਕੇ। ਜਦੋਂ ਉਹ ਦੂਜਿਆਂ ਦੀ ਸਫਲਤਾ ਵਲ ਦੇਖਦੇ ਹਨ ਤਾਂ ਉਨ੍ਹਾਂ ਤੋਂ ਜਰ ਨਹੀਂ ਹੁੰਦਾ। ਫਿਰ ਉਹ ਸਾਰੀ ਗੱਲ ਦਾ ਦੋਸ਼ ਆਪਣੇ ਸਿਰ ਲੈਣ ਦੀ ਥਾਂ ਕਿਸੇ ਦੂਜੇ ਦੇ ਸਿਰ ਲਾਉਂਦੇ ਹਨ। ਬਹੁਤ ਵਾਰ ਉਹ ਆਪਣੀ ਕਿਸਮਤ ਦਾ ਕਸੂਰ ਦੱਸਦੇ ਹਨ ਜਾਂ ਵਿਧਾਤਾ ਨੂੰ ਜ਼ਿੰਮੇਵਾਰ ਦੱਸਦੇ ਹਨ। ਉਹ ਆਪਣੀ ਸੋਚ ਦੀ ਰਿਣਾਤਮਿਕਤਾ ਨਾ ਪਛਾਣਦਿਆਂ ਇਹ ਨਹੀਂ ਵਿਚਾਰਦੇ ਕਿ ਸਫਲਤਾ ਕੰਮ 'ਤੇ ਨਿਰਭਰ ਕਰਦੀ ਹੈ। ਉਨ੍ਹਾਂ ਲਈ ਇਹ ਸਮਝਣਾ ਔਖਾ ਹੁੰਦਾ ਹੈ ਕਿ ਜਿਹੜੇ ਸਫਲ ਹੋਏ ਹਨ, ਉਨ੍ਹਾਂ ਨੇ ਕੰਮ ਜ਼ਰੂਰ ਕੀਤਾ ਹੋਵੇਗਾ। ਅਜਿਹੇ ਲੋਕਾਂ ਨੂੰ ਫੁੱਲ ਦਵਾਈ ਵਿਲੋ ਦੇ ਕੇ ਉਨ੍ਹਾਂ ਦਾ ਨਜ਼ਰੀਆ ਬਦਲਿਆ ਜਾ ਸਕਦਾ ਹੈ। ਇਸ ਤਰ੍ਹਾਂ ਉਹ ਆਪਣੀ ਮਿਹਨਤ ਦੇ ਬਲਬੂਤੇ ਜੀਵਨ ਵਿਚ ਅੱਗੇ ਵਧ ਸਕਣਗੇ।

ਡਾ. ਸੋਹਨਰਾਜ ਟੇਟਰ ਤੇ ਮੋਹਨ ਲਾਲ ਜੈਨ ਲਿਖਦੇ ਹਨ ਕਿ ਵਿਲੋ ਸੁਭਾਅ ਦੇ ਵਿਅਕਤੀਆਂ ਵਿਚ ਨਫਰਤ ਤੇ ਕੁੜੱਤਣ ਦੀਆਂ ਭਾਵਨਾਵਾਂ ਸਾਲਾਂ-ਬੱਧੀ ਦਬੀਆਂ ਪਈਆਂ ਰਹਿੰਦੀਆਂ ਹਨ। ਇਕ ਸੱਸ ਅਜਿਹੀਆਂ ਭਾਵਨਾਵਾਂ ਨੂੰ ਆਪਣੀ ਨੂੰਹ ਵਿਰੁਧ ਪਾਲਦੀ ਰਹਿੰਦੀ ਹੈ, ਕਿਉਂਕਿ ਉਹ ਸਮਝਦੀ ਹੈ ਕਿ ਨੂੰਹ ਨੇ ਉਸ ਦਾ ਲਾਡਾਂ ਨਾਲ ਪਾਲਿਆ ਪੁੱਤਰ ਖੋਹ ਲਿਆ ਹੈ। ਉਹ ਨਹੀਂ ਜਰਦੀ ਕਿ ਉਹ ਉਸ ਨੂੰ ਲੈ ਕੇ ਵੱਖਰੇ ਘਰ ਵਿਚ ਰਹਿਣ ਲੱਗ ਪਵੇ। ਸੱਸ ਆਪਣੀ ਈਰਖਾ ਦਾ ਇਜ਼ਹਾਰ ਆਪਣੇ ਪੁੱਤਰ ਕੋਲ ਸ਼ਿਕਾਇਤ ਕਰ ਕੇ ਤੇ ਸਮੇਂ ਸਮੇਂ 'ਤੇ ਨੂੰਹ ਦਾ ਨਿਰਾਦਰ ਕਰ ਕੇ ਕਰਦੀ ਹੈ। ਉਸ ਦੀਆਂ ਦਬੀਆਂ ਭਾਵਨਾਵਾਂ ਇਕ ਜਵਾਲਾਮੁਖੀ ਵਾਂਗ ਹੁੰਦੀਆਂ ਹਨ, ਜੋ ਅੰਦਰੋਂ ਧੁਖਦੀਆਂ ਹੁੰਦੀਆਂ ਹਨ, ਪਰ ਬਾਹਰ ਧੂੰਆਂ ਨਹੀਂ ਨਿਕਲਦਾ।

ਵਿਲੋ ਕਿਸਮ ਦੇ ਲੋਕਾਂ ਨੂੰ ਦੁਨੀਆਂ ਪਸੰਦ ਨਹੀਂ ਕਰਦੀ, ਕਿਉਂਕਿ ਉਹ ਦੂਜਿਆਂ ਦੀ ਤਰੱਕੀ 'ਤੇ ਸੜਦੇ ਹਨ। ਜੇ ਅਜਿਹੇ ਲੋਕਾਂ ਪ੍ਰਤੀ ਕੋਈ ਉਪਕਾਰ ਕਰਦਾ ਹੈ ਜਾਂ ਉਨ੍ਹਾਂ ਦੀ ਮਦਦ ਕਰਦਾ ਹੈ ਤਾਂ ਉਹ ਉਸ ਦਾ ਵੀ ਧੰਨਵਾਦ ਨਹੀਂ ਕਰਦੇ, ਸਗੋਂ ਕਹਿੰਦੇ ਹਨ ਕਿ ਇੰਨਾ ਕੁ ਕਰਨਾ ਤਾਂ ਉਨ੍ਹਾਂ ਦਾ ਕਰਤਵ ਬਣਦਾ ਸੀ। ਉਨ੍ਹਾਂ ਦੀ ਜਿੰਨੀ ਮਰਜੀ ਮਦਦ ਕਰੋ, ਫਿਰ ਵੀ ਇਹੀ ਕਹਿੰਦੇ ਹਨ ਕਿ ਇਸ ਨਾਲ ਕਿਹੜਾ ਉਨ੍ਹਾਂ ਦੀ ਕਿਸਮਤ ਪਲਟ ਗਈ। ਉਨ੍ਹਾਂ ਦੇ ਗਿਲੇ-ਸ਼ਿਕਵੇ ਕਦੇ ਨਹੀਂ ਰੁਕਦੇ। ਉਹ ਲੈਣਾ ਹੀ ਜਾਣਦੇ ਹਨ, ਦੇਣਾ ਨਹੀਂ। ਉਹ ਦੂਜਿਆਂ ਨਾਲ ਵਟੇ ਹੀ ਰਹਿੰਦੇ ਹਨ। ਫੁੱਲ ਦਵਾਈ ਵਿਲੋ ਉਨ੍ਹਾਂ ਨੂੰ ਦੂਜਿਆਂ ਪ੍ਰਤੀ ਸੁਹਿਰਦ ਬਣਾ ਕੇ ਉਨ੍ਹਾਂ ਨੂੰ ਮਿਲਣਸਾਰ ਬਣਾ ਦਿੰਦੀ ਹੈ। ਸੱਸ ਨਾਂ ਦੇ ਵਿਅਕਤੀ ਨੂੰ ਤਾਂ ਇਹ ਲਗਾਤਾਰ ਦੇਣੀ ਚਾਹੀਦੀ ਹੈ ਤੇ ਇਸ ਨੂੰ ਦੇਣ ਦੀ ਜ਼ਿੰਮੇਵਾਰੀ ਵੀ ਉਸ ਦੀ ਨੂੰਹ ਦੀ ਹੋਣੀ ਚਾਹੀਦੀ ਹੈ।

ਵਿਲੋ ਸੁਭਾਅ ਦੇ ਵਿਅਕਤੀ ਜੇ ਬੀਮਾਰ ਹੋ ਜਾਣ ਤਾਂ ਵੀ ਉਨ੍ਹਾਂ ਦੀ ਆਦਤ ਬਦਲਦੀ ਨਹੀਂ। ਉਹ ਦਵਾਈ ਤੇ ਡਾਕਟਰ ਦੋਹਾਂ ਨੂੰ ਕੋਸਦੇ ਰਹਿੰਦੇ ਹਨ। ਭਾਵੇਂ ਉਨ੍ਹਾਂ ਨੂੰ ਦਿੱਤੀ ਦਵਾਈ ਸਹੀ ਵੀ ਹੋਵੇ, ਉਨ੍ਹਾਂ ਨੇ ਉਸ ਨੂੰ ਬੇਕਾਰ ਹੀ ਕਹਿਣਾ ਹੈ। ਜੇ ਉਨ੍ਹਾਂ ਦੀ ਬੀਮਾਰੀ ਨੂੰ ਮੋੜਾ ਵੀ ਪੈ ਰਿਹਾ ਹੋਵੇ, ਉਨ੍ਹਾਂ ਨੇ ਉਸ ਨੂੰ ਸਵੀਕਾਰ ਨਹੀਂ ਕਰਨਾ। ਉਹ ਕਦੇ ਆਪਣੇ ਡਾਕਟਰ ਦਾ ਧੰਨਵਾਦ ਨਹੀਂ ਕਰਦੇ। ਉਹ ਦੱਸਦੇ ਹਨ ਕਿ ਡਾਕਟਰ ਲੁਟੇਰਾ ਹੈ। ਇੰਨੀ ਫੀਸ ਲੈ ਗਿਆ, ਆਰਾਮ ਰਤਾ ਭਰ ਵੀ ਨਹੀਂ ਆਇਆ। ਠੀਕ ਹੋ ਕੇ ਵੀ ਉਹ ਉਸ ਪ੍ਰਤੀ ਰੰਜਿਸ਼ ਰੱਖਦੇ ਹਨ ਤੇ ਉਸ ਨਾਲ ਸਿੱਧੇ ਮੂੰਹ ਨਹੀਂ ਬੋਲਦੇ। ਉਹ ਆਪਣੀ ਦੇਖ-ਭਾਲ ਕਰਦੇ ਵਿਅਕਤੀਆਂ ਪ੍ਰਤੀ ਵੀ ਨਾਸ਼ੁਕਰੇ ਬਣੇ ਰਹਿੰਦੇ ਹਨ। ਉਨ੍ਹਾਂ ਦੇ ਸੁਭਾਅ ਦੀ ਇਹ ਉਣਤਾਈ ਉਨ੍ਹਾਂ ਨੂੰ ਚੜ੍ਹਦੀ ਕਲਾ ਵਾਲੇ ਪਾਸੇ ਸੋਚਣ ਨਹੀਂ ਦਿੰਦੀ। ਇਸ ਲਈ ਉਹ ਚੰਗੀ-ਮਾੜੀ ਹਰ ਗੱਲ ਬਾਰੇ ਬੁੜਬੁੜ ਕਰਦੇ ਰਹਿੰਦੇ ਹਨ। ਫੁੱਲ ਦਵਾਈ ਵਿਲੋ ਉਨ੍ਹਾਂ ਦੇ ਮਨ ਦੀਆਂ ਅੱਖਾਂ ਖੋਲ੍ਹ ਦਿੰਦੀ ਹੈ। ਇਸ ਨਾਲ ਉਹ ਦੂਜਿਆਂ ਦੇ ਕੰਮਾਂ ਨੂੰ ਅਪਣੱਤ ਨਾਲ ਵਿਚਾਰਨਾ ਸ਼ੁਰੂ ਕਰ ਦੇਣਗੇ ਤੇ ਉਨ੍ਹਾਂ ਦੀ ਮਿਹਨਤ ਦੀ ਕਦਰ ਪਾਉਣ ਲੱਗ ਪੈਣਗੇ। ਉਹ ਆਪਣਾ ਸਵਾਰਥ ਛੱਡ ਕੇ ਯਥਾਰਥ ਨਾਲ ਜੁੜਨਾ ਪਸੰਦ ਕਰਨ ਲੱਗ ਜਾਣਗੇ। ਵੱਡੀ ਗੱਲ ਇਹ ਕਿ ਉਹ ਆਪਣੀਆਂ ਤਕਲੀਫਾਂ ਤੇ ਬਦਕਿਸਮਤੀਆਂ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਸਮਝਣ ਲੱਗ ਜਾਣਗੇ। ਫਿਰ ਉਹ ਦੂਜਿਆਂ ਦੀ ਬਖੀਲੀ ਤੇ ਨੁਕਤਾਚੀਨੀ ਛੱਡ ਕੇ ਆਪਣੀਆਂ ਸਮੱਸਿਆਵਾਂ ਨੂੰ ਆਪ ਨਜਿੱਠਣ ਵਿਚ ਜੁਟ ਜਾਣਗੇ।

ਜੇ ਉਨ੍ਹਾਂ ਨੂੰ ਇਹ ਫੁੱਲ ਦਵਾਈ ਦੇ ਕੇ ਠੀਕ ਨਾ ਕੀਤਾ ਜਾਵੇ ਤਾਂ ਉਹ ਹੋਰ ਨਿਵਾਣ ਵੱਲ ਤਿਲ੍ਹਕ ਜਾਣਗੇ। ਉਹ ਗੱਲ ਗੱਲ 'ਤੇ ਦੂਜਿਆਂ ਵਿਚ ਨਘੋਚਾਂ ਕੱਢ ਕੇ ਉਨ੍ਹਾਂ ਨੂੰ ਦੁਤਕਾਰਦੇ ਰਹਿਣਗੇ। ਅੰਤ ਉਨ੍ਹਾਂ ਦੇ ਦੁਆਲੇ ਦੇ ਲੋਕ ਹੀ ਉਨ੍ਹਾਂ ਨੂੰ ਮੂੰਹ ਲਾਉਣਾ ਬੰਦ ਕਰ ਦੇਣਗੇ। ਉਹ ਇਕੱਲੇ ਪੈ ਜਾਣਗੇ ਤੇ ਉਨ੍ਹਾਂ ਦਾ ਜਿਉਣਾ ਔਖਾ ਹੋ ਜਾਵੇਗਾ। ਇਹ ਹਵਾਈ ਗੱਲਾਂ ਨਹੀਂ, ਸਾਡੇ ਸਾਹਮਣੇ ਦੀਆਂ

*(ਬਾਕੀ ਅਗਲੇ ਸਫੇ 'ਤੇ)*



# ਅਸੀਂ ਅਤੇ ਬੱਚੇ

ਅੱਜ-ਕੱਲ੍ਹ ਮਾਪਿਆਂ ਦਾ ਸਾਰਾ ਜੋਰ ਪੜ੍ਹਾਈ-ਲਿਖਾਈ ਕਰਾ ਕੇ ਆਪਣੇ ਬੱਚਿਆਂ ਨੂੰ ਮਾਹਿਰ ਅਤੇ ਤਕਨੀਸ਼ੀਅਨ ਬਣਾਉਣਾ ਹੈ ਤਾਂ ਜੋ ਵੱਡੇ ਹੋ ਕੇ ਉਹ ਅਥਾਹ ਮਾਇਆ ਅਤੇ ਚੀਜਾਂ ਨਾਲ ਘਰ ਭਰ ਸਕਣ। ਉਹ ਡਾਕਟਰ, ਇੰਜੀਨੀਅਰ ਜਾਂ ਆਈ ਆਈ ਟੀ ਕੁਝ ਵੀ ਬਣਨ, ਬੇਸ਼ੱਕ ਇਹ ਗੱਲ ਉਨਾਂ ਦੇ ਸਰਵਪੱਖੀ ਵਿਕਾਸ ਵਿਚ ਬਿਲਕੁਲ ਸਹਾਈ ਨਾ ਹੋਵੇ। ਸੁਆਲ ਇਹ ਨਹੀਂ ਕਿ ਸਰਵਪੱਖੀ ਵਿਕਾਸ ਦੇ ਮੌਕੇ ਹਨ ਜਾਂ ਨਹੀਂ, ਸੁਆਲ ਇਹ ਹੈ, ਇਸ ਲੋੜ ਦੀ ਅਹਿਮੀਅਤ ਦਾ ਅਹਿਸਾਸ ਹੀ ਨਹੀਂ ਹੈ। ਮਾਇਆ ਅਤੇ ਚੀਜਾਂ ਦੇ



ਅਵਤਾਰ ਸਿੰਘ ਗੋਂਦਾਰਾ
ਫੋਨ: 559 375 2589

ਅੰਬਾਰਾਂ ਵਿੱਚ ਘਿਰੇ ਹੋਏ ਵੀ ਉਹ ਇਕੱਲੇ, ਨਿਰਾਸ਼ ਅਤੇ ਮਾਨਸਿਕ ਅਸਰੁੱਖਿਆ ਦਾ ਸ਼ਿਕਾਰ ਬਣੇ ਰਹਿੰਦੇ ਹਨ। ਇਹ ਉਸੇ ਤਰ੍ਹਾਂ ਹੈ, ਜਿਵੇਂ ਹੱਥ ਦੀਆਂ ਪੰਜਾਂ ਉਂਗਲਾਂ 'ਚੋਂ ਇੱਕ ਦੇ ਬੇਮੇਚੀਆਂ ਵਧ ਜਾਣ। ਇਹ ਵਿਕਾਸ ਨਹੀਂ, ਵਿਗਾੜ ਦੀ ਅਲਾਮਤ ਹੈ।

ਇਸ ਵਿਗਾੜ ਦਾ ਸੇਕ ਆਸੇ-ਪਾਸੇ ਦੇਖਣ ਨੂੰ ਮਿਲ ਜਾਂਦਾ ਹੈ। 2008 'ਚ ਬਿੱਗ ਬੈਂਗ ਬਾਰੇ ਦੁਰਪ੍ਰਚਾਰ ਤੋਂ ਘਬਰਾ ਕੇ ਇੰਦੌਰ ਦੀ 16 ਸਾਲ ਕੁੜੀ ਨੇ ਖੁਦਕਸ਼ੀ ਕਰ ਲਈ ਸੀ। ਸ਼ੇਅਰ ਬਾਜ਼ਾਰ ਵਿੱਚ ਘਾਟਾ ਖਾ ਕੇ ਐਮ. ਬੀ. ਏ. ਦੀ ਡਿਗਰੀ ਵਾਲੇ ਭਾਰਤੀ ਗਭਰੂ ਨੇ ਨਿਊ ਯਾਰਕ ਵਿੱਚ ਪਰਿਵਾਰ ਸਮੇਤ ਆਪਣੇ ਆਪ ਨੂੰ ਖਤਮ ਕਰ ਲਿਆ। ਸੱਤਾ ਦੇ ਗਲਿਆਰਿਆਂ ਦਾ ਸੁੱਖ ਭੋਗ ਰਹੇ ਪੰਜਾਬ ਦੇ ਇਕ ਆਈ. ਏ. ਐਸ. ਅਧਿਕਾਰੀ ਏ ਛੱਤਵਾਲ ਵਲੋਂ ਫਾਹਾ ਲੈਣ ਦੀਆਂ ਘਟਨਾਵਾਂ ਮਾਨਸਿਕ ਸਿਹਤ ਵਿਚਲੇ ਵਿਗਾੜ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਹ ਤਾਂ ਮੀਡੀਆ ਚ ਆਈਆਂ ਕੁਝ ਕੁ ਘਟਨਾਵਾਂ ਹਨ, ਅਣਗੌਲੀਆਂ ਰਹਿ ਗਈਆਂ ਦਾ ਪਤਾ ਨਹੀਂ ਕਿੰਨੀਆਂ ਕੁ ਹੋਣਗੀਆਂ।

ਤੇਜੀ ਨਾਲ ਬਦਲ ਰਹੇ ਹਾਲਾਤ ਨਾਲ ਸਿੱਝਣ ਲਈ ਮਾਪਿਆਂ ਵੱਲੋਂ ਬੱਚੇ ਨੂੰ ਤਿਆਰ ਨਹੀਂ ਕੀਤਾ ਜਾਂਦਾ। ਉਮਰ ਵੱਡੀ ਹੋ ਜਾਂਦੀ ਹੈ, ਪਰ ਅੰਦਰਲਾ ਅਣਵਿਕਸਤ ਬੱਚਾ, ਬੰਦੇ ਦਾ ਖਹਿੜਾ ਨਹੀਂ ਛੱਡਦਾ। ਇਕੱਲਤਾ, ਨਿਰਾਸ਼ਾ ਅਤੇ ਉਦਾਸੀ ਬੰਦੇ ਦੇ ਮਨ 'ਚ ਵਸੇ ਉਸ ਦੀ ਬਾਲਵਰੇਸ ਦੇ ਅਣਵਿਕਸਿਤ ਲੱਛਣ ਹਨ। ਆਪਾਂ ਆਮ ਦੇਖਦੇ ਹਾਂ ਕਿ ਬੱਚਿਆਂ ਦੀ ਰਚਨਾਤਮਕ ਊਰਜਾ ਦੇ ਬਹੁ-ਪੱਖੀ ਵਿਕਾਸ ਲਈ ਨਾ ਮਾਪੇ ਚੇਤੰਨ ਹਨ ਅਤੇ ਨਾ ਹੀ ਅਧਿਆਪਕਾਂ ਦਾ ਇਸ ਨਾਲ ਕੋਈ ਸਰੋਕਾਰ ਹੈ। ਆਪਣੇ ਭਾਵ ਵਿਮੋਚਨ ਲਈ, ਬੱਚੇ ਕੈਦੀਆਂ ਵਾਂਗ ਵਿਹਾਰ ਕਰਦੇ ਹਨ। ਇਸ ਲਈ ਮਾਨਸਿਕ ਸਿਹਤ ਵਾਸਤੇ ਬੱਚਿਆਂ ਨੂੰ ਜੀਵਨ-ਜਾਚ ਦੇ ਕੁਝ ਗੁਰ ਸਿੱਖਾਉਣ ਦੀ ਲੋੜ ਹੈ।

ਇਸ ਕੰਮ ਲਈ ਜੇ ਸਕੂਲਾਂ ਚ ਕੁਝ ਨਹੀਂ ਹੋ ਸਕਦਾ, ਤਾਂ ਜਨਤਕ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ ਜਾ ਸਕਦੀਆਂ ਹਨ। ਜੇ ਹੋਰ ਧਾਰਮਿਕ ਇਕੱਠਾਂ ਜਾਂ ਸੇਵਾ-ਭਾਵੀ ਸਰਗਰਮੀਆਂ ਲਈ ਅਸੀਂ ਸਮਾਂ ਕੱਢ ਸਕਦੇ ਹਾਂ, ਤਾਂ ਚਲੰਤ ਮਸਲਿਆਂ ਬਾਰੇ ਗੱਲਬਾਤ ਕਰਨ ਲਈ ਅਜਿਹਾ ਉਪਰਾਲਾ ਕਿਉਂ ਨਹੀਂ ਹੋ ਸਕਦਾ। ਮਿਸਾਲ ਵਜੋਂ, ਬਿਗਬੈਂਗ ਬਾਰੇ ਪਰਲੋ ਦਾ ਡਰਾਵਾ ਜਾਂ ਕੁਝ ਸਮਾਂ ਪਹਿਲਾਂ ਮੂਰਤੀਆਂ ਦੁਆਰਾ ਦੁੱਧ ਪੀਣ ਦਾ ਪਰਦਾਫਾਸ਼ ਕਰਨ ਲਈ ਸਰਕਾਰੀ ਅਦਾਰਿਆਂ ਨੂੰ ਪਹਿਲ ਕਦਮੀ ਕਰਨੀ ਚਾਹੀਦੀ ਸੀ, ਜੋ ਨਹੀਂ ਹੋਈ। ਇਹ ਕੰਮ ਲੋਕ-ਪੱਖੀ ਸਰੋਕਾਰ ਰੱਖਣ ਵਾਲੀਆਂ ਕੁਝ ਜਨਤਕ ਜੱਥੇਬੰਦੀਆਂ ਨੇ ਕੀਤਾ। ਅਫਸੋਸ ਦੀ ਗੱਲ ਇਹ ਹੈ ਕਿ ਇਸ ਪਾਗਲਪਨ ਵਿੱਚ ਪੜ੍ਹਿਆ-ਲਿਖਿਆ ਵਰਗ ਵੀ ਸ਼ਾਮਿਲ ਸੀ।

ਚੰਗੀ ਮਾਨਸਿਕ ਸਿਹਤ ਲਈ, ਜੀਵਨ ਜਾਚ ਦੇ ਕੁਝ ਗੁਰ-ਜਿਵੇਂ ਦਰਪੇਸ਼ ਸਮੱਸਿਆਵਾਂ ਨੂੰ ਖੁਦ ਨਜਿਠਣ ਦਾ ਵੱਲ, ਦੁਬਿਧਾ ਵੇਲੇ ਨਿਰਣਾ ਕਰਨ ਦੀ ਜਾਚ ਅਤੇ ਸਹੀ ਫੈਸਲੇ ਲੈਣ ਦੀ ਜੁਰਅਤ, ਭਾਵਨਾਵਾਂ ਦਾ ਸੰਚਾਲਨ, ਸਿਰੜ ਅਤੇ ਪ੍ਰਤੀਬੱਧਤਾ ਆਦਿ ਦੀ ਵਿਹਾਰਕ ਸਿਖਿਆ ਜਰੂਰੀ ਹੈ। ਇਸ ਪ੍ਰਸੰਗ ਵਿੱਚ ਦੇਖਦਿਆਂ, ਮਾਨਸਿਕ ਸਿਹਤ ਦੀ ਪੜਾਈ ਨੂੰ ਜਰੂਰੀ ਵਿਸ਼ੇ ਵਜੋਂ ਲਾਉਣ ਲਈ ਅਕਾਦਮਿਕ ਅਦਾਰਿਆਂ 'ਤੇ ਜੋਰ ਪਾਉਣਾ ਜਰੂਰੀ ਹੈ। ਇਨ੍ਹਾਂ ਗੁਣਾਂ ਦੇ ਸੰਚਾਰ ਲਈ ਆਪਸੀ ਵਿਚਾਰ-ਵਟਾਂਦਰੇ, ਸੈਮੀਨਾਰ, ਅਤੇ ਅਮਲੀ ਸਮੱਸਿਆਵਾਂ ਦਿੱਤੀਆ ਜਾ ਸਕਦੀਆਂ ਹਨ।

ਕੁਝ ਸਕੂਲਾਂ ਨੇ ਪੀਅਰ ਕਾਉਂਸਲਿੰਗ ਦਾ ਢੰਗ ਵੀ ਅਪਣਾਇਆ ਹੈ, ਜਿਸ ਵਿੱਚ ਬੱਚੇ ਕਿਸੇ ਮੁੱਦੇ 'ਤੇ ਆਪਸ ਵਿੱਚ ਵਿਚਾਰ-ਵਟਾਂਦਰਾ ਕਰਦੇ ਹਨ। ਸੰਗਾਊ ਬੱਚਿਆਂ ਲਈ ਸਕੂਲਾਂ ਵਿੱਚ 'ਸੁਝਾਓ ਪੇਟੀ' ਰੱਖੀ ਜਾ ਸਕਦੀ ਹੈ, ਜਿਸ ਵਿੱਚ ਉਹ ਆਪਣੀਆਂ ਸਮੱਸਿਆਵਾਂ ਤੇ ਸੁਆਲ ਲਿਖ ਕੇ ਪਾ ਸਕਦੇ ਹਨ। ਇਨ੍ਹਾਂ ਦਾ ਹੱਲ ਕਲਾਸ ਟੀਚਰ ਕਰੇ। ਇਸ ਤਰ੍ਹਾਂ ਦੇ ਬੱਚਿਆਂ 'ਚੋਂ ਝਿਜਕ ਕੱਢਣ ਦੀ ਵੀ ਲੋੜ ਹੈ। ਸਿਲੇਬਸ ਦੀਆਂ ਕਿਤਾਬਾਂ ਤਾਂ ਪੜ੍ਹਨੀਆਂ ਹੀ ਹਨ, ਇਸ ਦੇ ਨਾਲ ਚੰਗੇ ਸਾਹਿਤ, ਯੁਗ-ਪੁਰਸ਼ਾਂ ਦੀਆਂ ਜੀਵਨੀਆਂ, ਸੰਗੀਤ ਆਦਿ ਵੀ ਪੜਾਈ ਦਾ ਅਟੁੱਟ ਅੰਗ ਬਣਨੇ ਚਾਹੀਦੇ ਹਨ। ਜਿੱਥੋਂ ਤੱਕ ਮਾਪਿਆਂ ਦਾ ਸੁਆਲ ਹੈ, ਇਕੱਲੀਆਂ ਫੀਸਾਂ ਦੇਣੀਆਂ ਹੀ ਉਨ੍ਹਾਂ ਦਾ ਮੁੱਖ ਕਾਰਜ ਨਹੀਂ, ਉਨ੍ਹਾਂ ਨੂੰ ਇਹ ਖਬਰ ਵੀ ਹੋਣੀ ਚਾਹੀਦੀ ਹੈ ਕਿ ਬੱਚੇ ਕੀ ਪੜ੍ਹਦੇ ਹਨ। ਉਨ੍ਹਾਂ ਦੀਆਂ ਦਿਲਚਸਪੀਆਂ ਕੀ ਹਨ? ਉਨ੍ਹਾਂ ਦੇ ਖਬਤ ਕਿਹੋ ਜਿਹੇ ਹਨ? ਉਹ ਕਿਸ ਚੀਜ ਤੋਂ ਡਰਦੇ ਹਨ? ਅਨਪੜ ਮਾਪਿਆਂ ਲਈ ਇਹ ਕੰਮ ਔਖਾ ਹੈ, ਪਰ ਪੜ੍ਹੇ-ਲਿਖੇ ਉਨ੍ਹਾਂ ਦੀ ਮੱਦਦ ਕਰ ਸਕਦੇ ਹਨ। ਇਸ ਲਈ ਮਾਪਿਆਂ ਨੂੰ ਅਧਿਆਪਕਾਂ ਨਾਲ ਤਾਲ-ਮੇਲ ਬਣਾਈ ਰੱਖਣਾ ਚਾਹੀਦਾ ਹੈ। ਮਾਪਿਆਂ ਵੱਲੋਂ ਅੱਜ-ਕੱਲ੍ਹ ਬਹੁਤਾ ਜੋਰ ਇਮਤਿਹਾਨਾਂ 'ਚ ਵੱਧ ਨੰਬਰ ਦੁਆਉਣ 'ਤੇ ਲਾਇਆ ਜਾਂਦਾ ਹੈ, ਜਿਸ ਨਾਲ ਕਿਆਸੇ ਪੱਧਰ ਨੂੰ ਨਾ ਪ੍ਰਾਪਤ ਕਰਨ ਕਰਕੇ ਬੱਚੇ ਖੁਦਕਸ਼ੀਆ ਦੇ ਰਾਹ ਪੈ ਜਾਂਦੇ ਹਨ। ਨਾਕਾਮ ਬੱਚਿਆਂ ਦੇ ਪ੍ਰੇਮ ਦਾ ਹੁੰਗਾਰਾ ਜੇ ਨਾ ਦਿੱਤਾ ਜਾਵੇ, ਤਾਂ ਉਨ੍ਹਾਂ ਦੇ ਹੱਥ ਤੇਜ਼ਾਬ ਦੀ ਬੋਤਲ ਵੱਲ ਵੱਧਦੇ ਹਨ।

ਬੱਚਿਆਂ ਦੀ ਆਰਥਿਕ ਸੁਰੱਖਿਆ ਲਈ, ਫਿਕਰ ਤਾਂ ਸਮਝ ਆਉਂਦਾ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਬੋਝਿਆਂ 'ਚ ਡਿਗਰੀਆਂ ਪਾਈ ਫਿਰਦੇ ਅਤੇ ਜਿੰਦਗੀ ਦੀਆਂ ਤਲਖ ਹਕੀਕਤਾਂ ਤੋਂ ਕੋਰੇ ਇਹ ਨੌਜਵਾਨ ਜਿੱਥੇ ਵੀ ਜਾਣਗੇ, ਫੇਲ੍ਹ ਹੀ ਹੋਣਗੇ, ਉਹ ਭਾਵੇਂ ਪਰਿਵਾਰਕ ਜਿੰਦਗੀ ਹੋਵੇ, ਕੰਮ ਦੀ ਜਗ੍ਹਾ ਜਾਂ ਸਿਆਸਤ ਦੀ ਖੇਡ। ਕਾਲੇ ਧਨ ਜਾਂ ਔਖਿਆਂ ਹੋ ਕੇ ਕਮਾਏ ਪੈਸੇ ਨਾਲ ਦਿੱਤੀ ਸੁਰੱਖਿਆ 'ਚ ਪਲਦੇ ਬੱਚੇ ਦੇ ਬੁੱਧ ਬਣਨ ਦੀਆਂ ਸੰਭਾਵਨਾਵਾਂ ਸੁੰਗੜ ਜਾਂਦੀਆਂ ਹਨ ਅਤੇ ਉਹ 'ਸਿਧਾਰਥ' ਹੀ ਰਹਿ ਜਾਂਦਾ ਹੈ। ਉਸ ਦੇ ਇਨਕਲਾਬੀ ਬਣਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਬੁੱਧ ਬਣਨ ਲਈ ਉਸ ਦਾ ਜੀਵਨ ਦੀਆਂ ਹਕੀਕਤਾਂ ਨਾਲ ਦੋ-ਚਾਰ ਹੋਣਾ ਜਰੂਰੀ ਹੈ।

ਸਿੱਖਿਆ ਸ਼ਾਸਤਰੀ ਵਿਦਿਆਨਾਥਨ ਮੁਤਾਬਿਕ, ਬੱਚਿਆਂ ਦੀ ਮਾਨਸਿਕ ਸਿਹਤ ਅਤੇ ਪ੍ਰੋੜਤਾ ਵੱਲ ਜੇ ਫੌਰੀ ਧਿਆਨ ਨਾ ਦਿੱਤਾ ਜਾਵੇ, ਤਾਂ ਵੱਡੇ ਹੋ ਕੇ ਉਹ ਭਾਵੇਂ ਕੁਝ ਵੀ ਬਣ ਜਾਣ, ਇਹ ਜਰੂਰੀ ਹੈ ਕਿ ਉਹ ਭ੍ਰਿਸ਼ਟਾਚਾਰੀ ਬਣਨਗੇ, ਨਸ਼ਾ ਕਰਨਗੇ, ਫਾਹੇ ਲੈਣਗੇ ਜਾਂ ਕਿਸੇ ਨੂੰ ਮਾਰਨਗੇ। ਸਮਾਜ ਨੂੰ ਸੋਹਣਾ ਬਣਾਉਣ ਦੀ ਥਾਂ, ਉਹ ਇਸ ਦੇ ਵਿਨਾਸ਼ 'ਚ ਭਾਗੀ ਬਣਨਗੇ। ਕੀ ਅੱਜ ਕੱਲ ਇਹੀ ਨਹੀਂ ਹੋ ਰਿਹਾ? ਇਹ ਸੋਚਣ ਵਾਲਾ ਮਸਲਾ ਹੈ।

# ਨੌਜਵਾਨ ਦਿਲਾਂ ਦੀਆਂ ਭਾਵਨਾਵਾਂ ਦੀ ਦਿਲਚਸਪ ਕਹਾਣੀ 'ਹੇਟਰਜ਼'

ਪੁਖਰਾਜ ਭੱਲਾ ਪੰਜਾਬੀ ਫਿਲਮਾਂ ਦੇ ਸਿਰਮੌਰ ਕਾਮੇਡੀਅਨ ਜਸਵਿੰਦਰ ਭੱਲੇ ਦਾ 'ਛਣਕਾਟਿਆਂ ਦੀ ਛਣਕਾਰ' ਨਾਲ ਖੇਡ ਕੇ ਜਵਾਨ ਹੋਇਆ ਜਮਾਂਦਰੂ ਕਲਾਕਾਰ ਪੁੱਤ ਹੈ। ਚਰਚਿਤ ਵੈਬ ਸ਼ੀਰੀਜ਼ 'ਯਾਰ ਜਿਗਰੀ ਕਸੂਤੀ ਡਿਗਰੀ' ਨਾਲ ਲੱਖਾਂ ਨੌਜਵਾਨਾਂ ਦੀ ਪਸੰਦ ਬਣਿਆ ਪੁਖਰਾਜ ਭੱਲਾ ਅੱਜ ਕੱਲ੍ਹ ਪੰਜਾਬੀ ਫਿਲਮਾਂ ਦਾ ਨਾਮੀ ਕਲਾਕਾਰ ਹੈ। 'ਸਟੂਪਿਡ ਸੈਵਨ', 'ਹਰਜੀਤਾ', 'ਆਰ. ਐਸ. ਵੀ. ਪੀ.', 'ਵਿਸਾਖੀ ਲਿਸਟ', 'ਗੋਲਕ ਬੁਗਨੀ ਬੈਂਕ ਤੇ ਬਟੂਆ' ਅਤੇ 'ਅਫਸਰ' ਫਿਲਮਾਂ ਵਿਚ ਉਸ ਦੀ ਅਦਾਕਾਰੀ ਦਰਸਕਾਂ ਨੇ ਪਸੰਦ ਕੀਤੀ ਹੈ। ਬੀਤੇ ਦਿਨੀਂ ਆਈ 'ਜਿੰਨੇ ਜੰਮੇ ਸਾਰੇ ਨਿਕੰਮੇ' ਫਿਲਮ ਨਾਲ ਪੁਖਰਾਜ ਮੁੜ ਚਰਚਾ ਵਿਚ ਹੈ।



ਫਿਲਮ ਦੇ ਦੋ ਵੱਖ ਵੱਖ ਸੀਨ

ਜ਼ਿਕਰਯੋਗ ਹੈ ਕਿ ਪੁਖਰਾਜ ਭੱਲਾ ਤੇ ਪ੍ਰਭ ਗਰੇਵਾਲ ਦੀ ਜੋੜੀ ਵਾਲੀ ਇੱਕ ਨਵੀਂ ਫਿਲਮ 'ਹੇਟਰਜ਼' ਵੀ ਬਹੁਤ ਜਲਦ ਰਿਲੀਜ਼ ਹੋਣ ਜਾ ਰਹੀ ਹੈ। ਰੰਜੀਵ ਸਿੰਗਲਾ ਪ੍ਰੋਡਕਸ਼ਨ ਦੇ ਬੈਨਰ ਹੇਠ ਨਿਰਮਾਤਾ ਰੰਜੀਵ ਸਿੰਗਲਾ ਦੀ ਫਿਲਮ 'ਹੇਟਰਜ਼' ਅੱਜ ਦੀ ਨੌਜਵਾਨੀ ਨਾਲ ਸਬੰਧਤ ਵਿਸ਼ੇ 'ਤੇ ਆਧਾਰਤ ਹੈ, ਜਿਸ ਨੂੰ ਨੌਜਵਾਨ ਲੇਖਕ ਤੇ ਨਿਰਦੇਸ਼ਕ ਮਨਪ੍ਰੀਤ ਬਰਾੜ ਨੇ ਆਪਣੀ ਨਿਰਦੇਸ਼ਨਾਂ ਹੇਠ ਬਣਾਇਆ ਹੈ। ਮਨਪ੍ਰੀਤ ਬਰਾੜ ਨੇ ਦੱਸਿਆ ਕਿ ਇਹ ਫਿਲਮ ਤਿੰਨ ਦੋਸਤਾਂ ਦੀ ਕਹਾਣੀ ਹੈ, ਜੋ ਪਿਆਰ ਅਤੇ ਨਫਰਤ ਦੀ ਤੁਲਨਾ 'ਚ ਅੱਗੇ ਵਧਦੀ ਸਮਾਜ ਨਾਲ ਜੁੜੇ ਵੱਖ ਵੱਖ ਪਹਿਲੂਆਂ 'ਤੇ ਚਾਨਣਾ ਪਾਉਂਦੀ ਹੈ। ਇਹ ਸਮਾਜਿਕ ਦਾਇਰੇ ਦੀ ਪਰਿਵਾਰਕ ਫਿਲਮ ਹੈ। ਸਸਪੈਂਸ ਅਤੇ ਥ੍ਰਿੱਲਰ ਭਰਪੂਰ ਇਸ ਫਿਲਮ ਵਿਚਲੀਆਂ ਘਟਨਾਵਾਂ ਸਮਾਜ ਅਤੇ ਸਾਡੀ ਜ਼ਿੰਦਗੀ ਦਾ ਹਿੱਸਾ ਜਾਪਦੀਆਂ ਹਨ। ਪ੍ਰਭ ਗਰੇਵਾਲ ਤੇ ਪੁਖਰਾਜ ਭੱਲਾ ਦੀ ਜੋੜੀ ਵਾਲੀ ਇਸ ਫਿਲਮ ਵਿਚ ਲੱਕੀ ਧਾਲੀਵਾਲ, ਅੰਮ੍ਰਿਤ ਅੰਬੇ, ਮਲਕੀਤ ਰੌਣੀ, ਸੀਮਾ ਕੌਸ਼ਲ, ਗੁਰਪ੍ਰੀਤ ਭੰਗੂ, ਜਗਦੀਪ ਰੰਧਾਵਾ, ਕਰਮ ਕੌਰ, ਹਰਸਿਮਰਨ ਅੱਤਲੀ ਆਦਿ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੀ ਕਹਾਣੀ ਮਨਪ੍ਰੀਤ ਬਰਾੜ ਨੇ ਲਿਖੀ ਹੈ। ਸਕਰੀਨ ਪਲੇਅ ਪੰਕਜ ਵਰਮਾ ਨੇ ਲਿਖਿਆ ਹੈ ਤੇ ਡਾਇਲਾਗ ਬਿੰਦੀ ਤੋਲਾਵਾਲ ਨੇ ਲਿਖੇ ਹਨ।

ਇਹ ਫਿਲਮ 12 ਨਵੰਬਰ ਨੂੰ ਦੇਸ਼-ਵਿਦੇਸ਼ਾਂ 'ਚ ਰਿਲੀਜ਼ ਕੀਤੀ ਜਾ ਰਹੀ ਹੈ। 'ਲਾਵਾਂ ਫੇਰੇ', 'ਮਿੰਦੋ ਤਹਿਸੀਲਦਾਰਨੀ', 'ਕੁੜੀਆਂ ਜਵਾਨ, ਬਾਪੂ ਪ੍ਰੇਸ਼ਾਨ' ਫਿਲਮਾਂ ਬਣਾਉਣ ਵਾਲੇ ਨਿਰਮਾਤਾ ਰੰਜੀਵ ਸਿੰਗਲਾ ਨੇ ਦੱਸਿਆ ਕਿ ਲਾਕ ਡਾਊਨ ਤੋਂ ਬਾਅਦ ਪੰਜਾਬੀ ਸਿਨੇਮਾ ਦੇ ਵਿਹੜੇ ਮੁੜ ਰੌਣਕਾਂ ਲੱਗਣੀਆਂ ਸ਼ੁਰੂ ਹੋਈਆਂ ਹਨ। 'ਕੁੜੀਆਂ ਜਵਾਨ, ਬਾਪੂ ਪ੍ਰੇਸ਼ਾਨ' ਤੋਂ ਬਾਅਦ ਇਹ ਸਾਡੀ ਦੂਸਰੀ ਫਿਲਮ ਹੈ, ਜੋ ਨਵੰਬਰ ਮਹੀਨੇ ਰਿਲੀਜ਼ ਹੋਵੇਗੀ। ਇਸੇ ਦੌਰਾਨ ਨਵੀਂ ਫਿਲਮ 'ਮਾਹੀ ਮੇਰਾ ਨਿੱਕਾ ਜਿਹਾ' ਦਾ ਨਿਰਮਾਣ ਵੀ ਸ਼ੁਰੂ ਕੀਤਾ ਹੈ। ਆਸ ਹੈ, ਦਰਸ਼ਕ ਪਹਿਲੀਆਂ ਫਿਲਮਾਂ ਵਾਂਗ ਸਾਡੀਆਂ ਇਨ੍ਹਾਂ ਫਿਲਮਾਂ ਨੂੰ ਵੀ ਪਿਆਰ ਦੇਣਗੇ।

-ਸੁਰਜੀਤ ਜੱਸਲ
ਫੋਨ: 91-98146-07737

# ਤਿੰਨ ਪੱਤਰਕਾਰ

ਰੱਬ ਦੇ ਫਰਿਸ਼ਤੇ ਤਿੰਨ ਪੱਤਰਕਾਰਾਂ ਦੀਆਂ ਰੂਹਾਂ ਕੱਢ ਕੇ ਅੱਜ ਹੀ ਧਰਤੀ ਤੋਂ ਮੁੜੇ ਸਨ ਅਤੇ ਹੁਣ ਪਾਪ-ਪੁੰਨ ਵਾਲੀ ਕਤਾਰ ਵਿਚ ਉਨ੍ਹਾਂ ਨੂੰ ਖੜ੍ਹਾ ਕਰ ਰਹੇ ਸਨ। ਚਿੱਤਰਗੁਪਤ ਆਪਣਾ ਵਹੀ ਖਾਤਾ ਖੋਲ੍ਹ ਕੇ ਸਭ ਦਾ ਹਿਸਾਬ-ਕਿਤਾਬ ਕਰਨ ਵਿੱਚ ਰੁੱਝਿਆ ਹੋਇਆ ਸੀ। ਪਹਿਲੇ ਪੱਤਰਕਾਰ ਦੀ ਵਾਰੀ ਆਈ ਉਸ ਨੂੰ ਸਵਰਗ ਦਾ ਦੁਆਰ ਮਿਲਿਆ, ਉਸ ਨੇ ਜ਼ਿੰਦਗੀ ਵਿੱਚ ਬੜੇ ਨੇਕ ਕੰਮ ਖੱਟੇ ਸਨ। ਉਸ ਨੇ ਬੜੇ ਲੋਕਾਂ ਦੀ ਮਦਦ ਕੀਤੀ ਸੀ, ਉਸ ਨੇ ਕਦੇ ਵੀ ਕਿਸੇ ਨੂੰ ਧਰਮ ਦੇ ਨਾਮ ਤੇ ਨਹੀਂ ਪਾੜਿਆ ਸੀ, ਹਮੇਸ਼ਾ ਸੱਚ ਦੀ ਲੜਾਈ ਹੀ ਲੜੀ ਸੀ। ਹੁਣ ਆਪਣੇ ਕਰਮਾਂ ਦਾ ਫਲ ਪਾਉਣ ਲਈ ਦੂਜਾ ਪੱਤਰਕਾਰ ਅੱਗੇ ਵਧਿਆ ਉਸ ਦੇ ਮੱਥੇ ਵੱਲ ਦੇਖ ਕੇ ਚਿੱਤਰ ਗੁਪਤ ਹੱਸ ਪਿਆ ਇਹ ਪੱਤਰਕਾਰ ਨੈਸ਼ਨਲ ਮੀਡੀਆ ਦਾ ਪੱਤਰਕਾਰ ਸੀ। ਚਿਤਰਗੁਪਤ ਬੋਲਿਆ ਮੈਂ ਸੁਣਿਆ ਸੀ ਤੂੰ ਇਕੱਲਾ ਹੀ ਐਸਾ ਪੱਤਰਕਾਰ ਏਜਿਹੜਾ ਬਾਕੀਆਂ ਵਾਂਗ ਵਿਕਾਊ ਨਹੀਂ ਬਣਿਆ ਸੀ ਅਤੇ ਜ਼ੁਲਮੀ ਹਕੂਮਤ ਨਾਲ ਸਿੱਧੀ ਟੱਕਰ ਲੈਣ ਵਿਚ ਕਦੇ ਵੀ ਨੀ ਕਤਰਾਉਂਦਾ ਸੀ। ਮੈਂ ਸੁਣਿਆ ਸਮੇਂ ਸਮੇਂ ਨਾਲ ਤੁਹਾਡੇ ਚੈਨਲ ਨੂੰ ਵੀ ਬੰਦ ਕਰ ਦਿੱਤਾ ਜਾਂਦਾ ਸੀ। ਇਸ ਪੱਤਰਕਾਰ ਨੂੰ ਵੀ ਬੜੇ ਆਦਰ ਨਾਲ ਸਵਰਗਾਂ ਦੇ ਵਿਚ ਭੇਜਿਆ ਗਿਆ। ਹੁਣ ਵਾਰੀ ਸੀ ਤੀਜੀ ਬੀਬੀ ਪੱਤਰਕਾਰ ਦੀ ਚਿੱਤਰਗੁਪਤ ਨੇ ਇੱਕ ਅਜੀਬ ਇੱਛਾ ਜ਼ਾਹਿਰ ਕੀਤੀ। ਬੋਲਿਆ ਬੀਬੀ ਮੈਨੂੰ ਤੇਰਾ ਲੇਖਾ-ਜੋਖਾ ਨਜ਼ਰ ਨਹੀਂ ਆ ਰਿਹਾ, ਮੇਹਰਬਾਨੀ ਹੋਵੇਗੀ ਜੇ ਤੂੰ ਆਪਣੇ ਬਾਰੇ ਜਾਂ ਆਪਣੇ ਕੀਤੇ ਚੰਗੇ-ਮੰਦੇ ਕੰਮਾਂ ਬਾਰੇ ਆਪ ਹੀ ਦੱਸ ਦੇਵੇਂ। ਪੱਤਰਕਾਰ ਬੀਬੀ ਇਕੋ ਈ ਸਾਹ ਚ ਬੋਲਣ ਲੱਗ ਪਈ। ਕਹਿੰਦੀ ਮੈਂ ਹਿੰਦੂ-ਸਿੱਖ ਮੁਸਲਿਮ-ਈਸਾਈ ਨੂੰ ਹਮੇਸ਼ਾ ਜੋੜਿਆ ਏ, ਮੈਂ ਹਮੇਸ਼ਾ ਸੱਚ ਦੇ ਨਾਲ ਹੀ ਖੜ੍ਹੀ ਹਾਂ। ਮੈਂ ਹਰ ਇਨਸਾਨ 'ਚੋਂ ਰੱਬ ਦੇਖਿਆ ਏ, ਕਦੇ ਵੀ ਝੂਠ ਨਹੀਂ ਬੋਲੀ। ਕਦੇ ਵੀ ਕਿਸੇ ਗਰੀਬੀ ਇਨਸਾਨ ਦਾ ਸਾਥ ਨਹੀਂ ਦਿੱਤਾ, ਮੈਂ ਅੰਨ ਉਗਾਉਣ ਵਾਲੇ ਕਿਸਾਨਾਂ ਨੂੰ ਕਦੇ ਅੱਤਵਾਦੀ ਵੀ ਨਹੀਂ ਕਿਹਾ। ਇੰਨੇ ਨੂੰ ਗੁੱਸੇ ਵਿੱਚ ਧਰਮਰਾਜ ਵੀ ਬੋਲ ਉਠੇ, ਕਹਿੰਦੇ ਬਸ ਬਸ ਬੀਬੀ ਏਨਾ ਝੂਠ ਨਾ ਬੋਲੋ ਇਹ ਸਾਡੀ ਹੱਕ-ਸੱਚ ਦੀ ਕਚਹਿਰੀ ਏ ਤੁਹਾਡਾ ਨਿਊਜ਼ ਚੈਨਲ ਨਹੀਂ, ਪਤਾ ਤੇ ਸਾਨੂੰ ਤੇਰਾ ਸਭ ਸੀ ਅਸੀਂ ਤਾਂ ਬਸ ਚੈਕ ਹੀ ਕਰਦੇ ਪਏ ਸੀ

ਲੋਕਾਂ ਨੂੰ ਬੇਵਕੂਫ ਬਣਾਉਣ ਵਾਲੀ ਅੱਜ ਰੱਬ ਨੂੰ ਬਖ਼ਸ਼ਦੀ ਹੈ ਕਿ ਨਹੀਂ?

-ਮਨਦੀਪ ਖਾਨਪੁਰੀ
ਖਾਨਪੁਰ ਸਹੋਤਾ, ਹੁਸ਼ਿਆਰਪੁਰ
ਫੋਨ: 91-97791-79060

# ਬੈਚ ਫੁੱਲ ਦਵਾਈ ਵਿਲ੍ਹੋ: ਦੋਸ਼ ਮੜ੍ਹਨਾ

(ਪਿਛਲੇ ਸਫੇ ਦੀ ਬਾਕੀ)

ਗੱਲਾਂ ਹਨ। ਇਕ ਬਜ਼ੁਰਗ ਬੀਬੀ ਨੇ ਮੈਨੂੰ ਕਾਲ ਕਰ ਕੇ ਕਿਹਾ, "ਭਰਾ ਜੀ, ਮੈਂ ਤੁਹਾਡੀ ਪਾਠਕ ਹਾਂ, ਤੁਹਾਡੀ ਕਿਤਾਬ ਤੋਂ ਫੋਨ ਲੈ ਕੇ ਗੱਲ ਕਰ ਰਹੀ ਹਾਂ। ਤੁਹਾਡੇ ਨਾਲ ਵਿਸ਼ੇਸ਼ ਗੱਲ ਕਰਨੀ ਹੈ ਤੇ ਕਰਨੀ ਵੀ ਮਿਲ ਕੇ ਹੈ, ਫੋਨ 'ਤੇ ਨਹੀਂ ਕਰ ਸਕਦੀ। ਸ਼ਾਮ ਨੂੰ ਪੰਜ ਵਜੇ ਮੈਂ ਫਲਾਂ ਗੁਰੂ ਘਰ ਵਿਚ ਤੁਹਾਡਾ ਇੰਤਜ਼ਾਰ ਕਰਾਂਗੀ। ਪਹੁੰਚ ਜਾਣਾ। ਜੇ ਨਹੀਂ ਪਹੁੰਚ ਸਕਦੇ ਤਾਂ ਮੈਨੂੰ ਹੁਣੇ ਦੱਸ ਦਿਓ, ਕਿਉਂਕਿ ਉੱਥੇ ਮੇਰੇ ਕੋਲ ਫੋਨ ਨਹੀਂ ਹੋਵੇਗਾ। ਐਵੇਂ ਬੈਠੀ ਉਡੀਕ ਕਰਦੀ ਰਹਾਂਗੀ।" ਮੈਂ ਉਸ ਨੂੰ ਹਾਂ ਕਰ ਕੇ ਨਿਯਤ ਸਮੇਂ 'ਤੇ ਉੱਥੇ ਪਹੁੰਚ ਗਿਆ।

ਮੈਨੂੰ ਮਿਲਦਿਆਂ ਸਾਰ ਉਹ ਬੀਬੀ ਬੋਲੀ, "ਮੈਂ ਤਾਂ ਪੰਦਰਾਂ ਮਿੰਟ ਪਹਿਲਾਂ ਹੀ ਪਹੁੰਚ ਗਈ ਸੀ। ਉਡੀਕ ਕਰਦਿਆਂ ਸੋਚ ਰਹੀ ਸੀ ਕਿ ਪਤਾ ਨਹੀਂ ਆਉਣਗੇ ਕਿ ਨਹੀਂ। ਤੁਹਾਡੀ ਕਿਤਾਬ ਤੋਂ ਤੁਹਾਡੀ ਫੋਟੋ ਦੇਖੀ ਹੋਈ ਸੀ, ਦੂਰੋਂ ਦੇਖ ਕੇ ਹੀ ਪਛਾਣ ਗਈ ਕਿ ਆ ਤਾਂ ਗਏ। ਭਰਾ ਜੀ, ਮੈਂ ਬਹੁਤ ਦੁਖੀ ਹਾਂ ਮੈਨੂੰ ਸਲਾਹ ਦਿਓ, ਮੈਂ ਕੀ ਕਰਾਂ?"

ਮੈਂ ਬੀਬੀ ਨੂੰ ਉਸ ਦੀ ਤਕਲੀਫ ਬਾਰੇ ਪੁੱਛਿਆ। ਉਹ ਕਹਿਣ ਲੱਗੀ, "ਮੇਰਾ ਮਨ ਕਿਤੇ ਭੱਜ ਜਾਣ ਨੂੰ ਕਰਦਾ ਹੈ, ਮੈਨੂੰ ਦੱਸੋ ਮੈਂ ਕਿੱਥੇ ਜਾਵਾਂ?" ਮੈਂ ਉਸ ਨੂੰ ਇਸ ਦਾ ਕਾਰਨ ਪੁੱਛਿਆ। ਕਹਿਣ ਲੱਗੀ, "ਮੈਨੂੰ ਤਾਂ ਆਪ ਨੀ ਪਤਾ। ਮੇਰੇ ਘਰ ਦਾ ਬੱਚਾ ਬੱਚਾ ਮੇਰਾ ਦੁਸ਼ਮਣ ਹੈ। ਸਾਰੇ ਇੰਨੇ ਮਾੜੇ ਹਨ ਕਿ ਕੋਈ ਵੀ ਮੇਰੇ ਨਾਲ ਨਹੀਂ ਬੋਲਦਾ। ਤਿੰਨ ਨੂੰਹਾਂ ਹਨ, ਤਿੰਨੇ ਨੱਕ ਵੱਟ ਕੇ ਰੱਖਦੀਆਂ ਹਨ। ਆਉਂਦੀਆਂ ਨੇ ਹੀ ਮੇਰੇ ਲੜਕਿਆਂ ਦੇ ਸਿਰ ਵਿਚ ਪਤਾ ਨਹੀਂ ਕੀ ਪਾ ਦਿੱਤਾ, ਉਨ੍ਹਾਂ ਨੂੰ ਮੇਰੇ ਤੋਂ ਦੂਰ ਕਰ ਦਿੱਤਾ। ਨਾ ਮੇਰੇ ਨਾਲ ਬੋਲਦੀਆਂ ਹਨ, ਨਾ ਮੇਰੀ ਗੱਲ ਦਾ ਜਵਾਬ ਦਿੰਦੀਆਂ ਹਨ। ਸੁਣੀ ਗੱਲ ਨੂੰ ਅਣਸੁਣੀ ਕਰ ਦਿੰਦੀਆਂ ਹਨ। ਉਨ੍ਹਾਂ ਦੇ ਘਰ ਵਾਲੇ ਤਾਂ ਮੈਨੂੰ ਘੂਰਨ ਤੀਕ ਜਾਂਦੇ ਹਨ। ਪੋਤੇ-ਪੋਤੀਆਂ ਨੇ ਕਦੇ ਮੇਰਾ ਹਾਲ ਨਹੀਂ ਪੁੱਛਿਆ। ਇਕ ਪੁੱਤਰ ਥੋੜ੍ਹਾ ਬੋਲਦਾ ਹੈ, ਉਸੇ ਨਾਲ ਰਹਿੰਦੀ ਹਾਂ। ਉਸ ਦੀ ਘਰ ਵਾਲੀ ਬਿਨਾ ਬੋਲਿਆਂ ਮੇਰੀਆਂ ਦੋ ਮੰਨੀਆਂ ਪਕਾ ਕੇ ਰੱਖ ਦਿੰਦੀ ਹੈ ਤੇ ਮੈਂ ਖਾ ਲੈਂਦੀ ਹਾਂ। ਇਕ ਕਮਰਾ ਦੇ ਰੱਖਿਆ ਹੈ, ਉਸੇ ਵਿਚ ਸਵੇਰ ਤੋਂ ਸ਼ਾਮ ਤੀਕ ਰਹਿੰਦੀ ਹਾਂ। ਕਿਤਾਬਾਂ ਪੜ੍ਹਨ ਦਾ ਸ਼ੌਕ ਹੈ, ਪਰ ਲਿਆ ਕੇ ਕੌਣ ਦੇਵੇ? ਅਖਬਾਰ ਪੜ੍ਹ ਲੈਂਦੀ ਸੀ, ਹੁਣ ਉਹ ਵੀ ਗੁਰਦੁਆਰੇ ਆਉਣੇ ਬੰਦ ਹਨ। ਕੰਪਿਊਟਰ ਤੇ ਆਈ ਪੈਡ ਦੀ ਸਮਝ ਨਾ ਹੋਣ ਕਰਕੇ ਉਹ ਵੀ ਨਹੀਂ ਵਰਤ ਸਕਦੀ। ਰੇਡੀਓ ਤੋਂ ਸ਼ਬਦ ਸੁਣਦੀ ਸੀ, ਹੁਣ ਉਹ ਵੀ ਛੱਡ ਦਿੱਤੇ ਹਨ। ਜਿਸ ਪਰਮਾਤਮਾ ਦੇ ਸ਼ਬਦ ਹਨ, ਉਹੀ ਤਾਂ ਮੇਰੀ ਦੁਰਦਸ਼ਾ ਕਰਵਾ ਰਿਹਾ ਹੈ। ਸੋਚਦੀ ਹਾਂ, ਮੈਂ ਸੁਣ ਕੇ ਕੀ ਲੈਣਾ? ਮੈਨੂੰ ਸਲਾਹ ਦਿਓ, ਮੈਂ ਕਿਸ ਪਾਸੇ ਜਾਵਾਂ, ਇੰਡੀਆ ਚਲੀ ਜਾਵਾਂ?"

ਮੈਨੂੰ ਬੀਬੀ ਦੀ ਹਾਲਤ 'ਤੇ ਦੁਖ ਹੋ ਰਿਹਾ ਸੀ, ਇਸ ਲਈ ਮੈਂ ਉਸ ਦੀਆਂ ਗੱਲਾਂ ਨੂੰ ਗਹਿਰਾਈ ਵਿਚ ਸਮਝਣ ਦੀ ਕੋਸ਼ਿਸ਼ ਕੀਤੀ। ਉਸ ਨੇ ਮੇਰੇ ਆਏ ਦਾ ਧੰਨਵਾਦ ਨਹੀਂ ਕੀਤਾ, ਸਗੋਂ ਆਪਣਾ ਹੱਕ ਜਤਾਇਆ, ਉਸ ਨੇ ਆਪਣੇ ਪਰਿਵਾਰ ਦੇ ਸਭ ਜੀਆਂ ਨੂੰ ਮਾੜਾ ਕਿਹਾ, ਉਸ ਦੀ ਕੋਈ ਗੱਲ ਨਹੀਂ ਸੁਣਦਾ, ਉਸ ਦੇ ਕੋਈ ਸੁਝਾਅ ਨਹੀਂ ਮੰਨਦਾ, ਉਸ ਨੂੰ ਨੂੰਹਾਂ ਨਾਲ ਰੰਜਿਸ਼ ਹੈ ਤੇ ਪਰਮਾਤਮਾ ਪ੍ਰਤੀ ਉਸ ਦਾ ਰਵੱਈਆ ਉਲਾਂਭੇ ਭਰਿਆ ਹੈ, ਉਹ ਇੱਕਲੀ ਪੈ ਗਈ ਹੈ ਤੇ ਉਸ ਦਾ ਮਨ ਕਿਤੇ ਭੱਜ ਜਾਣ ਨੂੰ ਕਾਹਲਾ ਪੈ ਰਿਹਾ ਹੈ। ਇਹ ਸਭ ਪੱਖ ਵਿਚਾਰ ਕੇ ਮੈਂ ਉਸ ਨੂੰ ਫੁੱਲ ਦਵਾਈ ਵਿਲ੍ਹੋ ਦੇਣ ਦਾ ਫੈਸਲਾ ਕੀਤਾ।

ਮੈਂ ਉਸ ਨੂੰ ਕਿਹਾ, "ਕੋਈ ਨਾ ਬੀਬੀ, ਦਵਾਈ ਦੱਸਦਾ ਹਾਂ, ਇਸ ਨਾਲ ਸਭ ਠੀਕ ਹੋ ਜਾਏਗਾ।"

ਉਹ ਉਤਸੁਕਤਾ ਨਾਲ ਬੋਲੀ, "ਦਵਾਈ ਮੇਰੀਆਂ ਨੂੰਹਾਂ ਨੂੰ ਦਿਓਗੇ? ਮੈਂ ਉਨ੍ਹਾਂ ਨੂੰ ਖਲਾਉਂਗੀ ਕਿਵੇਂ?"

ਮੈਂ ਉਸ ਨੂੰ ਕਿਹਾ, "ਦਵਾਈ ਤਾਂ ਬੀਬਾ ਜੀ ਤੁਹਾਡੇ ਲਈ ਹੈ।"

ਉਹ ਤ੍ਰਭਕ ਕੇ ਬੋਲੀ, "ਭਰਾ ਜੀ ਤੁਸੀਂ ਵੀ ਉਹੀ ਗੱਲ ਕਰਦੇ ਹੋ। ਧੱਕਾ ਵੀ ਮੇਰੇ ਨਾਲ ਹੋ ਰਿਹਾ ਹੈ ਤੇ ਦਵਾਈ ਵੀ ਮੈਨੂੰ ਹੀ ਦਿਓਗੇ।" ਉਸ ਦੇ ਇਸ ਵਾਕ ਨੇ ਵਿਲ੍ਹੋ ਦੀ ਚੋਣ ਪ੍ਰਤੀ ਮੇਰਾ ਵਿਸ਼ਵਾਸ ਹੋਰ ਵੀ ਪੱਕਾ ਕਰ ਦਿੱਤਾ। ਉਸ ਨੇ ਦੋ ਮਹੀਨੇ ਦਵਾਈ ਖਾਧੀ। ਇਸ ਉਪਰੰਤ ਉਸ ਨੇ ਮੈਨੂੰ ਫਿਰ ਗੁਰੂ ਘਰ ਬੁਲਾਇਆ ਤੇ ਧੰਨਵਾਦ ਕਰਨ ਲਈ ਆਪਣੇ ਪੁੱਤਰ ਦੇ ਖੇਤ 'ਚੋਂ ਚੈਰੀਆਂ ਦਾ ਬੈਗ ਭਰ ਕੇ ਲਿਆਈ। ਹੈਰਾਨੀ ਦੀ ਗੱਲ ਇਹ ਕਿ ਉਸ ਨੂੰ ਗੁਰੂ ਘਰ ਉਸ ਦੀ ਵੱਡੀ ਨੂੰਹ ਲੈ ਕੇ ਆਈ ਸੀ!

# ਸੋਨੀਆਂ ਗਾਂਧੀ ਦੀ ਸਿਆਸੀ ਸੂਝ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com


ਕਾਂਗਰਸ ਵਰਕਿੰਗ ਕਮੇਟੀ ਦੀ ਤਾਜ਼ਾ ਬੈਠਕ ਨੇ ਸਿੱਧ ਕਰ ਦਿੱਤਾ ਹੈ ਕਿ ਬਾਹਰਲੇ ਦੇਸ਼ ਦੀ ਜੰਮਪਲ ਸੋਨੀਆਂ ਗਾਂਧੀ ਜਾਣਦੀ ਹੈ ਕਿ ਅਤਿਅੰਤ ਮਾੜੇ ਪੱਤਿਆਂ ਨਾਲ ਬਾਜ਼ੀ ਕਿਵੇਂ ਜਿੱਤਣੀ ਹੈ। ਸਨਿਚਰਵਾਰ ਵਾਲੀ ਬੈਠਕ ਤੋਂ ਪਤਾ ਲਗਦਾ ਹੈ ਕਿ ਉਸ ਦਾ ਵਿਰੋਧ ਕਰਨ ਵਾਲੇ ਜੀ-23 ਵਾਲੇ ਆਗੂਆਂ ਵਿਚ ਵੀ ਦਮਖ਼ਮ ਨਹੀਂ। ਮਾੜੀ ਸਿਹਤ ਦੇ ਬਾਵਜੂਦ ਸੋਨੀਆਂ ਗਾਂਧੀ ਦਾ ਹਿੱਕ ਥਾਪੜ ਕੇ ਇਹ ਕਹਿਣਾ ਕਿ ਇਸ ਵੇਲੇ ਉਸ ਤੋਂ ਬਿਨਾ ਪਾਰਟੀ ਦੀ ਕਮਾਂਡ ਹੋਰ ਕਿਸੇ ਦੇ ਹੱਥ ਨਹੀਂ ਤੇ ਉਹ ਅਗਲੇ ਸਾਲ ਵਰਕਿੰਗ ਕਮੇਟੀ ਦੀਆਂ ਚੋਣਾਂ ਪਿੱਛੋਂ ਇਹ ਵਾਗਡੋਰ ਚੁਣੇ ਗਏ ਪ੍ਰਧਾਨ ਨੂੰ ਖੁਸ਼ੀ ਖੁਸ਼ੀ ਸੌਂਪ ਦੇਵੇਗੀ। ਉਹ ਜਾਣਦੀ ਹੈ ਕਿ ਉਸ ਦਾ ਬੇਟਾ ਰਾਹੁਲ ਗਾਂਧੀ ਇਹ ਜ਼ਿੰਮੇਵਾਰੀ ਲੈਣ ਤੋਂ ਹਿਚਕਿਚਾ ਰਿਹਾ ਹੈ ਤੇ ਪੰਜਾਬ, ਉਤਰਾਖੰਡ ਤੇ ਉੱਤਰ ਪ੍ਰਦੇਸ਼ ਦੀਆਂ ਚੋਣਾਂ ਸਿਰ ਉਤੇ ਹਨ। ਹੋ ਸਕਦਾ ਹੈ ਉੱਤਰ ਪ੍ਰਦੇਸ਼ ਦੀਆਂ ਚੋਣਾਂ ਸਮੇਂ ਕਾਂਗਰਸ ਦੀ ਕਾਰਗੁਜ਼ਾਰੀ ਕੋਈ ਨਵਾਂ ਚਿਹਰਾ ਸਾਹਮਣੇ ਲੈ ਆਵੇ, ਜੋ ਬਾਗੀ ਸੁਰਾਂ ਨੂੰ ਪ੍ਰਵਾਨ ਹੋਵੇ। ਸੋਨੀਆਂ ਗਾਂਧੀ ਦਾ ਇਹ ਪੈਂਤੜਾ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬਿਠਾ ਕੇ ਖੁਦ ਰਾਜ ਕਰਨ ਤੋਂ ਘਟ ਨਹੀਂ। ਉਸ ਹਸਤੀ ਨੂੰ ਕੁਰਸੀ ਸੌਂਪੀ, ਜਿਸ ਨੇ ਦੇਸ਼ ਦੀ ਆਰਥਕਤਾ ਸੰਭਾਲੀ ਰੱਖੀ। ਜੇ ਕੱਲ ਨੂੰ ਉੱਤਰ ਪ੍ਰਦੇਸ਼ ਵਿਚ ਕਾਂਗਰਸ ਬਾਜ਼ੀ ਮਾਰ ਜਾਂਦੀ ਹੈ, ਜਿਵੇਂ ਕਿਸਾਨ ਅੰਦੋਲਨ ਦੀ ਦ੍ਰਿੜਤਾ ਹੈ, ਲਖੀਮਪੁਰ ਖੀਰੀ ਦੇ ਘਟਨਕ੍ਰਮ ਤੋਂ ਜਾਪਦਾ ਹੈ, ਤਾਂ ਪਾਰਟੀ ਦੀਆਂ ਚਾਬੀਆਂ ਨਵੇਂ ਚਿਹਰੇ ਦੇ ਹੱਥ ਆ ਸਕਦੀਆਂ ਹਨ, ਜਿਨ੍ਹਾਂ ਵਿਚੋਂ ਪ੍ਰਿਅੰਕਾ ਵਾਡਰਾ ਗਾਂਧੀ ਦੀ ਸੰਭਾਵਨਾ ਨਕਾਰੀ ਨਹੀਂ ਜਾ ਸਕਦੀ। ਇਹ ਪੈਂਤੜਾ ਕਿੰਨਾ ਕੁ ਸਫਲ ਹੁੰਦਾ ਹੈ, ਸਮੇਂ ਦੇ ਹੱਥ ਹੈ।


**ਭਾਰਤ ਦਾ ਭੁਖਮਰੀ ਸੂਚਕ ਅੰਕ ਚਿੰਤਾਜਨਕ:** ਆਪਣੇ ਚਹੇਤੇ ਇਮਾਰਤਕਾਰਾਂ ਨੂੰ ਲਾਭ ਪਹੁੰਚਾਉਣ ਲਈ ਜਲਿਆਂਵਾਲਾ ਬਾਗ ਦੀ ਦਿੱਖ ਸੰਵਾਰਨ ਤੇ ਨਵੀਂ ਦਿੱਲੀ ਦੇ ਸੈਂਟਰਲ ਵਿਸਟਾ ਵਿਖੇ ਨਵੀਨਤਮ ਸਕੱਤਰੇਤ ਦੀ ਸਿਰਜਣਾ ਕਰਵਾਉਣ ਵਾਲੀ ਕੇਂਦਰ ਸਰਕਾਰ ਇਹ ਭੁੱਲੀ ਬੈਠੀ ਹੈ ਕਿ ਦੇਸ਼ ਦੇ ਭੁਖਮਰੀ ਸੂਚਕ ਵਿਚ ਉੱਕਾ ਹੀ ਕੋਈ ਬਿਹਤਰੀ ਨਹੀਂ ਹੋਈ। ਜੇ ਪਿਛਲੇ ਸਾਲ ਦੇ ਸਰਵੇ ਅਨੁਸਾਰ 107 ਦੇਸ਼ਾਂ ਵਿਚੋਂ ਭਾਰਤ ਦਾ ਨੰਬਰ 94 ਸੀ ਤਾਂ ਇਸ ਸਾਲ 116 ਦੇਸ਼ਾਂ ਵਿਚੋਂ 101ਵੇਂ ਥਾਂ ਉਤੇ ਹੈ।

ਭਾਰਤ ਤੋਂ ਥੱਲੇ ਗਿਣੇ ਗਏ ਦੇਸ਼ ਕਾਂਗੋ, ਮੌਜ਼ਾਮਬੀਕ, ਨਾਈਜ਼ੀਰੀਆ, ਹੈਤੀ, ਯਮਨ ਤੇ ਸੋਮਾਲੀਆ ਵਰਗੇ ਸਿਰਫ 15 ਹੀ ਹਨ, ਜਦ ਕਿ ਇਸ ਦੇ ਗੁਆਂਢੀ ਦੇਸ਼ ਪਾਕਿਸਤਾਨ, ਨੇਪਾਲ ਤੇ ਬੰਗਲਾਦੇਸ਼ ਇਸ ਨਾਲੋਂ ਉਤੇ ਹਨ। ਭਾਰਤ ਉਨ੍ਹਾਂ ਦੇਸ਼ਾਂ ਵਿਚ ਗਿਣਿਆ ਗਿਆ ਹੈ, ਜੋ ਵਰਤਮਾਨ ਸਥਿਤੀਆਂ ਵਿਚ 2030 ਤੱਕ ਵੀ ਭੁਖਮਰੀ ਦੇ ਅਜੋਕੇ ਪੱਧਰ ਨੂੰ ਘਟਾ ਨਹੀਂ ਸਕੇਗਾ। ਚੰਗੀ ਪੌਸ਼ਟਿਕ ਖੁਰਾਕ ਦੀ ਅਣਹੋਂਦ ਕਾਰਨ ਭਾਰਤੀ ਬੱਚਿਆਂ ਦੀ ਹਾਲਤ ਤਰਸਯੋਗ ਹੈ ਤੇ ਅਨੇਕਾਂ ਬੱਚੇ 5 ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਚੱਲ ਵਸਦੇ ਹਨ। ਕੀ ਸਾਡੇ ਹਾਕਮਾਂ ਨੂੰ ਇਸ ਪਾਸੇ ਧਿਆਨ ਦੇਣਾ ਨਹੀਂ ਬਣਦਾ?

**ਢਾਹਾਂ ਪੁਰਸਕਾਰ 2021 ਬਨਾਮ 'ਸਿਰਜਣਾ-200':** ਪੰਜਾਬੀ ਗਲਪਕਾਰੀ ਦੇ ਵਿਸ਼ਵ ਪੱਧਰੀ ਪੁਰਸਕਾਰਾਂ ਦਾ ਐਲਾਨ ਹੋ ਚੁਕਾ ਹੈ। ਫਗਵਾੜਾ-ਬੰਗਾ ਮਾਰਗ ਉਤੇ ਪੈਂਦੇ ਵੱਡੇ ਪਿੰਡ ਢਾਹਾਂ ਕਲੇਰਾਂ ਦੇ ਜੰਮਪਲ ਤੇ ਕੈਨੇਡਾ ਨਿਵਾਸੀ ਬਰਜਿੰਦਰ ਢਾਹਾਂ ਨੇ ਇਹ ਪੁਰਸਕਾਰ ਇੱਕ ਦਹਾਕਾ ਪਹਿਲਾਂ ਸਥਾਪਤ ਕੀਤੇ ਸਨ। ਇਸ ਵਾਰ ਦੇ ਇਨਾਮ ਉਸ ਲੜੀ ਵਿਚ ਅੱਠਵੇਂ ਹਨ। ਪਹਿਲੇ ਇਨਾਮ ਦੀ ਰਕਮ ਪੱਚੀ ਹਜ਼ਾਰ ਡਾਲਰ ਹੈ ਤੇ ਦੂਜੇ ਦੋਹਾਂ ਦੀ ਦਸ-ਦਸ ਹਜ਼ਾਰ ਡਾਲਰ। ਇਨਾਮ ਵੰਡ ਸਮਾਗਮ ਕੈਨੇਡਾ ਦੀ ਧਰਤੀ ਉਤੇ ਰਚਾਇਆ ਜਾਂਦਾ ਹੈ ਅਤੇ ਜੇਤੂਆਂ ਨੂੰ ਉਥੇ ਪਹੁੰਚਣ ਦਾ ਮਾਣ ਭੱਤਾ ਵੀ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਹਰ ਵਰ੍ਹੇ 30-35 ਲੱਖ ਰੁਪਏ ਦਾ ਇਹ ਦਾਨ ਬਰਜਿੰਦਰ ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿਚੋਂ ਕਰਦਾ ਹੈ।

ਇਸ ਵਾਰ ਦਾ ਪਹਿਲਾ ਇਨਾਮ ਸ਼ਾਹਮੁਖੀ ਵਿਚ ਲਿਖੇ ਗਏ ਪੰਜਾਬੀ ਕਹਾਣੀ ਸੰਗ੍ਰਹਿ 'ਜੋਗੀ ਸੱਪ ਤ੍ਰਾਹ' ਨੂੰ ਦਿੱਤਾ ਜਾ ਰਿਹਾ ਹੈ, ਜਿਸ ਦਾ ਰਚਨਹਾਰਾ ਨੈਨ ਸੁੱਖ ਹੈ। ਦੂਜੇ ਇਨਾਮਾਂ ਦੇ ਜੇਤੂ ਬਲਬੀਰ ਮਾਧੋਪੁਰੀ ਕਰਤਾ 'ਮਿੱਟੀ ਬੋਲ ਪਈ' ਤੇ ਸਰਘੀ ਕਰਤਾ 'ਆਪੋ ਆਪਣੇ ਮਰਸੀਏ' ਹਨ।

ਇਹ ਸਬੱਬ ਦੀ ਗੱਲ ਹੈ ਕਿ ਇਨਾਮ ਜੇਤੂ ਤਿੰਨ ਪੁਸਤਕਾਂ ਵਿਚੋਂ ਦੋ ਪੁਸਤਕਾਂ ਦੇ ਰੀਵੀਊ ਚੰਡੀਗੜ੍ਹ ਤੋਂ ਛਪ ਰਹੇ ਪ੍ਰਸਿਧ ਸਾਹਿਤਕ ਰਸਾਲੇ ਦੇ 200ਵੇਂ ਅੰਕ ਵਿਚ ਛਪੇ ਸਨ। ਰੀਵੀਊਕਾਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਦਾ ਅਗਲਾ ਹਿੱਸਾ ਦਸਦਾ ਹੈ। ਚੇਤੇ ਰਹੇ, 'ਛਾਂਗਿਆ ਰੁੱਖ' ਦੇ ਹੁਣ ਤੱਕ 15 ਐਡੀਸ਼ਨ ਛਪ ਚੁਕੇ ਹਨ ਤੇ ਇਹ ਪੁਸਤਕ ਕਈ ਦੇਸੀ-ਪਰਦੇਸੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋ ਕੇ ਲੱਖਾਂ ਪਾਠਕਾਂ ਤੱਕ ਪਹੁੰਚ ਚੁਕੀ ਹੈ ਤੇ ਹੁਣ ਇਸ ਦਾ ਅੰਗਰੇਜ਼ੀ ਉਲਥਾ ਵੀ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਪ੍ਰਕਾਸ਼ਿਤ



ਨੈਨ ਸੁੱਖ



ਬਲਬੀਰ ਮਾਧੋਪੁਰੀ

'ਮਿੱਟੀ ਬੋਲ ਪਈ' ਦੇ ਪ੍ਰਮੁੱਖ ਪਾਤਰਾਂ ਦੇ ਜੀਵਨ ਸੰਘਰਸ਼ ਨੂੰ ਮਾਣ-ਸਨਮਾਨ ਲਈ ਜੂਝਦੇ ਮਰਜੀਵੜਿਆਂ ਦੀ ਦਾਸਤਾਨ ਦਸਦਾ ਹੈ। ਇਸ ਦੇ ਮੁੱਖ ਪਾਤਰ ਬਾਬਾ ਤੇ ਉਸ ਦਾ ਗੋਰਾ ਨਾਂ ਦਾ ਪੋਤਾ ਗਦਰ ਲਹਿਰ ਨੂੰ ਪਰਨਾਏ ਹੋਏ ਹਨ। ਇਸ ਲਹਿਰ ਨੂੰ ਉਨ੍ਹਾਂ ਦੋਹਾਂ ਦੇ ਤਨ-ਮਨ ਵਿਚ ਵਸਾਉਣ ਵਾਲਾ ਪਿੰਡ ਮੁਗੋਵਾਲ ਦੇ ਰਹਿਣ ਵਾਲਾ ਮੰਗੂ ਰਾਮ ਹੈ। ਬਾਬੇ ਦੀ ਖੂਬਸੂਰਤੀ ਇਸ ਵਿਚ ਹੈ ਕਿ ਉਹ ਨਿੱਜੀ ਮਜਬੂਰੀਆਂ ਦੇ ਬਾਵਜੂਦ ਆਪਣੇ ਪੋਤੇ ਨੂੰ ਵਿਦਿਆ ਦੇ ਰਾਹ ਤੋਂ ਭਟਕਣ ਨਹੀਂ ਦਿੰਦਾ। ਉਸ ਦਾ ਮੱਤ ਹੈ ਕਿ ਪੜ੍ਹਾਈ ਨਾਲ ਬੰਦੇ ਦੀ ਬਿਰਤੀ ਤੇ ਪ੍ਰਵਿਰਤੀ ਦਾ ਵਿਕਾਸ ਹੁੰਦਾ ਹੈ।

ਰੀਵੀਊਕਾਰ 'ਮਿੱਟੀ ਬੋਲ ਪਈ' ਨੂੰ ਕੀਤਾ ਹੈ। ਆਕਸਫੋਰਡ ਵਲੋਂ ਚੁਣੇ ਜਾਣਾ ਆਪਣੇ ਆਪ ਵਿਚ ਇੱਕ ਵੱਡਾ ਸਨਮਾਨ ਹੈ।

'ਮਿੱਟੀ ਬੋਲ ਪਈ' ਵਾਂਗ 'ਆਪੋ ਆਪਣੇ ਮਰਸੀਏ' (ਕਹਾਣੀ ਸੰਗ੍ਰਹਿ) ਦੀ ਰੀਵੀਊਕਾਰ ਨੇ ਵੀ ਇਨ੍ਹਾਂ ਕਹਾਣੀਆਂ ਦੀਆਂ ਨਾਇਕਾਵਾਂ ਦੇ ਮਨ ਵਿਚ ਵੱਸੀਆਂ ਔਰਤ ਵਡਿੱਤਣ ਦੀਆਂ ਭਾਵਨਾਵਾਂ ਨੂੰ ਉਜਾਗਰ ਕੀਤਾ ਹੈ। ਲੇਖਿਕਾ ਖੁਦ ਔਰਤ ਹੈ ਤੇ ਔਰਤਾਂ ਦਾ ਮਨ ਜਾਣਦੀ ਹੈ। ਰੀਵੀਊ ਕਰਤਾ ਅਨੁਸਾਰ ਇਸ ਪੁਸਤਕ ਦੀ ਹਰ ਕਹਾਣੀ ਇੱਕ ਰਿਸ਼ਤੇ ਦਾ ਮਰਸੀਆ ਹੈ, ਚਾਹੇ ਉਹ ਰਿਸ਼ਤਾ ਪਤੀ-ਪਤਨੀ ਦਾ ਹੈ, ਪਿਉ-ਧੀ, ਮਾਂ-ਪੁੱਤ ਜਾਂ ਕੋਈ ਹੋਰ। ਇਨ੍ਹਾਂ ਕਹਾਣੀਆਂ ਵਿਚ ਜਿਉਣ ਦਾ ਵੱਲ ਸਿੱਖ ਰਹੀ ਨਵੀਂ ਔਰਤ ਦਾ ਚਿਤਰਨ ਹੈ।

ਇਨ੍ਹਾਂ ਕਹਾਣੀਆਂ ਵਿਚ 'ਮਿੱਟੀ ਬੋਲ ਪਈ' ਦੇ ਬਾਬੇ-ਪੋਤੇ ਵਰਗੀ ਭਾਵਨਾ ਵਾਲੀਆਂ ਨਾਇਕਾਵਾਂ ਹਨ। ਢਾਹਾਂ ਪੁਰਸਕਾਰ ਦੀ ਚੋਣ ਕਮੇਟੀ ਨੇ 'ਸਿਰਜਣਾ 200' ਵਿਚ ਛਪੇ ਇਹ ਰੀਵੀਊ ਪੜ੍ਹੇ ਹੋਣ ਜਾਂ ਨਹੀਂ, ਪਰ ਇਹ ਦੋਵੇਂ ਰੀਵੀਊ ਜੇਤੂ ਪੁਸਤਕਾਂ ਦੀ ਉੱਤਮਤਾ 'ਤੇ ਮੋਹਰ ਲਾਉਂਦੇ ਹਨ। ਢਾਹਾਂ ਪੁਰਸਕਾਰ ਸਥਾਪਤ ਕਰਨ ਵਾਲਾ ਬਰਜ ਢਾਹਾਂ ਤੇ ਪੁਰਸਕਾਰ ਜੇਤੂ ਨੈਨ ਸੁੱਖ, ਬਲਬੀਰ ਮਾਧੋਪੁਰੀ ਤੇ ਸਰਘੀ ਮੁਬਾਰਕਾਂ ਦੇ ਹਕਦਾਰ ਹਨ।

ਵਾਹਗਿਓਂ ਪਾਰ ਦੇ ਇੱਕ ਸਤਰੇ ਸਮਾਚਾਰ: ਪਾਕਿਸਤਾਨ ਵਿਚ ਸ਼ਹਿਰ ਲਾਹੌਰ ਦੇ ਇਕ ਸੈਮੀਨਾਰ ਵਿਖੇ ਨਰਸਰੀ ਤੋਂ ਗ੍ਰੈਜੂਏਸ਼ਨ ਤੱਕ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਏ ਜਾਣ ਦੀ ਮੰਗ ਦਾ ਉਭਰਨਾ ਅਤੇ ਜਲੰਧਰ ਦੀ ਪ੍ਰੈਸ ਕਲਬ ਵਲੋਂ ਜਾਣੇ-ਪਛਾਣੇ ਪੱਤਰਕਾਰ ਸਤਿਨਾਮ ਸਿੰਘ ਮਾਣਕ ਦਾ ਪ੍ਰਧਾਨ ਚੁਣੇ ਜਾਣ ਦੀਆਂ ਖ਼ਬਰਾਂ ਭਾਵੇਂ ਇਕ ਸਤਰੀਆਂ ਹਨ, ਪਰ ਇਨ੍ਹਾਂ ਦਾ ਮਹੱਤਵ ਛੋਟਾ ਨਹੀਂ। ਸਵਾਗਤ ਹੈ।

**ਅੰਤਿਕਾ:** ਮੁਹਤਰਿਮਾ ਖਾਵਰ ਰਾਜ ਲਾਹੌਰ

ਤੇਰੀਆਂ ਸੱਭੇ ਗੱਲਾਂ ਬਾਤਾਂ
ਹੁਣ ਮੈਂ ਖੂਬ ਪਛਾਣ ਗਈ
ਗਿਰਗਟ ਨੇ ਕੀ ਰੰਗ ਬਦਲਣੇ
ਤੇਰੇ ਰੰਗ ਵਧੇਰੇ ਨੇ।
ਇੰਝ ਤੇ ਆਸਮਾਨ ਇਹ ਸਾਰਾ
ਭਰਿਆ ਹੋਇਆ ਤਾਰਿਆਂ ਦਾ
ਆਪਣੀ ਕਿਸਮਤ ਉਤੇ ਫਿਰ ਵੀ
ਛਾਏ ਘੁੱਪ ਹਨੇਰੇ ਨੇ।

# ਖੋਹ-ਕਾਫ ਦੀ ਧਰਤੀ ਦੀਆਂ ਬਾਤਾਂ

ਕੋਹ ਕਾਫ ਰਹੱਸਮਈ ਜਿਹੀ ਧਰਤੀ ਹੈ। ਬਰਫਾਂ ਵਾਲੀਆਂ ਟੀਸੀਆਂ ਨਾਲ ਸ਼ਿੰਗਾਰੇ ਹੋਏ ਪਹਾੜਾਂ ਨਾਲ ਲੱਦੀ ਹੋਈ ਕੋਈ ਭੇਦ ਭਰੀ ਜਗ੍ਹਾ। ਇਥੋਂ ਦੀਆਂ ਲੋਕ ਕਹਾਣੀਆਂ ਵਿਚ ਪਰੀਆਂ ਰਹਿੰਦੀਆਂ ਹਨ, ਜਿੰਨ ਮੰਡਰਾਉਂਦੇ ਹਨ ਅਤੇ ਸ਼ਹਿਜ਼ਾਦੇ ਇਨ੍ਹਾਂ ਜਿੰਨਾਂ ਵੱਲੋਂ ਕੈਦ ਕੀਤੀਆਂ ਸ਼ਹਿਜ਼ਾਦੀਆਂ ਦੀ ਭਾਲ ਵਿਚ ਘੁੰਮਦੇ ਹਨ ਅਤੇ ਆਖਰ ਉਨ੍ਹਾਂ ਨੂੰ ਕੈਦ 'ਚੋਂ ਕੱਢ ਕੇ ਵਾਪਸ ਆਪਣੇ ਵਤਨ ਮੁੜ ਜਾਂਦੇ ਹਨ। ਅਰਬੀ ਅਤੇ ਯੂਰਪੀ ਸਾਹਿਤ ਤੋਂ ਲੈ ਕੇ ਪੰਜਾਬੀ ਵਿਚ ਸੈਫ ਮਲੂਕ




ਯਾਦਵਿੰਦਰ ਸਿੰਘ ਸਤਕੋਹਾ
ਵਾਰਸਾ, ਪੋਲੈਂਡ।
ਫੋਨ: 0044-7404468510


ਅਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਕਵਿਤਾਵਾਂ ਤਕ ਇਸ ਦਾ ਖੂਬਸੂਰਤ ਜ਼ਿਕਰ ਪੜ੍ਹਨ-ਸੁਣਨ ਨੂੰ ਮਿਲਦਾ ਹੈ। ਦੁਨੀਆਂ ਵਿਚ ਸਦੀਆਂ ਤੋਂ ਗੈਬੀ ਕਹਾਣੀਆਂ ਦੇ ਵਿਹੜੇ ਵਜੋਂ ਜਾਣੇ ਜਾਂਦੇ ਇਨ੍ਹਾਂ ਪਰਬਤਾਂ ਬਾਰੇ ਸੈਂਕੜੇ ਮਿੱਥਾਂ ਅਤੇ ਕਲਪਿਤ ਕਹਾਣੀਆਂ ਮਸ਼ਹੂਰ ਹਨ। ਕਈ ਤਾਂ ਇਸ ਨੂੰ ਪਰੀਆਂ ਅਤੇ ਦੈਂਤਾਂ ਦੇ ਬਸੇਰੇ ਵਾਲੀ ਗੈਬੀ ਜਿਹੀ ਕਲਪਿਤ ਥਾਂ ਹੀ ਸਮਝਦੇ ਹਨ, ਪਰ ਅਸਲ ਵਿਚ ਏਦਾਂ ਨਹੀਂ ਹੈ। ਕੋਹ-ਏ-ਕਫਕਾਜ਼, ਪਰੀਸਤਾਨ ਅਤੇ ਇਸ ਤਰ੍ਹਾਂ ਦੇ ਹੋਰ ਕਈ ਰੋਮਾਂਚਕ ਨਾਂਵਾਂ ਨਾਲ ਜਾਣਿਆਂ ਜਾਂਦਾ ਕੋਹ ਕਾਫ ਦਾ ਇਲਾਕਾ ਲੇਖਕਾਂ ਦੀ ਕਲਪਨਾ ਦੀ ਉਪਜ ਨਹੀਂ, ਸਗੋਂ ਸੱਚਮੁੱਚ ਹੀ ਧਰਤੀ 'ਤੇ ਮੌਜੂਦ ਹੈ, ਕਈ ਸਭਿਆਤਾਵਾਂ ਦੇ ਰਹਿਣ ਦੀ ਥਾਂ ਹੈ।

ਦਰਅਸਲ 'ਕੋਹ-ਏ-ਕਾਫ' ਇਰਾਨੀ ਬੋਲੀ ਦਾ ਸ਼ਬਦ ਹੈ। ਇਸ ਦਾ ਅਰਥ ਹੈ, 'ਪਰੀਆਂ ਦਾ ਦੇਸ਼।' ਇਹ ਨਾਂ ਬਹੁਤ ਪੁਰਾਣੀਆਂ ਮਿੱਥਾਂ ਅਤੇ ਵਿਸ਼ਵਾਸਾਂ ਦੇ ਅਸਰ ਹੇਠ ਤਾਮੀਰ ਹੋਇਆ ਹੈ। ਜ਼ਮੀਨੀ ਤੌਰ 'ਤੇ ਇਹ ਕਰੀਬ ਇਕ ਹਜ਼ਾਰ ਮੀਲ ਤੋਂ ਵੀ ਲੰਮੇਰੀ ਅਤੇ ਸੈਂਕੜੇ ਕਿਲੋਮੀਟਰ ਚੌੜੀ ਵਿਸ਼ਾਲ ਪਰਬਤ ਲੜੀ ਹੈ, ਜੋ ਪੂਰਬੀ ਯੂਰਪ ਅਤੇ ਮੱਧ ਏਸ਼ੀਆ ਦੀ ਸਰਹੱਦ ਉਤੇ ਫੈਲੀ ਹੈ। ਇਸ ਤਰ੍ਹਾਂ ਇਹ ਪਰਬਤ ਲੜੀ ਯੂਰਪ ਅਤੇ ਏਸ਼ੀਆ ਨੂੰ ਖੇਤਰੀ ਤੌਰ 'ਤੇ ਵੱਖ ਕਰਦੀ ਹੈ। ਇਸ ਦਾ ਜ਼ਿਆਦਾ ਹਿੱਸਾ ਚੇਚਨੀਆਂ ਦੇਸ਼ ਅੰਦਰ ਮੌਜੂਦ ਹੈ, ਪਰ ਵਿਸਥਾਰ ਕਰਦਾ ਹੋਇਆ ਇਹ ਖਿੱਤਾ ਰੂਸ, ਜਾਰਜੀਆ, ਅਜ਼ਰਬਾਈਜਨ ਅਤੇ ਅਰਮੀਨੀਆਂ ਵਗੈਰਾ ਦੇਸ਼ਾਂ ਦੀਆਂ ਸਰਹੱਦਾਂ ਪਾਰ ਕਰ ਜਾਂਦਾ ਹੈ। ਬਰਫਾਂ ਲੱਦੇ ਵਿਸ਼ਾਲ ਪਰਬਤਾਂ ਦੀਆਂ ਚੋਟੀਆਂ ਅਸਮਾਨ ਛੂੰਹਦੀਆਂ ਹਨ ਅਤੇ ਇਨ੍ਹਾਂ ਸਿਖਰਾਂ ਤੋਂ ਵਹਿੰਦੇ ਹੋਏ ਖੂਬਸੂਰਤ ਝਰਨੇ ਪਹਾੜੀ ਖੂਬਸੂਰਤੀ ਨੂੰ ਹੋਰ ਨਿਖਾਰ ਦਿੰਦੇ ਹਨ। ਨਾਜ਼ਾਨ, ਲਾਜ਼ਾਨਤੁਕੀ ਅਤੇ ਬਰਸੂਮੀ ਆਦਿ ਇਥੋਂ ਦੇ ਮਸ਼ਹੂਰ ਝਰਨੇ ਹਨ। ਇਸ ਪਹਾੜੀ ਸਿਲਸਿਲੇ ਦੀ ਸਭ ਤੋਂ ਉਚੀ ਚੋਟੀ ਦਾ ਨਾਂ ਮਾਊਂਟ ਅਲਬਰੂਸ ਹੈ, ਜਿਸ ਦੀ ਉਚਾਈ ਕਰੀਬ ਸਾਢੇ ਪੰਜ ਹਜ਼ਾਰ ਮੀਟਰ ਹੈ। ਕੋਸ਼ਤਾਨ ਅਤੇ ਕਜ਼ਬਕ ਵੀ ਬਹੁਤ ਉਚੇ ਪਹਾੜ ਮੰਨੇ ਜਾਂਦੇ ਹਨ। ਰੂਸੀ ਜ਼ਮੀਨ 'ਤੇ ਵਿਛੇ ਕਾਫ ਪਹਾੜੀ ਇਲਾਕੇ ਨੂੰ ਸ਼ੋਮਾਲੀ ਕਾਫ ਅਤੇ ਬਾਕੀ ਛੋਟੇ-ਛੋਟੇ ਦੇਸ਼ਾਂ ਵਿਚਲੇ ਇਲਾਕੇ ਨੂੰ ਮਾਰਵਾ ਕਾਫ ਕਿਹਾ ਜਾਂਦਾ ਹੈ। ਅੰਗਰੇਜ਼ੀ ਬੋਲੀ ਵਿਚ ਕਾਫ ਪਰਬਤਾਂ ਨੂੰ 'ਕਾਕਾਸਿਸ ਮਾਊਂਟੇਨਸ' ਨਾਂ ਦਿੱਤਾ ਗਿਆ ਹੈ।

ਕੋਹ ਕਾਫ ਦਾ ਮੌਸਮ ਬਹੁਤ ਢੁਕਵਾਂ ਅਤੇ ਖੁਸ਼ਗਵਾਰ ਹੈ। ਨਾ ਤਾਂ ਇਥੇ ਯੂਰਪ ਦੀ ਤਰ੍ਹਾਂ ਭਾਰੀ ਠੰਢ ਪੈਂਦੀ ਹੈ ਅਤੇ ਨਾ ਹੀ ਅਰਬ ਦੇਸ਼ਾਂ ਵਰਗੀ ਸਖਤ ਗਰਮੀ। ਕੁਦਰਤ ਨੇ ਇਨ੍ਹਾਂ ਪਰਬਤਾਂ ਦੀ ਵਿਉਂਤਬੰਦੀ ਹੀ ਕੁਝ ਏਦਾਂ ਕੀਤੀ ਹੈ ਕਿ ਇਹ ਸਰਦ ਰੁੱਤ ਵਿਚ ਪੱਛਮ ਵੱਲੋਂ ਆਉਂਦੀਆਂ ਠੰਢੀਆਂ ਪੌਣਾਂ ਨੂੰ ਵੀ ਰੋਕ ਲੈਂਦੇ ਹਨ ਤੇ ਗਰਮ ਰੁੱਤ 'ਚ ਏਸ਼ੀਆ ਵੱਲੋਂ ਆਉਂਦੀ ਗਰਮ ਹਵਾ ਵੀ ਇਥੇ ਖਾਸ ਅਸਰ ਨਹੀਂ ਕਰਦੀ। ਇਨ੍ਹਾਂ ਪਰਬਤਾਂ 'ਤੇ ਸੈਂਕੜੇ ਗਲੇਸ਼ੀਅਰ ਮੌਜੂਦ ਹਨ। ਗਰਮ ਰੁੱਤ ਵਿਚ ਜਦ ਬਰਫ ਪਿਘਲਦੀ ਹੈ ਤਾਂ ਪਹਾੜੀ ਨਦੀਆਂ ਅਤੇ ਦਰਿਆ ਪਾਣੀ ਨਾਲ ਲਬਾਲਬ ਭਰ ਜਾਂਦੇ ਨੇ, ਜਿਸ ਸਦਕਾ ਇਸ ਇਲਾਕੇ ਵਿਚ ਪਾਣੀ ਦੀ ਦਿੱਕਤ ਨਹੀਂ ਆਉਂਦੀ। ਕੋਬਾਨ ਅਤੇ ਤੇਰਬਿਕ ਮਸ਼ਹੂਰ ਦਰਿਆ ਹਨ, ਜੋ ਪਰਬਤਾਂ ਤੋਂ ਉਤਰਦੇ ਚਾਂਦੀ ਰੰਗੇ ਪਾਣੀ ਨੂੰ ਮਨੁੱਖੀ ਆਬਾਦੀਆਂ ਤੀਕ ਪਹੁੰਚਾਉਂਦੇ ਹਨ। ਛੋਟੀ ਜਿਹੀ ਆਬਾਦੀ ਵਾਲੇ ਦੇਸ਼ ਚੇਚਨੀਆਂ ਦੇ ਲੋਕ ਪਾਣੀ ਦੇ ਇਨ੍ਹਾਂ ਭਰਪੂਰ ਸਰੋਤਾਂ ਨਾਲ ਪੌੜੀਦਾਰ ਖੇਤਾਂ ਵਿਚ ਚੌਲਾਂ ਅਤੇ ਹੋਰ ਫਸਲਾਂ ਦੀ ਕਾਸ਼ਤ ਕਰਦੇ ਹਨ। ਇਸ ਤੋਂ ਇਲਾਵਾ ਢਲਾਣਾਂ 'ਤੇ ਚਾਹ ਦੇ ਬਾਗ, ਮੱਕੀ ਅਤੇ ਅੰਗੂਰ ਵਗੈਰਾ ਦੀ ਖੇਤੀ ਹੁੰਦੀ ਹੈ।



ਇਹ ਵਿਸ਼ਾਲ ਅਤੇ ਖੂਬਸੂਰਤ ਪਹਾੜੀ ਇਲਾਕਾ ਸਦੀਆਂ ਤੋਂ ਰੂਸ, ਇਰਾਨ ਅਤੇ ਉਸਮਾਨੀਆ ਦਰਮਿਆਨ ਚਲਦੀ ਕਬਜ਼ੇ ਦੀ ਕਸ਼ਮਕਸ਼ ਦਾ ਕੇਂਦਰ ਬਣਿਆ ਰਿਹਾ ਅਤੇ ਇਥੇ ਵੱਸਦੀਆਂ ਪਹਾੜੀ ਸਭਿਅਤਾਵਾਂ ਦੇ ਜੀਵਨ ਵਿਚ ਖਲਲ ਪੈਂਦਾ ਰਿਹਾ। ਸਭ ਤੋਂ ਪਹਿਲਾਂ ਅਠਾਰਵੀਂ ਸਦੀ ਵਿਚ ਚੇਚਨੀਆ ਦੇ ਲੋਕਾਂ ਨੇ ਰੂਸ ਖਿਲਾਫ ਆਪਣੀ ਆਜ਼ਾਦੀ ਦੀ ਲੜਾਈ ਸ਼ੁਰੂ ਕੀਤੀ, ਜੋ ਕਈ ਪੀੜ੍ਹੀਆਂ ਤੱਕ ਚੱਲਦੀ ਰਹੀ। ਦੂਸਰੇ ਵਿਸ਼ਵ ਯੁੱਧ ਦੌਰਾਨ ਰੂਸ ਨਾਲ ਲੜਦੀਆਂ ਹੋਈਆਂ ਨਾਜ਼ੀ ਫੌਜਾਂ ਵੀ ਇਥੇ ਤੀਕ ਆਣ ਪਹੁੰਚੀਆਂ ਸਨ ਅਤੇ ਸਭ ਤੋਂ ਉਚੇ ਪਹਾੜ ਅਲਬਰੂਜ਼ ਦੇ ਸਿਖਰ 'ਤੇ ਨਾਜ਼ੀ ਝੰਡਾ ਝੁਲਾ ਦਿੱਤਾ। ਆਖਰਕਾਰ ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਚੇਚਨੀਆ ਅਤੇ ਕਈ ਹੋਰ ਦੇਸ਼ਾਂ ਦੀ ਸੁਤੰਤਰ ਹੋਂਦ ਸਾਹਮਣੇ ਆਈ। ਇਸ ਤਰ੍ਹਾਂ ਗੈਬੀ ਅਤੇ ਪਰੀ ਕਹਾਣੀਆਂ ਵਾਲੇ ਇਸ ਇਲਾਕੇ ਨੇ ਸਦੀਆਂ ਤੀਕ ਕਰੜੇ ਰਾਜਨੀਤਕ ਅਤੇ ਜੰਗੀ ਮਾਹੌਲ ਨੂੰ ਆਪਣੇ ਸੀਨੇ 'ਤੇ ਹੰਢਾਇਆ ਹੈ।

ਕੋਹ ਕਾਫ ਦੇ ਪਰਬਤ ਪਹਾੜਾਂ ਨੂੰ ਗਾਹੁਣ ਵਾਲੇ ਸਨਕੀਆਂ ਦੀ ਪਸੰਦ ਹਨ। ਰੂਸੀ ਇਲਾਕੇ ਵਿਚ ਦਰਜਨਾਂ ਹੀ ਐਸੇ ਸਿਖਲਾਈ ਕੈਂਪ ਹਨ, ਜਿਥੇ ਪਰਬਤ-ਆਰੋਹ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਗਰਮੀਆਂ ਦੇ ਮੌਸਮ ਵਿਚ ਪਰਬਤ ਆਰੋਹੀਆਂ ਦੀਆਂ ਟੁਕੜੀਆਂ ਵਿਸ਼ਾਲ ਪਹਾੜਾਂ ਨੂੰ ਸਰ ਕਰਨ ਲਈ ਪੈਦਲ ਨਿਕਲ ਜਾਂਦੀਆਂ ਹਨ। ਇਥੋਂ ਦਾ ਪੌਣ-ਪਾਣੀ ਅਤੇ ਖੁਰਾਕੀ ਵਸੀਲੇ ਬਹੁਤ ਸਿਹਤਮੰਦ ਮੰਨੇ ਜਾਂਦੇ ਹਨ। ਇਸ ਮਾਮਲੇ ਵਿਚ ਇਸ ਇਲਾਕੇ ਦੀ ਤੁਲਨਾ ਯੂਰਪ ਦੇ ਬੇਹੱਦ ਖੁਸ਼ਗਵਾਰ ਮੰਨੇ ਜਾਂਦੇ ਐਲਪਸ ਪਰਬਤਾਂ ਨਾਲ ਕੀਤੀ ਜਾਂਦੀ ਹੈ। ਕੋਹ ਕਾਫ ਦੀਆਂ ਉਚੀਆਂ ਪਹਾੜੀ ਚੋਟੀਆਂ ਨੂੰ ਬੁਝ ਚੁੱਕੇ ਜਵਾਲਾਮੁਖੀ ਵੀ ਕਿਹਾ ਜਾਂਦਾ ਹੈ, ਭਾਵ ਸਦੀਆਂ ਪਹਿਲਾਂ ਕਦੇ ਇਥੇ ਜਵਾਲਾਮੁਖੀ ਅੱਗ ਉਗਲਦੇ ਸਨ, ਫਿਰ ਹੌਲੀ ਹੌਲੀ ਸਮੇਂ ਦੀ ਅਨੰਤ ਧਾਰਾ ਰਾਹੀਂ ਗੁਜ਼ਰਦਿਆਂ ਪਰਬਤਾਂ ਦੇ ਰੂਪ ਵਿਚ ਠੰਢੇ ਹੁੰਦੇ ਗਏ। ਅਪਸੈਰਾਨ ਖੇਤਰ ਵਿਚ ਤਾਂ ਅੱਧੀ ਕੁ ਦਰਜਨ ਜਵਾਲਾਮੁਖੀ ਅਜੇ ਵੀ ਧੁਖਦੇ ਰਹਿੰਦੇ ਹਨ।

ਕੋਹ ਕਾਫ ਪਰਬਤਾਂ ਵਿਚ ਵੱਸਦੀਆਂ ਸਭਿਆਤਾਵਾਂ ਅਤੇ ਕਬੀਲਿਆਂ ਵਿਚ ਬੋਲੀ ਤੇ ਰਹਿਣ-ਸਹਿਣ ਦੇ ਤੌਰ ਤਰੀਕੇ ਵਖਰੇਵੇਂ ਵਾਲੇ ਹਨ। ਕਿਹਾ ਜਾਂਦਾ ਹੈ ਕਿ ਇਹੀ ਧਰਤੀ ਅਸਲੀ ਕਾਕੇਸ਼ੀਅਨ ਨਸਲ ਦੀ ਜਨਮ ਭੂਮੀ ਹੈ, ਪਰ ਫਿਰ ਵੀ ਇੱਥੋਂ ਦੇ ਲੋਕਾਂ ਦਾ ਨਸਲੀ ਇਤਿਹਾਸ ਹੇਠ ਵਰਗੀਕਰਣ ਕਰਨਾਂ ਇਤਿਹਾਸਕਾਰਾਂ ਲਈ ਔਖਾ ਕੰਮ ਰਿਹਾ ਹੈ। ਸਦੀਆਂ ਤੋਂ ਅਰਬੀ, ਏਸ਼ੀਅਨ ਅਤੇ ਯੂਰਪੀਨ ਯਾਤਰੀ ਦਲਾਂ ਦੀਆਂ ਕਈ ਟੁਕੜੀਆਂ ਇਥੇ ਆ ਕੇ ਵੱਸਦੀਆਂ ਰਹੀਆਂ। ਜੰਗਾਂ ਦੌਰਾਨ ਆਲੇ-ਦੁਆਲੇ ਦੇ ਦੇਸ਼ਾਂ ਦੀਆਂ ਹਾਰੀਆਂ ਅਤੇ ਭਗੌੜੀਆਂ ਹੋ ਕੇ ਭੱਜੀਆਂ ਫੌਜੀ ਟੁਕੜੀਆਂ ਵੀ ਇਨ੍ਹਾਂ ਅਪਹੁੰਚ ਪਹਾੜਾਂ ਵਿਚ ਆਣ ਲੁਕਦੀਆਂ ਸਨ। ਕਈ ਪਿੰਡਾਂ ਵਿਚ ਅਜੇ ਵੀ ਐਸੀਆਂ ਬੋਲੀਆਂ ਵਰਤੋਂ ਵਿਚ ਆਉਂਦੀਆਂ ਹਨ, ਜਿਨ੍ਹਾਂ ਦਾ ਬਾਹਰੀ ਸੰਸਾਰ ਨਾਲ ਕੋਈ ਤਾਲਮੇਲ ਨਹੀਂ ਬਣਦਾ। ਮਾਕਾਚਕਾਲਾ, ਬਾਕੂ, ਬਾਟੂਮੀ, ਯੈਰੇਵਾਨ ਅਤੇ ਤਬਿਲੀਅਸੀ ਆਦਿ ਕੋਹ ਕਾਫ ਪਰਬਤਾਂ ਵਿਚ ਵੱਸਦੇ ਵੱਡੇ ਸ਼ਹਿਰ ਹਨ।

ਕੋਹ ਕਾਫ ਦੇ ਪਰਬਤ ਅੱਜ ਵੀ ਉਨੇ ਹੀ ਰੋਮਾਂਚਿਕ ਅਤੇ ਰਹੱਸਮਈ ਹਨ, ਜਿੰਨੇ ਸਦੀਆਂ ਪਹਿਲਾਂ ਸਨ। ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਇਨ੍ਹਾਂ ਨਾਲ ਸਬੰਧਿਤ ਮਿੱਥਾਂ, ਪਰੀ ਕਹਾਣੀਆਂ ਅਤੇ ਗਾਥਾਵਾਂ ਨੂੰ ਲੋਕ ਉਤਸੁਕਤਾ ਨਾਲ ਪੜ੍ਹਦੇ ਤੇ ਸੁਣਦੇ ਹਨ। ਬਰਫਾਂ ਲੱਦੇ ਪਹਾੜ, ਢਲਾਣਾਂ ਵਾਲੀਆਂ ਵਾਦੀਆਂ ਅਤੇ ਖੂਬਸੂਰਤ ਝਰਨੇ ਯਾਤਰੀਆਂ ਨੂੰ ਜੀ ਆਇਆਂ ਨੂੰ ਕਹਿੰਦੇ ਮਹਿਸੂਸ ਹੁੰਦੇ ਹਨ। ਜੇ ਕਿਸੇ ਨੇ ਯੂਰਪ, ਅਰਬ ਅਤੇ ਏਸ਼ੀਆ ਦੀਆਂ ਸਾਂਝੀਆਂ ਸਭਿਆਤਾਵਾਂ ਨੂੰ ਜਾਣਨਾ ਤੇ ਕੁਦਰਤ ਦੀ ਦਿਲਕਸ਼ ਸ਼ਾਂਤੀ ਨੂੰ ਮਾਨਣਾ ਹੋਵੇ ਤਾਂ ਕੋਹ ਕਾਫ ਦੀ ਧਰਤੀ ਤੋਂ ਬਿਹਤਰ ਖਿੱਤਾ ਕੋਈ ਹੋਰ ਨਹੀਂ ਹੋ ਸਕਦਾ।

# ਨਾਚ ਅਦਾ ਦੀ ਮੂਰਤ ਮਧੂਮਤੀ





ਮਧੂਮਤੀ ਦੀਆਂ ਦੋ ਤਸਵੀਰਾਂ ਅਤੇ (ਐਨ ਸੱਜੇ) ਆਪਣੇ ਪਤੀ ਮਨੋਹਰ ਦੀਪਕ ਨਾਲ ਮਧੂਮਤੀ।

ਅਜ਼ੂਰੀ, ਸਿਤਾਰਾ ਦੇਵੀ, ਕੁੱਕੂ ਤੇ ਹੈਲਨ ਵਰਗੀਆਂ ਮਸ਼ਹੂਰ ਫਿਲਮੀ ਨਾਚੀਆਂ ਤੋਂ ਬਾਅਦ ਨ੍ਰਿਤ ਅਦਾਕਾਰੀ ਦੇ ਖੇਤਰ ਵਿਚ ਛਾ ਜਾਣ ਵਾਲੀ ਮਧੂਮਤੀ ਉਰਫ ਹਿਊਟੋਕਸੀ ਦਾਰਾ ਰਿਪੋਰਟਰ ਦੀ ਪੈਦਾਇਸ਼ 30 ਮਈ 1941 ਨੂੰ ਠਾਣੇ ਦੇ ਖੁਸ਼ਹਾਲ ਪਾਰਸੀ ਪਰਿਵਾਰ ਵਿਚ ਹੋਈ। ਮਧੂਮਤੀ ਦੇ ਪਿਤਾ ਖਾਨ ਸਾਹਿਬ ਦਾਰਾ ਬਹਿਰਾਮ ਜੀ ਰਿਪੋਰਟਰ ਪੇਸ਼ੇ ਵਜੋਂ ਜੱਜ ਸਨ ਅਤੇ ਮਾਤਾ ਦਾ ਨਾਮ ਪੈਰੀਨ ਸੀ।

ਬਾਲ ਵਰੇਸੇ ਹੀ ਮਧੂਮਤੀ ਨੂੰ ਨ੍ਰਿਤ ਕਲਾ ਨਾਲ ਬੇਪਨਾਹ ਉਲਫਤ ਸੀ। ਪਿਤਾ ਦੀ ਮੁਖਾਲਫਤ ਦੇ ਬਾਵਜੂਦ ਉਸ ਨੇ 7 ਸਾਲ ਦੀ ਉਮਰ ਵਿਚ ਲਖਨਊ ਘਰਾਣੇ ਦੇ ਗੁਰੂ ਦੁਲਾਰੀ

**ਮਨਦੀਪ ਸਿੰਘ ਸਿੱਧੂ**

ਸ੍ਰੀਵਾਸਤਵ ਕੋਲੋਂ ਕੱਥਕ ਨ੍ਰਿਤ ਸਿੱਖਿਆ। ਸਕੂਲ ਪੜ੍ਹਦਿਆਂ ਹੀ ਮਧੂਮਤੀ ਨੇ ਮਣੀਪੁਰੀ ਤੇ ਕਥਾਕਲੀ ਨ੍ਰਿਤ ਸਿੱਖਿਆ। ਉਸ ਨੇ ਗੁਰੂ ਆਰ.ਕੇ. ਸ਼ੈਟੀ ਅਤੇ ਗੁਰੂ ਚੰਦਰ ਸ਼ੇਖਰ ਪਿੱਲੇ ਕੋਲੋਂ ਭਰਤ ਨਾਟਿਅਮ ਦੀ ਸਿਖਲਾਈ ਹਾਸਲ ਕੀਤੀ। ਇਸ ਤੋਂ ਇਲਾਵਾ ਪੰਜਾਬੀ ਲੋਕ ਨਾਚ ਮਨੋਹਰ ਦੀਪਕ ਕੋਲੋਂ ਸਿੱਖਿਆ। ਸਕੂਲ ਦੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਉਸ ਨੇ ਠਾਣੇ ਵਿਚ ਆਪਣੀ ਡਾਂਸ ਅਕੈਡਮੀ ਖੋਲ੍ਹ ਲਈ। ਹੌਲੀ-ਹੌਲੀ ਨ੍ਰਿਤ ਕਲਾ ਦਾ ਇਹੀ ਸ਼ੌਕ ਉਸ ਨੂੰ ਹਿੰਦੀ ਤੇ ਪੰਜਾਬੀ ਫਿਲਮਾਂ ਵੱਲ ਖਿੱਚ ਲਿਆਇਆ। ਬਾਅਦ 'ਚ ਉਸ ਨੇ ਕਈ ਮਰਾਠੀ, ਗੁਜਰਾਤੀ ਅਤੇ ਬੰਗਲਾ ਫਿਲਮਾਂ ਵਿਚ ਬਤੌਰ ਡਾਂਸਰ, ਮੁੱਖ ਅਦਾਕਾਰਾ ਤੇ ਚਰਿੱਤਰ ਅਦਾਕਾਰਾ ਵਜੋਂ ਭਰਪੂਰ ਨਾਂ ਤੇ ਸ਼ੋਹਰਤ ਖੱਟੀ।

ਜਦੋਂ ਰਾਮੂਭਾਈ ਦੇਸਾਈ ਨੇ ਧੀਰੂਭਾਈ ਦੇਸਾਈ ਦੀ ਹਿਦਾਇਤਕਾਰੀ ਵਿਚ ਪੌਰਾਣਿਕ ਫਿਲਮ 'ਹਰੀਸ਼ਚੰਦਰ' ਉਰਫ 'ਰਾਜਾ ਹਰੀਸ਼ਚੰਦਰ' (1958) ਬਣਾਈ ਤਾਂ ਪਾਰਸੀ ਮੁਟਿਆਰ ਹਿਊਟੋਕਸੀ ਨੂੰ 'ਮਧੂਮਤੀ' ਦਾ ਨਵਾਂ ਨਾਮ ਦਿੱਤਾ ਗਿਆ। ਸ਼ਾਹੂ ਮੋਦਕ ਤੇ ਸੁਲੋਚਨਾ ਦੇ ਮਰਕਜ਼ੀ ਕਿਰਦਾਰਾਂ ਵਾਲੀ ਇਸ ਫਿਲਮ ਵਿਚ ਮਧੂਮਤੀ ਨੇ ਸੁਸ਼ਾਂਤ ਬੈਨਰਜੀ ਦੇ ਸੰਗੀਤ 'ਚ ਸਜੇ ਗੀਤ 'ਆਜਾ ਰਾਜਾ ਆਜਾ' ਉੱਤੇ ਆਪਣੇ ਨ੍ਰਿਤ ਦੀ ਪਹਿਲੀ ਪੇਸ਼ਕਾਰੀ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਅਰਬਿੰਦ ਸੈਨ ਨਿਰਦੇਸ਼ਿਤ ਫਿਲਮ 'ਜਾਲਸਾਜ਼' (1959), ਆਰ. ਮਜੂਮਦਾਰ ਨਿਰਦੇਸ਼ਿਤ ਫਿਲਮ 'ਹਮ ਭੀ ਇਨਸਾਨ ਹੈਂ" (1959), ਸ਼ਰਦ ਦੇਸਾਈ ਦੀ ਫਿਲਮ 'ਸ੍ਰਵਨ ਕੁਮਾਰ' (1960), ਸੀ. ਕਾਂਤ ਨਿਰਦੇਸ਼ਿਤ ਫਿਲਮ 'ਕੈਪਟਨ ਇੰਡੀਆ' (1960), ਮੁਹੰਮਦ ਹੁਸੈਨ ਨਿਰਦੇਸ਼ਿਤ ਫਿਲਮ 'ਤੀਰ ਔਰ ਤਲਵਾਰ' (1960) 'ਚ ਨ੍ਰਿਤ ਗੀਤ ਕਰਨ ਤੋਂ ਬਾਅਦ ਚੰਦੂਲਾਲ ਸ਼ਾਹ ਨਿਰਦੇਸ਼ਿਤ ਫਿਲਮ 'ਜ਼ਮੀਨ ਕੇ ਤਾਰੇ' (1960) ਵਿਚ ਪਹਿਲੀ ਵਾਰ ਹੀਰੋਇਨ ਵਜੋਂ ਡੇਜ਼ੀ ਇਰਾਨੀ ਦੀ 'ਮਤਰੇਈ ਮਾਂ' ਦਾ ਕਿਰਦਾਰ ਨਿਭਾਇਆ।

ਮਧੂਮਤੀ ਨੇ ਆਪਣੇ ਪਤੀ ਮਨੋਹਰ ਦੀਪਕ ਦੇ ਫਿਲਮਸਾਜ਼ ਅਦਾਰੇ ਆਲਮਦੀਪ ਪ੍ਰੋਡਕਸ਼ਨਜ਼, ਬੰਬੇ ਦੀ ਧਰਮ ਕੁਮਾਰ ਨਿਰਦੇਸ਼ਿਤ ਫਿਲਮ 'ਸੰਗਦਿਲ' (1967) ਅਤੇ ਮਨੋਹਰ ਦੀਪਕ ਨਿਰਦੇਸ਼ਿਤ ਫਿਲਮ 'ਜਯ ਜਵਾਲਾ' ਉਰਫ 'ਪੂਜਾ ਔਰ ਪਾਇਲ' (1972) 'ਚ ਅਦਾਕਾਰੀ ਕੀਤੀ। ਇਸ ਤੋਂ ਇਲਾਵਾ ਬਤੌਰ ਅਦਾਕਾਰਾ ਫਿਲਮ 'ਚਲੇ ਹੈਂ ਸੁਸਰਾਲ' (1966) 'ਚ ਹੀਰੋ ਚੰਦਰਸ਼ੇਖਰ ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ। ਓ.ਪੀ. ਰਲਹਨ ਨਿਰਦੇਸ਼ਿਤ ਫਿਲਮ 'ਤਲਾਸ਼' (1969) 'ਚ ਉਸ ਨੇ ਅਮਜ਼ਦ ਖਾਨ ਦੀ ਮਹਿਬੂਬਾ ਦਾ ਨਕਾਰਾਤਮਕ ਕਿਰਦਾਰ ਨਿਭਾਇਆ। ਉਸ ਦੀ ਨ੍ਰਿਤ ਅਦਾਕਾਰਾ ਵਜੋਂ ਆਖਰੀ ਹਿੰਦੀ ਫਿਲਮ ਮਨਮੋਹਨ ਦੇਸਾਈ ਨਿਰਦੇਸ਼ਿਤ ਫਿਲਮ 'ਅਮਰ ਅਕਬਰ ਐਨਥਨੀ' (1977) ਸੀ ਜਿਸ ਵਿਚ ਉਸ ਨੇ ਤਵਾਇਫ 'ਬਿਜਲੀ ਬਾਈ' ਦਾ ਕਿਰਦਾਰ ਨਿਭਾਇਆ।

ਮਧੂਮਤੀ ਦੀ ਨਾਚ ਕਲਾ ਨਾਲ ਜੁੜੇ ਤੇ ਉਸ 'ਤੇ ਫਿਲਮਾਏ ਕੁਝ ਮਸ਼ਹੂਰ ਜ਼ਮਾਨਾ ਗੀਤ 'ਅਭੀ ਕਮਸਿਨ ਹੋ ਨਾਦਾਂ ਹੋ ਜਾਨੇ ਜਾਨਾ' (ਰਫੀ, ਕੋਰਸ/ਆਯਾ ਤੂਫਾਨ/1964), 'ਆਂਖੋਂ-ਆਂਖੋਂ ਮੇਂ ਕਿਸੀ ਸੇ ਬਾਤ ਹੂਈ' (ਆਸ਼ਾ ਭੌਸਲੇ/ਜਾਨਵਰ/1965), 'ਹੁਜ਼ੂਰੇ ਵਾਲਾ ਜੋ ਹੋ ਇਜਾਜ਼ਤ ਤੋ ਹਮ ਯੇ ਸਾਰੇ ਜਹਾਂ ਸੇ ਕਹਿ ਦੇਂ" (ਮੀਨੂੰ ਪ੍ਰਸ਼ੋਤਮ, ਆਸ਼ਾ ਭੌਸਲੇ/ਯੇਹ ਰਾਤ ਫਿਰ ਨਾ ਆਏਗੀ/1966), 'ਮੁਸ਼ਕਿਲ ਮੇਂ ਪੜ ਗਈ ਜਾਨ' (ਲਤਾ ਮੰਗੇਸ਼ਕਰ, ਊਸ਼ਾ ਮੰਗੇਸ਼ਕਰ/ਦੇਵਰ/1966), 'ਨਾਈਟ ਇਨ ਲੰਦਨ' (ਲਤਾ, ਰਫੀ, ਸਾਥੀ/ਨਾਈਟ ਇਨ ਲੰਦਨ/1967), 'ਝਨਕ-ਝਨਕ ਮੋਰੇ ਬਾਜੇ ਪਾਯਲੀਆ' (ਮੰਨਾ ਡੇਅ/ਮੇਰੇ ਹੁਜ਼ੂਰ/1968) ਆਦਿ ਦੀ ਲੰਮੇਰੀ ਸੂਚੀ ਹੈ। 1962 ਦੀ ਭਾਰਤ-ਚੀਨ ਜੰਗ ਦੌਰਾਨ ਨੇਫਾ ਬਾਰਡਰ 'ਤੇ ਜਾ ਕੇ ਫ਼ੌਜੀ ਭਰਾਵਾਂ ਦਾ ਹੌਸਲਾ ਵਧਾਉਣ ਵਾਲੀ ਮਧੂਮਤੀ ਪਹਿਲੀ ਬੀਬੀ ਸੀ। ਇਸ ਤੋਂ ਬਾਅਦ ਉਸ ਨੇ ਅਦਾਕਾਰ ਸੁਨੀਲ ਦੱਤ ਨਾਲ ਮਿਲਕੇ 'ਅਜੰਤਾ ਆਰਟਸ ਕਲਚਰਲ ਟਰੂਪ' ਦੀ ਸਥਾਪਨਾ ਕੀਤੀ।

ਉਸ ਨੇ ਹਿੰਦੀ ਫਿਲਮਾਂ ਦੇ ਨਾਲ-ਨਾਲ ਪੰਜਾਬੀ ਫਿਲਮਾਂ ਵਿਚ ਨ੍ਰਿਤ ਅਦਾਕਾਰਾ ਵਜੋਂ ਕੰਮ ਕੀਤਾ। ਉਸ ਨੇ ਆਪਣੇ ਅਦਾਕਾਰ ਪਤੀ ਮਨੋਹਰ ਦੀਪਕ ਦੇ ਫਿਲਮਸਾਜ਼ ਅਦਾਰੇ ਸੰਗੀਤ ਪਿਕਚਰਜ਼ ਦੀ ਜੁਗਲ ਕਿਸ਼ੋਰ ਨਿਰਦੇਸ਼ਿਤ ਪੰਜਾਬੀ ਫਿਲਮ 'ਖੇਡਣ ਦੇ ਦਿਨ ਚਾਰ' (1962) 'ਚ ਨ੍ਰਿਤ ਅਦਾਕਾਰਾ ਦਾ ਪਾਰਟ ਅਦਾ ਕੀਤਾ। ਹੰਸਰਾਜ ਬਹਿਲ ਦੇ ਸੰਗੀਤ ਵਿਚ ਨੰਦ ਲਾਲ ਨੂਰਪੁਰੀ ਦਾ ਲਿਖਿਆ ਗੀਤ 'ਹੋਏ...ਦੁਹਾਈ ਨੀ ਦੁਹਾਈ ਨੈਣਾਂ ਨਾਲ ਹੋਣ ਲੱਗੀ ਨੈਣਾਂ ਦੀ ਲੜਾਈ' (ਸ਼ਮਸ਼ਾਦ ਬੇਗਮ) ਮਧੂਮਤੀ, ਇੰਦਰਾ ਤੇ ਸਹੇਲੀਆਂ ਉੱਤੇ ਫਿਲਮਾਇਆ ਗਿਆ। ਪੰਜਾਬੀ ਫਿਲਮ 'ਪਿੰਡ ਦੀ ਕੁੜੀ' (1963) 'ਚ ਮਧੂਮਤੀ ਨੇ ਨਿਸ਼ੀ ਨਾਲ ਨ੍ਰਿਤ ਗੀਤ 'ਹਾਏ ਨੀ ਹਾਲ ਪਾਰਿਆ' (ਆਸ਼ਾ ਭੌਸਲੇ, ਸ਼ਮਸ਼ਾਦ ਬੇਗ਼ਮ) 'ਚ ਖੂਬ ਧਮਾਲਾਂ ਪਾਈਆਂ। ਪੰਜਾਬੀ ਫਿਲਮ 'ਗੀਤ ਬਹਾਰਾਂ ਦੇ' (1964) 'ਚ ਉਸ ਨੇ 'ਮਧੂ' ਦਾ ਤੇ ਜਗਦੇਵ ਭਾਂਬਰੀ ਨੇ 'ਜਗਦੇਵ' ਦਾ ਪਾਰਟ ਅਦਾ ਕੀਤਾ। ਫਿਲਮ ਦੇ ਮਰਕਜ਼ੀ ਕਿਰਦਾਰ ਵਿਚ ਮਨੋਹਰ ਦੀਪਕ ਤੇ ਜਬੀਨ ਜਲੀਲ ਜੋੜੀਦਾਰ ਵਜੋਂ ਮੌਜੂਦ ਸਨ। ਦੱਤਾ ਰਾਮ (ਸਹਾਇਕ ਸੋਨਿਕ) ਦੇ ਸੰਗੀਤ ਵਿਚ ਮਧੂਮਤੀ, ਜਗਦੇਵ, ਮਨੋਹਰ ਦੀਪਕ ਤੇ ਜਬੀਨ 'ਤੇ ਫਿਲਮਾਏ ਗੀਤ 'ਕਿੱਕਲੀ ਕਲੀਰ ਦੀ...ਨੀਂ ਏਹਦਾ ਘੜੀ-ਘੜੀ ਪਲ-ਪਲ ਹੋਰ' (ਆਸ਼ਾ ਭੌਸਲੇ, ਲਤਾ ਮੰਗੇਸ਼ਕਰ), 'ਇੱਕ ਪਾਸੇ ਟਾਹਲੀ ਤੇ ਇੱਕ ਪਾਸੇ ਬੇਰੀ' (ਲਤਾ ਮੰਗੇਸ਼ਕਰ, ਆਸ਼ਾ ਭੌਸਲੇ) ਤੋਂ ਇਲਾਵਾ ਕੱਵਾਲੀ ਗੀਤ 'ਸੋਹਣੇ ਰੱਬ ਦੀਆਂ ਸਿਫਤਾਂ ਕੀ ਕਰੀਏ' (ਮੁਹੰਮਦ ਰਫੀ, ਆਸ਼ਾ ਭੋਸਲੇ) ਵੀ ਬੜਾ ਪਸੰਦ ਕੀਤਾ ਗਿਆ।

ਪੰਜਾਬੀ ਫਿਲਮ 'ਕਿੱਕਲੀ' (1964) 'ਚ ਮਧੂਮਤੀ ਨੇ ਹਰਬੰਸ ਦੇ ਸੰਗੀਤ 'ਚ ਬੇਕਲ ਦੇ ਲਿਖੇ ਗੀਤ 'ਆਏ-ਹਾਏ...ਕੋਠੇ ਤੇ ਆਈਂ ਵੇ ਹਕੀਮ ਤਾਰਾ ਚੰਦ' (ਆਸ਼ਾ ਭੌਸਲੇ, ਮੀਨੂੰ ਪ੍ਰਸ਼ੋਤਮ) ਮਧੂਮਤੀ, ਅਰੂਨਾ (ਇੰਦਰਾ) ਤੇ ਸਹੇਲੀਆਂ 'ਤੇ ਫਿਲਮਾਇਆ ਗਿਆ ਸੀ। ਫਿਲਮ 'ਮੈਂ ਜੱਟੀ ਪੰਜਾਬ ਦੀ' (1964) 'ਚ ਹੁਸਨਲਾਲ-ਭਗਤਰਾਮ ਦੇ ਸੰਗੀਤ ਵਿਚ ਵਰਮਾ ਮਲਿਕ ਦੇ ਲਿਖੇ ਇੱਕ ਗੀਤ 'ਹਾਏ ਤੌਬਾ ਹਾਏ ਨੀ ਮੈਨੂੰ ਕੀ ਹੁੰਦਾ ਜਾਏ' (ਸ਼ਮਸ਼ਾਦ ਬੇਗਮ, ਊਸ਼ਾ ਮੰਗੇਸ਼ਕਰ) ਉੱਤੇ ਮਧੂਮਤੀ ਤੇ ਨਿਸ਼ੀ ਨੇ ਸੋਹਣਾ ਨ੍ਰਿਤ ਪੇਸ਼ ਕੀਤਾ। ਮਜ਼ਾਹੀਆ ਫਿਲਮ 'ਮਾਮਾ ਜੀ' (1964) 'ਚ ਮਧੂਮਤੀ ਤੇ ਅਰੂਨਾ 'ਤੇ ਨ੍ਰਿਤ ਗੀਤ 'ਤਿਲ੍ਹਕ ਗਿਆ ਮੇਰਾ ਪੈਰ ਨੀ' (ਊਸ਼ਾ ਮੰਗੇਸ਼ਕਰ, ਮੀਨੂੰ ਪ੍ਰਸ਼ੋਤਮ) ਫਿਲਮਾਇਆ ਗਿਆ। 1962 ਦੀ ਹਿੰਦ-ਚੀਨ ਜੰਗ ਦੇ ਵਿਸ਼ੇ 'ਤੇ ਬਣੀ ਫਿਲਮ 'ਧਰਤੀ ਵੀਰਾਂ ਦੀ' (1965) 'ਚ ਮਧੂਮਤੀ ਨੇ ਦੂਜੀ ਹੀਰੋਇਨ 'ਬਚਨੀ' ਦਾ ਪਾਰਟ ਅਦਾ ਕੀਤਾ। ਐਸ. ਮਦਨ ਦੇ ਸੰਗੀਤ 'ਚ ਨਕਸ਼ ਲਾਇਲਪੁਰੀ ਦੇ ਲਿਖੇ ਤੇ ਮਧੂਮਤੀ, ਰਾਜਿੰਦਰ ਕਪੂਰ ਤੇ ਨਿਸ਼ੀ 'ਤੇ ਫਿਲਮਾਏ ਗੀਤ 'ਜੀਵੇ ਜਵਾਨੀਆਂ ਮਾਣੇ ਤੂੰ ਹੈ ਮੇਰੇ ਹਾਣ ਦੀ' (ਆਸ਼ਾ ਭੌਸਲੇ, ਸੁਮਨ ਕਲਿਆਣਪੁਰ) ਤੋਂ ਇਲਾਵਾ ਭੰਗੜਾ ਗੀਤ 'ਮੈਂ ਹਾਂ ਜੱਟ ਪੰਜਾਬ ਦਾ...ਗੋਰਾ ਰੰਗ ਤਿੱਖਾ ਨੱਕ ਸ਼ਾਵਾ-ਸ਼ਾਵਾ' (ਮੁਹੰਮਦ ਰਫੀ, ਸ਼ਮਸ਼ਾਦ ਬੇਗ਼ਮ, ਸੁਰਿੰਦਰ ਕੋਹਲੀ, ਮਧੂਲਿਕਾ ਦੇਵੀ) ਖੂਬ ਚੱਲਿਆ।

ਫਿਲਮ 'ਸੱਪਣੀ' (1965) 'ਚ ਉਸ ਨੇ ਅਦਾਕਾਰਾ ਨਿਸ਼ੀ ਨਾਲ ਵਰਮਾ ਮਲਿਕ ਦੇ ਲਿਖੇ ਗੀਤ 'ਛੱਡੋ ਰਸਤਾ ਕੇ ਚੱਲੀ ਏ ਜਵਾਨੀ ਸ਼ੂਕਦੀ' (ਆਸ਼ਾ ਭੌਸਲੇ, ਮੀਨੂੰ ਪ੍ਰਸ਼ੋਤਮ) 'ਤੇ ਖੂਬਸੂਰਤ ਨ੍ਰਿਤ ਪੇਸ਼ ਕੀਤਾ।

1970ਵਿਆਂ ਦੇ ਦਹਾਕੇ 'ਚ ਵੀ ਮਧੂਮਤੀ ਆਪਣੇ ਖੂਬਸੂਰਤ ਨ੍ਰਿਤ ਗੀਤਾਂ ਜ਼ਰੀਏ ਪੰਜਾਬੀ ਫਿਲਮਾਂ 'ਚ ਛਾਈ ਰਹੀ। ਫਿਲਮ 'ਮੇਲੇ ਮਿੱਤਰਾਂ ਦੇ' (1972) 'ਚ ਉਸ ਨੇ ਲਤਾ ਅਰੋੜਾ ਨਾਲ ਗੀਤ 'ਮੈਂ ਮੁਟਿਆਰ ਪੰਜਾਬ ਦੀ' (ਹੇਮਲਤਾ, ਰਾਜਿੰਦਰ ਰਾਜਨ, ਪਾਲ ਸਿੱਧੂ) 'ਤੇ ਸੋਹਣਾ ਨਾਚ ਪੇਸ਼ ਕੀਤਾ। ਫਿਲਮ 'ਮਨ ਜੀਤੈ ਜਗੁ ਜੀਤੁ' (1973) 'ਚ ਉਸ ਨੇ ਕੱਵਾਲੀ ਗੀਤ 'ਤੂੰ ਵੀ ਡਾਕੂ ਤੇ ਮੈਂ ਵੀ ਡਾਕੂ' (ਆਸ਼ਾ ਭੌਸਲੇ) 'ਤੇ ਆਪਣੇ ਫਨ ਦੀ ਪੇਸ਼ਕਾਰੀ ਕੀਤੀ। 'ਸੱਚਾ ਮੇਰਾ ਰੂਪ ਹੈ' (1976) 'ਚ ਗੀਤ 'ਸੁਣ ਓ ਸ਼ਿਕਾਰੀਆ ਜੇ ਕਰਨਾ ਏ ਸ਼ਿਕਾਰ' (ਮੀਨੂੰ ਪ੍ਰਸ਼ੋਤਮ) ਮਧੂਮਤੀ, ਸਰਿਤਾ, ਰਾਜਿੰਦਰ ਨਾਥ, ਗੋਪਾਲ ਸਹਿਗਲ 'ਤੇ ਫਿਲਮਾਇਆ ਗਿਆ ਸੀ। ਫਿਲਮ 'ਸ਼ਹੀਦ ਕਰਤਾਰ ਸਿੰਘ ਸਰਾਭਾ' (1979) 'ਚ ਵੇਦਪਾਲ ਦੇ ਸੰਗੀਤ 'ਚ ਕਸ਼ਮੀਰ ਕਾਦਰ ਦਾ ਲਿਖਿਆ ਤੇ ਮਧੂਮਤੀ 'ਤੇ ਫਿਲਮਾਇਆ ਮੁਜਰਾ ਗੀਤ 'ਯਾਰ ਦਾ ਰੁਤਬਾ...ਡੇਰਾ ਯਾਰ ਦੀ ਗਲੀ ਵਿਚ ਲਾ ਲੈ' (ਮੀਨੂੰ ਪ੍ਰਸ਼ੋਤਮ) ਬਹੁਤ ਹਿੱਟ ਹੋਇਆ। 17 ਅਗਸਤ 1979 ਨੂੰ ਪ੍ਰਕਾਸ਼ ਥੀਏਟਰ, ਅੰਮ੍ਰਿਤੂ ਵਿਖੇ ਰਿਲੀਜ਼ ਹੋਈ ਇਹ ਮਧੂਮਤੀ ਦੀ ਆਖਰੀ ਪੰਜਾਬੀ ਫਿਲਮ ਕਰਾਰ ਪਾਈ।


1960ਵਿਆਂ ਦੇ ਦਹਾਕੇ ਵਿਚ ਮਧੂਮਤੀ ਨੇ ਭੰਗੜਾ ਅਦਾਕਾਰ ਮਨੋਹਰ ਦੀਪਕ ਨਾਲ ਮਿਲ ਕੇ 'ਮਧੂਮਤੀ-ਮਨੋਹਰ ਦੀਪਕ ਕਲਚਰ ਟਰੂਪ' ਬਣਾਇਆ। ਇਸ ਗਰੁੱਪ ਦੇ 35 ਮੈਂਬਰ ਸਨ, ਜਿਨ੍ਹਾਂ ਨਾਲ ਮਿਲ ਕੇ ਉਨ੍ਹਾਂ ਨੇ ਦੁਨੀਆ ਵਿਚ ਕਈ ਸ਼ੋਅ ਪੇਸ਼ ਕੀਤੇ। 1963 ਵਿਚ ਮਨੋਹਰ ਦੀਪਕ ਦੀ ਪਹਿਲੀ ਪਤਨੀ ਜੋਤ ਕੌਰ ਫੌਤ ਹੋ ਗਈ। 1965 ਵਿਚ ਮਧੂਮਤੀ ਨੇ ਆਪਣੀ ਦੋਸਤ ਅਦਾਕਾਰਾ ਨਰਗਿਸ ਦੱਤ ਦੇ ਕਹਿਣ 'ਤੇ ਮਨੋਹਰ ਦੀਪਕ ਨਾਲ ਸਿੱਖ ਰੀਤੀ-ਰਿਵਾਜਾਂ ਅਨੁਸਾਰ ਵਿਆਹ ਕਰਵਾ ਲਿਆ।

ਮਨੋਹਰ ਦੀਪਕ 31 ਅਕਤੂਬਰ 2006 ਨੂੰ 74 ਸਾਲਾਂ ਦੀ ਉਮਰ ਵਿਚ ਵਫਾਤ ਪਾ ਗਏ। ਪਤੀ ਦੀ ਮੌਤ ਤੋਂ ਬਾਅਦ ਆਪਣੇ-ਆਪ ਨੂੰ ਸੰਭਾਲਦਿਆਂ ਮਧੂਮਤੀ ਮੁਕੰਮਲ ਤੌਰ 'ਤੇ ਆਪਣੀ ਡਾਂਸ ਅਕੈਡਮੀ ਨੂੰ ਸਮਰਪਿਤ ਹੋ ਗਈ। ਧਾਰਮਿਕ ਆਸਥਾ ਵਾਲੀ ਮਧੂਮਤੀ ਅੱਜਕੱਲ੍ਹ ਮੁੰਬਈ ਵਿਖੇ 'ਮਧੂਮਤੀ ਐਕਟਿੰਗ ਅਕੈਡਮੀ' ਚਲਾ ਰਹੀ ਹੈ, ਜਿਸ ਵਿਚ ਨਾਚ ਕਲਾ ਨੂੰ ਪਿਆਰ ਕਰਨ ਵਾਲੇ ਬਹੁਤ ਸਾਰੇ ਨੌਜਵਾਨ ਤੇ ਬੱਚੇ ਉਨ੍ਹਾਂ ਕੋਲੋਂ ਨ੍ਰਿਤ ਸਿੱਖਣ ਆ ਰਹੇ ਹਨ। 80 ਸਾਲਾ ਮਧੂਮਤੀ ਦੀ ਡਾਂਸ ਅਕੈਡਮੀ 'ਚੋਂ ਅਕਸ਼ੈ ਕੁਮਾਰ, ਚੰਕੀ ਪਾਂਡੇ, ਫਰਹਾ, ਤੱਬੂ, ਸੁਮੀਤ ਸਹਿਗਲ, ਕਿਮੀ ਕਾਟਕਰ, ਸੋਨਮ, ਸ਼ਹਿਬਾਜ਼ ਖਾਨ, ਸ਼ਗੁਫਤਾ ਅਲੀ, ਪਰਮਵੀਰ ਆਦਿ ਅਦਾਕਾਰ ਨ੍ਰਿਤ ਸਿੱਖ ਕੇ ਫਿਲਮਾਂ ਵਿਚ ਨਾਮ ਕਮਾ ਚੁੱਕੇ ਹਨ।

# ਦੀਆ ਮਿਰਜ਼ਾ ਤੇ ਮਾਧਵਨ ਦੀ ਜੋੜੀ

ਫਿਲਮ ਅਦਾਕਾਰਾ ਦੀਆ ਮਿਰਜ਼ਾ ਅਤੇ ਅਦਾਕਾਰ ਆਰ. ਮਾਧਵਨ ਨੇ ਆਪਣੀ ਪਹਿਲੀ ਰੋਮਾਂਟਿਕ-ਡਰਾਮਾ ਫਿਲਮ 'ਰਹਿਨਾ ਹੈ ਤੇਰੇ ਦਿਲ ਮੇਂ" ਦੀ 20 ਵੀਂ ਵਰ੍ਹੇਗੰਢ ਮਨਾਈ। ਦੋਵਾਂ ਨੇ ਇਸ ਫਿਲਮ ਨਾਲ ਬੌਲੀਵੁੱਡ ਵਿਚ ਆਪੋ-ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਗੌਤਮ ਮੈਨਨ ਵੱਲੋਂ ਨਿਰਦੇਸ਼ਿਤ ਇਹ ਫਿਲਮ ਸਾਲ 2001 ਵਿਚ ਆਈ ਤਾਮਿਲ ਫਿਲਮ 'ਮਿਨਾਲੇ' ਦਾ ਰੀਮੇਕ ਸੀ। ਤਾਮਿਲ ਫਿਲਮ 'ਮਿਨਾਲੇ' ਵਿਚ ਵੀ ਮਾਧਵਨ ਨੇ ਹੀ ਮੁੱਖ ਭੂਮਿਕਾ ਨਿਭਾਈ ਸੀ।

ਫਿਲਮ 'ਰਹਿਨਾ ਹੈ ਤੇਰੇ ਦਿਲ ਮੇਂ" ਨੂੰ ਸੰਖੇਪ ਵਿਚ 'ਆਰ.ਐਚ.ਟੀ.ਡੀ.ਐਮ.' ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਫਿਲਮ 'ਮੈਡੀ' ਸ਼ਾਸਤਰੀ (ਮਾਧਵਨ) ਅਤੇ ਰੀਨਾ ਮਲਹੋਤਰਾ (ਦੀਆ ਮਿਰਜ਼ਾ) ਦੀ ਕਹਾਣੀ ਹੈ। ਰੀਨਾ ਰਾਜੀਵ (ਸੈਫ ਅਲੀ ਖਾਨ) ਨਾਲ ਮੰਗਣੀ ਤੋਂ ਪਹਿਲਾਂ ਪਿਆਰ ਵਿਚ ਪੈ ਜਾਂਦੀ ਹੈ। ਸੰਗੀਤਕਾਰ ਹੈਰਿਸ ਜੈਰਾਜ ਅਤੇ ਗੀਤਕਾਰ ਸਮੀਰ ਵੱਲੋਂ ਫਿਲਮ ਲਈ ਰਚੇ ਗਏ ਗੀਤ-ਸੰਗੀਤ ਕਾਰਨ ਇਹ ਫਿਲਮ ਅਜੇ ਵੀ ਬਾਲੀਵੁੱਡ ਦੀਆਂ ਸਭ ਤੋਂ ਪਿਆਰੀਆਂ ਐਲਬਮਾਂ ਵਿਚੋਂ ਇੱਕ ਹੈ। ਇਹ ਫਿਲਮ ਮਿਰਜ਼ਾ ਲਈ ਲਾਂਚਪੈਡ ਸੀ ਜਿਸ ਨੇ ਮਿਸ ਏਸ਼ੀਆ ਪੈਸੇਫਿਕ ਇੰਟਰਨੈਸ਼ਨਲ ਦਾ




ਖਿਤਾਬ ਜਿੱਤਣ ਤੋਂ ਇੱਕ ਸਾਲ ਬਾਅਦ ਫਿਲਮ 'ਰਹਿਨਾ ਹੈ ਤੇਰੇ ਦਿਲ ਮੇਂ" ਰਾਹੀਂ ਫਿਲਮੀ ਕਰੀਅਰ ਦੀ ਸ਼ੁਰੂਆਤ ਕੀਤੀ ਸੀ।

ਕਮਾਈ ਦੇ ਪੱਖ ਤੋਂ ਇਹ ਫਿਲਮ ਖੂਬ ਕਾਮਯਾਬ ਰਹੀ ਸੀ। ਇਸ ਫਿਲਮ ਦਾ ਕੁੱਲ ਬਜਟ 60 ਮਿਲੀਅਨ (6 ਕਰੋੜ ਰੁਪਏ) ਸੀ ਪਰ ਇਸ ਦੀ ਕੁੱਲ ਕਮਾਈ 501 ਮਿਲੀਅਨ (50 ਕਰੋੜ ਰੁਪਏ) ਤੋਂ ਵੀ ਪਾਰ ਚਲੀ ਗਈ ਸੀ। ਇਹ ਵੱਖਰੀ ਗੱਲ ਹੈ ਕਿ ਪਹਿਲਾਂ-ਪਹਿਲ ਇਸ ਫਿਲਮ ਨੂੰ ਬਹੁਤਾ ਹੁੰਗਾਰਾ ਨਹੀਂ ਸੀ ਮਿਲਿਆ ਪਰ ਹੌਲੀ-ਹੌਲੀ ਟੈਲੀਵਿਜ਼ਨ ਰਾਹੀਂ ਇਸ ਦੀ ਲੋਕਪ੍ਰਿਯਤਾ ਵਧਦੀ ਗਈ, ਖਾਸਕਰ ਨੌਜਵਾਨ ਪੀੜ੍ਹੀ ਨੇ ਇਸ ਨੂੰ ਹੁਲਾਰਾ ਦਿੱਤਾ।

ਮਾਧਵਨ ਅੱਜ ਕੱਲ੍ਹ ਆਪਣੀਆਂ ਦੋ ਫਿਲਮਾਂ 'ਰੌਕਟਰੀ' ਅਤੇ 'ਅਮਰੀਕੀ ਪੰਡਿਤ' ਵਿਚ ਰੁੱਝਿਆ ਹੋਇਆ ਹੈ। ਇਹ ਦੋਵੇਂ ਫਿਲਮਾਂ ਅਗਲੇ ਸਾਲ 2022 ਵਿਚ ਰਿਲੀਜ਼ ਹੋਣੀਆਂ ਹਨ। ਉਧਰ, ਅਦਾਕਾਰਾ ਦੀਆ ਮਿਰਜ਼ਾ ਦੀ ਤੈਲਗੂ ਫਿਲਮ 'ਵਾਈਲਡ ਡੌਗ' ਪਿੱਛੇ ਜਿਹੇ ਅਪਰੈਲ ਵਿਚ ਰਿਲੀਜ਼ ਹੋਈ ਹੈ। ਫਿਲਮੀ ਹਲਕਿਆਂ ਵਿਚ ਇਸ ਫਿਲਮ ਦੀ ਖੂਬ ਚਰਚਾ ਹੋਈ। ਉਂਝ, ਕਮਾਈ ਪੱਖੋਂ ਇਹ ਫਿਲਮ ਬਹੁਤੀ ਸਫਲ ਨਹੀਂ ਹੋਈ। ਫਿਲਮ ਲੱਗਿਆ ਖਰਚਾ ਵੀ ਮਸੀਂ ਕੱਢ ਸਕੀ।


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 48 Cent + Team 58 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੋਰ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com